**Worldwide Travel, Inc.**

Call for special fares

ਅੰਮ੍ਰਿਤਸਰ, ਦਿੱਲੀ, ਬੰਬੇ

734-525-7304 ਜਾਂ 800-504-3044

ਵਾਜਬ ਰੇਟ, ਵਧੀਆ ਸਰਵਿਸ

**Ad Space Available**

**Call: 847-359-0746**



ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ

**AMANTEL.COM**

$100 'ਚ 120 ਘੰਟੇ (7200 ਮਿੰਟ)

Talk One Minute, Pay For One Minute

ਘਰ, ਸਟੋਰ, ਗੈਸ ਸਟੇਸ਼ਨ, ਟਰੱਕ ਕੰਪਨੀ ਅਤੇ ਕੈਬਾਂ ਵਾਲੇ ਵੀਰ ਟੌਲ ਫਰੀ ਨੰਬਰ 'ਤੇ ਕਾਲ ਕਰੋ

1-800-717-1510, 732-982-4332/4333

ਯੂ ਐਸ ਏ, ਕੈਨੇਡਾ ਤੇ ਯੂ ਕੇ 'ਚ 1.8 ਸੈਂਟ ਪ੍ਰਤੀ ਮਿੰਟ ਕਾਲ ਕਰੋ

Eleventh Year in Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 24, June 12, 2010 | 20451 N Plum Grove Rd. Palatine, IL 60074 | Ph:847-359-0746, Fax:847-705-9388

## ਭੋਪਾਲ ਗੈਸ ਕਾਂਡ ਫੈਸਲਾ:ਛੱਬੀ ਸਾਲ ਬਾਅਦ ਕੀਤੀ ਗਈ ਬੇਇਨਸਾਫੀ

**ਭੋਪਾਲ:** ਦੁਨੀਆਂ ਦੇ ਸਭ ਤੋਂ ਤਬਾਹਕੁਨ ਉਦਯੋਗਿਕ ਹਾਦਸੇ, ਜਿਸ ਵਿਚ 15 ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਗਈ, ਦੇ 26 ਸਾਲ ਬਾਅਦ ਇਕ ਸਥਾਨਕ ਅਦਾਲਤ ਨੇ ਬੀਤੀ 7 ਜੂਨ ਨੂੰ



*ਕੇਸ਼ਬ ਮਹਿੰਦਰਾ*

ਯੂਨੀਅਨ ਕਾਰਬਾਈਡ (ਇੰਡੀਆ) ਲਿਮਟਿਡ ਦੇ ਸਾਬਕਾ ਚੇਅਰਮੈਨ ਕੇਸ਼ਬ ਮਹਿੰਦਰਾ ਸਣੇ ਸੱਤ ਵਿਅਕਤੀਆਂ ਨੂੰ ਭੋਪਾਲ ਗੈਸ ਕਾਂਡ ਦਾ ਦੋਸ਼ੀ ਕਰਾਰ ਦਿਤਾ। ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਮੋਹਨ ਪੀ. ਤਿਵਾੜੀ ਨੇ ਖਚਾਖਚ ਭਰੇ ਅਦਾਲਤੀ ਕਮਰੇ ਵਿਚ 85 ਸਾਲ ਦੇ ਮਹਿੰਦਰਾ ਅਤੇ ਸੱਤ ਹੋਰਨਾਂ ਨੂੰ 2 ਅਤੇ 3 ਦਸੰਬਰ 1984 ਦੀ ਦਰਮਿਆਨੀ ਰਾਤ ਜ਼ਹਿਰੀਲੀ ਮਿਥਾਈਲ ਆਈਸੋਸਾਈਨੇਟ ਗੈਸ ਲੀਕ ਹੋਣ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੰਦਿਆਂ ਦੋ-ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਅਤੇ ਇਕ-ਇਕ ਲੱਖ ਰੁਪਏ ਜੁਰਮਾਨਾ ਕੀਤਾ ਪਰ ਫ਼ੈਸਲੇ ਵਿਚ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ (ਅਮਰੀਕਾ) ਦੇ ਚੇਅਰਮੈਨ ਵਾਰਨ ਐਂਡਰਸਨ ਜੋ ਇਸ ਮਾਮਲੇ ਵਿਚ ਭਗੌੜਾ ਹੈ, ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਹੋਰਨਾਂ ਦੋਸ਼ੀ ਕਰਾਰ ਦਿਤੇ ਗਏ ਵਿਅਕਤੀਆਂ ਵਿਚ ਵਿਜੇ ਗੋਖਲੇ (ਪ੍ਰਬੰਧ ਸੰਚਾਲਕ), ਕਿਸ਼ੋਰ ਕਾਮਦਾਰ (ਉਪ ਚੇਅਰਮੈਨ), ਜੇ ਮੁਕੰਦ (ਵਰਕਸ ਮੈਨੇਜਰ), ਐਸ.ਪੀ. ਚੌਧਰੀ (ਪ੍ਰੋਡੈਕਸ਼ਨ ਮੈਨੇਜਰ), ਕੇ.ਵੀ. ਸ਼ੈਟੀ (ਪਲਾਂਟ ਸੁਪਰਡੈਂਟ), ਐਸ.ਆਈ. ਕੁਰੈਸ਼ੀ (ਪ੍ਰੋਡੈਕਸ਼ਨ ਇੰਚਾਰਜ) ਅਤੇ ਯੂਨੀਅਨ ਕਾਰਬਾਈਡ (ਇੰਡੀਆ) ਲਿਮਟਿਡ, ਕਲਕੱਤਾ ਸ਼ਾਮਲ ਹਨ। ਮਾਮਲੇ ਦੀ ਸੁਣਵਾਈ ਦੌਰਾਨ ਸਾਰੇ ਦੋਸ਼ੀ ਅਦਾਲਤ ਵਿਚ ਮੌਜੂਦ ਸਨ। ਭੋਪਾਲ ਗੈਸ ਕਾਂਡ ਵਿਚ ਕੁਲ 9 ਵਿਅਕਤੀਆਂ ਨੂੰ ਦੋਸ਼ੀ ਬਣਾਇਆ ਗਿਆ ਸੀ ਜਿਨ੍ਹਾਂ ਵਿਚੋਂ ਯੂਨੀਅਨ ਕਾਰਬਾਈਡ ਫ਼ੈਕਟਰੀ ਦੇ ਉਸ ਸਮੇਂ ਦੇ ਵਰਕਸ ਮੈਨੇਜਰ ਆਰ.ਵੀ. ਰਾਏ ਚੌਧਰੀ ਦੀ ਸੁਣਵਾਈ ਦੌਰਾਨ ਮੌਤ ਹੋ ਗਈ ਸੀ।

ਸਾਰੇ ਦੋਸ਼ੀਆਂ ਨੇ ਸਜ਼ਾ ਸੁਣਾਏ ਜਾਣ ਤੋਂ

*(ਬਾਕੀ ਸਫਾ 6 'ਤੇ)*

### ਤਿੰਨ ਮਿੰਟਾਂ 'ਚ ਹੀ ਲੋਕ ਸੌਂ ਗਏ ਸੀ ਸਦਾ ਦੀ ਨੀਂਦ

**ਭੁਪਾਲ:** ਭੁਪਾਲ ਗੈਸ ਦੁਖਾਂਤ 'ਚ ਤਿੰਨ ਮਿੰਟਾਂ ਅੰਦਰ ਹੀ ਹਜ਼ਾਰਾਂ ਲੋਕ ਸਦਾ ਦੀ ਨੀਂਦ ਸੌਂ ਗਏ ਸਨ। ਗੈਸ ਏਨੀ ਜ਼ਹਿਰੀਲੀ ਸੀ ਕਿ ਉਸ ਨੇ ਲੋਕਾਂ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਦਿੱਤਾ ਅਤੇ ਦੇਖਦਿਆਂ ਹੀ ਦੇਖਦਿਆਂ ਲਾਸ਼ਾਂ ਦੇ ਸੱਥਰ ਵਿਛ ਗਏ। ਸਭ ਤੋਂ ਵਧ ਪ੍ਰਭਾਵਿਤ ਫੈਕਟਰੀ ਦੇ ਲਾਗੇ ਵਸੇ ਝੁੱਗੀਆਂ-ਝੌਂਪੜੀਆਂ ਵਾਲੇ ਲੋਕ ਹੋਏ ਸਨ, ਜੋ ਰੋਜ਼ੀ-ਰੋਟੀ ਦੀ ਭਾਲ 'ਚ ਪਿੰਡਾਂ ਤੋਂ ਆ ਕੇ ਇਥੇ ਰਹਿ ਰਹੇ ਸਨ।

ਯੂਨੀਅਨ ਕਾਰਬਾਈਡ ਦੇ ਪਲਾਟ ਨੰਬਰ ਸੀ 'ਚ ਹੋਈ ਲੀਕੇਜ ਤੋਂ ਬਣੇ ਗੈਸ ਦੇ ਬੱਦਲਾਂ ਨੂੰ ਹਵਾ ਆਪਣੇ ਨਾਲ ਲੈ ਕੇ ਜਾ ਰਹੀ ਸੀ ਅਤੇ ਲੋਕਾਂ ਨੂੰ ਮੌਤ ਵੰਡ ਰਹੀ ਸੀ। ਫੈਕਟਰੀ 'ਚ ਕਰੀਬ 40 ਟਨ ਗੈਸ ਲੀਕ ਹੋਈ ਸੀ। ਗੈਸ ਲੀਕ ਹੋਣ ਦਾ ਕਾਰਨ ਟੈਂਕ ਨੰਬਰ 610 ਤੋਂ ਜ਼ਹਿਰੀਲੀ ਮਿਥਾਈਲ ਆਈਸੋਸਾਈਨੇਟ ਗੈਸ ਦਾ ਪਾਣੀ 'ਚ ਮਿਲ ਜਾਣਾ ਸੀ। ਇਸ ਨਾਲ ਹੋਈ ਰਸਾਇਣਕ ਪ੍ਰਕਿਰਿਆ ਨਾਲ ਟੈਂਕ 'ਚ ਦਬਾਅ ਪੈਦਾ ਹੋ ਗਿਆ ਅਤੇ ਟੈਂਕ ਖੁੱਲ੍ਹ ਗਿਆ ਅਤੇ ਗੈਸ ਲੀਕ ਹੋ ਗਈ।

## ਲਕਸ਼ਮੀ ਕਾਂਤਾ ਚਾਵਲਾ ਨੇ ਹੁਣ ਬਾਦਲ ਨਾਲ ਸਿੰਗ ਫਸਾਏ

**ਬਿੰਦਰ ਬਸਰਾ**

**ਜਲੰਧਰ:** ਪੰਜਾਬ ਦੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਅਤੇ ਸਾਬਕਾ ਪਾਰਲੀਮਾਨੀ ਸਕੱਤਰ ਜਗਦੀਸ਼ ਸਾਹਨੀ ਵਿਚਾਲੇ ਪੈਦਾ ਹੋਇਆ ਰੇੜਕਾ ਅਜੇ ਕਿਸੇ ਤਣ-ਪੱਤਣ ਨਹੀਂ ਲੱਗਾ ਅਤੇ ਬੀਬੀ ਚਾਵਲਾ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਰਮਿਆਨ ਖਿੱਚੋਤਾਣ ਸ਼ੁਰੂ ਹੋ ਗਈ ਹੈ। ਵੈਸੇ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਵਿਚ ਕਈ ਮੁੱਦਿਆਂ 'ਤੇ ਮਤਭੇਦ ਚਲ ਰਹੇ ਹਨ ਪਰ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਇਹ ਹੋਰ ਵੀ ਤਿੱਖੇ ਹੋ ਗਏ ਹਨ। ਬੀਬੀ ਚਾਵਲਾ ਨੇ ਮੁੱਖ ਮੰਤਰੀ ਨੂੰ ਰੋਸ ਪੱਤਰ ਲਿਖ ਕੇ ਅਕਾਲੀ-ਭਾਜਪਾ ਸੰਬੰਧਾਂ ਨੂੰ ਜਿਹੜੀ ਸੱਟ ਮਾਰੀ ਹੈ, ਇਹ ਕੀ ਰੰਗ ਲਿਆਉਂਦੀ ਹੈ, ਇਸ ਦੇ ਸਿੱਟੇ ਜਲਦੀ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਸਿਹਤ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਦੀ ਸਰਕਾਰ ਨਾਲ ਚੱਲ ਰਹੀ ਨਾਰਾਜ਼ਗੀ ਬਾਰੇ ਚਰਚਾ ਨੇ ਉਸ ਸਮੇਂ ਜ਼ੋਰ ਫੜ ਲਿਆ, ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਸਿਹਤ ਵਿਭਾਗ ਦੀ ਕਾਰਗੁਜ਼ਾਰੀ ਨੂੰ ਲੈ ਕੇ ਸੱਦੀ



*ਲਕਸ਼ਮੀ ਕਾਂਤਾ ਚਾਵਲਾ*

ਪ੍ਰੈਸ ਕਾਨਫਰੰਸ 'ਚ ਬੀਬੀ ਚਾਵਲਾ ਹਾਜ਼ਰ ਨਹੀਂ ਹੋਈ। ਮੁੱਖ ਮੰਤਰੀ ਨੂੰ ਜਦੋਂ ਪ੍ਰੈਸ ਕਾਨਫਰੰਸ ਸ਼ੁਰੂ ਹੋਣ 'ਤੇ ਮੀਡੀਆ ਵਲੋਂ ਸਿਹਤ ਮੰਤਰੀ ਦੀ ਗੈਰਹਾਜ਼ਰੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸੱਦਾ ਦਿੱਤਾ ਗਿਆ ਸੀ, ਪਰ ਉਹ ਕਿਉਂ ਨਹੀਂ ਆਏ, ਮੈਨੂੰ ਇਸ ਬਾਰੇ ਕੁਝ ਨਹੀਂ ਪਤਾ।

ਇਸ ਦੇ ਪ੍ਰਤੀਕਰਮ 'ਚ ਪ੍ਰੋ. ਲਕਸ਼ਮੀ

*(ਬਾਕੀ ਸਫਾ 4 'ਤੇ)*

## ਨੌਜਵਾਨਾਂ ਨੂੰ ਝੂਠੇ ਮੁਕਾਬਲੇ ਵਿਚ ਮਾਰਨ ਵਿਰੁਧ ਵਾਦੀ 'ਚ ਰੋਹ

### ਦੋਸ਼ੀ ਅਫਸਰ ਮੁਅੱਤਲ

**ਸ੍ਰੀਨਗਰ:** ਕਸ਼ਮੀਰ ਵਾਦੀ ਵਿਚ ਇਸੇ ਵਰ੍ਹੇ 30 ਅਪ੍ਰੈਲ ਵਾਲੇ ਦਿਨ ਬਾਰਾਮੂਲਾ ਜ਼ਿਲ੍ਹੇ ਦੇ ਤਿੰਨ ਨੌਜਵਾਨਾਂ ਨੂੰ ਘਰੋਂ ਲਿਜਾ ਕੇ ਭਾਰਤ-ਪਾਕਿ ਸਰਹੱਦ ਦੇ ਨੇੜੇ ਫਰਜ਼ੀ ਮੁਕਾਬਲਾ ਬਣਾਉਣ ਦਾ ਮਾਮਲਾ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਇਸ ਮਾਮਲੇ 'ਚ ਫੌਜ਼ ਦੇ ਕਰਨਲ ਡੀ. ਕੇ. ਪਠਾਨੀਆਂ ਅਤੇ ਮੇਜਰ ਉਪਿੰਦਰ ਨੂੰ ਦੋਸ਼ੀ ਮੰਨਦੇ ਹੋਏ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਦੌਰਾਨ ਵਾਦੀ ਦੇ ਦੌਰੇ 'ਤੇ ਆਏ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਹੈ ਕਿ ਸੁਰੱਖਿਆ ਦਸਤਿਆਂ ਨੂੰ ਅਤਿਵਾਦ ਨਾਲ ਨਿਪਟਣ ਦੇ ਨਾਂ ਹੇਠ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਭਾਵੇਂ ਗੁਆਂਢੀ ਦੇਸ਼ ਵਲੋਂ ਪੈਦਾ ਕੀਤੇ ਗਏ ਹਾਲਤ ਬਹੁਤ ਮਾੜੇ ਹਨ ਪਰ ਫਿਰ ਵੀ ਲੋਕਾਂ ਦੇ ਹਿਤਾਂ ਨਾਲ ਖੇਡਣ ਦੀ ਇਜਾਜਤ ਨਹੀਂ ਦਿੱਤੀ ਜਾ ਸਕਦੀ।

*(ਬਾਕੀ ਸਫਾ 2 'ਤੇ)*

**Wraich Transport LLS**

**North American Truck Stop**

14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)

ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king

*North american truck stop offer all kind of truck repair @ economy price.

*We have special deal on oil change $189 +

ਤੁਰਤ ਕਾਲ ਕਰੋ: 800-746-6201, 9093-350-3310

**Dhillon Truck Stop**

**Dhillon Road Service**

Interstate 40, exit 356, San Jon, NM

*Gill Manj Gurdaspur Wale*




ਡੀਜ਼ਲ ਅਤੇ ਰੋਡ ਸਰਵਿਸ

New & Used Tires

Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776




# ਪ੍ਰਧਾਨ ਮੰਤਰੀ ਦੇ ਦੌਰੇ ਦੌਰਾਨ ਫਰਜ਼ੀ ਮੁਕਾਬਲੇ ਦਾ ਮੁੱਦਾ ਛਾਇਆ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਜੰਮੂ ਕਸ਼ਮੀਰ ਦੌਰੇ ਦੌਰਾਨ ਵੱਖ-ਵੱਖ ਪਾਰਟੀਆਂ ਨੇ ਮਾਛਿਲ 'ਚ ਹੋਏ ਫਰਜ਼ੀ ਮੁਕਾਬਲੇ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ। ਕਈ ਸਿਆਸੀ ਪਾਰਟੀਆਂ ਨੇ ਇਸ ਫਰਜ਼ੀ ਮੁਕਾਬਲੇ ਨੂੰ ਕੌਮੀ ਸ਼ਰਮ ਕਰਾਰ ਦਿੱਤਾ। ਸੂਤਰਾਂ ਮੁਤਾਬਕ ਦੇਰ ਰਾਤ ਤੱਕ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਪ੍ਰਧਾਨ ਮੰਤਰੀ ਨਾਲ ਇਸ ਮਸਲੇ 'ਤੇ ਗੱਲਬਾਤ ਕੀਤੀ ਤੇ ਸੂਬੇ ਵਿੱਚੋਂ ਹਥਿਆਰਬੰਦ ਦਸਤੇ ਵਿਸ਼ੇਸ਼ ਅਧਿਕਾਰ ਅਧਿਨਿਯਮ ਹਟਾਉਣ ਦੀ ਮੰਗ ਉਠਾਈ।

ਸੱਤਾਧਾਰੀ ਨੈਸ਼ਨਲ ਕਾਨਫਰੰਸ ਦੇ ਆਗੂ ਚੌਧਰੀ ਮੁਹੰਮਦ ਰਮਜ਼ਾਨ ਦੀ ਅਗਵਾਈ ਹੇਠ ਪ੍ਰਧਾਨ ਮੰਤਰੀ ਨੂੰ ਮਿਲੇ ਵਫ਼ਦ ਨੇ ਹੁਰੀਅਤ ਕਾਨਫਰੰਸ ਨਾਲ ਜਲਦ ਗੱਲਬਾਤ ਸ਼ੁਰੂ ਕਰਨ ਦੀ ਮੰਗ ਕੀਤੀ। ਉਨ੍ਹਾਂ ਮਕਬੂਜ਼ਾ ਕਸ਼ਮੀਰ ਜਾਣ ਤੋਂ ਬਾਅਦ ਵਾਪਸ ਆਉਣ ਦੇ ਇਛੁੱਕ ਨੌਜਵਾਨਾਂ ਲਈ ਆਤਮ ਸਮਰਪਣ ਦੀ ਇੱਕ ਨੀਤੀ ਬਣਾਉਣ ਦੀ ਮੰਗ ਵੀ ਕੀਤੀ। ਜਦਕਿ ਸੀਪੀਆਈ (ਐਮ) ਦੇ ਸੀਨੀਅਰ ਆਗੂ ਮੁਹੰਮਦ ਯੂਸਫ ਤਾਰੀਗਾਮੀ ਨੇ ਇਸ ਫਰਜ਼ੀ ਮੁਕਾਬਲੇ ਨੂੰ ਕੌਮੀ ਸ਼ਰਮ ਕਰਾਰ ਦਿੱਤਾ ਤੇ ਇਸ ਮਾਮਲੇ ਦੇ ਜਲਦ ਨਿਪਟਾਰੇ ਦੀ ਮੰਗ ਕੀਤੀ ਤਾਂ ਜੋ ਕਾਨੂੰਨ ਵਿਵਸਥਾ ਵਿੱਚ ਲੋਕਾਂ ਦਾ ਭਰੋਸਾ ਬਹਾਲ ਹੋ ਸਕੇ। ਜਨਾਬ ਤਾਰੀਗਾਮੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਕਿਸਾਨਾਂ ਨੂੰ ਹੋਏ ਨੁਕਸਾਨ ਦਾ ਅੰਦਾਜ਼ਾ ਲਗਾਉਣ ਲਈ ਇੱਕ ਕੇਂਦਰੀ ਟੀਮ ਭੇਜਣ ਦਾ ਭਰੋਸਾ ਦਿੱਤਾ ਹੈ।

ਸੂਬੇ ਵਿੱਚ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਨਿਭਾ ਰਹੀ ਪੀਡੀਪੀ ਨੇ ਵੀ ਹੋਰਨਾਂ ਸਿਆਸੀ ਪਾਰਟੀਆਂ ਵਾਲਾ ਰੁਖ਼ ਅਪਣਾਇਆ। ਪੀਡੀਪੀ ਆਗੂਆਂ ਨੇ ਕਿਹਾ ਕਿ ਇਹ ਮਾਮਲਾ ਘਾਟੀ ਵਿੱਚ ਕਾਨੂੰਨ ਵਿਵਸਥਾ 'ਚ ਆ ਰਹੇ ਨਿਘਾਰ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਮੁਕਾਬਲੇ ਤੋਂ ਬਾਅਦ ਸੂਬੇ ਵਿੱਚ ਸਿਆਸੀ ਮਾਹੌਲ ਪ੍ਰਭਾਵਤ ਹੋਇਆ ਹੈ।

## ਅਮਰੀਕਾ ਵਲੋਂ ਯੂਨੀਅਨ ਕਾਰਬਾਈਡ ਵਿਰੁਧ ਕਾਰਵਾਈ ਤੋਂ ਕੋਰੀ ਨਾਂਹ

**ਵਾਸ਼ਿੰਗਟਨ:** ਅਮਰੀਕਾ ਨੇ ਭੂਪਾਲ ਗੈਸ ਦੁਖਾਂਤ ਦੇ ਮਾਮਲੇ 'ਚ ਯੂਨੀਅਨ ਕਾਰਬਾਈਡ ਕੰਪਨੀ ਖਿਲਾਫ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ ਦੀ ਮੰਗ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਅਮਰੀਕਾ ਦੇ ਦੱਖਣੀ ਤੇ ਕੇਂਦਰੀ ਏਸ਼ੀਆ ਬਾਰੇ ਵਿਦੇਸ਼ ਰਾਜ ਮੰਤਰੀ ਰਾਬਰਟ ਬਲੇਕ ਨੇ ਕਿਹਾ ਹੈ ਕਿ ਸਭ ਤੋਂ ਵੱਡੇ ਸਨਅਤੀ ਦੁਖਾਂਤ ਦੇ ਅਦਾਲਤੀ ਫੈਸਲੇ ਦਾ ਉਹ ਸਵਾਗਤ ਕਰਦੇ ਹਨ ਅਤੇ ਇਸ ਫੈਸਲੇ ਨਾਲ ਪੀੜਤ ਲੋਕਾਂ ਨੂੰ ਕੁਝ ਰਾਹਤ ਮਹਿਸੂਸ ਹੋਵੇਗੀ। ਇਸੇ ਦੌਰਾਨ ਇਕ ਸਾਬਕਾ ਸੀ ਬੀ ਆਈ ਅਧਿਕਾਰੀ ਨੇ ਖੁਲਾਸਾ ਕੀਤਾ ਹੈ ਕਿ ਯੂਨੀਅਨ ਕਾਰਬਾਈਡ ਦੇ ਅਮਰੀਕੀ ਮੂਲ ਦੇ ਅਧਿਕਾਰੀ ਐਂਡਰਸਨ ਨੂੰ ਰਾਹਤ ਦੇਣ ਲਈ ਉਨ੍ਹਾਂ ਨੂੰ ਇਕ ਲਿਖਤੀ ਹੁਕਮ ਦਿੱਤਾ ਗਿਆ ਸੀ। ਭਾਰਤੀ ਕਾਨੂੰਨ ਮੰਤਰੀ ਨੇ ਇਸ ਨੂੰ ਬਕਵਾਸ ਆਖਿਆ ਹੈ।

ਅਮਰੀਕੀ ਵਿਦੇਸ਼ੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਬਲੇਕ ਨੇ ਕਿਹਾ ਕਿ ਮਨੁੱਖੀ ਇਤਿਹਾਸ 'ਚ ਇਹ ਸਭ ਤੋਂ ਵੱਡਾ ਸਨਅਤੀ ਦੁਖਾਂਤ ਸੀ ਅਤੇ ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਹ ਅਦਾਲਤੀ ਫੈਸਲਾ ਪੀੜਤ ਪਰਿਵਾਰਾਂ ਦੇ ਹਿੱਤ 'ਚ ਹੋਵੇਗਾ। ਉਨ੍ਹਾਂ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ ਉਹ ਇਹ ਉਮੀਦ ਨਹੀਂ ਕਰ ਸਕਦੇ ਕਿ ਇਸ ਫੈਸਲੇ 'ਚ ਕੋਈ ਨਵੇਂ ਮਾਮਲੇ ਸਾਹਮਣੇ ਆਉਣਗੇ।

## ਉਘੇ ਸਿੱਖ ਵਿਦਵਾਨ ਅਤੇ ਭੌਤਿਕ ਵਿਗਿਆਨੀ ਡਾ. ਪ੍ਰੀਤਮ ਸਿੰਘ ਨਹੀਂ ਰਹੇ

**ਸ਼ਿਕਾਗੋ:** ਉਘੇ ਸਿੱਖ ਵਿਦਵਾਨ ਅਤੇ ਫਿਜ਼ੀਕਸ ਦੇ ਪ੍ਰੋਫੈਸਰ ਡਾ. ਪ੍ਰੀਤਮ ਸਿੰਘ ਲੰਘੀ 3 ਜੂਨ ਨੂੰ ਇਥੇ ਅਕਾਲ ਚਲਾਣਾ ਕਰ ਗਏ। ਉਹ 93 ਸਾਲਾਂ ਦੇ ਸਨ। ਉਹ ਆਪਣੇ ਪਿਛੇ ਪਤਨੀ ਡਾ. ਜਸਬੀਰ ਕੌਰ, ਤਿੰਨ ਧੀਆਂ ਕਰਮਜੀਤ, ਦਲਜੀਤ ਅਤੇ ਰਣਜੀਤ ਤੋਂ ਇਲਾਵਾ ਦੋਹਤਰੇ ਜੀਵਨ ਅਤੇ ਪ੍ਰਿਆ ਛੱਡ ਗਏ ਹਨ। ਉਨ੍ਹਾਂ ਦਾ ਸਸਕਾਰ ਸਨਿਚਰਵਾਰ ਨੂੰ ਇਥੇ ਕਰ ਦਿੱਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸ਼ਿਕਾਗੋ ਦੇ ਪਤਵੰਤੇ ਸੱਜਣ ਅਤੇ ਉਨ੍ਹਾਂ ਦੇ ਪ੍ਰਸ਼ੰਸਕ ਮੌਜੂਦ ਸਨ। ਡਾ. ਪ੍ਰੀਤਮ ਸਿੰਘ ਨਮਿਤ ਪਾਠ ਦਾ ਭੋਗ ਗੁਰਦੁਆਰਾ ਪੈਲਾਟਾਈਨ ਵਿਖੇ ਆਉਂਦੀ 10 ਜੂਨ ਨੂੰ ਪਾਇਆ ਜਾਵੇਗਾ।

ਰੰਗੂਨ, ਬਰਮਾ ਵਿਚ 25 ਨਵੰਬਰ, 1917 ਨੂੰ ਜਨਮੇ ਡਾ. ਪ੍ਰੀਤਮ ਸਿੰਘ ਨੇ ਆਪਣੀ ਕਾਲਜੀ ਪੜ੍ਹਾਈ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਮੁਕੰਮਲ ਕੀਤੀ। ਭਾਰਤ ਦੀ ਆਜ਼ਾਦੀ ਦੀ



ਡਾ. ਪ੍ਰੀਤਮ ਸਿੰਘ

ਜੰਗ ਵਿਚ ਵੀ ਉਨ੍ਹਾਂ ਹਿੱਸਾ ਪਾਇਆ। ਕੁਝ ਸਮਾਂ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਫਿਜ਼ੀਕਸ ਦੇ ਅਧਿਆਪਕ ਰਹੇ ਅਤੇ 1967 ਵਿਚ ਉਹ ਅਮਰੀਕਾ ਆ ਗਏ ਜਿਥੇ ਉਨ੍ਹਾਂ ਨੇ ਇਲੀਨਾਏ ਇੰਸਟੀਚਿਊਟ ਆਫ ਟੈਕਨਾਲੋਜੀ (ਆਈ ਆਈ ਟੀ) ਤੋਂ ਫਿਜ਼ੀਕਸ ਦੀ ਡਾਕਟਰੀ ਕੀਤੀ। ਕੁਝ ਸਮਾਂ ਉਹ ਮਾਹਲਪੁਰ ਦੇ ਕਾਲਜ ਵਿਚ ਵੀ ਪੜ੍ਹਾਉਂਦੇ ਰਹੇ ਹਨ।

ਸਿੱਖ ਭਾਈਚਾਰੇ ਵਿਚ ਡਾ. ਪ੍ਰੀਤਮ ਸਿੰਘ ਆਪਣੇ ਅਸੂਲਾਂ ਕਰਕੇ ਜਾਣੇ ਜਾਂਦੇ ਸਨ। ਗੁਰਦੁਆਰਾ ਪੈਲਾਟਾਈਨ ਦੀ ਸਥਾਪਨਾ ਵਿਚ ਉਨ੍ਹਾਂ ਉਘੀ ਭੂਮਿਕਾ ਨਿਭਾਈ ਪਰ ਕਦੀ ਕਿਸੀ ਵੀ ਚੋਣ ਵਿਚ ਹਿੱਸਾ ਨਹੀਂ ਲਿਆ ਅਤੇ ਨਾ ਹੀ ਖੁਦ ਕਦੀ ਵੋਟ ਪਾਈ। ਆਪਣੇ ਜ਼ਾਬਤੇ ਅਤੇ ਆਪਣੇ ਧਾਰਮਿਕ ਖਿਆਲਾਂ ਕਰਕੇ ਉਹ ਬਹੁਤ ਸਾਰੇ ਲੋਕਾਂ ਲਈ ਪ੍ਰੇਰਨਾ ਦਾ ਸ੍ਰੋਤ ਬਣੇ। ਸਿੱਖ ਮਤ ਉਤੇ ਉਨ੍ਹਾਂ ਦੀਆਂ ਵੱਖ ਵੱਖ ਲਿਖਤਾਂ ਪੰਜਾਬੀ ਅਤੇ ਅੰਗਰੇਜ਼ੀ ਰਸਾਲਿਆਂ ਵਿਚ ਛਪਦੀਆਂ ਰਹੀਆਂ ਹਨ। ਉਨ੍ਹਾਂ ਦੀ ਧਰਮ ਪਤਨੀ ਬੀਬੀ ਜਸਵੀਰ ਕੌਰ ਵੀ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਰਹੇ ਹਨ ਅਤੇ ਗੁਰੂਘਰ ਦੀ ਸੇਵਾ ਵਿਚ ਸਰਗਰਮ ਰਹੇ ਹਨ।

# ਨੌਜਵਾਨਾਂ ਨੂੰ ਝੂਠੇ ਮੁਕਾਬਲੇ ਵਿਚ ਮਾਰਨ ਵਿਰੁਧ ਵਾਦੀ 'ਚ ਰੋਹ

ਜ਼ਿਕਰਯੋਗ ਹੈ ਕਿ ਚਰਚਾ ਵਿਚ ਆਏ ਇਸ ਫਰਜ਼ੀ ਮੁਕਾਬਲੇ ਵਿਚ ਫੌਜ਼ ਦੇ ਜਵਾਨ ਅੱਬਾਸ ਹੁਸੈਨ ਸ਼ਾਹ ਨੇ ਸਥਾਨਕ ਨਿਵਾਸੀ ਸਾਬਕਾ ਐਸ.ਪੀ.ਓ. ਬਸ਼ੀਰ ਅਹਿਮਦ ਅਤੇ ਫਿਆਦ ਅਹਿਮਦ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ। ਉਨ੍ਹਾਂ ਜ਼ਿਲ੍ਹਾ ਬਾਰਾਮੂਲਾ ਦੇ ਕਸਬਾ ਸੋਪੋਰ ਨੇੜਲੇ ਪਿੰਡ ਨਾਦਿਆਲ ਦੇ ਵਸਨੀਕ ਤਿੰਨ ਨੌਜਵਾਨਾਂ ਮੁਹੰਮਦ ਸ਼ਫੀ, ਸਹਿਜ਼ਾਦ ਅਹਿਮਦ ਅਤੇ ਰਿਆਜ਼ ਅਹਿਮਦ ਨੂੰ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ ਬੀਤੀ 27 ਅਪ੍ਰੈਲ ਨੂੰ ਪਿੰਡ ਤੋਂ ਅਗਵਾ ਕੀਤਾ ਤੇ ਤਿੰਨ ਦਿਨਾਂ ਬਾਅਦ 30 ਅਪ੍ਰੈਲ ਨੂੰ ਕੁੱਪਵਾੜਾ ਦੇ ਮਛੀਲ ਸੈਕਟਰ ਵਿਚ ਫੌਜ਼ੀ ਅਧਿਕਾਰੀਆਂ ਦੀ ਮਦਦ ਨਾਲ ਮਾਰ ਦਿੱਤਾ। ਫੌਜ਼ ਨੇ ਇਹ ਦਾਅਵਾ ਕੀਤਾ ਸੀ ਕਿ ਇਹ ਪਾਕਿਸਤਾਨੀ ਅਤਿਵਾਦੀ ਸਨ ਅਤੇ ਭਾਰਤ ਵਿਚ ਦਾਖਲ ਹੁੰਦੇ ਸਮੇਂ ਫੌਜ਼ ਨਾਲ ਮੁਠਭੇੜ ਵਿਚ ਮਾਰੇ ਗਏ ਹਨ। ਜਦਕਿ ਪੁਲਿਸ ਵਲੋਂ ਇਨ੍ਹਾਂ ਅਣਪਛਾਤੇ ਮ੍ਰਿਤਕਾਂ ਦੀਆਂ ਤਸਵੀਰਾਂ ਅਖਬਾਰਾਂ 'ਚ ਛਾਪੇ ਜਾਣ ਤੋਂ ਬਾਅਦ ਇਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਲੋਂ ਕਿਹਾ ਗਿਆ ਸੀ ਕਿ ਇਹ ਨੌਜਵਾਨ 27 ਅਪ੍ਰੈਲ ਤੋਂ ਲਾਪਤਾ ਸਨ ਜੋ ਕਿ ਫੌਜ ਵਲੋਂ ਅਤਿਵਾਦੀ ਕਹਿ ਕੇ ਮਾਰ ਦਿੱਤੇ ਗਏ ਹਨ।

ਜੰਮੂ ਕਸ਼ਮੀਰ ਪੁਲਿਸ ਵਲੋਂ ਕੀਤੀ ਗਈ ਜਾਂਚ ਵਿਚ ਸਾਹਮਣੇ ਆਇਆ ਕਿ ਉਕਤ ਮੁਕਾਬਲਾ ਫਰਜ਼ੀ ਸੀ। ਜ਼ਿਕਰਯੋਗ ਹੈ ਕਿ ਇਸ ਸੰਬੰਧ ਵਿਚ 28 ਮਈ ਨੂੰ ਮੈਜਿਸਟ੍ਰੇਟ ਦੀ ਹਾਜ਼ਰੀ 'ਚ ਇਨ੍ਹਾਂ ਤਿੰਨਾਂ ਨੌਜਵਾਨਾਂ ਦੀਆਂ ਲਾਸ਼ਾਂ ਵੀ ਕਬਰਾਂ ਵਿਚੋਂ ਕੱਢ ਕੇ ਪਰਿਵਾਰਿਕ ਮੈਂਬਰਾਂ ਤੋਂ ਸ਼ਨਾਖਤ ਕਰਵਾਈ ਗਈ ਸੀ। ਪੂਰੀ ਜਾਂਚ ਤੋਂ ਬਾਅਦ ਪੁਲਿਸ ਨੇ ਖੇਤਰੀ ਫੌਜ਼ ਦੇ ਜਵਾਨ ਅੱਬਾਸ ਹੁਸੈਨ ਸ਼ਾਹ ਤੇ ਉਸ ਦੇ ਸਹਿਯੋਗੀ ਬਸ਼ੀਰ ਅਹਿਮਦ ਤੇ ਫਿਆਦ ਅਹਿਮਦ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਵਲੋਂ ਇਸ ਸਾਰੇ ਕਾਂਡ ਸਬੰਧੀ ਫੌਜ਼ ਨੂੰ ਸੌਂਪੀ ਰਿਪੋਰਟ ਵਿਚ ਮੇਜਰ ਉਪਿੰਦਰ ਨੂੰ ਮੁੱਖ ਦੋਸ਼ੀ ਦੱਸਿਆ ਗਿਆ ਸੀ। ਫੌਜ਼ ਵਲੋਂ ਇਸ ਮਾਮਲੇ ਦੀ ਜਾਂਚ ਦਾ ਕੰਮ ਸ਼ੁਰੂ ਕਰਦਿਆਂ ਬੀਤੀ 6 ਜੂਨ ਨੂੰ 4 ਰਾਜਪੂਤ ਰੈਜਮੈਂਟ ਦੇ ਕਮਾਂਡਿੰਗ ਅਫਸਰ ਕਰਨਲ ਡੀ.ਕੇ. ਪਠਾਨੀਆਂ ਨੂੰ ਉਸ ਦੀ ਕਮਾਂਡ ਤੋਂ ਹਟਾ ਦਿੱਤਾ ਹੈ ਤੇ ਮੇਜਰ ਓਪਿੰਦਰ ਨੂੰ ਮੁਅੱਤਲ ਕਰ ਦਿੱਤਾ ਹੈ। ਫੌਜ ਨੇ ਕਰਨਲ ਪਠਾਨੀਆ ਨੂੰ ਇਸ ਘਟਨਾ ਦੀ ਜਾਂਚ ਪੂਰੀ ਹੋਣ ਤੱਕ ਕਸ਼ਮੀਰ ਵਾਦੀ ਨਾ ਛੱਡਣ ਦਾ ਵੀ ਹੁਕਮ ਦਿੱਤਾ ਹੈ। ਫੌਜ ਵਲੋਂ ਇਸ ਘਟਨਾ ਦੀ ਛੇਤੀ ਤੇ ਨਿਰਪੱਖ ਜਾਂਚ ਦਾ ਭਰੋਸਾ ਦਿੱਤਾ ਗਿਆ ਹੈ।

ਯਾਦ ਰਹੇ ਕਿ ਇਸ ਤੋਂ ਪਹਿਲਾਂ ਫਰਵਰੀ 2006 ਵਿਚ ਡੁਡੀਪੁਰਾ-ਹੰਦਵਾੜਾ ਵਿਚ ਕ੍ਰਿਕਟ ਖੇਡ ਰਹੇ ਤਿੰਨ ਲੜਕਿਆਂ ਨੂੰ ਵੀ ਇਸੇ ਤਰ੍ਹਾਂ ਫਰਜ਼ੀ ਮੁਕਾਬਲਾ ਦਿਖਾ ਕੇ ਕਤਲ ਕਰ ਦਿੱਤਾ ਗਿਆ ਸੀ ਤਾਂ 33 ਰਾਸ਼ਟਰੀ ਰਾਈਫਲਜ਼ ਦੇ ਕਰਨਲ ਗੁਲੇਰੀਆ ਨੂੰ ਇਸ ਦੇ ਸਿੱਟੇ ਵਜੋਂ ਕਮਾਂਡ ਤੋਂ ਹਟਾ ਦਿੱਤਾ ਗਿਆ ਸੀ।

ਤਾਜ਼ਾ ਘਟਨਾ ਨੂੰ ਲੈ ਕੇ ਵਾਦੀ ਵਿਚ ਵੱਖ-ਵੱਖ ਥਾਵਾਂ 'ਤੇ ਵਿਆਪਕ ਰੋਸ ਮਾਰਚ ਤੇ ਮੁਜ਼ਾਹਰੇ ਹੋਏ ਹਨ। ਬੀਤੀ 30 ਮਈ ਨੂੰ ਜਦੋਂ ਪੀ ਡੀ ਪੀ ਨੇਤਾ ਮਹਿਬੂਬਾ ਮੁਫਤੀ ਮਾਰੇ ਗਏ ਨੌਜਵਾਨਾਂ ਦੇ ਪਰਿਵਾਰਾਂ ਨਾਲ ਦੁਖ ਸਾਂਝਾ ਕਰਨ ਲਈ ਨਦਿਆਲ ਆਈ ਤਾਂ ਭੜਕੀ ਹੋਈ ਭੀੜ ਨੇ ਉਸਦੇ ਕਾਫਲੇ 'ਤੇ ਪਥਰਾਅ ਕੀਤਾ।

ਹੁਣ ਇਨ੍ਹਾਂ ਫਰਜ਼ੀ ਮੁਕਾਬਲਿਆਂ ਦਾ ਮੁੱਦਾ ਇਕ ਵਾਰੀ ਫੇਰ ਚਰਚਾ ਵਿਚ ਆ ਗਿਆ ਹੈ। ਪਿਛਲੇ ਦੋ ਮਹੀਨਿਆਂ ਦੌਰਾਨ ਫੌਜ ਨੇ ਕੁੱਪਵਾੜਾ ਜ਼ਿਲ੍ਹੇ ਵਿਚ ਕੰਟਰੋਲ ਰੇਖਾ 'ਤੇ ਸਥਿਤ ਵੱਖ-ਵੱਖ ਸੈਕਟਰਾਂ ਵਿਚ 14 ਅਤਿਵਾਦੀਆਂ ਨੂੰ ਮੁਕਾਬਲਿਆਂ ਵਿਚ ਮਾਰਨ ਦਾ ਦਾਅਵਾ ਕੀਤਾ ਹੈ। ਫੌਜ਼ ਅਨੁਸਾਰ ਇਹ ਅਤਿਵਾਦੀ ਪਾਕਿਸਤਾਨ ਵਾਲੇ ਕਸ਼ਮੀਰ ਤੋਂ ਇਧਰ ਘੁਸਪੈਠ ਕਰਨ ਦੇ ਯਤਨ ਦੌਰਾਨ ਮਾਰੇ ਗਏ ਹਨ। ਹੁਣ ਪੁਲਿਸ ਵਲੋਂ ਇਨ੍ਹਾਂ ਮੁਕਾਬਲਿਆਂ ਨੂੰ ਵੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ।

ਇਸ ਮਸਲੇ 'ਤੇ ਬੋਲਦਿਆਂ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਜਨਾਬ ਉਮਰ ਅਬਦੁੱਲਾ ਨੇ ਵਾਦੀ ਵਿਚ ਹੋ ਰਹੇ ਮੁਕਾਬਲਿਆਂ ਦੀ ਅਸਲੀਅਤ 'ਤੇ ਸਵਾਲ ਉਠਾਏ ਸਨ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਲੋਕਾਂ ਵਲੋਂ ਲਗਭਗ ਹਰੇਕ ਮੁਕਾਬਲੇ 'ਤੇ ਸ਼ੰਕੇ ਖੜੇ ਕੀਤੇ ਜਾ ਰਹੇ ਹਨ। ਜ਼ਾਹਿਰ ਹੈ ਕਿ ਇਸ ਦੇ ਗੰਭੀਰ ਨਤੀਜੇ ਨਿਕਲਣਗੇ ਅਤੇ ਸ਼ੰਕੇ ਵੀ ਖੜੇ ਹੋਣਗੇ। ਜੰਮੂ ਕਸ਼ਮੀਰ ਪੁਲਿਸ ਕੋਲ ਅਜਿਹੀਆਂ ਸ਼ਿਕਾਇਤਾਂ ਦੀ ਭਰਮਾਰ ਹੈ ਅਤੇ ਇਸ ਵੇਲੇ 5-6 ਸਾਲ ਪੁਰਾਣੇ ਮੁਕਾਬਲਿਆਂ ਬਾਰੇ ਵੀ ਪੜਤਾਲਾਂ ਚੱਲ ਰਹੀਆਂ ਹਨ ਅਤੇ ਕੁਝ ਮਾਮਲੇ 8 ਸਾਲ ਪੁਰਾਣੇ ਵੀ ਹਨ। ਮੁੱਖ ਮੰਤਰੀ ਦਾ ਇਹ ਬਿਆਨ ਸਿੱਧ ਕਰਦਾ ਹੈ ਕਿ ਵਾਦੀ ਵਿਚ ਫਰਜ਼ੀ ਪੁਲਿਸ ਮੁਕਾਬਲਿਆਂ ਪ੍ਰਤੀ ਵੱਡੀ ਪੱਧਰ 'ਤੇ ਚਿੰਤਾ ਦਾ ਮਾਹੌਲ ਹੈ।

## ਸਿੱਖ ਨਸਲਕੁਸ਼ੀ ਦੀ ਪਟੀਸ਼ਨ ਪਾਉਣ ਵਾਲੇ ਸੰਸਦ ਮੈਂਬਰ ਵੱਲੋਂ 'ਉਲਟਬਾਜ਼ੀ'

**ਟੋਰਾਂਟੋ:** ਕੈਨੇਡਾ ਦੇ ਲਿਬਰਲ ਆਗੂ ਮਾਈਕਲ ਇਗਨਾਟੀਅਫ ਨੇ ਜਿਸ ਤਰ੍ਹਾਂ ਭਾਰਤ ਖਿਲਾਫ ਕੈਨੇਡਾ ਦੀ ਸੰਸਦ ਵਿਚ 9 ਜੂਨ ਨੂੰ ਪੇਸ਼ ਕੀਤੇ ਜਾਣ ਵਾਲੀ ਸਿੱਖ "ਨਸਲਕੁਸ਼ੀ ਪਟੀਸ਼ਨ" ਨੂੰ ਮੁੱਢੋਂ ਰੱਦ ਕਰ ਦਿੱਤਾ ਸੀ, ਉਸੇ ਤਰ੍ਹਾਂ ਇਸ ਨੂੰ ਪੇਸ਼ ਕਰਨ ਵਾਲਾ ਐਮ.ਪੀ. ਐਂਡਰਿਊ ਕਾਨੀਆ ਝਕਾਨੀ ਦੇ ਗਿਆ ਹੈ। ਲਿਬਰਲ ਆਗੂ ਨੇ ਨਵੰਬਰ 1984 ਦੇ ਹਿੰਸਕ ਕਾਂਡ ਨੂੰ ਦਰਦਨਾਕ ਦੱਸਿਆ ਹੈ, ਜਿਸ ਵਿਚ ਹਜ਼ਾਰਾਂ ਬੇਕਸੂਰ ਮਾਰੇ ਗਏ ਸਨ ਪਰ ਇਸ ਨੂੰ (ਸਿੱਖ ਨਸਲਕੁਸ਼ੀ) ਤਸਲੀਮ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਹੈ।

ਆਪਣੇ ਬਿਆਨ ਵਿਚ ਕੁਝ ਦਿਨ ਪਹਿਲਾਂ ਇਸ ਆਗੂ ਨੇ ਕਿਹਾ ਸੀ ਇਸ ਘਟਨਾ ਨੂੰ ਇਥੇ ਭਾਵਨਾਵਾਂ ਨੂੰ ਭੜਕਾਉਣ ਵਾਸਤੇ ਵਰਤਿਆ ਜਾ ਰਿਹਾ ਹੈ ਜਿਸ ਦਾ ਲਿਬਰਲ ਪਾਰਟੀ ਸਮਰਥਨ ਨਹੀਂ ਕਰੇਗੀ।




# ਬੇਗਮਪੁਰ ਕਲਚਰਲ ਸੁਸਾਇਟੀ ਵਲੋਂ ਗੁਰੂ ਰਵਿਦਾਸ ਦੇ ਸਰੂਪ ਨਾਲ ਛੇੜਛਾੜ ਦੀ ਨਿਖੇਧੀ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਟਾਈਮਜ਼ ਦੇ 29 ਮਈ ਦੇ ਅੰਕ ਵਿਚ ਗੁਰਦਿਆਲ ਸਿੰਘ ਜੱਬੋਵਾਲ ਦੇ ਲੇਖ ਨਾਲ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੀ ਪੱਗ ਵਾਲੀ ਜੋ ਤਸਵੀਰ ਛਾਪੀ ਗਈ ਹੈ, ਉਸਦੀ ਬੇਗਮਪੁਰਾ ਕਲਚਰਲ ਸੁਸਾਇਟੀ ਨਿਊ ਯਾਰਕ ਬੜੇ ਕਰੜੇ ਸ਼ਬਦਾਂ ਵਿਚ ਨਿੰਦਾ ਕਰਦੀ ਹੈ। ਪੰਜਾਬ ਟਾਈਮਜ਼ ਨੂੰ ਈਮੇਲ ਰਾਹੀਂ ਭੇਜੇ ਗਏ ਬਿਆਨ ਅਨੁਸਾਰ ਸੁਸਾਇਟੀ ਦੇ ਪ੍ਰਧਾਨ ਸ੍ਰੀ ਪਰਮਜੀਤ ਕਮਾਮ ਨੇ ਸੰਸਥਾ ਦੀ ਇਸ ਮਸਲੇ 'ਤੇ ਰੱਖੀ ਗਈ ਇਕ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰਦਿਆਲ ਤਾਂ ਕੀ ਕੋਈ ਵੀ ਸਾਡੇ ਇਤਿਹਾਸ ਨੂੰ ਬਦਲਣ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨਾਲ ਸਖਤੀ ਨਾਲ ਪੇਸ਼ ਆਇਆ ਜਾਵੇਗਾ।

ਇਸ ਮੌਕੇ ਮੀਤ ਪ੍ਰਧਾਨ ਸ੍ਰੀ ਹਰਨਾਮ ਦਾਸ ਰੱਤੂ ਨੇ ਕਿਹਾ, 'ਇਹੋ ਜਿਹੇ ਅਕ੍ਰਿਤਘਣਾਂ ਨੂੰ ਸਮਾਜ ਵਿਚ ਰਹਿਣ ਦਾ ਹੱਕ ਨਹੀ ਹੈ। ਕੌਮ ਨੂੰ ਸਾਡੇ ਰਹਿਬਰਾਂ ਦੇ ਸਰੂਪ ਵਿਗਾੜਨ ਵਾਲਿਆਂ ਨਾਲ ਸਮਾਜਿਕ ਸਾਂਝ ਖਤਮ ਕਰ ਦੇਣੀ ਚਾਹੀਦੀ ਹੈ, ਇਹੋ ਜਿਹੇ ਬੰਦੇ ਸਾਡੀ ਕੌਮ ਲਈ ਕਲੰਕ ਹਨ।' ਸੁਸਾਇਟੀ ਦੇ ਚੇਅਰਮੈਨ ਮਦਨ ਬੱਧਨ ਨੇ ਗੁੱਸੇ ਭਰੇ ਲਹਿਜੇ 'ਚ ਕਿਹਾ ਕਿ ਇਹ ਬੰਦਾ ਤਾਂ ਚਮਾਰ ਹੀ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਅਸੀ ਇਹੋ ਜਿਹੇ ਲੋਕਾਂ ਨੂੰ ਸਬਕ ਨਹੀਂ ਸਿਖਾਉਂਦੇ ਓਨੀ ਦੇਰ ਸਾਡੀ ਕੌਮ ਅਤੇ ਗੁਰੂਆਂ 'ਤੇ ਕੋਝੇ ਹਮਲੇ ਹੁੰਦੇ ਰਹਿਣਗੇ। ਉਨ੍ਹਾਂ ਅਖ਼ਬਾਰ ਦੇ ਸੰਪਾਦਕ ਨੂੰ ਮੁਆਫੀ ਮੰਗਣ ਲਈ ਕਿਹਾ ਅਤੇ ਭਵਿੱਖ 'ਚ ਚੰਗੀਆਂ ਅਤੇ ਸਮਾਜ ਹਿਤ ਖ਼ਬਰਾਂ ਨੂੰ ਹੀ ਛਾਪਣ ਦੀ ਹਦਾਇਤ ਵੀ ਦਿੱਤੀ। ਕੈਸ਼ੀਅਰ ਸ੍ਰੀ ਪ੍ਰਿਥੀ ਪਾਲ ਨੇ ਕਿਹਾ ਸਾਡੀ ਸੰਸਥਾ ਭਾਈਚਾਰੇ ਦੇ ਚੰਗੇਰੇ ਕਾਰਜ ਅਤੇ ਸਮਾਜਿਕ ਪੱਧਰ ਨੂੰ ਉਚਾ ਤੇ ਮਿਆਰੀ ਬਣਾਉਣ ਲਈ ਹਮੇਸ਼ਾ ਹੀ ਯਤਨਸ਼ੀਲ ਰਹੇਗੀ। ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊ ਯਾਰਕ ਦੇ ਸਾਬਕਾ ਚੇਅਰਮੈਨ ਸ੍ਰੀ ਅਵਤਾਰ ਭਾਟੀਆ ਨੇ ਬਹੁਤ ਹੀ ਗੁੱਸੇ ਭਰੇ ਲਹਿਜੇ ਨਾਲ ਕਿਹਾ ਕਿ ਇਸ ਤਰ੍ਹਾਂ ਦੇ ਕੌਮ ਦੇ ਗੱਦਾਰਾਂ ਦੀ ਗੁਰੂਘਰ 'ਚੋਂ ਮੈਂਬਰਸ਼ਿਪ ਖਤਮ ਕਰ ਦੇਣੀ ਚਾਹੀਦੀ ਹੈ। ਇਸ ਸਮੇਂ ਸੁਸਾਇਟੀ ਨੇ ਸ੍ਰੀ ਗੁਰੂ ਰਵਿਦਾਸ ਸਭਾ ਨਾਲ ਹਰ ਤਰ੍ਹਾਂ ਦਾ ਹਮੇਸ਼ਾ ਸਾਥ ਦੇਣ ਲਈ ਵਾਅਦਾ ਕੀਤਾ। ਬੈਠਕ ਵਿਚ ਹੋਰਨਾਂ ਤੋਂ ਇਲਾਵਾ ਪਵਨ ਕੁਮਾਰ, ਸ੍ਰੀ ਭੀਮ ਸੈਨ, ਰਾਮ ਆਸਰਾ, ਬਹਾਦਰ ਬਾਦੀ, ਕੇਵਲ ਢੰਡਾ, ਜਸਵਿੰਦਰ ਮਹੇ ਅਤੇ ਭਾਈਚਾਰੇ ਦੇ ਹੋਰ ਬਹੁਤ ਸਾਰੇ ਮੈਂਬਰ ਮੌਜੂਦ ਸਨ।

# ਪੰਜਾਬ, ਹਰਿਆਣਾ 'ਚ ਕਈ ਥਾਈਂ ਭਾਰੀ ਬਾਰਿਸ਼

**ਨਵੀਂ ਦਿੱਲੀ:** ਉਤਰੀ ਭਾਰਤ ਵਿਚ 7-8 ਜੂਨ ਨੂੰ ਹੋਈ ਦਰਮਿਆਨੀ ਤੋਂ ਭਾਰੀ ਵਰਖਾ ਨਾਲ ਜਿਥੇ ਸੂਰਜ ਤੋਂ ਬਰਸ ਰਹੀ 'ਅੱਗ' ਕਾਰਨ ਤਪੀ ਧਰਤੀ ਠਰੀ ਹੈ, ਉਥੇ ਲੋਕਾਂ ਨੂੰ ਵੀ ਸੁੱਖ ਦਾ ਸਾਹ ਆਇਆ ਹੈ।

ਪੰਜਾਬ ਵਿਚ ਪਟਿਆਲਾ ਵਿਖੇ ਘੱਟੋ-ਘੱਟ ਤਾਪਮਾਨ 19 ਡਿਗਰੀ ਰਿਹਾ, ਜਦਕਿ ਵਰਖਾ 74.6 ਮਿਲੀਮੀਟਰ ਦਰਜ ਕੀਤੀ ਗਈ। ਅੰਮ੍ਰਿਤਸਰ ਤੇ ਲੁਧਿਆਣਾ ਦਾ ਤਾਪਮਾਨ ਕ੍ਰਮਵਾਰ 23 ਤੇ 20.6 ਦਰਜੇ ਰਿਹਾ। ਰਾਜ ਵਿਚ ਮੁਹਾਲੀ, ਲੁਧਿਆਣਾ ਤੇ ਰੋਪੜ ਵਿਚ ਵੀ ਮੀਂਹ ਪੈਣ ਦੀਆਂ ਖਬਰਾਂ ਹਨ। ਚੰਡੀਗੜ੍ਹ 'ਚ ਸੋਮਵਾਰ ਰਾਤ ਤੱਕ 83.6 ਮਿਲੀਮੀਟਰ ਵਰਖਾ ਦਰਜ ਕੀਤੀ ਗਈ ਤੇ ਇਥੇ ਤਾਪਮਾਨ 19.4 ਡਿਗਰੀ 'ਤੇ ਆ ਡਿੱਗਿਆ।

## ਗੁਰੂ ਰਵਿਦਾਸ ਮਹਾਰਾਜ ਬਾਰੇ

29 ਜੂਨ ਦੇ ਪੰਜਾਬ ਟਾਈਮਜ਼ ਵਿਚ ਸ. ਗੁਰਦਿਆਲ ਸਿੰਘ ਜੱਬੋ ਦਾ ਇਕ ਲੇਖ ਛਪਿਆ ਸੀ ਜਿਸ ਨਾਲ ਭਗਤ ਰਵਿਦਾਸ ਹੋਰਾਂ ਦੀ ਦਸਤਾਰ ਵਾਲੀ ਤਸਵੀਰ ਛਾਪੀ ਗਈ ਸੀ। ਉਨ੍ਹਾਂ ਦੇ ਪੈਰੋਕਾਰਾਂ ਦੇ ਇਕ ਵਰਗ ਵਲੋਂ ਇਸ ਤਸਵੀਰ ਪ੍ਰਤੀ ਤਿੱਖਾ ਪ੍ਰਤੀਕ੍ਰਮ ਜਾਹਿਰ ਕੀਤਾ ਗਿਆ। ਇਹ ਲੇਖ ਵੱਖ ਵੱਖ ਵਿਚਾਰਾਂ ਨੂੰ ਨੁਮਾਇੰਦਗੀ ਦੇਣ ਦੇ ਮਨੋਰਥ ਨਾਲ ਛਾਪਿਆ ਗਿਆ ਸੀ। ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਗੁਰੂ ਰਵਿਦਾਸ ਮਹਾਰਾਜ ਦੇ ਪੈਰੋਕਾਰਾਂ ਦਾ ਇਕ ਵਰਗ ਵੱਖਰੇ ਪੰਥ ਤੇ ਵੱਖਰੇ ਗ੍ਰੰਥ ਦੇ ਨਾਅਰੇ ਹੇਠ ਮੁੱਖ ਧਾਰਾ ਨਾਲੋਂ ਅਲੱਗ ਹੋ ਚੁੱਕਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰਵਿਦਾਸ ਮਹਾਰਾਜ ਨੂੰ ਭਗਤ ਕਰਕੇ ਹੀ ਸੰਬੋਧਨ ਕੀਤਾ ਗਿਆ ਹੈ ਪਰ ਉਨ੍ਹਾਂ ਦੇ ਕੁਝ ਪੈਰੋਕਾਰ ਉਨ੍ਹਾਂ ਨੂੰ ਗੁਰੂ ਨਾਲ ਸੰਬੋਧਨ ਕਰਨ ਨੂੰ ਤਰਜੀਹ ਦਿੰਦੇ ਹਨ। ਸਾਡੀ ਸਮਝ ਵਿਚ ਸੰਤ, ਭਗਤ, ਗੁਰੂ, ਬ੍ਰਹਮ ਗਿਆਨੀ ਇਕੋ ਹੀ ਅਵਸਥਾ ਦੇ ਲਖਾਇਕ ਹਨ। ਸਾਡਾ ਮਨੋਰਥ ਕਿਸੇ ਵਰਗ ਵਿਸ਼ੇਸ਼ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਸੀ। ਖਾਸ ਕਰਕੇ ਇਸ ਗੱਲ ਨੂੰ ਮੁੱਖ ਰੱਖਦਿਆਂ ਕਿ ਪੁਰਾਣੇ ਸੰਤਾਂ, ਮਹਾਤਮਾਵਾਂ ਦੀਆਂ ਤਸਵੀਰਾਂ ਸਾਡੀ ਮਹਿਜ ਕਲਪਨਾ ਹੈ। ਇਹ ਵੀ ਦੁੱਖ ਵਾਲੀ ਗੱਲ ਹੈ ਕਿ ਨਿਊ ਯਾਰਕ ਦੀ ਇਕ ਗੁਰੂ ਰਵਿਦਾਸ ਸਭਾ ਦੇ ਕੁਝ ਅਹੁਦੇਦਾਰਾਂ ਨੇ ਪੰਜਾਬ ਟਾਈਮਜ਼ ਨਾਲ ਗੱਲ ਕਰਦਿਆਂ ਹੋਛੀ ਸ਼ਬਦਾਵਲੀ ਦੀ ਵਰਤੋਂ ਕੀਤੀ। ਪ੍ਰਸ਼ਨ ਉਠਦਾ ਹੈ ਕਿ ਕੀ ਅਜਿਹੇ ਲੋਕ ਜੋ ਸਭਿਅਕ ਭਾਸ਼ਾ ਵਿਚ ਗੱਲ ਵੀ ਨਹੀਂ ਕਰ ਸਕਦੇ, ਸਾਡੇ ਧਾਰਮਿਕ ਅਸਥਾਨਾਂ ਦੇ ਪ੍ਰਬੰਧਕ ਬਣਨ ਦੇ ਲਾਇਕ ਵੀ ਹਨ? ਇਹ ਗੱਲ ਅਸੀਂ ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਰਵਿਦਾਸ ਮਹਾਰਾਜ ਦੇ ਸ਼ਰਧਾਲੂਆਂ 'ਤੇ ਛੱਡਦੇ ਹਾਂ। *-ਸੰਪਾਦਕ*

# ਪਾਸਪੋਰਟ ਬਾਰੇ ਨਿਰਦੇਸ਼ਾਂ ਵਿਚ ਤਬਦੀਲੀ ਹੁਣ ਆਦੇਸ਼ ਪਹਿਲੀ ਜੂਨ ਤੋਂ ਲਾਗੂ ਹੋਣਗੇ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਜਾਂ ਕਿਸੇ ਹੋਰ ਮੁਲਕ ਦੀ ਨਾਗਰਿਕਤਾ ਹਾਸਲ ਕਰ ਚੁਕੇ ਭਾਰਤੀ ਮੂਲ ਦੇ ਲੋਕਾਂ ਲਈ ਆਪਣੇ ਭਾਰਤੀ ਪਾਸਪੋਰਟ ਭਾਰਤੀ ਕੌਂਸਲਖਾਨਿਆਂ ਦੇ ਸਪੁਰਦ ਕਰਨ ਸਬੰਧੀ ਆਦੇਸ਼ ਪਿਛਲੇ ਸਮੇਂ ਤੋਂ ਲਾਗੂ ਕਰਨ ਦੇ ਭਾਰਤੀ ਵਿਦੇਸ਼ ਮੰਤਰਾਲੇ ਦੇ ਫੈਸਲੇ ਦਾ ਪ੍ਰਵਾਸੀ ਭਾਰਤੀਆਂ ਵਲੋਂ ਜਬਰਦਸਤ ਵਿਰੋਧ ਹੋਣ ਤੋਂ ਬਾਅਦ ਇਨ੍ਹਾਂ ਆਦੇਸ਼ਾਂ ਨੂੰ ਕਰੀਬ-ਕਰੀਬ ਵਾਪਸ ਲੈ ਲਿਆ ਗਿਆ ਹੈ। ਨਵੇਂ ਫੈਸਲੇ ਮੁਤਾਬਕ ਜਿਹੜੇ ਭਾਰਤੀ 31 ਮਈ 2010 ਤਕ ਅਮਰੀਕੀ ਜਾਂ ਕਿਸੇ ਹੋਰ ਮੁਲਕ ਦੀ ਨਾਗਰਿਕਤਾ ਹਾਸਲ ਕਰ ਚੁਕੇ ਹਨ ਅਤੇ ਉਨ੍ਹਾਂ ਦੇ ਪਾਸਪੋਰਟ ਉਪਰ ਰੱਦ ਜਾਂ ਕੈਂਸਲ ਕਰਨ ਦੀ ਮੋਹਰ ਲਗੀ ਹੋਈ ਹੈ, ਉਨ੍ਹਾਂ ਨੂੰ ਹੁਣ ਸਪੁਰਦਗੀ ਜਾਂ ਸੁਰੈਂਡਰ ਸਰਟੀਫਿਕੇਟ ਲੈਣ ਦੀ ਲੋੜ ਨਹੀਂ।

ਇਨ੍ਹਾਂ ਨਵੇਂ ਆਦੇਸ਼ਾਂ ਮੁਤਾਬਕ ਜੇ ਤੁਹਾਡੇ ਭਾਰਤੀ ਪਾਸਪੋਰਟ ਉਪਰ ਕੈਂਸਲ ਹੋਣ ਦੀ ਮੋਹਰ ਨਹੀਂ ਲਗੀ ਹੋਈ ਤਾਂ ਤੁਹਾਨੂੰ ਸੁਰੈਂਡਰ ਸਰਟੀਫਿਕੇਟ ਲੈਣਾ ਪਵੇਗਾ ਪਰ ਫੀਸ ਸਿਰਫ 20 ਡਾਲਰ ਹੋਵੇਗੀ। ਪਰੰਤੂ ਭਾਰਤੀ ਮੂਲ ਦ ਜਿਹੜੇ ਅਮਰੀਕੀ (ਵਿਦੇਸ਼ੀ) ਨਾਗਰਿਕ 1 ਜੂਨ 2010 ਤੋਂ ਬਾਅਦ ਵਿਦੇਸ਼ੀ ਨਾਗਰਿਕ ਬਣਦੇ ਹਨ, ਉਨ੍ਹਾਂ ਨੂੰ ਨਵੇਂ ਆਦੇਸ਼ਾਂ ਮੁਤਾਬਕ ਨਾਗਰਿਕਤਾ ਤਿਆਗ ਫਾਰਮ ਭਰਨਾ ਪਵੇਗਾ ਅਤੇ ਸੁਰੈਂਡਰ ਸਰਟੀਫਿਕੇਟ ਲੈਣਾ ਪਵੇਗਾ ਜਿਸ ਵਾਸਤੇ ਫੀਸ 175 ਡਾਲਰ ਹੋਵੇਗੀ।

ਇਥੇ ਜ਼ਿਕਰਯੋਗ ਹੈ ਕਿ ਵਿਦੇਸ਼ ਮੰਤਰਾਲੇ ਵਲੋਂ ਪਹਿਲਾਂ ਜਾਰੀ ਆਦੇਸ਼ ਵਿਚ ਭਾਰਤੀ ਪਾਸਪੋਰਟ ਕਾਨੂੰਨ 1955 ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਅਮਰੀਕੀ (ਵਿਦੇਸ਼ੀ) ਨਾਗਰਿਕਤਾ ਹਾਸਲ ਕਰ ਚੁਕੇ ਉਨ੍ਹਾਂ ਭਾਰਤੀ ਨਾਗਰਿਕਾਂ ਨੂੰ 175 ਡਾਲਰ ਦੀ ਫੀਸ ਜਮਾਂ ਕਰਾਉਣੀ ਪਵੇਗੀ ਜਿਨ੍ਹਾਂ ਨੇ ਆਪਣੇ ਪਾਸਪੋਰਟ ਜਮਾ ਕਰਵਾ ਕੇ ਸੁਰੈਂਡਰ ਸਰਟੀਫਿਕੇਟ ਨਹੀਂ ਲਿਆ। ਇਹ ਆਦੇਸ਼ ਪਿਛਲੇ ਸਮੇਂ ਤੋਂ ਲਾਗੂ ਕਰਦਿਆਂ ਇਹ ਵੀ ਆਖਿਆ ਗਿਆ ਸੀ ਕਿ ਸੁਰੈਂਡਰ ਸਰਟੀਫਿਕੇਟ ਤੋਂ ਬਿਨਾਂ ਭਾਰਤ ਦੀ ਯਾਤਰਾ ਤੇ ਗਏ ਅਜਿਹੇ ਭਾਰਤੀ ਮੂਲ ਦੇ ਵਿਦੇਸ਼ੀ ਨਾਗਰਿਕਾਂ ਤੋਂ ਪ੍ਰਤੀ ਫੇਰੀ 25 ਡਾਲਰ ਜਾਂ ਵੱਧ ਫੀਸ ਵਸੂਲ ਕੀਤੀ ਜਾਏਗੀ। ਇਨ੍ਹਾਂ ਆਦੇਸ਼ਾਂ ਨੂੰ ਨਾਦਰਸ਼ਾਹੀ ਫੁਰਮਾਨ ਕਰਾਰ ਦਿੰਦਿਆਂ ਪ੍ਰਵਾਸੀ ਭਾਰਤੀਆਂ ਵਲੋਂ ਇਨ੍ਹਾਂ ਦਾ ਜਬਰਦਸਤ ਵਿਰੋਧ ਕੀਤਾ ਗਿਆ ਸੀ। ਇਸ ਵਿਰੋਧ ਨੂੰ ਮੁਖ ਰਖਦਿਆਂ ਹੀ ਵਿਦੇਸ਼ ਮੰਤਰਾਲੇ ਨੇ ਆਦੇਸ਼ਾਂ ਵਿਚ ਤਬਦੀਲੀ ਕੀਤੀ ਜਾਪਦੀ ਹੈ।

## 40 ਫੀਸਦੀ ਤੋਂ ਵਧ ਪੰਚਾਂ ਦੀ ਸਰਬਸੰਮਤੀ ਨਾਲ ਚੋਣ

**ਚੰਡੀਗੜ :** ਹਰਿਆਣਾ ਦੇ 13 ਜ਼ਿਲ੍ਹਿਆਂ ਵਿਚ 6 ਤੇ 12 ਜੂਨ ਨੂੰ ਹੋ ਰਹੀਆਂ ਪੰਚਾਇਤੀ ਅਦਾਰਿਆਂ ਦੀਆਂ ਆਮ ਚੋਣਾਂ ਵਿਚ 40.36 ਫੀਸਦੀ ਪੰਚਾਂ, 3.37 ਫੀਸਦੀ ਸਰਪੰਚਾਂ ਅਤੇ 1.40 ਫੀਸਦੀ ਬਲਾਕ ਕਮੇਟੀਆਂ ਦੇ ਮੈਂਬਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ ਹੈ।

ਸੌ ਪੰਚਾਇਤਾਂ ਵੀ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ। ਹਰਿਆਣਾ ਸੂਬਾਈ ਚੋਣ ਕਮਿਸ਼ਨਰ ਧਰਮਵੀਰ ਨੇ ਇਸ ਸਬੰਧੀ ਦੱਸਿਆ ਕਿ 38,596 ਵਿਚੋਂ 15,579 ਪੰਚ, 3,971 ਵਿਚੋਂ 134 ਸਰਪੰਚ, 1,792 ਪੰਚਾਇਤ ਕਮੇਟੀ ਦੇ ਮੈਂਬਰਾਂ ਵਿਚੋਂ 25 ਮੈਂਬਰ ਅਤੇ 3,971 ਪਿੰਡ ਪੰਚਾਇਤਾਂ ਵਿਚੋਂ 100 ਪੰਚਾਇਤਾਂ ਦੀ ਚੋਣ ਆਮ ਸਹਿਮਤੀ ਨਾਲ ਹੋਈ ਹੈ।

# ਭਾਰਤ ਨੂੰ ਡੇਵਿਡ ਹੈਡਲੀ ਤੋਂ ਪੁੱਛਗਿੱਛ ਦੀ ਇਜਾਜ਼ਤ



**ਨਿਊਯਾਰਕ:** ਮੁੰਬਈ ਹਮਲੇ ਵਿਚ ਆਪਣੀ ਭੂਮਿਕਾ ਸਵੀਕਾਰ ਕਰਨ ਵਾਲੇ ਪਾਕਿਸਤਾਨੀ ਮੂਲ ਦੇ ਅਮਰੀਕੀ ਦਹਿਸ਼ਤਗਰਦ ਡੇਵਿਡ ਕੋਲਮੈਨ ਹੈਡਲੀ ਤੋਂ ਪੁੱਛਗਿੱਛ ਦੀ ਇਜਾਜ਼ਤ ਭਾਰਤ ਨੂੰ ਮਿਲ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਰੀਕੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਮਜ਼ ਜੋਨਜ਼ ਨੇ ਦੱਸਿਆ "ਅਸੀਂ ਭਾਰਤ ਨੂੰ ਹੈਡਲੀ ਤੱਕ ਪਹੁੰਚ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ, ਇਹ ਇੱਕ ਨਿਰੰਤਰ ਪ੍ਰਕਿਰਿਆ ਹੈ ਤੇ ਮੇਰੇ ਕੋਲ ਇਸ ਬਾਰੇ ਵਧੇਰੇ ਵੇਰਵਾ ਨਹੀਂ ਹੈ, ਮੈਂ ਸਿਰਫ਼ ਇੰਨਾ ਹੀ ਕਹਿ ਸਕਦਾ ਹਾਂ ਕਿ ਇਹ ਮਸਲਾ ਦੋਵੇਂ ਦੇਸ਼ਾਂ ਦੇ ਪੇਸ਼ੇਵਰਾਂ ਦੇ ਹੱਥ ਹੈ।"

ਉਨ੍ਹਾਂ ਕਿਹਾ ਕਿ ਅਸੀਂ ਆਪਣਾ ਵਚਨ ਪੂਰਾ ਕੀਤਾ ਹੈ। ਜੋਨਜ਼ ਕੋਲ ਹਾਲਾਂਕਿ ਇਸ ਗੱਲ ਦੀ ਵਿਸਥਾਰਤ ਜਾਣਕਾਰੀ ਨਹੀਂ ਸੀ ਕਿ ਅਮਰੀਕਾ ਪਹੁੰਚੀ ਭਾਰਤੀ ਜਾਂਚਕਾਰਾਂ ਦੀ ਟੀਮ ਨੂੰ ਕਦੋਂ ਤੇ ਕਿਵੇਂ ਹੈਡਲੀ ਨਾਲ ਮਿਲਾਇਆ ਜਾਵੇਗਾ। ਇਸ ਤੋਂ ਇਲਾਵਾ ਸ੍ਰੀ ਜੋਨਜ਼ ਇਹ ਵੀ ਸਪਸ਼ਟ ਨਹੀਂ ਕਰ ਸਕੇ ਕਿ ਭਾਰਤੀ ਜਾਂਚਕਾਰਾਂ ਦੀ ਹੈਡਲੀ ਤੱਕ ਪਹੁੰਚ ਸਿਰਫ਼ ਇਕ ਵਾਰ ਹੋਵੇਗੀ ਜਾਂ ਇਸ ਤੋਂ ਵੱਧ। ਇਸ ਸਬੰਧੀ ਪੁੱਛੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਮੈਂ ਇਸ ਬਾਰੇ ਨਹੀਂ ਜਾਣਦਾ, ਪਰ ਅਸੀਂ ਦੋਵੇਂ ਦੇਸ਼ ਇੱਕ ਦੂਜੇ ਪ੍ਰਤੀ ਸਨਮਾਨ ਦੀ ਭਾਵਨਾ ਰੱਖਦੇ ਹਾਂ।

ਉਨ੍ਹਾਂ ਕਿਹਾ ਕਿ ਭਾਰਤ ਵਲੋਂ ਕੀਤੀ ਗਈ ਅਪੀਲ ਕਾਰਨ ਅਸੀਂ ਇਹ ਕਦਮ ਚੁੱਕਿਆ ਹੈ ਤੇ ਜੇਕਰ ਦੁਬਾਰਾ ਉਹ ਕੋਈ ਅਪੀਲ ਕਰਨਗੇ ਤਾਂ ਅਸੀਂ ਸੋਚਾਂਗੇ। ਸ੍ਰੀ ਜੋਨਜ਼ ਨੇ ਭਾਰਤ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਇਹ ਬਹੁਤ ਵਧੀਆ ਗੱਲ ਹੈ ਕਿ ਦੋਵੇਂ ਦੇਸ਼ ਮਿਲ ਕੇ ਇਹ ਯਕੀਨੀ ਬਣਾ ਰਹੇ ਹਨ ਕਿ ਜਦੋਂ ਵੀ ਕੋਈ ਦੋਹਾਂ ਦੇਸ਼ਾਂ ਵਿਚ ਗ੍ਰਿਫ਼ਤਾਰ ਕੀਤਾ ਜਾਵੇ ਤਾਂ ਦੋਵੇਂ ਦੇਸ਼ ਇਸ ਸਬੰਧੀ ਇਕ ਦੂਜੇ ਤੋਂ ਸੂਚਨਾਵਾਂ ਤੇ ਖੁਫ਼ੀਆ ਜਾਣਕਾਰੀਆਂ ਸਾਂਝੀਆਂ ਕਰਨ। ਉਨ੍ਹਾਂ ਕਿਹਾ ਕਿ ਅਜਿਹੇ ਮਸਲਿਆਂ ਨੂੰ ਸਿਰੇ ਚਾੜਨ ਲਈ ਜੇਕਰ ਪੁੱਛਗਿੱਛ ਬੇਹੱਦ ਜ਼ਰੂਰੀ ਹੋਵੇ ਤਾਂ ਸਾਨੂੰ ਇਸ ਸਬੰਧੀ ਵਿਸ਼ੇਸ਼ ਕਾਰਵਾਈ ਕਰਨੀ ਚਾਹੀਦੀ ਹੈ।

ਸ੍ਰੀ ਜੋਨਜ਼ ਨੇ ਕਿਹਾ ਕਿ ਦੋਹਾਂ ਦੇਸ਼ਾਂ ਨੂੰ ਦਹਿਸ਼ਤਵਾਦ ਦੇ ਖ਼ਾਤਮੇ ਲਈ ਅਜਿਹੇ ਨੈਟਵਰਕ ਦੀ ਸਥਾਪਨਾ ਕਰਨੀ ਹੋਵੇਗੀ ਜੋ ਦਹਿਸ਼ਤਵਾਦ ਨੂੰ ਵਧਣ ਫੁੱਲਣ ਦਾ ਮੌਕਾ ਨਾ ਦੇਵੇ। ਕੋਈ ਵੀ ਦੇਸ਼ ਅਜਿਹਾ ਨਹੀਂ ਹੈ ਜੋ ਇਕੱਲਾ ਦਹਿਸ਼ਤਵਾਦ ਦੇ ਦੈਂਤ ਨੂੰ ਨੱਥ ਪਾਵੇ। ਜੋਨਜ਼ ਦਾ ਇਹ ਬਿਆਨ ਭਾਰਤੀ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਦੇ ਉਸ ਬਿਆਨ ਤੋਂ ਬਾਅਦ ਆਇਆ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਅਜਿਹੀ ਜਾਂਚ ਕਾਫ਼ੀ ਸੰਵੇਦਨਸ਼ੀਲ ਹੋ ਸਕਦੀ ਹੈ।

ਦੱਸਣਾ ਬਣਦਾ ਹੈ ਕਿ ਅਮਰੀਕਾ ਦੌਰੇ 'ਤੇ ਗਏ ਸ੍ਰੀ ਕ੍ਰਿਸ਼ਨਾ ਨੇ ਕਿਹਾ ਸੀ ਕਿ ਅਜਿਹੀ ਜਾਂਚ ਬੇਹੱਦ ਸੰਵੇਦਨਸ਼ੀਲ ਹੁੰਦੀ ਹੈ ਤੇ ਅਸੀਂ ਹਰ ਦਿਨ ਦੀਆਂ ਸੂਚਨਾਵਾਂ ਇਕ ਦੂਜੇ ਨਾਲ ਸਾਂਝੀਆਂ ਨਹੀਂ ਕਰ ਸਕਦੇ।

ਉਨ੍ਹਾਂ ਕਿਹਾ ਕਿ ਸਾਡੇ ਕੋਲ ਇਸ ਗੱਲ ਦੇ ਪੁਖ਼ਤਾ ਸਬੂਤ ਹਨ ਕਿ ਹੈਡਲੀ ਮੁੰਬਈ ਹਮਲਿਆਂ ਵਿਚ ਸ਼ਾਮਲ ਸੀ। ਉਨ੍ਹਾਂ ਨਾਲ ਹੀ ਕਿਹਾ ਸੀ ਕਿ ਭਾਰਤ ਆਪਣੀ ਪੂਰੀ ਤਾਕਤ ਤੇ ਤਰਕਾਂ ਨਾਲ ਹੈਡਲੀ ਤੱਕ ਪਹੁੰਚ ਕਰਨ ਦੇ ਯਤਨ ਕਰੇਗਾ।


## ਟਰੱਕ ਰਿਪੇਅਰ ਸ਼ਾਪ/ਇੰਡੀਅਨ ਰੈਸਟੋਰੈਂਟ ਨੂੰ

**ਲੋੜ ਹੈ** *ਡੀਜ਼ਲ ਮਕੈਨਿਕ ਅਤੇ ਤੰਦੂਰੀਏ/ਕੁੱਕ ਦੀ*

ਟਰੈਵਲ ਸੈਂਟਰ ਆਫ ਅਮਰੀਕਾ, ਨੈਪੋਲੀਅਨ, ਓਹਾਇਓ ਨੂੰ ਅਨੁਭਵੀ ਅਤੇ ਐਂਟਰੀ ਲੈਵਲ ਡੀਜ਼ਲ ਮਕੈਨਿਕਾਂ ਦੀ ਲੋੜ ਹੈ। ਏ ਐਸ ਈ ਸਰਟੀਫਾਈਡ ਮਕੈਨਿਕਾਂ ਨੂੰ ਤਰਜ਼ੀਹ।

ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ/ਕੁੱਕ ਦੀ ਲੋੜ ਹੈ ਜੋ ਵੈਸ਼ਨੋ ਤੇ ਗੈਰ-ਵੈਸ਼ਨੋ (ਚਿਕਨ, ਬੱਕਰੇ ਦਾ ਮੀਟ, ਮੱਛੀ ਵਗੈਰਾ) ਖਾਣੇ ਤਿਆਰ ਕਰ ਸਕਦਾ ਹੋਵੇ।

**ਕਾਲ ਕਰੋ: ਜੈਕ ਗਰੇਵਾਲ, ਫੋਨ:419-266-3425**

***Travel Centers of America, Napoleon, Ohio is now hiring entry level and experienced Diesel Mechanics. ASE certified mechanics preferred.**

***Also Indian restaurant hiring experienced Cooks and Chefs who can work on Tandoor and prepare all veg. and non-veg. Indian food-chicken, lamb, fish, Indian deserts, etc.**

**Please Call:Jack Grewal, Ph:419-266-3425**



# SYAN VIDEO PRODUCTION, INC.

Professional HD Video & Digital Photo Production

Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)



SV PRODUCTION

**734-261-0936 / 734-890-1767**
E-mail: raj@syanvideo.com
or visit at: www.syanvideo.com



PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



**ਇੰਮੀਗ੍ਰੇਸ਼ਨ ਲਾਅ**
- ☐ ਸਿਟੀਜ਼ਨਸ਼ਿਪ ਅਪੀਲਜ਼
- ☐ ਰੀਲੀਜਿਅਸ ਵਰਕਰਜ਼
- ☐ ਬੋਨਾਫਾਇਡ ਅਸਾਇਲਮ ਪਟੀਸ਼ਨਜ਼

**ਡੀਪੋਰਟੇਸ਼ਨ ਕੇਸਿਜ਼**
- ☐ ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
- ☐ 9th & 2nd ਸਰਕਿਟ ਅਪੀਲਜ਼
- ☐ ਕੈਨਸੇਲੇਸ਼ਨ ਆਫ ਡੀਪੋਰਟੇਸ਼ਨ

NEW YORK
T 718.672.8000
JACKSON HEIGHTS, NY 11370
• ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR.
SUITE 170 FREMONT, CA 94538
FREMONT, CA 94538

# ਲਕਸ਼ਮੀ ਕਾਂਤਾ ਨੇ ਹੁਣ ਬਾਦਲ ਨਾਲ ਸਿੰਗ ਫਸਾਏ

*(ਸਫਾ ਇਕ ਤੋਂ ਜਾਰੀ)*

ਕਾਂਤਾ ਚਾਵਲਾ ਨੇ ਮੁੱਖ ਮੰਤਰੀ ਦੇ ਉਸ ਬਿਆਨ ਨੂੰ ਝੂਠ ਕਰਾਰ ਦਿੱਤਾ, ਜਿਸ ਵਿਚ ਕਿਹਾ ਗਿਆ ਸੀ ਕਿ ਸਿਹਤ ਮੰਤਰੀ ਤਾਲਮੇਲ ਕਰਨ ਪਿਛੋਂ ਵੀ ਪੱਤਰਕਾਰ ਸੰਮੇਲਨ ਵਿਚ ਨਹੀਂ ਆਈ। ਬੀਬੀ ਚਾਵਲਾ ਨੇ ਆਪਣਾ ਗੁੱਸਾ ਜਾਹਰ ਕਰਦਿਆਂ ਮੁੱਖ ਮੰਤਰੀ ਨੂੰ ਰੋਸ ਪੱਤਰ ਲਿਖ ਕੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਕਾਨਫਰੰਸ 'ਚ ਬੁਲਾਇਆ ਹੀ ਨਹੀਂ ਗਿਆ। ਉਨ੍ਹਾਂ ਇਹ ਸਪੱਸ਼ਟ ਕਰਨ ਦੀ ਵੀ ਮੰਗ ਕੀਤੀ ਕਿ ਇਹ ਦੱਸਿਆ ਜਾਵੇ ਕਿ ਉਨ੍ਹਾਂ ਨੂੰ ਕਿਸ ਨੇ ਬੁਲਾਇਆ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵਲੋਂ ਕੀਤੀ ਗਈ ਪ੍ਰੈਸ ਕਾਨਫਰੰਸ 'ਚ ਸੱਦਾ ਹੀ ਨਹੀਂ ਦਿੱਤਾ ਗਿਆ ਜਦਕਿ ਉਹ ਪੂਰਾ ਦਿਨ ਚੰਡੀਗੜ੍ਹ 'ਚ ਸਨ ਤੇ ਸਕੱਤਰੇਤ ਸਥਿਤ ਦਫਤਰ 'ਚ ਮੌਜੂਦ ਸਨ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਜਦ ਵੀ ਮੁੱਖ ਮੰਤਰੀ ਕਿਸੇ ਮਹਿਕਮੇ ਦੀਆਂ ਪ੍ਰਾਪਤੀਆਂ ਜਾਂ ਸੁਧਾਰ ਸੰਬੰਧੀ ਪ੍ਰੈਸ ਕਾਨਫਰੰਸ ਸੱਦਦੇ ਹਨ ਤਾਂ ਉਸ ਪ੍ਰੈਸ ਕਾਨਫਰੰਸ 'ਚ ਮਹਿਕਮੇ ਦਾ ਮੰਤਰੀ ਸ਼ਾਮਲ ਨਹੀਂ ਹੁੰਦਾ। ਇਸ ਤੋਂ ਪਹਿਲਾਂ ਸਿੱਖਿਆ ਮਹਿਕਮਾ, ਲੋਕ ਨਿਰਮਾਣ ਵਿਭਾਗ ਅਤੇ ਬਿਜਲੀ ਮਹਿਕਮੇ ਦਾ ਲੇਖਾ-ਜੋਖਾ ਵੇਖਿਆ ਗਿਆ ਸੀ ਤਾਂ ਉਸ ਸਮੇਂ ਵੀ ਮਹਿਕਮੇ ਦੇ ਮੰਤਰੀ ਕ੍ਰਮਵਾਰ ਡਾ. ਉਪਿੰਦਰਜੀਤ ਕੌਰ, ਪਰਮਿੰਦਰ ਸਿੰਘ ਢੀਂਡਸਾ ਤੇ ਸੁਖਬੀਰ ਸਿੰਘ ਬਾਦਲ ਹਾਜ਼ਰ ਨਹੀਂ ਹੋਏ ਸਨ।

ਜ਼ਿਕਰਯੋਗ ਹੈ ਕਿ ਭਾਜਪਾ ਨੇਤਾ ਤੇ ਸਾਬਕਾ ਪਾਰਲੀਮਾਨੀ ਸਕੱਤਰ ਜਗਦੀਸ਼ ਸਾਹਨੀ ਅਤੇ ਸਿਹਤ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਵਿਚਾਲੇ ਪਿਛਲੇ ਕੁਝ ਸਮੇਂ ਤੋਂ ਤਿੱਖਾ ਵਿਵਾਦ ਛਿੜਿਆ ਹੋਇਆ ਹੈ, ਜਿਸ ਦੇ ਚੱਲਦਿਆਂ ਸ੍ਰੀ ਸਾਹਨੀ ਨੇ ਪਾਰਲੀਮਾਨੀ ਸਕੱਤਰ ਦੇ ਆਪਣੇ ਅਹੁਦੇ ਤੋਂ ਅਸਤੀਫਾ ਦਿੰਦਿਆਂ ਬੀਬੀ ਚਾਵਲਾ ਤੇ ਲਗਾਏ ਦੋਸ਼ਾਂ ਦੀ ਲੰਬੀ ਸੂਚੀ ਮੁੱਖ ਮੰਤਰੀ ਨੂੰ ਸੌਂਪੀ ਸੀ। ਪਰ ਮੁੱਖ ਮੰਤਰੀ ਨੇ ਇਸ ਨੂੰ ਭਾਈਵਾਲ ਪਾਰਟੀ ਭਾਜਪਾ ਦੇ ਦੋ ਲੀਡਰਾਂ ਦਾ ਆਪਸੀ ਮਸਲਾ ਸਮਝਦਿਆਂ ਕੋਈ ਐਕਸ਼ਨ ਲੈਣ ਤੋਂ ਟਾਲਾ ਵੱਟੀ ਰੱਖਿਆ। ਹੁਣ ਮੁੱਖ ਮੰਤਰੀ ਤੇ ਸਿਹਤ ਮੰਤਰੀ ਵਿਚਾਲੇ ਸ਼ੁਰੂ ਹੋਈ ਖਿਚੋਤਾਣ ਇਸ ਰੇੜਕੇ ਦਾ ਕੋਈ ਨਿਬੇੜਾ ਕਰੇਗੀ, ਇਸ 'ਤੇ ਸਭ ਦੀ ਨਜ਼ਰ ਟਿਕੀ ਹੋਈ ਹੈ। ਵੈਸੇ ਮੁੱਖ ਮੰਤਰੀ ਅਜੇ ਵੀ ਇਸ ਨੂੰ ਭਾਜਪਾ ਦਾ ਅੰਦਰੂਨੀ ਸਿਆਸੀ ਮਸਲਾ ਕਹਿ ਕੇ ਟਾਲ ਰਹੇ ਹਨ। ਉਨ੍ਹਾਂ ਕਿਹਾ ਕਿ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਦਾ ਮਹਿਕਮਾ ਬਦਲਨ ਜਾਂ ਉਨ੍ਹਾਂ ਨੂੰ ਹਟਾਉਣ ਬਾਰੇ ਭਾਜਪਾ ਵਲੋਂ ਕੋਈ ਸਿਫਾਰਸ਼ ਜਾਂ ਸੁਨੇਹਾ ਨਹੀਂ ਆਇਆ ਹੈ ਅਤੇ ਬੀਬੀ ਚਾਵਲਾ ਦਾ ਵਿਭਾਗ ਬਦਲਣ ਸਬੰਧੀ ਅਜੇ ਉਨ੍ਹਾਂ ਦਾ ਕੋਈ ਵਿਚਾਰ ਨਹੀਂ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਜਗਦੀਸ਼ ਸਾਹਨੀ ਵਲੋਂ ਸਿਹਤ ਮੰਤਰੀ 'ਤੇ ਲਗਾਏ ਦੋਸ਼ਾਂ ਦੀ ਸੂਚੀ ਪੜ੍ਹੀ ਹੈ, ਪ੍ਰੰਤੂ ਇਹ ਉਨ੍ਹਾਂ ਦੀ ਪਾਰਟੀ ਦਾ ਅੰਦਰੂਨੀ ਮਸਲਾ ਹੈ, ਇਸ ਲਈ ਉਹ ਅਜੇ ਇਸ 'ਤੇ ਵਿਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਪੜਤਾਲ ਕਰਾਉਣ ਤੋਂ ਬਾਅਦ ਹੀ ਕੋਈ ਐਕਸ਼ਨ ਲਿਆ ਜਾਵੇਗਾ। ਅਜੇ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

ਮੁੱਖ ਮੰਤਰੀ ਨੇ ਭਾਵੇਂ ਅਕਾਲੀ-ਭਾਜਪਾ ਦੇ ਆਪਸੀ ਸਬੰਧਾਂ 'ਚ ਕਿਸੇ ਕਿਸਮ ਦੀ ਕੋਈ ਫਿੱਕ ਪੈਣ ਤੋਂ ਇਨਕਾਰ ਕੀਤਾ ਹੈ ਪਰ ਦੋਹਾਂ ਪਾਰਟੀਆਂ ਦੇ ਸੀਨੀਅਰ ਆਗੂਆਂ ਦੇ ਆ ਰਹੇ ਬਿਆਨ ਆਪਸੀ ਮਤਭੇਦਾਂ ਨੂੰ ਹੋਰ ਡੂੰਘਿਆਂ ਅਤੇ ਤਿੱਖਿਆਂ ਕਰਦੇ ਨਜ਼ਰ ਆ ਰਹੇ ਹਨ। ਬਿਜਲੀ ਦਰਾਂ 'ਚ ਵਾਧੇ ਅਤੇ ਚੁੰਗੀ ਮਾਫੀ ਦੇ ਮਾਮਲੇ ਵਿਚ ਦੋਹਾਂ ਧਿਰਾਂ 'ਚ ਤਿੱਖੇ ਮਤਭੇਦ ਰਹੇ ਹਨ। ਹੁਣੇ ਜਿਹੇ ਅਕਾਲੀ ਦਲ ਦੀ ਲੀਡਰਸ਼ਿਪ ਵਲੋਂ ਰਾਜਸਥਾਨ ਅਤੇ ਦੂਜੇ ਰਾਜਾਂ ਤੋਂ ਪੰਜਾਬ ਦਾ ਦਰਿਆਈ ਪਾਣੀ ਵਰਤਣ ਲਈ ਰਿਪੇਰੀਅਨ ਨਿਯਮਾਂ ਮੁਤਾਬਕ ਪੰਜਾਬ ਨੂੰ ਰਾਇਲਟੀ ਦੇਣ ਦੀ ਗੱਲ ਵੀ ਕੀਤੀ ਗਈ ਹੈ। ਇਸ ਮੰਗ ਨੇ ਅਤੇ ਪਾਸ ਕੀਤੇ ਮਤੇ ਨੇ ਪਹਿਲੇ ਮਤਭੇਦਾਂ ਨੂੰ ਹੀ ਮੁੜ ਤਾਜ਼ਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਭਾਜਪਾ ਦਾ ਦਰਿਆਈ ਪਾਣੀਆਂ ਬਾਰੇ ਸਟੈਂਡ ਇਸ ਤੋਂ ਬਿਲਕੁਲ ਉਲਟ ਹੈ। ਉਹ ਦਰਿਆਵਾਂ ਨੂੰ ਜੋੜਨ ਅਤੇ ਕੌਮੀ ਸੰਪਤੀ ਵਜੋਂ ਇਸ ਨੂੰ ਵਰਤਣ ਦੀ




ਹਮਾਇਤੀ ਹੈ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਪਿਛਲੇ ਦਿਨੀਂ ਚੰਡੀਗੜ੍ਹ ਫੇਰੀ ਵੇਲੇ ਅਜਿਹਾ ਹੀ ਬਿਆਨ ਦਿੱਤਾ ਸੀ। ਬਾਦਲ ਸਰਕਾਰ ਦੇ ਸੀਨੀਅਰ ਮੰਤਰੀ ਅਤੇ ਭਾਜਪਾ ਧੜੇ ਦੇ ਨੇਤਾ ਮਨੋਰੰਜਨ ਕਾਲੀਆ ਨੇ ਵੀ ਦਿੱਲੀ ਵਿਚ ਕੇਂਦਰ ਸਰਕਾਰ ਵਲੋਂ ਬੁਲਾਈ ਇਕ ਮੀਟਿੰਗ ਵਿਚ ਦਰਿਆਵਾਂ ਦਾ ਪਾਣੀ ਕੌਮੀ ਪੱਧਰ 'ਤੇ ਵਰਤਣ ਦੀ ਵਕਾਲਤ ਕੀਤੀ ਸੀ।

ਮੰਨਿਆ ਜਾ ਰਿਹਾ ਹੈ ਕਿ ਜਗਦੀਸ਼ ਸਾਹਨੀ ਤੇ ਲਕਸ਼ਮੀ ਕਾਂਤਾ ਚਾਵਲਾ ਵਿਚਾਲੇ ਰੇੜਕੇ ਪਿੱਛੋਂ ਸ੍ਰੀ ਸਾਹਨੀ ਦੇ ਅਕਾਲੀ ਦਲ 'ਚ ਸ਼ਾਮਲ ਹੋਣ ਦੀ ਸੰਭਾਵਨਾ ਨੂੰ ਲੈ ਕੇ ਛਪੀਆਂ ਰਿਪੋਰਟਾਂ ਵੀ ਇਸ ਖਿਚੋਤਾਣ ਦਾ ਇਕ ਸਬੱਬ ਹਨ ਅਤੇ ਬੀਬੀ ਚਾਵਲਾ ਇਸ ਨੂੰ ਲੈ ਕੇ ਸਰਕਾਰ ਨਾਲ ਨਾਰਾਜ਼ ਹਨ। ਬੀਬੀ ਚਾਵਲਾ ਅਤੇ ਮੁੱਖ ਮੰਤਰੀ ਵਿਚਾਲੇ ਪੈਦਾ ਹੋਈ ਇਹ ਖਿਚੋਤਾਣ ਕਿੰਨੀ ਕੁ ਲੰਬੀ ਚਲਦੀ ਹੈ, ਇਹ ਹੁਣ ਮੁੱਖ ਮੰਤਰੀ ਦੇ ਉਸ ਪ੍ਰਤੀਕਰਮ ਤੇ ਨਿਰਭਰ ਕਰੇਗਾ ਜੋ ਪ੍ਰੋ. ਚਾਵਲਾ ਵਲੋਂ ਉਨ੍ਹਾਂ ਨੂੰ ਲਿਖੇ ਗਏ ਰੋਸ ਪੱਤਰ ਦੇ ਜਵਾਬ 'ਚ ਆਉਣਾ ਹੈ।

ਪੰਜਾਬ ਵਿਧਾਨ ਸਭਾ ਦੀਆਂ ਆਗਾਮੀ ਚੋਣਾਂ ਨੂੰ ਲੈ ਕੇ ਵੈਸੇ ਤਾਂ ਦੋਵੇਂ ਪਾਰਟੀਆਂ ਗਠਜੋੜ ਨੂੰ ਕਾਇਮ ਤੇ ਮਜ਼ਬੂਤ ਰੱਖਣ ਲਈ ਕੂਟਨੀਤਕ ਪੱਧਰ 'ਤੇ ਸੰਭਲ ਕੇ ਪੱਬ ਧਰ ਰਹੀਆਂ ਹਨ ਪਰ ਦੋਹਾਂ ਦੇ ਰਾਜਸੀ ਹਿਤ ਵੱਖੋ-ਵੱਖਰੇ ਧਰਾਤਲਾਂ ਨਾਲ ਸਰੋਕਾਰ ਰੱਖਣ ਕਰਕੇ ਕਦੇ-ਕਦਾਈਂ ਟਕਰਾ ਦੇ ਦਹਾਨੇ 'ਤੇ ਪਹੁੰਚ ਜਾਂਦੀਆਂ ਹਨ। ਅਕਾਲੀ ਦਲ ਕੇਂਦਰ 'ਚ ਕੌਮੀ ਜਮਹੂਰੀ ਗਠਜੋੜ ਨਾਲ ਜੁੜਿਆ ਹੋਣ ਕਾਰਨ ਭਾਜਪਾ ਨਾਲ ਅਕਸਰ ਤਾਲਮੇਲ ਬਣਾ ਕੇ ਰੱਖਣ ਨੂੰ ਤਰਜੀਹ ਦਿੰਦਾ ਹੈ। ਇਸੇ ਲਈ ਨਵੇਂ ਪੈਦਾ ਹੋਏ ਮਤਭੇਦ ਵੀ ਜਲਦੀ ਮੱਠੇ ਪੈ ਜਾਣ ਦੀ ਸੰਭਾਵਨਾ ਹੈ।

# ਪੰਥ ਵਿਚੋਂ ਛੇਕਿਆਂ ਨੂੰ ਭੁੱਲ ਬਖਸ਼ਾਉਣ ਦਾ ਸੱਦਾ ਦਿੱਤਾ

**ਅੰਮ੍ਰਿਤਸਰ :** ਇਥੇ ਇਕ ਮੀਟਿੰਗ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਨੇ ਅਹਿਮ ਫੈਸਲਾ ਲੈਂਦਿਆਂ ਕਿਹਾ ਕਿ ਅਕਾਲ ਤਖਤ ਸਾਹਿਬ ਵਲੋਂ ਪੰਥ ਵਿਚੋਂ ਛੇਕੇ ਉਹ ਵਿਅਕਤੀ ਜਿਨ੍ਹਾਂ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਆਪਣੀ ਭੁੱਲ ਨਹੀਂ ਬਖਸ਼ਾਈ, ਇਕ ਮਹੀਨੇ ਦੇ ਅੰਦਰ-ਅੰਦਰ ਪੇਸ਼ ਹੋ ਕੇ ਆਪਣੀ ਭੁੱਲ ਬਖਸ਼ਾ ਕੇ ਪੰਥ ਵਿਚ ਸ਼ਾਮਲ ਹੋ ਜਾਣ। ਸਿੰਘ ਸਾਹਿਬਾਨ ਨੇ ਇਹ ਆਦੇਸ਼ ਵੀ ਜਾਰੀ ਕੀਤਾ ਹੈ ਕਿ ਜਦੋਂ ਤਕ ਦਸਮ ਗ੍ਰੰਥ ਬਾਰੇ ਅਕਾਲ ਤਖਤ ਸਾਹਿਬ ਵਲੋਂ ਕੋਈ ਅੰਤਮ ਨਿਰਣਾ ਨਹੀਂ ਲਿਆ ਜਾਂਦਾ, ਉਦੋਂ ਤਕ ਦਸਮ ਗ੍ਰੰਥ ਦੇ ਵਿਰੋਧ ਜਾਂ ਹੱਕ ਵਿਚ ਕੋਈ ਵੀ ਬਿਆਨਬਾਜ਼ੀ ਨਾ ਕੀਤੀ ਜਾਵੇ।

ਇਹ ਫੈਸਲੇ 6 ਜੂਨ ਨੂੰ ਅਕਾਲ ਤਖਤ ਸਾਹਿਬ ਦੇ ਸਕੱਤਰੇਤ ਵਿਚ ਦੋ ਘੰਟੇ ਚੱਲੀ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਲਏ ਗਏ। ਇਸ ਮੀਟਿੰਗ ਵਿਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖਤ ਸ੍ਰੀ ਆਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ, ਗ੍ਰੰਥੀ ਗਿਆਨੀ ਰਵੇਲ ਸਿੰਘ ਸ਼ਾਮਲ ਸਨ। ਮੀਟਿੰਗ ਮਗਰੋਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਬੰਦਾ ਸਿੰਘ ਬਹਾਦਰ ਦੀ ਮਨਾਈ ਗਈ ਤਿੰਨ ਸੌ ਸਾਲਾ ਫਤਹਿ ਸ਼ਤਾਬਦੀ ਦੇ ਮੱਦੇਨਜ਼ਰ ਪੰਥ ਵਿਚੋਂ ਛੇਕੇ ਗਏ ਵਿਅਕਤੀਆਂ ਨੂੰ ਇਕ ਮੌਕਾ ਦਿੱਤਾ ਗਿਆ ਹੈ ਕਿ ਉਹ ਇਕ ਮਹੀਨੇ ਦੇ ਵਿਚ ਅਕਾਲ ਤਖਤ 'ਤੇ ਪੇਸ਼ ਹੋ ਕੇ ਆਪਣੀ ਭੁੱਲ ਬਖਸ਼ਾ ਕੇ ਪੰਥਕ ਧਾਰਾ ਵਿਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਥ ਭੁੱਲਿਆਂ ਨੂੰ ਹਮੇਸ਼ਾ ਬਖਸ਼ਦਾ ਆਇਆ ਹੈ ਅਤੇ ਇਹ ਉਨ੍ਹਾਂ ਲਈ ਸੁਨਹਿਰਾ ਮੌਕਾ ਹੈ।ਉਨ੍ਹਾਂ ਸਿਰਸੇ ਵਾਲੇ ਬਾਬਾ ਰਾਮ ਰਹੀਮ ਨੂੰ ਵੀ ਭੁੱਲ ਬਖਸ਼ਾ ਲੈਣ ਦਾ ਸੱਦਾ ਦਿੱਤਾ।

ਵਰਨਣਯੋਗ ਹੈ ਕਿ ਅਕਾਲ ਤਖਤ ਸਾਹਿਬ ਦੇ ਅੱਠ ਵਰ੍ਹੇ ਜਥੇਦਾਰ ਰਹੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਵੀ ਆਪਣੇ ਕਾਰਜਕਾਲ ਦੌਰਾਨ ਕੌਮ ਨੂੰ ਇਹ ਆਦੇਸ਼ ਜਾਰੀ ਕੀਤੇ ਸਨ ਕਿ ਜਦੋਂ ਤਕ ਅਕਾਲ ਤਖਤ ਦਸਮ ਗ੍ਰੰਥ ਬਾਰੇ ਕੋਈ ਅੰਤਿਮ ਨਿਰਣਾ ਨਹੀਂ ਲੈਂਦਾ, ਉਦੋਂ ਤੱਕ ਕੋਈ ਕਿੰਤੂ-ਪ੍ਰੰਤੂ ਨਾ ਕੀਤਾ ਜਾਵੇ। ਪਰ ਉਹ ਵੀ ਦਸਮ ਗ੍ਰੰਥ ਬਾਰੇ ਕੋਈ ਫੈਸਲਾ ਨਹੀਂ ਸੀ ਲੈ ਸਕੇ। ਉਨ੍ਹਾਂ ਕਿਹਾ ਕਿ ਅੱਗੇ ਤੋਂ ਅਕਾਲ ਤਖਤ ਸਾਹਿਬ 'ਤੇ ਵਿਸ਼ੇਸ਼ ਤੇ ਕੌਮੀ ਮਸਲੇ ਹੀ ਵਿਚਾਰੇ ਜਾਇਆ ਕਰਨਗੇ। ਉਨ੍ਹਾਂ ਕਿਹਾ ਕਿ ਇਹ ਫੈਸਲਾ ਲਿਆ ਗਿਆ ਹੈ ਕਿ ਅਕਾਲ ਤਖਤ ਸਾਹਿਬ 'ਤੇ ਜਿੰਨੇ ਵੀ ਮਸਲੇ ਵਿਚਾਰ ਅਧੀਨ ਪਏ ਹਨ, ਉਹ ਸਾਰੇ ਹੀ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੂੰ ਭੇਜ ਦਿੱਤੇ ਜਾਣਗੇ। ਧਰਮ ਪ੍ਰਚਾਰ ਕਮੇਟੀ ਵਿਦਵਾਨਾਂ ਦਾ ਇਕ ਪੈਨਲ ਬਣਾ ਕੇ ਉਨ੍ਹਾਂ ਦਾ ਨਿਪਟਾਰਾ ਕਰੇ। ਸਿੰਘ ਸਾਹਿਬਾਨ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਚ ਸਥਾਪਿਤ ਇਤਿਹਾਸਕ ਪਾਲਕੀ ਸਾਹਿਬ ਦੀ ਸਾਂਭ-ਸੰਭਾਲ ਕਰਨ ਦੇ ਆਦੇਸ਼ ਵੀ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨਵੀਂ ਪਾਲਕੀ ਬਣਵਾ ਕੇ ਗੁਰਦੁਆਰਾ ਜਨਮ ਅਸਥਾਨ ਵਿਚ ਸਥਿਤ ਪ੍ਰਾਚੀਨ ਪਾਲਕੀ ਦੀ ਥਾਂ ਸਥਾਪਤ ਕਰਨ ਲਈ ਰੱਖ ਕੇ ਆਏ ਹਨ, ਜਿਹੜੀ ਅਜੇ ਤਕ ਉਸੇ ਤਰ੍ਹਾਂ ਪਈ ਹੈ।

ਉਧਰ ਜਥੇਦਾਰ ਦੇ ਬਿਆਨ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਅਖਬਾਰ ਸਪੋਕਸਮੈਨ ਦੇ ਸੰਪਾਦਕ ਸ. ਜੋਗਿੰਦਰ ਸਿੰਘ ਨੇ ਕਿਹਾ ਕਿ ਜੇ ਮੇਰੀ ਕੋਈ ਗਲਤੀ ਹੋਈ ਤਾਂ ਮੈਂ ਨੱਕ ਨਾਲ ਲਕੀਰਾਂ ਕੱਢਣ ਲਈ ਵੀ ਤਿਆਰ ਹਾਂ।

ਪਰ ਇਹ ਕਾਰਵਾਈ ਉਸ ਵੇਲੇ ਦੇ ਜਥੇਦਾਰਾਂ ਨੇ ਹਾਕਮਾਂ ਅਤੇ ਸੰਪਰਦਾਈਆਂ ਨੂੰ ਖੁਸ਼ ਕਰਨ ਲਈ ਮੇਰੇ ਅਤੇ ਗੁਰਬਖਸ਼ ਸਿੰਘ ਕਾਲਾ ਅਫਗਾਨਾ ਵਿਰੁਧ ਗਲਤ ਤੌਰ 'ਤੇ ਕੀਤੀ ਸੀ ਇਸ ਲਈ ਇਹ ਹਰ ਹਾਲਤ ਵਿਚ ਵਾਪਸ ਲਈ ਜਾਣੀ ਚਾਹੀਦੀ ਹੈ। ਉਨ੍ਹਾਂ ਹੋਰ ਕਿਹਾ ਕਿ ਜੇ ਇਹ ਕਾਰਵਾਈ ਵਾਪਸ ਨਹੀਂ ਵੀ ਲੈਣੀ ਤਾਂ ਤੁਹਾਡੀ ਮਰਜ਼ੀ, ਪਰ ਇਸ ਦਾ ਵਾਰ-ਵਾਰ ਜ਼ਿਕਰ ਕਰਕੇ ਸਾਡਾ ਅਤੇ ਅਦਾਲਤ ਦਾ ਅਪਮਾਨ ਕਰਨਾ ਬੰਦ ਕਰਨਾ ਚਾਹੀਦਾ ਹੈ। ਇਸ ਦੌਰਾਨ ਜਥੇਦਾਰ ਗੁਰਬਚਨ ਸਿੰਘ ਨੇ ਹੋਰ ਕਿਹਾ ਹੈ ਕਿ ਜੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵਲੋਂ ਆਪਣੀ ਭੁੱਲ ਬਖਸ਼ਾਉਣ ਲਈ ਅਕਾਲ ਤਖਤ 'ਤੇ ਪੇਸ਼ੀ ਲਈ ਆਉਂਦਾ ਹੈ ਤਾਂ ਉਸ ਨੂੰ ਵੀ ਮੁਆਫੀ ਦਿੱਤੀ ਜਾ ਸਕਦੀ ਹੈ।

## ਅਕਾਲੀ ਦਲ (ਪੰਚ ਪ੍ਰਧਾਨੀ) ਦੀ ਵਿਚਾਰਧਾਰਾ ਖਾਲਿਸਤਾਨੀ

**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵਲੋਂ ਅੰਮ੍ਰਿਤਸਰ ਤੱਕ 'ਪੁਰਅਮਨ ਮਾਰਚ' ਕਰਨ ਦੀ ਇਜਾਜ਼ਤ ਨਾ ਦਿੱਤੇ ਜਾਣ ਸਬੰਧੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਦਾਇਰ ਪਟੀਸ਼ਨ ਦਾ ਜਵਾਬ ਦਿੰਦਿਆਂ ਪੰਜਾਬ ਪੁਲੀਸ ਨੇ ਬੀਤੀ 4 ਜੂਨ ਨੂੰ ਦਾਅਵਾ ਕੀਤਾ ਕਿ ਇਹ ਦਲ ਭਾਰਤੀ ਸੰਵਿਧਾਨ ਤਹਿਤ ਕੋਈ ਰਾਹਤ ਹਾਸਲ ਕਰਨ ਦਾ ਹੱਕਦਾਰ ਨਹੀਂ ਕਿਉਂਕਿ ਇਹ ਖਾਲਿਸਤਾਨੀ ਵਿਚਾਰਧਾਰਾ 'ਤੇ ਚੱਲਦਾ ਹੈ।

ਗੌਰਤਲਬ ਹੈ ਕਿ ਪੰਜਾਬ ਸਰਕਾਰ ਪਹਿਲਾਂ ਹੀ ਇਸ ਮਾਰਚ ਉਤੇ ਪਾਬੰਦੀ ਲਾ ਚੁੱਕੀ ਹੈ। ਇਹ ਕੇਸ 4 ਜੂਨ ਨੂੰ ਜਸਟਿਸ ਰਾਜਨ ਗੁਪਤਾ ਦੇ ਛੁੱਟੀਆਂ ਵਾਲੇ ਦਿਨ ਬੈਂਚ ਅੱਗੇ ਸੁਣਵਾਈ ਲਈ ਪੇਸ਼ ਹੋਇਆ ਤਾਂ ਸਰਕਾਰ ਨੇ ਇਸ ਮੌਕੇ ਕਿਹਾ ਕਿ ਪਾਰਟੀ ਵਲੋਂ ਇਸ ਮਾਰਚ ਵਿਚ ਬਾਬਾ ਬੰਦਾ ਬਹਾਦਰ ਦੀਆਂ ਤਸਵੀਰਾਂ ਦੇ ਨਾਲ ਹੀ ਸੰਤ ਭਿੰਡਰਾਂਵਾਲਾ ਦੀਆਂ ਤਸਵੀਰਾਂ ਵੀ ਲਾਈਆਂ ਜਾ ਰਹੀਆਂ ਹਨ। ਸਰਕਾਰ ਵਲੋਂ ਦਲੀਲਾਂ ਪੇਸ਼ ਕਰਦਿਆਂ ਐਡੀਸ਼ਨਲ ਐਡਵੋਕੇਟ ਜਨਰਲ ਅਮਰਜੀਤ ਸਿੰਘ ਜਟਾਣਾ ਨੇ ਕਿਹਾ ਕਿ ਪੰਚ-ਪ੍ਰਧਾਨੀ ਦੇ ਸੰਵਿਧਾਨ ਮੁਤਾਬਕ ਪਾਰਟੀ ਦਾ ਅਸਲੀ ਟੀਚਾ 'ਰਾਜ ਕਰੇਗਾ ਖਾਲਸਾ' ਦੇ ਸਿਧਾਂਤ ਨੂੰ ਲਾਗੂ ਕਰਨਾ ਹੈ।

## ਬੀਰਦਵਿੰਦਰ ਵਲੋਂ ਅਕਾਲੀ ਦਲ ਛੱਡਣ ਦਾ ਇਸ਼ਾਰਾ

**ਖਰੜ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਅਤੇ ਖਰੜ ਹਲਕੇ ਦੇ ਸਾਬਕਾ ਵਿਧਾਇਕ ਬੀਰਦਵਿੰਦਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਗਲੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਖਰੜ, ਮੋਹਾਲੀ ਅਤੇ ਜਾਂ ਫਿਰ ਫਤਹਿਗੜ੍ਹ ਸਾਹਿਬ ਵਿਧਾਨ ਸਭਾ ਹਲਕੇ ਤੋਂ ਚੋਣ ਲੜਨਗੇ ਪਰ ਇਹ ਚੋਣ ਕਿਸੇ ਵੀ ਹਾਲਤ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਦੀ ਟਿਕਟ 'ਤੇ ਨਹੀਂ ਲੜੀ ਜਾਵੇਗੀ। ਬੀਰਦਵਿੰਦਰ ਸਿੰਘ ਬੀਤੀ 2 ਜੂਨ ਨੂੰ ਖਰੜ ਵਿਖੇ ਇਕ ਪੱਤਰਕਾਰ ਸੰਮੇਲਨ ਦੌਰਾਨ ਆਪਣੀ ਅਗਲੀ ਸਿਆਸੀ ਰਣਨੀਤੀ ਸੰਬੰਧੀ ਵਿਚਾਰ ਪ੍ਰਗਟ ਕਰ ਰਹੇ ਸਨ।

ਬੀਰਦਵਿੰਦਰ ਸਿੰਘ ਨੇ ਕਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਸਿਰਫ ਡੇਢ ਸਾਲ ਦਾ ਸਮਾਂ ਰਹਿ ਗਿਆ ਹੈ ਅਤੇ 2-3 ਮਹੀਨੇ ਪਹਿਲਾਂ ਹੀ ਚੋਣ ਸਰਗਰਮੀਆਂ ਵੀ ਤੇਜ਼ ਹੋ ਜਾਂਦੀਆਂ ਹਨ। ਹੁਣ ਉਨ੍ਹਾਂ ਪਾਸ ਸਿਰਫ ਇਕ ਸਾਲ ਦਾ ਸਮਾਂ ਬਾਕੀ ਬਚਿਆ ਹੈ ਅਤੇ ਉਪਰੋਕਤ ਵਿਧਾਨ ਸਭਾ ਹਲਕਿਆਂ ਦੇ ਲੋਕਾਂ ਦਾ ਉਨ੍ਹਾਂ ਉਤੇ ਕੋਈ ਸਪੱਸ਼ਟ ਰਾਜਨੀਤਿਕ ਰਣਨੀਤੀ ਅਪਨਾਉਣ ਦਾ ਦਬਾਅ ਵੀ ਪੈ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੂੰ ਛੱਡ ਕੇ ਉਹ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਵੀ ਚੋਣ ਲੜ ਸਕਦੇ ਹਨ। ਅਕਾਲੀ ਦਲ (ਬ) ਨਾਲ ਆਪਣੇ ਰਿਸ਼ਤਿਆਂ ਬਾਰੇ ਇਕ ਸ਼ੇਅਰ ਰਾਹੀਂ ਆਪਣੀ ਸਥਿਤੀ ਬਿਆਨ ਕਰਦਿਆਂ ਉਨ੍ਹਾਂ ਕਿਹਾ, ''ਐਸੇ ਰਿਸ਼ਤੋਂ ਕਾ ਭਰਮ ਰਖਨਾ ਅਬ ਬਹੁਤ ਮੁਸ਼ਕਿਲ ਹੈ, ਤੇਰਾ ਹੋਨਾ ਭੀ ਨਹੀਂ ਔਰ ਤੇਰਾ ਕਹਿਨਾ''। ਇਸ ਸ਼ੇਅਰ ਰਾਹੀਂ ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਥਿਤੀ ਉਸ ਬਰਾਤੀ ਵਾਂਗ ਹੈ, ਜਿਸ ਨੂੰ ਜੰਞ ਚੜ੍ਹਨ ਤੋਂ ਪਹਿਲਾਂ ਆਵਾਜ਼ਾਂ ਮਾਰ ਮਾਰ ਕੇ ਬੁਲਾਇਆ ਜਾਂਦਾ ਹੈ, ਪਰ ਆਨੰਦ ਕਾਰਜ ਹੋ ਜਾਣ ਤੋਂ ਬਾਅਦ ਉਸ ਵਲ ਕਿਸੇ ਦਾ ਕੋਈ ਧਿਆਨ ਹੀ ਨਹੀਂ ਰਹਿੰਦਾ।

ਬੀਰਦਵਿੰਦਰ ਸਿੰਘ ਨੇ ਇਕ ਸਵਾਲ ਦੇ ਜਵਾਬ ਵਿਚ ਇਹ ਵੀ ਸਪਸ਼ਟ ਕੀਤਾ ਕਿ ਉਨ੍ਹਾਂ ਨੇ ਕਦੇ ਵੀ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਕੋਈ ਅਹੁਦਾ ਲੈਣ ਬਾਰੇ ਗੱਲਬਾਤ ਨਹੀਂ ਕੀਤੀ। ਉਹ ਅਜਿਹੇ ਸਿਆਸੀ ਲੀਡਰ ਹਨ, ਜੋ ਆਪਣੀ 'ਸੈਲਫ ਰਿਸਪੈਕਟ' ਤੋਂ ਬਾਹਰ ਜਾ ਕੇ ਕਦੇ ਰਾਜਨੀਤੀ ਨਹੀਂ ਕਰਦੇ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਖਰੜ ਇਲਾਕੇ ਵਿਚ ਕੀਤੇ ਵੱਖ-ਵੱਖ ਸੁਧਾਰਾਂ ਬਾਰੇ ਜਾਣਕਾਰੀ ਵੀ ਦਿੱਤੀ ਅਤੇ ਰੋਸ ਪ੍ਰਗਟ ਕੀਤਾ ਕਿ ਜਿੰਨੇ ਵੀ ਪ੍ਰਾਜੈਕਟ ਉਨ੍ਹਾਂ ਵਲੋਂ ਸ਼ੁਰੂ ਕਰਵਾਏ ਗਏ ਹਨ, ਉਹ ਸਾਰੇ ਹੀ ਉਸੇ ਤਰ੍ਹਾਂ ਖੜ੍ਹੇ ਹਨ, ਜਿਨ੍ਹਾਂ ਨੂੰ ਪੁਛਣ ਵਾਲਾ ਹੁਣ ਕੋਈ ਨਹੀਂ ਹੈ।

## *ਪਾਇਲਟਾਂ ਦੀ ਸੂਝਬੂਝ ਨਾਲ ਆਸਮਾਨ ਵਿਚ ਟਕਰਾਉਣ ਤੋਂ ਬਚੇ 2 ਜਹਾਜ਼*

**ਚੇਨਈ:** ਪਾਇਲਟਾਂ ਦੀ ਸੂਝਬੂਝ ਨਾਲ ਬੀਤੀ 5 ਜੂਨ ਨੂੰ ਤਿਰੂਚਿਰਾਪੱਲੀ ਦੇ ਹਵਾਈ ਖੇਤਰ ਵਿਚ ਦੋ ਜਹਾਜ਼ ਹਵਾ ਵਿਚ ਟਕਰਾਉਣ ਤੋਂ ਬਚ ਗਏ। ਦੋਵਾਂ ਵਿਚੋਂ ਇਕ ਜਹਾਜ਼ ਇੰਡੀਅਨ ਏਅਰਲਾਈਨਜ਼ ਦਾ ਸੀ ਜਦਕਿ ਦੂਜਾ ਜੈਟ ਏਅਰਵੇਜ਼ ਦਾ ਸੀ।

ਹਵਾਈ ਅੱਡੇ ਦੇ ਸੂਤਰਾਂ ਨੇ ਦੱਸਿਆ ਕਿ ਦੋਵਾਂ ਜਹਾਜ਼ਾਂ ਵਿਚ ਕੁੱਲ 242 ਵਿਅਕਤੀ ਸਵਾਰ ਸਨ। ਉਨ੍ਹਾਂ ਦਸਿਆ ਕਿ ਦੁਪਹਿਰ ਲਗਪਗ 1.14 ਵਜੇ ਜੈਟ ਏਅਰਵੇਜ਼ ਦਾ ਜਹਾਜ਼ ਤਿਰੂਵਨੰਤਪੁਰਮ ਤੋਂ ਆ ਰਿਹਾ ਸੀ ਜਦਕਿ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਇਥੋਂ ਮਦਰਾਏ ਜਾ ਰਿਹਾ ਸੀ। ਸੂਤਰਾਂ ਨੇ ਦੱਸਿਆ ਕਿ ਆਸਮਾਨ ਵਿਚ ਅਚਾਨਕ ਦੋਵੇਂ ਜਹਾਜ਼ ਬਿਲਕੁਲ ਕੋਲ ਆ ਗਏ। ਅਜਿਹੇ ਵਿਚ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਦੇ ਪਾਇਲਟ ਨੇ ਜਹਾਜ਼ ਦੀ ਉਚਾਈ ਨੂੰ ਘੱਟ ਕੀਤਾ ਜਦਕਿ ਜੈਟ ਜਹਾਜ਼ ਦੇ ਪਾਇਲਟ ਨੇ ਉਸ ਨੂੰ ਥੋੜ੍ਹਾ ਉਚਾ ਕੀਤਾ ਤਾਂ ਕਿ ਦੋਵਾਂ ਦੀ ਦੂਰੀ ਵਧ ਸਕੇ। ਸੂਤਰਾਂ ਮੁਤਾਬਿਕ ਸਾਰੇ ਯਾਤਰੀ ਸੁਰੱਖਿਅਤ ਹਨ ਅਤੇ ਦੋਵੇਂ ਜਹਾਜ਼ ਹਵਾਈ ਅੱਡਿਆਂ 'ਤੇ ਸੁਰੱਖਿਆ ਉਤਰੇ।


# INDIAN RESTAURANT FOR SALE or LEASE

Indian restaurant & Bar with 140 siting capacity, running successfully for eight years, making $55,000 to $60,000 per month. Only indian restaurant in the city



*Preferring lease: $7,000 monthly*

**Call:Gurnek 417-619-9981**

ਅੱਠ ਸਾਲ ਤੋਂ ਕਾਮਯਾਬੀ ਨਾਲ ਚੱਲ ਰਿਹਾ ਭਾਰਤੀ ਰੈਸਟੋਰੈਂਟ ਲੀਜ਼ ਲਈ ਜਾਂ ਵਿਕਰੀ ਲਈ ਉਪਲਬਧ ਹੈ। ਸ਼ਹਿਰ ਵਿਚ ਇਕੋ ਇਕ ਭਾਰਤੀ ਰੈਸਟੋਰੈਂਟ, ਮਾਸਿਕ ਆਮਦਨ 50 ਤੋਂ 60 ਹਜ਼ਾਰ ਡਾਲਰ। ਲੀਜ਼ 7000 ਡਾਲਰ ਮਹੀਨਾ

# ਪੰਜਾਬ ਨੇ ਦਰਿਆਈ ਪਾਣੀਆਂ ਦੀ ਰਾਇਲਟੀ ਮੰਗੀ

**ਚੰਡੀਗੜ੍ਹ:**ਪੰਜਾਬ ਵਿਚ ਅਕਾਲੀ ਦਲ-ਭਾਜਪਾ ਗਠਜੋੜ ਵਿਚ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਮਤਭੇਦ ਹੋਰ ਵੀ ਤਿੱਖੇ ਹੋ ਕੇ ਸਾਹਮਣੇ ਆ ਗਏ ਜਦੋਂ ਅਕਾਲੀ ਦਲ ਦੀ ਲੀਡਰਸ਼ਿਪ ਨੇ ਮੰਗ ਕੀਤੀ ਹੈ ਕਿ ਪੰਜਾਬ ਦਾ ਦਰਿਆਈ ਪਾਣੀ ਵਰਤਣ ਵਾਲੇ ਰਾਜਸਥਾਨ ਅਤੇ ਦੂਜੇ ਰਾਜ ਰਿਪੇਰੀਅਨ ਨਿਯਮਾਂ ਮੁਤਾਬਕ ਪੰਜਾਬ ਨੂੰ ਇਸ ਦੇ ਬਦਲੇ ਰਾਇਲਟੀ ਦੇਣ। ਇਸ ਸੰਬੰਧੀ ਪਾਰਟੀ ਦੀ ਕੋਰ ਕਮੇਟੀ ਨੇ ਮਤਾ ਵੀ ਪਾਸ ਕੀਤਾ ਹੈ। ਮੀਟਿੰਗ ਦੀ ਪ੍ਰਧਾਨਗੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ। ਬੀਤੀ 4 ਜੂਨ ਨੂੰ ਹੋਈ ਮੀਟਿੰਗ ਤੋਂ ਬਾਅਦ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਇਹ ਕੌਮੀ ਅਤੇ ਕੌਮਾਂਤਰੀ ਪੱਧਰ ਦਾ ਪ੍ਰਵਾਨਿਤ ਰਿਪੇਰੀਅਨ ਨਿਯਮ ਹੈ ਕਿ ਜਿਸ ਧਰਤੀ ਤੋਂ ਦਰਿਆ ਵਹਿੰਦੇ ਹਨ, ਉਨ੍ਹਾਂ ਰਾਜਾਂ ਦਾ ਹੀ ਦਰਿਆਈ ਪਾਣੀਆਂ 'ਤੇ ਹੱਕ ਹੁੰਦਾ ਹੈ। ਆਜ਼ਾਦੀ ਤੋਂ ਪਹਿਲਾਂ ਰਾਜਸਥਾਨ, ਨਾਭਾ ਅਤੇ ਹੋਰ ਰਿਆਸਤਾਂ ਰਿਪੇਰੀਅਨ ਕਾਨੂੰਨਾਂ ਅਧੀਨ ਹੀ ਪੰਜਾਬ ਨੂੰ ਦਰਿਆਈ ਪਾਣੀਆਂ ਦੀ ਵਰਤੋਂ ਲਈ ਮੁਆਵਜ਼ਾ ਦਿੰਦੀਆਂ ਸਨ। ਇਹੀ ਅਮਲ ਹੁਣ ਮੁੜ ਆਰੰਭ ਹੋਣਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਇਹ ਮਤਾ, ਭਾਜਪਾ ਦੇ ਦਰਿਆਈ ਪਾਣੀਆਂ ਬਾਰੇ ਸਟੈਂਡ ਦੀ ਰੌਸ਼ਨੀ ਵਿਚ ਹੋਰ ਵੀ ਅਹਿਮ ਹੋ ਜਾਂਦਾ ਹੈ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਪਿਛਲੇ ਦਿਨੀਂ ਚੰਡੀਗੜ੍ਹ ਫੇਰੀ ਵੇਲੇ ਬਿਆਨ ਦਿੱਤਾ ਸੀ ਕਿ ਦਰਿਆਈ ਪਾਣੀ ਕੌਮੀ ਮਲਕੀਅਤ ਹਨ ਅਤੇ ਦੇਸ਼ ਦੇ ਸਾਰੇ ਹਿੱਸਿਆਂ ਨੂੰ ਪਾਣੀ ਦੇਣ ਲਈ ਦੇਸ਼ ਦੇ ਦਰਿਆ ਜੋੜੇ ਜਾਣੇ ਚਾਹੀਦੇ ਹਨ। ਅਜੇ ਦੋ ਦਿਨ ਪਹਿਲਾਂ ਹੀ ਬਾਦਲ ਸਰਕਾਰ ਦੇ ਸੀਨੀਅਰ ਮੰਤਰੀ ਅਤੇ ਭਾਜਪਾ ਦੇ ਨੇਤਾ ਮਨੋਰੰਜਨ ਕਾਲੀਆ ਨੇ ਦਿੱਲੀ ਵਿਚ ਕੇਂਦਰ ਸਰਕਾਰ ਵਲੋਂ ਬੁਲਾਈ ਮੀਟਿੰਗ ਵਿਚ ਬਿਆਨ ਦਿੱਤਾ ਸੀ ਕਿ ਦਰਿਆਵਾਂ ਦਾ ਪਾਣੀ ਕੌਮੀ ਪੱਧਰ 'ਤੇ ਸਹੀ ਇਸਤੇਮਾਲ ਕਰਨ ਲਈ ਦਰਿਆਵਾਂ ਨੂੰ ਕੌਮੀ ਪ੍ਰੋਜੈਕਟ ਬਣਾ ਕੇ ਆਪਸ ਵਿਚ ਜੋੜਿਆ ਜਾਣਾ ਚਾਹੀਦਾ ਹੈ। ਸ. ਪ੍ਰਕਾਸ਼ ਸਿੰਘ ਬਾਦਲ ਨੇ ਵਿਦੇਸ਼ ਤੋਂ ਆ ਕੇ ਸਪੱਸ਼ਟ ਕੀਤਾ ਸੀ ਕਿ ਅਕਾਲੀ ਦਲ ਦਰਿਆਵਾਂ ਨੂੰ ਜੋੜਨ ਵਾਲੇ ਪ੍ਰੋਜੈਕਟ ਦੀ ਨੀਤੀ ਨਾਲ ਸਹਿਮਤ ਨਹੀਂ ਅਤੇ ਅਕਾਲੀ ਲੀਡਰਸ਼ਿਪ ਰਿਪੇਰੀਅਨ ਸਿਧਾਂਤ ਅਨੁਸਾਰ ਹੀ ਦਰਿਆਈ ਪਾਣੀਆਂ 'ਤੇ ਪੰਜਾਬ ਦਾ ਹੱਕ ਸਮਝਦੀ ਹੈ। ਇਸ ਤੋਂ ਬਾਅਦ ਸ੍ਰੀ ਕਾਲੀਆ ਨੇ ਵੀ ਕਿਹਾ ਸੀ ਕਿ ਉਹ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਆਪਣੇ ਨਜ਼ਰੀਏ ਨੂੰ ਸਪੱਸ਼ਟ ਕਰਨਗੇ। ਇਕ ਹੋਰ ਮਤੇ ਰਾਹੀਂ ਕੇਂਦਰ ਤੋਂ ਸਿੱਖਾਂ ਦੀ ਕਾਲੀ ਸੂਚੀ ਸੋਧਣ ਦੀ ਮੰਗ ਕੀਤੀ ਗਈ ਸੀ।

# ਢਾਹੀਆਂ ਮਸਜਿਦਾਂ ਮੁੜ ਉਸਾਰ ਕੇ ਮੁਸਲਮਾਨਾਂ ਦੇ ਹਵਾਲੇ

**ਚੰਡੀਗੜ੍ਹ :** ਧਰਮ ਦੀ ਦੁਨੀਆਂ ਵਿਚ ਜਦੋਂ ਮਨੁੱਖਤਾ ਦਾ ਸੂਰਜ ਡੁੱਬ ਜਾਂਦਾ ਹੈ ਤਾਂ ਸੰਤਾਲੀ ਵਰਗੇ ਸਾਕੇ ਵਾਪਰਦੇ ਹਨ ਪਰ ਜਦੋਂ ਧਰਮ, ਮਨੁੱਖਤਾ ਨੂੰ ਕੰਧਾੜੇ ਚੁੱਕ ਕੇ ਤੁਰਦਾ ਹੈ ਤਾਂ ਜ਼ਿੰਦਗੀ ਮੁਹੱਬਤਾਂ ਦੇ ਨਵੇਂ ਤਾਣੇ ਤਣਦੀ ਹੈ। ਦੇਸ਼ ਦੀ ਵੰਡ ਤੋਂ ਲੈ ਕੇ ਹੁਣ ਤਕ ਫ਼ਿਰਕੂ ਤਾਕਤਾਂ ਨੇ ਧਾਰਮਕ ਸਥਾਨਾਂ ਨੂੰ ਢਾਹ ਕੇ ਲੋਕਾਂ ਨੂੰ ਆਪਸ ਵਿਚ ਲੜਾਇਆ ਪਰ ਪੰਜਾਬ ਵਿਚ ਸਿੱਖਾਂ ਨੇ ਸੰਤਾਲੀ ਦੌਰਾਨ ਢਾਹੀਆਂ ਮਸਜਿਦਾਂ ਨੂੰ ਦੁਬਾਰਾ ਤਾਮੀਰ ਕਰ ਕੇ ਇਕ ਵਿਲੱਖਣ ਮਿਸਾਲ ਕਾਇਮ ਕੀਤੀ ਹੈ। ਸ਼ਾਇਦ ਪੰਜਾਬ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਇਆ ਹੈ। ਇਨ੍ਹਾਂ ਮਸਜਿਦਾਂ ਨੂੰ ਇਬਾਦਤ ਕਰਨ ਲਈ ਮੁਸਲਮਾਨਾਂ ਨੂੰ ਸੌਂਪ ਦਿਤਾ ਗਿਆ ਹੈ।

ਪ੍ਰਸਿੱਧ ਕਹਾਣੀਕਾਰ ਸਾਅਦਤ ਹਸਨ ਮੰਟੋ ਦੀ ਜਨਮ ਭੂਮੀ ਸਮਰਾਲੇ ਤੋਂ ਦਸ ਕਿਲੋਮੀਟਰ ਦੂਰ ਪਿੰਡ ਸਰਵਰਪੁਰ ਵਿਚ ਸਿੱਖਾਂ ਨੇ ਦੁਬਾਰਾ ਬਣਾਈ ਇਕ ਅਜਿਹੀ ਮਸਜਿਦ ਦੀਆਂ ਚਾਬੀਆਂ ਬੀਤੇ ਦਿਨੀਂ ਇਕ ਸਮਾਗਮ ਵਿਚ ਪਿੰਡ ਦੇ ਬਜ਼ੁਰਗ ਮੁਸਲਮਾਨਾਂ ਨੂੰ ਸੌਂਪੀਆਂ।

ਜਾਣਕਾਰੀ ਮੁਤਾਬਕ ਇਸ ਮਸਜਿਦ ਨੂੰ ਐਨ.ਆਰ.ਆਈ. ਸੱਜਣ ਸਿੰਘ ਘੁੰਮਣ ਅਤੇ ਜੋਗਾ ਸਿੰਘ ਘੁੰਮਣ ਨੇ ਪਹਿਲ-ਕਦਮੀ ਕਰ ਕੇ ਬਣਵਾਇਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ, ਸਥਾਨਕ ਕਾਨੂੰਨਘਾੜੇ ਤੇ ਪੰਜਾਬ ਦੇ ਪ੍ਰਸਿੱਧ ਮੌਲਵੀ ਹਬੀਬ-ਉਰ-ਰਹਿਮਾਨ ਲੁਧਿਆਣਵੀ ਹਾਜ਼ਰ ਸਨ। ਇਸ ਮੌਕੇ ਮੌਲਾਨਾ ਲੁਧਿਆਣਵੀ ਨੇ ਕਿਹਾ ਕਿ ਸਿੱਖਾਂ ਨੇ ਅਜਿਹਾ ਕਰ ਕੇ ਮਨੁੱਖਤਾ ਨੂੰ ਸਲਾਮ ਪੇਸ਼ ਕੀਤੀ ਹੈ ਅਤੇ ਫ਼ਿਰਕਾਪ੍ਰਸਤ ਤਾਕਤਾਂ ਦੇ ਮੂੰਹ ਉਤੇ ਥੱਪੜ ਮਾਰਿਆ ਹੈ। ਇਸ ਤੋਂ ਪਹਿਲਾਂ ਸਿੱਖਾਂ ਨੇ ਗੁਰਦਾਸਪੁਰ ਜ਼ਿਲ੍ਹੇ ਵਿਚ ਬਿਆਸ ਨਦੀ ਦੇ ਕੰਢੇ ਉਤੇ ਪਿਛਲੇ 60 ਸਾਲਾਂ ਤੋਂ ਗੁਰਦਵਾਰੇ ਵਜੋਂ ਵਰਤੀ ਜਾ ਰਹੀ ਮਸਜਿਦ ਨੂੰ ਮੁਸਲਮਾਨਾਂ ਹਵਾਲੇ ਕੀਤਾ ਸੀ।

ਇਸ ਮਸਜਿਦ ਨੂੰ 'ਗੁਰੂ ਕੀ ਮਸੀਤ' ਵਜੋਂ ਜਾਣਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਸ ਨੂੰ ਗੁਰੂ ਹਰਗੋਬਿੰਦ ਜੀ ਨੇ 370 ਸਾਲ ਪਹਿਲਾਂ ਬਣਵਾਇਆ ਸੀ। ਸਿੱਖ ਰਵਾਇਤਾਂ ਅਨੁਸਾਰ ਗੁਰੂ ਸਾਹਿਬ ਨੇ ਫ਼ੌਤ ਹੋ ਚੁੱਕੇ ਇਕ ਮੁਸਲਮਾਨ ਦੇ ਘਰ ਨੂੰ ਮਸੀਤ ਵਿਚ ਬਦਲ ਕੇ, ਉਥੇ ਗ਼ਰੀਬਾਂ ਲਈ ਲੰਗਰ ਚਲਾਉਣਾ ਸ਼ੁਰੂ ਕਰ ਦਿਤਾ ਸੀ ਪਰ 1947 ਤੋਂ ਬਾਅਦ ਸਿੱਖਾਂ ਨੇ ਇਸ ਨੂੰ ਗੁਰਦਵਾਰੇ ਵਿਚ ਬਦਲ ਦਿੱਤਾ। ਇਸ ਸਬੰਧੀ ਨਿਹੰਗਾਂ, ਜਿਹੜੇ ਕਿ ਮਸੀਤ ਦੀ ਸੰਭਾਲ ਕਰ ਰਹੇ ਸਨ ਤੇ ਪੰਜਾਬ ਵਕਫ਼ ਬੋਰਡ ਵਿਚਕਾਰ ਇਕ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਹਨ।

ਬੋਰਡ ਦੇ ਇਕ ਅਧਿਕਾਰੀ ਨੇ ਦਸਿਆ ਕਿ ਤਰਨਾ ਦਲ ਦੇ ਨਿਹੰਗ ਮਸਜਿਦ ਦੀ ਦੇਖਭਾਲ ਕਰਨਗੇ ਤੇ ਮੁਸਲਮਾਨ ਉਥੇ ਇਬਾਦਤ ਕਰਨਗੇ। ਉਨ੍ਹਾਂ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਇਹ ਮਸਜਿਦ ਨਿਹੰਗਾਂ ਦੇ ਕਬਜ਼ੇ ਵਿਚ ਸੀ। ਸਿੱਖਾਂ ਤੇ ਮੁਸਲਮਾਨਾਂ ਨੇ ਮਿਲ ਕੇ ਮਸਜਿਦ ਨੂੰ ਪਹਿਲੇ ਰੂਪ ਵਿਚ ਲਿਆਉਣ ਲਈ ਇਸ ਦੀ ਮੁਰੰਮਤ ਕੀਤੀ ਹੈ।

ਪਿਛਲੇ ਸਾਲ ਰੋਪੜ ਜ਼ਿਲ੍ਹੇ ਦੇ ਚਾਹੜ ਮਾਜਰਾ ਪਿੰਡ ਵਿਚ ਵੀ ਸਿੱਖਾਂ ਨੇ ਅਪਣੇ ਪਿੰਡ ਦੇ ਮੁਸਲਮਾਨਾਂ ਨੂੰ ਇਬਾਦਤ ਲਈ ਮਸਜਿਦ ਬਣਾ ਕੇ ਦਿਤੀ ਸੀ। ਪਿੰਡ ਵਿਚ ਰਹਿਣ ਵਾਲੇ 15 ਮੁਸਲਿਮ ਪਰਵਾਰ ਮਸਜਿਦ ਬਨਾਉਣ ਦਾ ਖ਼ਰਚਾ ਚੁੱਕਣ ਤੋਂ ਅਸਮਰੱਥ ਸਨ। ਨਵੀਂ ਦਿੱਲੀ ਤੋਂ ਪ੍ਰਕਾਸ਼ਤ ਇਕ ਅਖ਼ਬਾਰ 'ਮਿਲੀ ਗਜ਼ਟ' ਵਿਚ ਪ੍ਰਕਾਸ਼ਤ ਹੋਈ ਰੀਪੋਰਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚੋਂ ਸਿੱਖਾਂ ਨੇ ਦੂਜੇ ਧਰਮ ਪ੍ਰਤੀ ਮੁਹੱਬਤ ਦਾ ਪੈਗ਼ਾਮ ਦਿਤਾ ਹੈ। ਵੱਖ-ਵੱਖ ਧਰਮਾਂ ਵਿਚ ਬੈਠੇ ਫ਼ਿਰਕੂ ਕਿਸਮ ਦੇ ਲੋਕ ਜਿਥੇ ਹੁਣ ਤਕ ਦੂਜੇ ਧਰਮਾਂ ਦੇ ਧਾਰਮਕ ਸਥਾਨਾਂ ਨੂੰ ਢਹਿ-ਢੇਰੀ ਕਰਦੇ ਆਏ ਹਨ, ਉਥੇ ਸਿੱਖਾਂ ਨੇ ਮੁਸਲਮਾਨਾਂ ਨੂੰ ਮਸਜਿਦਾਂ ਸੌਂਪ ਕੇ ਆਲਮੀ ਪੱਧਰ ਉਤੇ ਭਾਈਚਾਰੇ ਦੀ ਮਿਸਾਲ ਕਾਇਮ ਕੀਤੀ ਹੈ।

# ਕਾਰਟਰੇਟ ਦੀ ਮੈਮੋਰੀਅਲ ਡੇ ਪ੍ਰੇਡ 'ਚ ਸਿੱਖ ਭਾਈਚਾਰੇ ਦੀ ਸ਼ਮੂਲੀਅਤ

**ਕਾਰਟਰੇਟ, ਨਿਊ ਜਰਸੀ (ਇੰਦਰਜੀਤ ਸਿੰਘ ਉਮਰਪੁਰੀ):** 'ਸਾਕਾ' ਜਥੇਬੰਦੀ ਦੇ ਉਦਮ ਨਾਲ ਸਥਾਨਕ ਸਿੱਖ ਭਾਈਚਾਰੇ ਦੇ ਲੋਕ ਇਥੇ ਮੈਮੋਰੀਅਲ ਡੇ 'ਤੇ ਅਮਰੀਕੀ ਧਰਤੀ ਪ੍ਰਤੀ ਆਪਣੀ ਆਸਥਾ ਦੱਸਣ ਲਈ ਸ਼ਹੀਦਾਂ ਦੀ ਯਾਦਗਾਰ ਵਿਚ ਕੀਤੇ ਗਏ ਸਮਾਗਮਾਂ ਵਿਚ ਸ਼ਾਮਲ ਹੋਏ। ਕਾਰਟਰੇਟ ਪਾਰਕ ਵਿਚ ਸ਼ਹੀਦਾਂ ਦੀ ਯਾਦ 'ਚ ਬਣੇ ਸ਼ਹੀਦੀ ਸਮਾਰਕ ਤੇ ਫੁੱਲਾਂ ਦਾ ਗੁਲਦਸਤਾ ਚੜ੍ਹਾਇਆ ਗਿਆ। ਇਥੇ ਹੋਏ ਸ਼ਰਧਾਂਜਲੀ ਸਮਾਰੋਹ 'ਚ ਸਾਬਕਾ ਫੌਜੀਆਂ, ਕਾਰਟਰੇਟ ਦੇ ਮੇਅਰ ਤੇ ਹੋਰ ਰਾਜਨੀਤਕ ਲੀਡਰਾਂ ਨੇ ਸ਼ਹੀਦ ਫੌਜੀਆਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। 'ਸਾਕਾ' ਦੇ ਸੇਵਾਦਾਰ ਤੇ ਮੈਂਬਰ ਵੱਡੀ ਗਿਣਤੀ 'ਚ ਹਾਜ਼ਰ ਸਨ।

ਇਸ ਸਮਾਰੋਹ ਮਗਰੋਂ ਦਿਨੇ ਕਰੀਬ ਇਕ ਵਜੇ ਪਾਰਕ ਵਿਚੋਂ ਮੈਮੋਰੀਅਲ ਡੇ ਪ੍ਰੇਡ ਦਾ ਅਰੰਭ ਹੋਇਆ। 'ਸਾਕਾ' ਵੱਲੋਂ ਸ਼ਹੀਦ ਅਮਰੀਕੀ ਸਿੱਖ ਫੌਜੀ ਉਦੈ ਸਿੰਘ ਦੀ ਵੱਡੀ ਤਸਵੀਰ ਵਾਲਾ ਸੁੰਦਰ ਫਲੋਟ ਪ੍ਰੇਡ ਵਿਚ ਸ਼ਾਮਿਲ ਕੀਤਾ ਗਿਆ। ਸਿੰਘ ਸਭਾ ਤੇ ਦਸ਼ਮੇਸ਼ ਦਰਬਾਰ ਗੁਰੂ ਘਰਾਂ ਦੇ ਪ੍ਰਬੰਧਕ ਤੇ ਸੰਗਤ ਵੀ ਸੁੰਦਰ ਫਲੋਟਾਂ ਨਾਲ ਪ੍ਰੇਡ ਵਿਚ ਸ਼ਾਮਿਲ ਸੀ। ਪ੍ਰੇਡ ਦੇ ਰਸਤੇ ਦੌਰਾਨ ਗੈਰ ਸਿੱਖ ਦਰਸ਼ਕਾਂ ਨੇ ਸਿੱਖ ਭਾਈਚਾਰੇ ਦੇ ਫਲੋਟਾਂ ਅਤੇ ਲੋਕਾਂ ਦਾ ਹੱਥ ਹਿਲਾ ਕੇ ਤਾੜੀਆਂ ਨਾਲ ਸਵਾਗਤ ਕੀਤਾ। ਰਸਤੇ ਵਿਚ ਸਿੰਘ ਸਭਾ ਗੁਰੂ ਘਰ ਦੀ ਸੰਗਤ ਵੱਲੋਂ ਠੰਢੇ ਪਾਣੀ, ਜੂਸ ਤੇ ਸੋਡੇ ਨਾਲ ਛਬੀਲ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਇਹ ਪ੍ਰੇਡ ਸ਼ਹਿਰ ਦੀਆਂ ਮੁੱਖ ਸੜਕਾਂ ਦਾ ਚੱਕਰ ਕੱਟ ਕੇ ਸ਼ਹਿਰ ਦੇ ਪ੍ਰਬੰਧਕੀ ਦਫਤਰ ਦੀ ਇਮਾਰਤ ਬੋਰੋ ਹਾਲ ਵਿਖੇ ਸਮਾਪਤ ਹੋਈ।

ਇਥੇ ਮੇਅਰ ਤੇ ਪ੍ਰੇਡ ਦੇ ਪ੍ਰਬੰਧਕ ਸੈਮ ਗੋਡਸ ਨੇ ਵੱਖ-ਵੱਖ ਜਥੇਬੰਦੀਆਂ ਤੇ ਗੁਰੂ ਘਰਾਂ ਦਾ ਪ੍ਰੇਡ 'ਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ। ਸਾਕਾ ਵਲੋਂ ਭਾਈ ਜਸਮਿੱਤਰ ਸਿੰਘ ਮੁਜ਼ੱਫਰਪੁਰ, ਸ. ਗਗਨਦੀਪ ਸਿੰਘ ਛਾਬੜਾ, ਭਾਈ ਜਸਵੀਰ ਸਿੰਘ ਖਾਲਸਾ, ਸ. ਅਜੀਤ ਸਿੰਘ, ਗੁਰਮੇਲ ਸਿੰਘ ਲਸਾੜਾ ਭਰਾਵਾਂ, ਗੁਰਮੇਲ ਸਿੰਘ ਕਾਹਮਾ, ਸੁਖਵਿੰਦਰ ਸਿੰਘ ਅਤੇ ਦਵਿੰਦਰ ਸਿੰਘ ਆਦਿ ਨੇ ਪ੍ਰੇਡ 'ਚ ਹਾਜ਼ਰੀ ਭਰੀ।

**2 &1 Bedroom Apartment**
**Wappingers Falls, NY**
**Near shopping IBM, Excellent location**
**everything included Except electricity**
***Call for an appointment***
**845-613-0432 or 845-632-1518**

## Matrimonials

### Bride Wanted

Need pretty, educated USA settled family girl for Ramgharia Sikh cleanshaved boy, 28, 5'10", M.S (USA), permanent job in MI. Call 425-773-9030 or email: psingh03850@gmail.com.

*101-22-4*

Wanted match for 28 yrs, 5'-8", Gursikh Ramgariah boy on H1B, working and holds master's deg of US.Tel: 9815062407 (Parents currently in India). e-mail@ paramjeet.1@hotmail.com

*102-22-4*

Khatri Sikh family looking for a qualified match for their US citizen son, 29, 5'-5", undergraduate in biology, good job. e-mail: ninakr4@yahoo.com

*103-22-4*

US Jat Sikh Parents seek US citizen match for their India based B.Tech (CSE) CCNP (CISCO) 3G Mob.Tech. 27, 5'11", son, Contact: 425-609-8431 or e-mail: bahader.grewal@gmail.com

*104-21-4*

### Bridegroom Wanted

**ਵਰ ਦੀ ਲੋੜ**

ਜੱਟ ਸਿੱਖ ਸਿੱਧੂ ਇੰਡੀਆ ਰਹਿ ਰਹੀ ਲੜਕੀ, 22 ਸਾਲ, 5'5", ਬੀ ਐਸ ਸੀ ਨਰਸਿੰਗ ਵਾਸਤੇ ਅਮਰੀਕਨ ਸਿਟੀਜ਼ਨ ਲੜਕੇ ਦੀ ਲੋੜ ਹੈ। ਬੇਕਰਜ਼ਫੀਲਡ ਜਾਂ ਆਸ ਪਾਸ ਦੇ ਲੜਕੇ ਨੂੰ ਤਰਜ਼ੀਹ। ਸੰਪਰਕ ਕਰੋ: ਜਸਵੰਤ ਸਿੰਘ ਗਿੱਲ, ਫੋਨ 661-319-1505

*105-23-4*

ਰਾਮਗੜੀਆ ਸਿੱਖ, 30 ਸਾਲ, ਇੰਗਲੈਂਡ ਵਿਚ ਪੜ੍ਹਦੀ ਲੜਕੀ ਲਈ ਸਿੱਖੀ ਸਰੂਪ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਵਡੀ ਭੈਣ ਕੈਲੀਫੋਰਨੀਆ ਵਸਦੀ ਹੈ। ਕੈਲੀਫੋਰਨੀਆ ਦੇ ਲੜਕੇ ਨੂੰ ਤਰਜੀਹ। ਸੰਪਰਕ ਕਰੋ: 209-470-3732

*106-22-4*

***To Advertise with us***
***call: 847-359-0746***
***Fax:847-705-9388***

# ਪੰਜਾਬ ਦੇ 6 ਪੁਲਸ ਅਧਿਕਾਰੀਆਂ ਦੀ ਡੀ.ਆਈ.ਜੀ. ਵਜੋਂ ਤਰੱਕੀ

**ਚੰਡੀਗੜ੍ਹ:**ਪੈਰਾਮਿਲਟਰੀ ਫੋਰਸ 'ਚੋਂ ਆਬਜ਼ਰਵ ਕੀਤੇ ਗਏ ਪੰਜਾਬ ਦੇ 6 ਐਸ.ਪੀ. ਰੈਂਕ ਦੇ ਅਧਿਕਾਰੀਆਂ ਨੂੰ ਪੰਜਾਬ ਹਰਿਆਣਾ ਹਾਈਕੋਰਟ ਦੇ ਆਦੇਸ਼ਾਂ ਅਨੁਸਾਰ ਡੀ.ਆਈ.ਜੀ ਵਜੋਂ ਤਰੱਕੀਆਂ ਦਿੱਤੀਆਂ ਗਈਆਂ ਹਨ।

ਇਸ ਸਬੰਧ 'ਚ ਇਨ੍ਹਾਂ ਅਧਿਕਾਰੀਆਂ 'ਚੋਂ ਇਕ ਏ.ਕੇ. ਪਾਂਡੇ ਵਲੋਂ ਉਨ੍ਹਾਂ ਦੇ ਜੂਨੀਅਰ ਨੂੰ ਪਿਤਰੀ ਵਿਭਾਗ 'ਚ ਪਦ-ਉਨਤ ਕੀਤੇ ਜਾਣ ਦੇ ਸਬੰਧ 'ਚ ਪਟੀਸ਼ਨ ਦਾਇਰ ਕੀਤੀ ਗਈ ਸੀ। ਹਾਈਕੋਰਟ ਦੇ ਫੈਸਲੇ ਅਨੁਸਾਰ ਇਨ੍ਹਾਂ 6 ਅਧਿਕਾਰੀਆਂ ਨੂੰ ਡੀ.ਆਈ.ਜੀ. ਵਜੋਂ ਤਰੱਕੀ ਦੇਣ ਸੰਬੰਧੀ ਬੀਤੇ ਦਿਨੀਂ ਆਦੇਸ਼ ਜਾਰੀ ਕੀਤੇ ਗਏ ਹਨ।

ਜਾਰੀ ਕੀਤੇ ਗਏ ਆਦੇਸ਼ ਅਨੁਸਾਰ ਸੁਰੇਸ਼ ਕੁਮਾਰ, [redacted], ਐਸ.ਕੇ. ਸਿੰਘ, ਰਾ[redacted] ਤੇ ਏ.ਕੇ. ਪਾਂਡੇ ਨੂੰ ਤ[redacted]. ਬਣਾਇਆ ਗਿਆ ਹੈ।

ਪੰਜਾਬੀਆਂ ਦੀ ਮਨਪੰਸਦ, ਵਾਜਬ ਕੀਮਤ ਤੇ ਭਰੋਸੇਯੋਗ ਸੇਵਾਵਾਂ

ਪੰਜਾਬੀ ਟਰੈਵਲਜ਼
PANJABI TRAVELS
ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਸਫਰ ਕਰਨ ਲਈ ਸਸਤੀਆਂ ਹਵਾਈ ਟਿਕਟਾਂ ਬੁੱਕ ਕਰਨ ਲਈ 15 ਸਾਲਾਂ ਤੋਂ ਸੇਵਾ ਕਰ ਰਹੀ ਭਰੋਸੇਯੋਗ ਟਰੈਵਲ ਕੰਪਨੀ ਨੂੰ ਸੇਵਾ ਦਾ ਮੌਕਾ ਦਿਓ।
ਅੰਮ੍ਰਿਤਸਰ - ਦਿੱਲੀ - ਲੰਡਨ - ਵੈਨਕੂਵਰ ਤੇ ਟੌਰਾਂਟੋ ਲਈ ਸਪੈਸ਼ਲ ਕਿਰਾਇਆ।
★ ਵਿਆਹ ਸ਼ਾਦੀਆਂ ਤੇ ਪਾਰਟੀਆਂ ਲਈ ਕਾਰਡ ਵੀ ਛਾਪੇ ਜਾਂਦੇ ਹਨ।
★ ਹਰ ਤਰ੍ਹਾਂ ਦੇ ਫਾਰਮ ਭਰਨ ਸੰਬੰਧੀ ਸਹਾਇਤਾ ਲਈ:
ਜਸਬੀਰ ਕੌਰ ਜਾਂ ਇੰਦਰਜੀਤ ਸਿੰਘ ਉਮਰਪੁਰੀ ਨੂੰ ਸੰਪਰਕ ਕਰੋ।
Call: 732-525-1005, 908-499-3845
Email: panjabitravelsnj@hotmail.com
Website: www.panjabitravels.com

UPPAL INSURANCE AGENCY
ਉੱਪਲ ਇੰਸ਼ੋਰੈਂਸ ਏਜੰਸੀ
ਨਿਊਜਰਸੀ ਵਿੱਚ ਕਾਰਾਂ, ਟਰੱਕਾ, ਘਰਾਂ ਤੇ ਹਰ ਪ੍ਰਕਾਰ ਦੀ ਬਿਜਨੈਸ ਅਤੇ ਲਾਈਫ਼ ਇੰਸ਼ੋਰੈਂਸ ਲਈ ਸਾਨੂੰ ਸੇਵਾ ਦਾ ਮੌਕਾ ਦਿਓ।
AUTO - HOME - LIFE - COMMERCIAL
ਨਿਊਜਰਸੀ ਵਿੱਚ ਲਾਇਸੈਂਸ ਤੋਂ 2 ਪੁਆਇੰਟ ਘਟਾਉਣ ਤੇ ਇਸ਼ੋਰੈਂਸ ਵਿੱਚ 5 ਪ੍ਰਤੀਸ਼ਤ ਦਾ ਡਿਸਕਾਊਂਟ ਲੈਣ ਲਈ ਅਸੀਂ ਡਿਫੈਂਸਿਵ ਡਰਾਈ-ਵਿੰਗ ਦੀਆਂ ਕਲਾਸਾਂ ਵੀ ਲਾਉਂਦੇ ਹਾਂ।
ਸੰਪਰਕ ਕਰੋ: ਜਸਬੀਰ ਕੌਰ
Jasbir Kaur
Call: 732-525-1005, 908-499-3845


Jasbir Kaur

REAL ESTATE-LOANS-NOTARY PUBLIC
ਨਿਊਜਰਸੀ ਦੇ ਖੁੱਲ੍ਹੇ ਵਾਤਾਵਰਨ ਤੇ ਵਧੀਆ ਸਕੂਲਾਂ ਵਾਲੇ ਏਰੀਏ ਵਿੱਚ ਆਪਣਾ ਮਨ ਪਸੰਦ ਘਰ ਜਾਂ ਹੋਰ ਕਿਸੇ ਵੀ ਕਿਸਮ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਅਤੇ ਹਰ ਤਰ੍ਹਾਂ ਦੀ ਲੋਨ ਲੈਣ ਲਈ ਇਕ ਭਰੋਸੇਯੋਗ ਨਾਂ ਜੋ ਕਿ ਤੁਹਾਡੀ ਤਸੱਲੀ ਅਨੁਸਾਰ ਸਹੀ ਡੀਲ ਕਰਵਾਉਂਦੇ ਹਨ।
Century 21
Call - Jasbir Kaur -Direct-732-525-1005
Cell: 908-499-3845, Office: 732-721-9000 Ext. 318
150 Morgan Av. Sayre Ville, NJ-08879
Call :Inderjit Singh - for Notary
Ph. 908-472-3271
Email: Juppal85@msn.com


Inderjit Singh

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**New York**
Iqbal S. Jabowalia
917-375-6395
**Circulation**
Harbhajan Singh
917-856-5229

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭੋਪਾਲ ਗੈਸ ਕਾਂਡ:ਛੱਬੀ ਸਾਲ ਬਾਅਦ ਵੀ ਬੇਇਨਸਾਫੀ

ਬਾਅਦ ਜ਼ਮਾਨਤ ਲਈ ਅਰਜ਼ੀ ਦਾਖ਼ਲ ਕਰ ਦਿਤੀ ਜਿਸ ਮਗਰੋਂ ਸਾਰਿਆਂ ਨੂੰ 25-25 ਹਜ਼ਾਰ ਰੁਪਏ ਦੇ ਮੁਚਲਕੇ 'ਤੇ ਜ਼ਮਾਨਤ ਦੇ ਦਿਤੀ ਗਈ।

ਉਧਰ ਭੋਪਾਲ ਗੈਸ ਕਾਂਡ ਦੇ ਪੀੜਤਾਂ ਨੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿਤੇ ਜਾਣ ਦੀ ਮੰਗ ਕਰਦਿਆਂ ਅਦਾਲਤ ਦੇ ਬਾਹਰ ਨਾਹਰੇਬਾਜ਼ੀ ਕੀਤੀ। ਜ਼ਿਲ੍ਹਾ ਅਦਾਲਤ ਵਿਚ ਲੋਕਾਂ ਦੀ ਭੀੜ ਨੂੰ ਵੇਖਦੇ ਹੋਏ ਭਾਰੀ ਗਿਣਤੀ ਵਿਚ ਪੁਲਿਸ ਬਲ ਤੈਨਾਤ ਕੀਤੇ ਗਏ ਸਨ ਅਤੇ ਇਲਾਕੇ ਵਿਚ ਧਾਰਾ 144 ਲਗਾ ਦਿਤੀ ਗਈ ਸੀ। ਮੀਡੀਆ ਅਤੇ ਪੀੜਤ ਪਰਿਵਾਰਾਂ ਨੂੰ ਅਦਾਲਤ ਵਿਚ ਜਾਣ ਦੀ ਇਜਾਜ਼ਤ ਨਹੀਂ ਸੀ। ਪੀੜਤਾਂ ਨੇ ਦੋਸ਼ ਲਗਾਇਆ ਕਿ ਸੀ.ਬੀ.ਆਈ. ਨੇ ਦੋਸ਼ੀਆਂ ਨੂੰ ਬਚਾਉਣ ਲਈ ਜਾਣ ਬੁੱਝ ਕੇ ਨਰਮ ਧਾਰਾਵਾਂ ਲਗਾਈਆਂ।

ਭੋਪਾਲ ਗੈਸ ਕਾਂਡ ਵਿਚ ਅਦਾਲਤੀ ਫ਼ੈਸਲੇ ਤੋਂ ਨਿਰਾਸ਼, ਪੀੜਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਲੜਾਈ ਲੜ ਰਹੇ ਕਾਰਕੁਨਾਂ ਨੇ ਕਿਹਾ ਕਿ ਹਲਕੇ ਦੋਸ਼ਾਂ ਤਹਿਤ ਅੱਠ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਉਹ ਇਸ ਫ਼ੈਸਲੇ ਵਿਰੁਧ ਹਾਈ ਕੋਰਟ ਵਿਚ ਅਪੀਲ ਕਰਨਗੇ। ਪ੍ਰਸਿੱਧ ਵਕੀਲ ਕੇ.ਟੀ.ਐਸ. ਤੁਲਸੀ ਨੇ ਕਾਰਕੁਨਾਂ ਨਾਲ ਸਹਿਮਤੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਜਾਂਚ ਅਧਿਕਾਰੀ ਅਤੇ ਮੁਦੱਈ ਧਿਰ ਨੇ ਮਾਮਲੇ ਨੂੰ ਸਹੀ ਤਰੀਕੇ ਨਾਲ ਨਹੀਂ ਨਜਿੱਠਿਆ ਅਤੇ ਜੱਜਾਂ ਨੇ ਰੀਕਾਰਡਿੰਗ ਮਸ਼ੀਨ ਦੀ ਤਰ੍ਹਾਂ ਕੰਮ ਕੀਤਾ। ਤੁਲਸੀ ਨੇ ਕਿਹਾ, "ਇਸ ਤਰ੍ਹਾਂ ਦੇ ਮੁਕੱਦਮੇ ਵਿਚ ਜੱਜਾਂ ਨੂੰ ਕਮੀ ਦਾ ਪਤਾ ਲਗਾ ਕੇ ਉਸ ਦੀ ਅੱਗੇ ਜਾਂਚ ਦੇ ਆਦੇਸ਼ ਦੇਣੇ ਚਾਹੀਦੇ ਸਨ ਅਤੇ ਸਿਰਫ਼ ਰੀਕਾਰਡਿੰਗ ਮਸ਼ੀਨ ਦੀ ਤਰ੍ਹਾਂ ਕੰਮ ਨਹੀਂ ਕਰਨਾ ਚਾਹੀਦਾ ਸੀ।" ਉਨ੍ਹਾਂ ਕਿਹਾ ਕਿ ਇਥੋਂ ਤਕ ਕਿ ਮੀਡੀਆ ਵੀ ਇਸ ਮਾਮਲੇ ਵਿਚ ਦੋਸ਼ੀਆਂ ਦੀ ਭੂਮਿਕਾ 'ਤੇ ਲਿਪਾਪੋਚੀ ਕਰਨ ਦੇ ਯਤਨਾਂ ਨੂੰ ਰੋਕਣ ਪ੍ਰਤੀ ਚੌਕਸ ਨਹੀਂ ਸੀ। ਉਨ੍ਹਾਂ ਕਿਹਾ ਕਿ ਹਰ ਮਾਮਲੇ ਜਿਸ ਵਿਚ ਅਮੀਰ ਤੇ ਤਾਕਤਵਰ ਲੋਕ ਸ਼ਾਮਲ ਹੁੰਦੇ ਹਨ, ਉਥੇ ਮਾਮਲੇ ਨੂੰ ਦਬਾਉਣ ਦਾ ਯਤਨ ਕੀਤਾ ਜਾਂਦਾ ਹੈ। ਸਵਾਲ ਇਹ ਹੈ ਕਿ ਇਹ ਸਭ ਐਨੀ ਅਸਾਨੀ ਨਾਲ ਕਿਵੇਂ ਹੋਇਆ?

ਦੱਸਣਯੋਗ ਹੈ ਕਿ 3 ਦਸੰਬਰ 1984 ਨੂੰ ਹਾਦਸੇ ਬਾਰੇ ਐਫ਼.ਆਈ.ਆਰ. ਦਰਜ ਕੀਤੀ ਗਈ ਸੀ ਅਤੇ 6 ਦਸੰਬਰ ਨੂੰ ਇਹ ਮਾਮਲਾ ਸੀ.ਬੀ.ਆਈ. ਹਵਾਲੇ ਕਰ ਦਿਤਾ ਗਿਆ ਸੀ। ਸੀ.ਬੀ.ਆਈ. ਨੇ 1 ਦਸੰਬਰ 1987 ਨੂੰ ਦੋਸ਼ ਪੱਤਰ ਦਾਖ਼ਲ ਕੀਤਾ। ਸੀ.ਬੀ.ਆਈ. ਦੇ ਵਕੀਲ ਸੀ. ਸਹਾਏ ਨੇ ਕਿਹਾ ਸੀ ਕਿ ਯੂਨੀਅਨ ਕਾਰਬਾਈਡ (ਇੰਡੀਆ) ਲਿਮਟਿਡ ਵਿਚ ਮਾੜੇ ਰੱਖ ਰਖਾਅ ਕਾਰਨ ਹਾਦਸਾ ਵਾਪਰਿਆ। 1982 ਵਿਚ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ (ਅਮਰੀਕਾ) ਦੀ ਇਕ ਟੀਮ ਨੇ ਇਸ ਕਾਰਖ਼ਾਨੇ ਦਾ ਦੌਰਾ ਕਰ ਕੇ ਰੱਖ ਰਖਾਅ ਅਤੇ ਸੁਰੱਖਿਆ ਪ੍ਰਬੰਧਾਂ ਵਿਚ ਗੰਭੀਰ ਕਮੀਆਂ ਪਾਈਆਂ ਸਨ ਅਤੇ ਇਨ੍ਹਾਂ ਨੂੰ ਸੁਧਾਰਨ ਲਈ ਆਖਿਆ ਗਿਆ ਸੀ ਪਰ ਕੋਈ ਕਾਰਵਾਈ ਨਾ ਹੋਈ।

ਅਲੋਚਕਾਂ ਅਨੁਸਾਰ ਇਹ ਗੈਸ ਹਾਦਸਾ ਜ਼ਹਿਰੀਲੇ ਕੀਟਨਾਸ਼ਕ ਬਣਾਉਣ ਵਾਲੀ ਬਹੁਕੌਮੀ ਕੰਪਨੀ ਯੂਨੀਅਨ ਕਾਰਬਾਈਡ ਦੀ ਲਾਪ੍ਰਵਾਹੀ ਕਾਰਨ ਵਾਪਰਿਆ। ਇਸ ਹਾਦਸੇ ਸਮੇਂ ਕੰਪਨੀ ਦੀ ਅਣਗਹਿਲੀ ਕਾਰਨ ਰਾਤ ਵੇਲੇ ਜ਼ਹਿਰੀਲੀ ਗੈਸ ਲੀਕ ਹੋ ਗਈ ਜਿਸ ਕਰਕੇ ਆਸ ਪਾਸ ਦੇ ਸੈਂਕੜੇ ਘਰਾਂ 'ਚ ਸੁੱਤੇ ਲੋਕ ਸੁੱਤੇ ਹੀ ਰਹਿ ਗਏ ਸਨ। ਯੂਨੀਅਨ ਕਾਰਬਾਈਡ ਇਕ ਅਮਰੀਕੀ ਕੰਪਨੀ ਹੈ। ਇਸ ਦੇ ਸਾਰੇ ਪ੍ਰਮੁੱਖ ਪ੍ਰਬੰਧਕ ਰਾਤੋ ਰਾਤ ਦੇਸ਼ ਛੱਡ ਕੇ ਭੱਜ ਗਏ ਸਨ ਤੇ ਇਨ੍ਹਾਂ 'ਚੋਂ ਕਈ ਅਜੇ ਤੱਕ ਲਾਪਤਾ ਹਨ।

ਹੁਣ ਇਸ ਘਟਨਾ ਨੂੰ 25 ਸਾਲ ਤੋਂ ਵਧ ਸਮਾਂ ਹੋ ਗਿਆ ਹੈ। ਓਦੋਂ ਤੋਂ ਲੈ ਕੇ ਹੁਣ ਤੱਕ ਯੂਨੀਅਨ ਕਾਰਬਾਈਡ ਕੰਪਨੀ ਦੇ ਭਾਰਤੀ ਮੂਲ ਦੇ ਅਧਿਕਾਰੀਆਂ ਖਿਲਾਫ ਕੇਸ ਚਲ ਰਿਹਾ ਸੀ ਤੇ ਹੁਣ ਅਦਾਲਤ ਵਲੋਂ ਦੋਸ਼ੀਆਂ ਨੂੰ ਅੱਖਾਂ ਪੂੰਝਣ ਵਾਲੀ ਸਜ਼ਾ ਦਿੱਤੀ ਗਈ ਹੈ।

## 'ਸਾਡੇ ਵਿਰੁਧ ਸੁਣਵਾਈ ਦਾ ਭਾਰਤੀ ਅਦਾਲਤ ਨੂੰ ਅਧਿਕਾਰ ਨਹੀਂ'

**ਨਿਊਯਾਰਕ:** ਅਮਰੀਕਾ ਦੀ ਯੂਨੀਅਨ ਕਾਰਬਾਈਡ ਕੰਪਨੀ ਨੇ ਬੀਤੀ 7 ਜੂਨ ਨੂੰ ਇਥੇ ਕਿਹਾ ਕਿ ਉਹ 1984 ਦੇ ਭੋਪਾਲ ਗੈਸ ਕਾਂਡ ਬਾਰੇ ਫ਼ੈਸਲਾ ਦੇਣ ਵਾਲੀ ਅਦਾਲਤ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੀ ਅਤੇ ਨਾ ਹੀ ਉਸ ਦਾ ਕੋਈ ਅਧਿਕਾਰੀ ਪਲਾਂਟ ਦੇ ਕੰਮ ਕਾਜ ਵਿਚ ਸ਼ਾਮਲ ਸੀ। ਕੰਪਨੀ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਯੂਨੀਅਨ ਕਾਰਬਾਈਡ ਅਤੇ ਇਸ ਦੇ ਅਧਿਕਾਰੀ ਇਸ ਕੇਸ ਦਾ ਹਿੱਸਾ ਨਹੀਂ ਸਨ ਕਿਉਂਕਿ ਲੰਬਾ ਸਮਾਂ ਪਹਿਲਾਂ ਹਾਦਸੇ ਦੇ ਦੋਸ਼ ਵੱਖਰੇ ਕੇਸ ਵਿਚ ਵੰਡ ਦਿਤੇ ਗਏ ਸਨ। ਭੋਪਾਲ ਦੀ ਅਦਾਲਤ ਦੇ ਫ਼ੈਸਲੇ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕੰਪਨੀ ਨੇ ਕਿਹਾ ਕਿ ਭਾਰਤ ਸਰਕਾਰ ਦੀ ਲੋੜ ਅਨੁਸਾਰ ਭੋਪਾਲ ਦਾ ਪਲਾਂਟ ਯੂਨੀਅਨ ਕਾਰਬਾਈਡ ਇੰਡੀਆ ਲਿਮਟਿਡ ਅਤੇ ਇਸ ਦੇ ਕਰਮਚਾਰੀਆਂ ਵਲੋਂ ਚਲਾਇਆ ਜਾ ਰਿਹਾ ਸੀ।

# ਪੀੜਤਾਂ ਨੂੰ ਇਨਸਾਫ ਨਹੀਂ ਮਿਲਿਆ-ਮੋਇਲੀ

**ਨਵੀਂ ਦਿੱਲੀ:** ਭੋਪਾਲ ਗੈਸ ਫੈਸਲੇ ਨੂੰ ਦਫਨ ਹੋ ਚੁੱਕੇ ਨਿਆਂ ਦੀ ਉਦਾਹਰਣ ਦੱਸਦਿਆਂ ਕਾਨੂੰਨ ਮੰਤਰੀ ਐਮ. ਵੀਰੱਪਾ ਮੋਇਲੀ ਨੇ ਕਿਹਾ ਹੈ ਕਿ ਅਜਿਹੇ ਮਾਮਲਿਆਂ 'ਚ ਸਹੀ ਜਾਂਚ ਮਗਰੋਂ ਤੇਜ਼ੀ ਨਾਲ ਮੁਕੱਦਮੇ ਚਲਾਏ ਜਾਣ ਦੀ ਲੋੜ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਇਕ ਅਜਿਹਾ ਕੇਸ ਹੈ, ਜਿੱਥੇ ਨਿਆਂ 'ਚ ਦੇਰੀ ਹੋਈ ਹੈ ਅਤੇ ਅਮਲੀ ਤੌਰ 'ਤੇ ਨਿਆਂ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਉਹ ਕਹਿਣਾ ਚਾਹੁੰਦੇ ਹਨ ਕਿ ਇਸ ਮਾਮਲੇ 'ਚ ਨਿਆਂ ਦਫਨ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸਰੋਕਾਰ ਹੈ ਕਿ ਅਜਿਹਾ ਮੁੜ ਨਹੀਂ ਵਾਪਰਨਾ ਚਾਹੀਦਾ ਅਤੇ ਸਹੀ ਜਾਂਚ ਕਰਵਾ ਕੇ ਛੇਤੀ ਤੋਂ ਛੇਤੀ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਦੀ ਸੁਣਵਾਈ ਲਈ ਫਾਸਟ ਟਰੈਕ ਅਦਾਲਤਾਂ ਦੀ ਲੋੜ ਹੈ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਸਰਕਾਰ ਮੁਕੱਦਮਿਆਂ 'ਚ ਦੇਰੀ ਰੋਕਣ ਲਈ ਕਦਮ ਚੁੱਕੇਗੀ। ਉਨ੍ਹਾਂ ਕਿਹਾ ਕਿ ਸਹੀ ਜਾਂਚ ਤੋਂ ਬਿਨਾਂ ਸਹੀ ਨਿਆਂ ਵੀ ਸੰਭਵ ਨਹੀਂ। ਜਦੋਂ ਉਨ੍ਹਾਂ ਦਾ ਧਿਆਨ ਸੀ ਬੀ ਆਈ ਦੇ ਜਾਂਚ ਅਧਿਕਾਰੀ ਬੀ ਆਰ ਲਾਲ ਦੇ ਇਸ ਬਿਆਨ ਵਲ ਦਿਵਾਇਆ ਗਿਆ ਕਿ ਵਿਦੇਸ਼ ਮੰਤਰਾਲੇ ਵਲੋਂ ਉਸ 'ਤੇ ਯੂਨੀਅਨ ਕਾਰਬਾਈਡ ਦੇ ਮੁਖੀ ਵਾਰੇਨ ਐਂਡਰਸਨ ਵਿਰੁਧ ਕਾਰਵਾਈ ਨਾ ਕਰਨ ਲਈ ਦਬਾਅ ਪਾਇਆ ਗਿਆ ਸੀ ਤਾਂ ਮੋਇਲੀ ਨੇ ਕਿਹਾ ਕਿ ਰਿਟਾਇਮੈਂਟ ਮਗਰੋਂ ਲੋਕ ਬਹੁਤ ਸਾਰੇ ਬਿਆਨ ਦਿੰਦੇ ਹਨ। ਉਨ੍ਹਾਂ ਬਿਆਨ ਨੂੰ ਪੂਰੀ ਤਰ੍ਹਾਂ ਗੈਰ ਜ਼ਿੰਮੇਵਾਰਾਨਾ ਦੱਸਿਆ।

ਵਕੀਲ ਕੇ ਟੀ ਐਸ ਤੁਲਸੀ ਦਾ ਕਹਿਣਾ ਹੈ ਕਿ ਇਹ ਨਿਆਂ ਪਾਲਿਕਾ ਦਾ ਕੰਮ ਹੈ ਕਿ ਲੋਕਾਂ ਨੂੰ ਨਿਆਂ ਮਿਲੇ। ਮੰਦੇ ਭਾਗਾਂ ਨੂੰ ਇਸ ਮਾਮਲੇ ਵਿਚ ਉਨ੍ਹਾਂ ਨੂੰ ਨਿਆਂ ਨਹੀਂ ਮਿਲਿਆ।

ਸੁਪਰੀਮ ਕੋਰਟ ਦੇ ਸੰਵਿਧਾਨਕ ਮਾਹਿਰ ਰਾਜੀਵ ਧਵਨ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਨੇ ਧਾਰਾ ਬਦਲ ਕੇ ਮੁਕੱਦਮੇ ਨੂੰ ਕਮਜ਼ੋਰ ਕੀਤਾ ਹੈ ਅਤੇ ਇਸ ਮਾਮਲੇ ਵਿਚ ਸਿਰਫ ਸੁਪਰੀਮ ਕੋਰਟ ਹੀ ਜ਼ਿੰਮੇਵਾਰ ਹੈ। ਉਸ ਨੇ 1996 ਵਿਚ ਗੈਰ ਇਰਾਦਾਤਨ ਕਤਲ ਦੇ ਮਾਮਲੇ ਨੂੰ ਲਾਪ੍ਰਵਾਹੀ ਨਾਲ ਹੋਈ ਮੌਤ ਦਾ ਦਰਜਾ ਦੇ ਕੇ ਦੋਸ਼ੀਆਂ ਨੂੰ ਛੋਟ ਦਿੱਤੀ। ਜੇ ਕਮਜ਼ੋਰ ਧਾਰਾ ਵਿਚ ਮੁਕੱਦਮਾ ਨਾ ਦਰਜ ਹੁੰਦਾ ਤਾਂ ਦੋਸ਼ੀਆਂ ਨੂੰ ਘੱਟੋ ਘੱਟ ਦਸ ਸਾਲ ਦੀ ਸਜ਼ਾ ਹੁੰਦੀ।

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਨ ਦਾ ਮੰਨਣਾ ਹੈ ਕਿ ਇਸ ਮਾਮਲੇ ਨੂੰ ਕਮਜ਼ੋਰ ਕਰਨ ਲਈ ਸਰਕਾਰ, ਕਾਨੂੰਨ ਅਤੇ ਅਦਾਲਤ ਤਿੰਨੋਂ ਹੀ ਜ਼ਿੰਮੇਵਾਰ ਹਨ। ਨਹੀਂ ਤਾਂ ਯੂਨੀਅਨ ਕਾਰਬਾਈਡ ਦੇ ਮੁਖੀ ਵਾਰਨ ਐਂਡਰਸਨ ਨੂੰ ਅਮਰੀਕਾ ਨਾ ਭੱਜਣ ਦਿੱਤਾ ਜਾਂਦਾ। ਉਸਨੂੰ ਵਾਪਸ ਲਿਆਉਣ ਦਾ ਵੀ ਕੋਈ ਯਤਨ ਨਹੀਂ ਹੋਇਆ। ਸਰਕਾਰ ਡਰਦੀ ਸੀ ਕਿ ਦੋਸ਼ੀਆਂ ਉਪਰ ਸਖਤੀ ਕਰਨ ਨਾਲ ਬਹੁਕੌਮੀ ਕੰਪਨੀਆਂ ਭਾਰਤ ਨਹੀਂ ਆਉਣਗੀਆਂ। ਯੂਨੀਅਨ ਕਾਰਬਾਈਡ ਖਿਲਾਫ ਮੁਕੱਦਮਾ ਨਾ ਕਰਨ ਪਿੱਛੇ ਅਮਰੀਕਾ ਦਾ ਦਾਬਅ ਵੀ ਸੀ। ਇਸ ਕਰਕੇ ਸਰਕਾਰ ਨੇ ਯੂਨੀਅਨ ਕਾਰਬਾਈਡ ਨਾਲ ਸਮਝੌਤਾ ਕਰ ਲਿਆ।

ਜੱਬਲਪੁਰ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਫਖਰੂਦੀਨ ਨੇ ਕਿਹਾ ਹੈ ਐਂਡਰਸਨ ਨੂੰ ਜ਼ਮਾਨਤ ਦੇਣ ਵਿਚ ਕਾਹਲੀ ਕੀਤੀ ਗਈ, ਇਸ ਪਿੱਛੇ ਅਮਰੀਕਾ ਦਾ ਡਰ ਸੀ। ਇਸ ਲਈ ਉਸ ਨੂੰ ਬਿਨਾਂ ਸ਼ਰਤ ਹੀ ਛੱਡ ਦਿਤਾ ਗਿਆ ਅਤੇ ਅਮਰੀਕਾ ਜਾਣ ਦੀ ਆਗਿਆ ਦਿੱਤੀ ਗਈ। ਇਸ ਦੇ ਨਾਲ ਹੀ ਮਾਮਲੇ ਦੀ ਜਾਂਚ ਕਰਨ ਵਾਲੀ ਸੀ ਬੀ ਆਈ ਦੇ ਸੇਵਾਮੁਕਤ ਸੰਯੁਕਤ ਡਾਇਰੈਕਟਰ ਬੀ.ਆਰ. ਲਾਲ ਦਾਅਵਾ ਕਰਦੇ ਹਨ ਕਿ ਜਾਂਚ ਦਲ ਨੂੰ ਕੇਂਦਰ ਸਰਕਾਰ ਵਲੋਂ ਸਪੱਸ਼ਟ ਹਦਾਇਤ ਸੀ ਕਿ ਵਾਰਨ ਐਂਡਰਸਨ ਨੂੰ ਭਾਰਤ ਲਿਆਉਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਜੇ ਐਂਡਰਸਨ ਨੂੰ ਲਿਆਂਦਾ ਜਾਂਦਾ ਤਾਂ ਮਾਮਲਾ ਹੋਰ ਹੀ ਸ਼ਕਲ ਅਖਤਿਆਰ ਕਰਦਾ। ਉਨ੍ਹਾਂ ਕਿਹਾ ਕਿ ਅਜਿਹੇ ਮਾਮਲਿਆਂ ਵਿਚ ਸਰਕਾਰ ਦਾ ਦਖਲ ਹੁੰਦਾ ਹੈ।

# ਕੈਂਸਰ ਦੇ ਫਿਕਰ ਨੇ ਕਾਂਗਰਸੀ ਤੇ ਅਕਾਲੀ ਇਕ ਕੀਤੇ

**ਚੰਡੀਗੜ੍ਹ :** ਮਾਨਸਾ, ਬਠਿੰਡਾ, ਬਰਨਾਲਾ ਤੇ ਸੰਗਰੂਰ ਜ਼ਿਲ੍ਹਿਆਂ 'ਚ ਕੈਂਸਰ ਨਾਲ ਰੋਜ਼ ਦੋ ਜਾਂ ਤਿੰਨ ਜਾਨਾਂ ਜਾਣ ਦੇ ਵਰਤਾਰੇ ਨੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਤੇ ਵਿਰੋਧੀ ਕਾਂਗਰਸ ਨੂੰ ਇਕੱਠੇ ਕਰ ਦਿੱਤਾ ਹੈ। ਦੋਵੇਂ ਪਾਰਟੀਆਂ ਨੇ ਇਸ ਖਿੱਤੇ ਦੇ ਲੋਕਾਂ ਦੇ ਦੁਖ-ਦਰਦ ਘੱਟ ਕਰਨ ਲਈ ਕੇਂਦਰ ਤੋਂ ਵਿਸੇਸ਼ ਪੈਕੇਜ ਦੀ ਮੰਗ ਕੀਤੀ ਹੈ।

ਜ਼ਿਕਰਯੋਗ ਹੈ ਕਿ ਕੇਵਲ ਪੰਜਾਬ ਦੇ ਮੁੱਖ ਮੰਤਰੀ ਦੀ ਪਤਨੀ ਹੀ ਨਹੀਂ ਬਲਕਿ ਇਸ ਖੇਤਰ ਦਾ ਇਕ ਵਿਧਾਇਕ ਵੀ ਕੈਂਸਰ ਦੇ ਇਲਾਜ ਲਈ ਅਮਰੀਕਾ ਦੇ ਇਕ ਹਸਪਤਾਲ 'ਚ ਦਾਖਲ ਹੈ। ਬਠਿੰਡਾ ਤੋਂ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਰੇਲਵੇ ਮੰਤਰੀ ਮਮਤਾ ਬੈਨਰਜੀ ਨੂੰ ਕਿਹਾ ਹੈ ਕਿ ਨਵੀਂ ਦਿੱਲੀ ਤੋਂ ਸ੍ਰੀਗੰਗਾਨਗਰ ਇਲਾਜ ਲਈ ਜਾਂਦੇ ਲੋਕਾਂ ਲਈ ਵਿਸ਼ੇਸ਼ ਕੈਂਸਰ ਕੋਟਾ ਬੰਦ ਨਾ ਕੀਤਾ ਜਾਵੇ। ਇਸ ਖਿੱਤੇ ਦੇ ਸੀਨੀਅਰ ਕਾਂਗਰਸੀ ਆਗੂਆਂ ਦਾ ਇਕ ਵਫਦ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮਿਲ ਕੇ ਵੀ ਮੰਗ ਕਰ ਚੁੱਕਿਆ ਹੈ ਕਿ ਇਸ ਇਲਾਕੇ 'ਚ ਵਿਸ਼ੇਸ਼ ਇਲਾਜ ਕੇਂਦਰ ਖੋਲ੍ਹੇ ਜਾਣ। ਹਰਸਿਮਰਤ ਕੌਰ ਬਾਦਲ ਨੇ ਰੇਲ ਮੰਤਰੀ ਮਮਤਾ ਬੈਨਰਜੀ ਨੂੰ ਪੱਤਰ ਲਿਖ ਕੇ ਰੇਲਵੇ ਵਲੋਂ ਕੈਂਸਰ ਦੇ ਮਰੀਜ਼ਾਂ ਤੇ ਉਨ੍ਹਾਂ ਦੀ ਤੀਮਾਰਦਾਰੀ ਕਰਨ ਵਾਲਿਆਂ ਲਈ ਇਲਾਜ ਕਰਾਉਣ ਜਾਣ ਵਾਸਤੇ ਰਾਖਵਾਂ ਕੋਟਾ ਬੰਦ ਕਰਨ ਦਾ ਵਿਰੋਧ ਕੀਤਾ ਹੈ। ਪੱਤਰ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਇਹ ਸੰਕਟਕਾਲੀ ਕੋਟਾ ਲਾਗੂ ਕਰਾਉਣ ਲਈ ਬਹੁਤ ਸੰਘਰਸ਼ ਕੀਤਾ ਸੀ।

ਹਰਸਿਮਰਤ ਕੌਰ ਬਾਦਲ ਤੇ ਕਾਂਗਰਸੀ ਆਗੂਆਂ, ਦੋਵੇਂ ਧਿਰਾਂ ਨੇ ਇਲਾਕੇ 'ਚ ਧਰਤੀ ਹੇਠਲੇ ਮਾੜੇ ਪਾਣੀ ਨੂੰ ਇਸ ਦੇ 'ਕੈਂਸਰ ਪੱਟੀ' ਬਣ ਜਾਣ ਲਈ ਜ਼ਿੰਮੇਵਾਰ ਕਿਹਾ ਹੈ। ਹਰਸਿਮਰਤ ਕੌਰ ਬਾਦਲ ਅਨੁਸਾਰ ਰੇਲਵੇ ਨੂੰ ਨਵੀਂ ਦਿੱਲੀ-ਦਿੱਲੀ-ਬਠਿੰਡਾ ਸ਼ਤਾਬਦੀ ਸ਼ੁਰੂ ਕਰਨ ਦੇ ਨਾਲ-ਨਾਲ ਵਰਤਮਾਨ ਰੇਲਾਂ ਨਾਲ ਹੋਰ ਡੱਬੇ ਜੋੜਨੇ ਚਾਹੀਦੇ ਸਨ, ਬਲਕਿ ਇਹਦੀ ਥਾਂ ਰੇਲਵੇ ਵਲੋਂ ਕੈਂਸਰ ਦੇ ਮਰੀਜ਼ਾਂ ਲਈ ਰਾਖਵੇਂ ਕੋਟੇ 'ਚ ਵੀ ਕਟੌਤੀ ਕੀਤੀ ਜਾ ਰਹੀ ਹੈ। ਰੇਲਵੇ ਬੋਰਡ ਵਲੋਂ 19 ਮਈ ਨੂੰ ਜਾਰੀ ਨੋਟੀਫਿਕੇਸ਼ਨ ਅਨੁਸਾਰ ਕੈਂਸਰ ਦੇ ਮਰੀਜ਼ਾਂ ਲਈ ਸਲੀਪਰ ਕਲਾਸ 'ਚ ਸਿਰਫ ਚਾਰ ਬਰਥਾਂ, ਏ.ਸੀ. ਚੇਅਰ ਕਾਰ ਤੇ ਏ.ਸੀ. ਥਰੀ ਟਾਇਰ, ਏ.ਸੀ. ਦੋ ਟਾਇਰ ਅਤੇ ਫਸਟ ਕਲਾਸ 'ਚ ਦੋ ਦੋ ਬਰਥਾਂ ਰਾਖਵੀਆਂ ਰੱਖੀਆਂ ਗਈਆਂ ਹਨ, ਜਦਕਿ ਕੈਂਸਰ ਦੇ ਮਰੀਜ਼ਾਂ ਲਈ ਐਮਰਜੈਂਸੀ ਕੋਟਾ ਤੇ ਉਨ੍ਹਾਂ ਨੂੰ ਦਿੱਤੀ ਜਾਂਦੀ ਪਹਿਲੀ ਤਰਜੀਹ ਦੀਆਂ ਸਹੂਲਤਾਂ ਵਾਪਸ ਲੈ ਲਈਆਂ ਗਈਆਂ ਹਨ। ਸ੍ਰੀਮਤੀ ਬਾਦਲ ਨੇ ਰੋਸ 'ਚ ਕਿਹਾ ਕਿ ਇਹ ਕੋਟਾ ਹੁਣ ਰੇਲਵੇ ਅਧਿਕਾਰੀਆਂ, ਸਰਕਾਰੀ ਅਧਿਕਾਰੀਆਂ, ਚੁਣੇ ਹੋਏ ਪ੍ਰਤੀਨਿਧਾਂ ਤੇ ਹੋਰਾਂ ਵਲੋਂ ਵਰਤਿਆ ਜਾਇਆ ਕਰੇਗਾ।

ਕਾਂਗਰਸੀ ਵਫਦ ਨੇ ਰਾਜਪਾਲ ਨੂੰ ਦਿੱਤੇ ਆਪਣੇ ਮੈਮੋਰੰਡਮ 'ਚ ਕਿਹਾ ਕਿ ਮਾਲਵਾ ਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਦੇ ਲੋਕ ਧਰਤੀ ਹੇਠਲੇ ਦੂਸ਼ਿਤ ਪਾਣੀ ਕਾਰਨ ਕੈਂਸਰ ਜਿਹੀਆਂ ਬਿਮਾਰੀਆਂ ਤੋਂ ਪੀੜਤ ਹੋ ਰਹੇ ਹਨ। ਪਾਣੀਆਂ ਦੇ ਪਲੀਤ ਹੋਣ ਦੇ ਮੁੱਖ ਕਾਰਨ ਰਸਾਇਣਕ ਖਾਦਾਂ, ਨਦੀਨ ਤੇ ਕੀਟਨਾਸ਼ਕਾਂ ਤੇ ਹੋਰ ਰਸਾਇਣਾਂ ਦੀ ਬੇਹਿਸਾਬੀ ਵਰਤੋਂ ਹੈ। ਇਲਾਕੇ 'ਚ ਡਾਕਟਰੀ ਸਹੂਲਤਾਂ ਲਗਪਗ ਨਾਂਹ ਵਾਂਗ ਹਨ।

ਵਫਦ ਨੇ ਮੰਗ ਕੀਤੀ ਕਿ ਇਥੇ ਕੈਂਸਰ ਖੋਜ ਤੇ ਮੈਡੀਕਲ ਸਿਖਲਾਈ ਕੇਂਦਰ ਖੋਲ੍ਹਿਆ ਜਾਵੇ ਜਿਸ 'ਚ ਰੋਗ ਦਾ ਪਤਾ ਲਾਉਣ ਦੀਆਂ ਆਧੁਨਿਕ ਸਹੂਲਤਾਂ ਤੇ ਕੈਂਸਰ ਦਾ ਛੇਤੀ ਪਤਾ ਲਾਉਣ ਵਾਲੀ ਸਾਜ਼ੋ-ਸਮੱਗਰੀ ਹੋਵੇ।

ਵਫਦ ਨੇ ਕੈਂਸਰ ਦੇ ਰੋਗ ਦਾ ਪਤਾ ਲਾਉਣ ਅਤੇ ਇਲਾਜ ਕਰਨ ਦੀਆਂ ਸਹੂਲਤਾਂ ਨਾਲ ਲੈਸ ਮੋਬਾਇਲ ਵੈਨਾਂ ਇਸ ਇਲਾਕੇ 'ਚ ਮੁਹੱਈਆ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਨੇ ਮਾਨਸਾ ਨੂੰ ਕੈਂਸਰ ਪੀੜਤ ਕਰਾਰ ਦੇ ਕੇ ਕੇਂਦਰੀ ਤੇ ਰਾਜ ਸਰਕਾਰਾਂ ਵਲੋਂ ਜ਼ਿਲ੍ਹੇ ਦੇ ਸਾਰੇ ਲੋਕਾਂ ਦਾ ਸਰਕਾਰੀ ਖਰਚੇ 'ਤੇ ਬੀਮਾ ਕਰਾਉਣ ਦੀ ਮੰਗ ਕੀਤੀ। ਹਰਸਿਮਰਤ ਕੌਰ ਬਾਦਲ ਤੇ ਕਾਂਗਰਸੀ ਆਗੂਆਂ ਨੇ ਇਸ ਇਲਾਕੇ ਦੇ ਲੋਕਾਂ ਨੂੰ ਪੀਣਯੋਗ ਸਾਫ ਸੁਥਰਾ ਪਾਣੀ ਮੁਹੱਈਆ ਕਰਾਏ ਜਾਣ ਦੀ ਵੀ ਮੰਗ ਕੀਤੀ ਤੇ ਇਸ ਸਬੰਧੀ ਆਪਣੇ ਸੁਝਾਅ ਵੀ ਦਿੱਤੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਘੱਲੂਘਾਰਾ ਦਿਵਸ ਮੌਕੇ ਗਰਮਖਿਆਲੀ ਸਿੱਖਾਂ ਵਲੋਂ ਨਾਅਰੇਬਾਜ਼ੀ

**ਅੰਮ੍ਰਿਤਸਰ :** ਸਾਕਾ ਨੀਲਾ ਤਾਰਾ ਦੀ 26ਵੀਂ ਵਰ੍ਹੇਗੰਢ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਚਰਨ ਸਿੰਘ ਨੇ ਸਿੱਖ ਕੌਮ ਦੇ ਨਾਂਅ ਜਾਰੀ ਸੰਦੇਸ਼ ਵਿਚ ਖਾਲਸਾ ਪੰਥ ਨੂੰ ਦੇਹਧਾਰੀ ਗੁਰੂ ਡੰਮ ਅਤੇ ਸਿੱਖੀ ਭੇਸ 'ਚ ਸਿੱਖੀ ਦੇ ਬਣੇ ਅਖੌਤੀ ਲੰਬੜਦਾਰਾਂ ਤੋਂ ਸੁਚੇਤ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਸਮੁੱਚੀ ਸਿੱਖ ਕੌਮ ਦੇ ਆਗੂ ਧੜੇਬੰਦੀ ਤੋਂ ਉਪਰ ਉਠ ਕੇ ਸਿੱਖਾਂ ਦੀ ਕਾਲੀ ਸੂਚੀ ਨੂੰ ਖਤਮ ਕਰਾਉਣ ਲਈ ਇਕਜੁੱਟ ਹੋ ਕੇ ਯਤਨ ਕਰਨ।

ਬੀਤੀ 6 ਜੂਨ ਨੂੰ ਇਥੇ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਸੰਗਤਾਂ ਤੇ ਧਾਰਮਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਜੂਨ 1984 'ਚ ਵਾਪਰੇ ਸਾਕਾ ਨੀਲਾ ਤਾਰਾ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਮਾਰੇ ਗਏ ਵਿਅਕਤੀਆਂ ਦੀ ਯਾਦ ਵਿਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਇਨ੍ਹਾਂ ਵਿਅਕਤੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਗਰਮ ਖਿਆਲੀ ਜਥੇਬੰਦੀਆਂ ਦੇ ਆਗੂਆਂ ਤੇ ਕਾਰਕੁੰਨਾਂ ਵਲੋਂ ਸ੍ਰੀ ਅਕਾਲ ਤਖਤ ਸਾਹਬ ਦੇ ਸਾਹਮਣੇ ਖਾਲਿਸਤਾਨ ਤੇ ਭਿੰਡਰਾਂਵਾਲੇ ਪੱਖੀ ਨਾਅਰੇ ਮਾਰੇ ਗਏ। ਇਸ ਮੌਕੇ ਗਰਮ ਖਿਆਲੀ ਆਗੂਆਂ ਵਿਚੋਂ ਸਿਮਰਨਜੀਤ ਸਿੰਘ ਮਾਨ, ਭਾਈ ਮੋਹਕਮ ਸਿੰਘ, ਹਰਪਾਲ ਸਿੰਘ ਚੀਮਾ, ਨਰਾਇਣ ਸਿੰਘ, ਭਾਈ ਮਨਜੀਤ ਸਿੰਘ ਭੋਮਾ ਆਦਿ ਵਲੋਂ ਸੰਬੋਧਨ ਵੀ ਕੀਤਾ ਗਿਆ। ਗਰਮ ਖਿਆਲੀ ਆਗੂਆਂ ਨੇ ਇਕ ਵਾਰ ਮੁੜ ਜਮਹੂਰੀ ਤਰੀਕੇ ਨਾਲ ਖਾਲਿਸਤਾਨ ਦੀ ਸਥਾਪਨਾ ਦਾ ਸੱਦਾ ਦਿੱਤਾ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਵੇਰੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਮੁੱਚੇ ਸਿੱਖ ਪੰਥ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਅਫਸੋਸ ਪ੍ਰਗਟਾਇਆ ਕਿ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨ ਮਿਲੀਆਂ ਸਜ਼ਾਵਾਂ ਤੋਂ ਵਧੇਰੇ ਸਮਾਂ ਕੱਟ ਚੁੱਕੇ ਹਨ ਪਰ ਉਨ੍ਹਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਅਤੇ ਵਿਦੇਸ਼ਾਂ 'ਚ ਬੈਠੇ ਕਈ ਨੌਜਵਾਨਾਂ ਨੂੰ ਆਪਣੇ ਘਰਾਂ ਵਿਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ, ਜਿਸ ਨਾਲ ਸਿੱਖ ਕੌਮ ਵਿਚ ਬੇਗਾਨਗੀ ਵਾਲੀ ਭਾਵਨਾ ਬਰਕਰਾਰ ਹੈ। ਉਨ੍ਹਾਂ ਕਿਹਾ ਕਿ ਜਿਥੇ ਸਿੱਖ ਖੁਸ਼ੀ ਗਮੀ ਸਮੇਂ ਸ਼ੁਕਰਾਨੇ ਦੀ ਅਰਦਾਸ ਕਰਨ ਵੇਲੇ ਸਰਬੱਤ ਦੇ ਭਲੇ ਦੀ ਮੰਗ ਕਰਦੇ ਹਨ, ਉਥੇ ਜਦੋਂ ਸਾਰੇ ਹੀਲੇ-ਵਸੀਲੇ ਖਤਮ ਹੋ ਜਾਣ ਤਾਂ ਹੱਥ ਵਿਚ ਤਲਵਾਰ ਲੈਣਾ ਵੀ ਜਾਇਜ਼ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕੌਮਾਂ ਦੇ ਸ਼ਹੀਦਾਂ ਦੀਆਂ ਯਾਦਗਾਰਾਂ ਬਨਾਉਣਾ ਵਾਰਸਾਂ ਦਾ ਮਨੋਰਥ ਹੁੰਦਾ ਹੈ ਪਰ ਸ਼ਹੀਦਾਂ ਦੀ ਅਸਲੀ ਯਾਦਗਾਰ ਸ਼ਹੀਦਾਂ ਦੇ ਮਾਰਗਾਂ 'ਤੇ ਚੱਲ ਕੇ ਉਨ੍ਹਾਂ ਦੇ ਮਿੱਥੇ ਨਿਸ਼ਾਨੇ ਦੀ ਪੂਰਤੀ ਕਰਨਾ ਹੋਣ ਚਾਹੀਦਾ ਹੈ ਨਾ ਕਿ ਨਿਸ਼ਾਨੇ ਦੀ ਪੂਰਤੀ ਛੱਡ ਕੇ ਸ਼ਹੀਦਾਂ ਦੀਆਂ ਸ਼ਹਾਦਤਾਂ ਨਾਲ ਰਾਜਨੀਤੀ ਕਰਨਾ। ਇਸ ਮੌਕੇ ਉਨ੍ਹਾਂ ਕਈ ਪਰਿਵਾਰਾਂ ਨੂੰ ਸਿਰਪਾਓ ਨਾਲ ਸਨਮਾਨਤ ਵੀ ਕੀਤਾ, ਜਿਨ੍ਹਾਂ ਵਿਚ ਸੰਤ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਤੇ ਹੋਰਨਾਂ ਦੇ ਪਰਿਵਾਰ ਸ਼ਾਮਲ ਸਨ।

ਇਸ ਦੌਰਾਨ ਦਲ ਖਾਲਸਾ ਵਲੋਂ '84 ਦੀ ਯਾਦਗਾਰ ਬਣਾਉਣ ਨੂੰ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਬਾਹਰ ਧਰਨੇ ਨੂੰ ਚੁਕਾਉਣ ਤੇ ਭੁੱਖ ਹੜਤਾਲ ਤੁੜਵਾਉਣ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਵੀ ਨੁਮਾਇੰਦਾ ਨਾ ਆਇਆ। ਇਸ ਕਾਰਨ ਹਾਰ ਕੇ ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਵਲੋਂ ਕੜਾਹ ਪ੍ਰਸ਼ਾਦਿ ਖੁਆ ਕੇ ਸਤਨਾਮ ਸਿੰਘ ਪਾਉਂਟਾ ਸਾਹਿਬ ਨੂੰ ਭੁੱਖ ਹੜਤਾਲ ਤੋਂ ਉਠਾਇਆ ਗਿਆ। ਇਸਦੇ ਬਾਵਜੂਦ ਵੀ ਦਲ ਖਾਲਸਾ ਨੇ ਅਹਿਦ ਕੀਤਾ ਕਿ ਜਿੰਨਾ ਚਿਰ ਘੱਲੂਘਾਰੇ ਦੀ ਯਾਦਗਾਰ ਬਣ ਨਹੀਂ ਜਾਂਦੀ, ਤਦ ਤੱਕ ਜਥੇਬੰਦੀ ਆਪਣਾ ਸੰਘਰਸ਼ ਜਾਰੀ ਰਖੇਗੀ। ਜਥੇਬੰਦੀ ਨੇ ਇਹ ਵੀ ਕਿਹਾ ਕਿ ਯਾਦਗਾਰ ਬਣਾਉਣ ਲਈ ਜੂਨ ਦੇ ਅਖੀਰਲੇ ਹਫਤੇ ਪੰਥਕ ਜਥੇਬੰਦੀਆਂ ਦੀ ਇਕੱਤਰਤਾ ਬੁਲਾਈ ਜਾਵੇਗੀ, ਜਿਸ 'ਚ ਸਾਂਝੀ ਰਣਨੀਤੀ ਤਹਿ ਕੀਤੀ ਜਾਵੇਗੀ।

ਯਾਦਗਾਰ ਬਣਾਉਣ ਲਈ ਦਲ ਖਾਲਸਾ ਨੇ ਆਪਣੇ 72 ਘੰਟੇ ਦੇ ਪ੍ਰੋਗਰਾਮ ਦੀ ਸਮਾਪਤੀ ਬੀਤੀ 6 ਜੂਨ ਨੂੰ 11 ਵਜੇ ਅਕਾਲ ਤਖਤ ਸਾਹਿਬ ਵਿਖੇ ਅਰਦਾਸ ਕਰ ਕੇ ਕੀਤੀ। ਦਲ ਖਾਲਸਾ ਦੇ ਸੀਨੀਅਰ ਆਗੂ ਸਤਿਨਾਮ ਸਿੰਘ ਪਾਉਂਟਾ ਸਾਹਿਬ ਜੋ ਪਿਛਲੇ 72 ਘੰਟਿਆਂ ਤੋਂ ਭੁੱਖ ਹੜਤਾਲ ਉਤੇ ਸਨ, ਨੂੰ ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੇ ਕੜਾਹ ਪ੍ਰਸ਼ਾਦਿ ਦੀ ਦੇਗ ਛਕਾ ਕੇ ਭੁੱਖ ਹੜਤਾਲ ਸਮਾਪਤ ਕਰਵਾਈ।

ਦਲ ਖਾਲਸਾ ਦੇ ਇਸ ਪ੍ਰੋਗਰਾਮ ਨੂੰ ਸਮਰਥਨ ਦੇਣ ਅਤੇ ਸਤਿਨਾਮ ਸਿੰਘ ਦੀ ਹੌਸਲਾ ਅਫਜ਼ਾਈ ਕਰਨ ਲਈ ਬੀਤੀ 6 ਜੂਨ ਦੀ ਸ਼ਾਮ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਦੀ ਧਰਮ ਪਤਨੀ ਬੀਬੀ ਹਰਮੀਤ ਕੌਰ ਅਤੇ ਸਪੁੱਤਰ ਤਰਲੋਚਨ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਧਿਆਨ ਸਿੰਘ ਮੰਡ ਨੇ ਵੀ ਆਪਣੀ ਹਾਜ਼ਰੀ ਲਵਾਈ। ਭੁੱਖ ਹੜਤਾਲ ਦੀ ਸਮਾਪਤੀ ਮਗਰੋਂ ਸ. ਸਤਿਨਾਮ ਸਿੰਘ ਪਾਉਂਟਾ ਸਾਹਿਬ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਆਖਿਆ ਕਿ ਸ਼੍ਰੋਮਣੀ ਕਮੇਟੀ ਨੂੰ ਪੰਥ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਯਾਦਗਾਰ ਫੌਰੀ ਤੌਰ 'ਤੇ ਬਣਾ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਇਸ ਸੰਵੇਦਨਸ਼ੀਲ ਮੁੱਦੇ ਪ੍ਰਤੀ ਰਾਜਨੀਤੀ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਮੌਕਾਪ੍ਰਸਤੀ ਕਾਰਨ ਉਨ੍ਹਾਂ ਨੂੰ ਇਸ ਕੌਮੀ ਮੰਗ ਨੂੰ ਮਨਵਾਉਣ ਲਈ ਸੰਘਰਸ਼ ਦੇ ਰਾਹ ਤੁਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦੀ ਯਾਦਗਾਰ ਲਈ ਹਮ-ਖਿਆਲੀ ਜਥੇਬੰਦੀਆਂ ਨਾਲ ਮਿਲ ਕੇ ਪ੍ਰੋਗਰਾਮਾਂ ਦੀ ਲੰਬੀ ਲੜੀ ਤੋਰੀ ਜਾਵੇਗੀ ਅਤੇ ਉਨਾ ਚਿਰ ਟਿਕ ਕੇ ਨਹੀਂ ਬੈਠਣਗੇ ਜਦ ਤੱਕ ਸ਼੍ਰੋਮਣੀ ਕਮੇਟੀ ਸ਼ਹੀਦੀ ਯਾਦਗਾਰ ਨਹੀਂ ਬਣਾ ਦਿੰਦੀ। ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਤਸੱਲੀ ਪ੍ਰਗਟਾਉਂਦਿਆਂ ਆਖਿਆ ਕਿ ਸਾਡੇ ਪ੍ਰੋਗਰਾਮ ਨੂੰ ਗਲਤ ਰੰਗਤ ਦੇਣ ਵਾਲਿਆਂ ਦੀਆਂ ਫੈਲਾਈਆਂ ਸਭ ਅਫਵਾਹਾਂ ਝੂਠੀਆਂ ਸਾਬਿਤ ਹੋਈਆਂ ਹਨ। ਜਥੇਦਾਰ ਮੱਕੜ ਦੀ ਬਿਆਨਬਾਜ਼ੀ ਉਤੇ ਕੋਈ ਵੀ ਟਿੱਪਣੀ ਕਰਨੋਂ ਇਨਕਾਰ ਕਰਦਿਆਂ ਸ. ਕੰਵਰਪਾਲ ਸਿੰਘ ਨੇ ਕਿਹਾ ਕਿ ਜੇ ਲੋੜ ਪਈ ਤਾਂ ਯਾਦਗਾਰ ਬਣਾਉਣ ਲਈ ਉਹ ਸੁਖਬੀਰ ਸਿੰਘ ਬਾਦਲ ਨੂੰ ਵੀ ਮਿਲਣਗੇ ਜਿਨ੍ਹਾਂ ਦੇ ਹੱਥਾਂ ਵਿਚ ਸ਼੍ਰੋਮਣੀ ਕਮੇਟੀ ਦੀ ਅਸਲ ਵਾਗਡੋਰ ਹੈ। ਅਰਦਾਸ ਮੌਕੇ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਹਰਪਾਲ ਸਿੰਘ ਚੀਮਾ, ਕੁਲਬੀਰ ਸਿੰਘ ਬੜਾ ਪਿੰਡ, ਅਕਾਲੀ ਦਲ (ਯੂ.ਕੇ.) ਤੇ ਹੋਰ ਹਾਜ਼ਰ ਸਨ।

## ਪ੍ਰਮਾਣੂ ਸੁਰੱਖਿਆ ਬਿਲ ਵਿਚਾਰਨਯੋਗ

**ਨਵੀਂ ਦਿੱਲੀ:** ਭੁਪਾਲ ਗੈਸ ਦੁਖਾਂਤ ਦੇ ਸੰਦਰਭ 'ਚ ਭਾਰਤ ਸਰਕਾਰ ਵਲੋਂ ਜੋ ਪ੍ਰਮਾਣੂ ਸੁਰੱਖਿਆ ਬਿਲ ਪੇਸ਼ ਕੀਤਾ ਜਾ ਰਿਹਾ ਹੈ, ਉਸ ਦਾ ਜ਼ਿਕਰ ਕਰਨਾ ਬਣਦਾ ਹੈ। ਇਸ ਬਿਲ, ਜਿਸ ਦਾ ਸਾਰੀਆਂ ਪ੍ਰਮੁੱਖ ਵਿਰੋਧੀ ਪਾਰਟੀਆਂ ਵਿਰੋਧ ਕਰ ਰਹੀਆਂ ਹਨ, 'ਚ ਭਾਰਤ ਨੂੰ ਪ੍ਰਮਾਣੂ ਰਿਐਕਟਰ ਸਪਲਾਈ ਕਰਨ ਵਾਲੀਆਂ ਵਿਦੇਸ਼ੀ ਕੰਪਨੀਆਂ ਦੀ ਹਾਦਸੇ ਦੇ ਸਮੇਂ ਦੇਣਦਾਰੀ ਨਿਸ਼ਚਿਤ ਕੀਤੀ ਗਈ ਹੈ। ਭਾਰਤ ਸਰਕਾਰ ਨੇ ਵਿਦੇਸ਼ੀ ਕੰਪਨੀਆਂ ਨੂੰ ਪ੍ਰਮਾਣੂ ਹਾਦਸਾ ਹੋ ਜਾਣ ਦੇ ਮਾਮਲੇ 'ਚ ਸਿਰਫ 500 ਕਰੋੜ ਰੁਪਏ ਤੱਕ ਦੀ ਜ਼ਿੰਮੇਵਾਰੀ ਚੁੱਕਣ ਦੀ ਤਜਵੀਜ਼ ਰੱਖੀ ਹੈ।

ਜੇਕਰ ਪ੍ਰਮਾਣੂ ਰਿਐਕਟਰਾਂ 'ਚੋਂ ਰੇਡੀਏਸ਼ਨ ਨਾਲ ਬੇਗੁਨਾਹ ਨਾਗਰਿਕਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ ਤੇ ਦੇਸ਼ ਦੀ ਹਵਾ ਤੇ ਪਾਣੀ 'ਤੇ ਦੁਰਪ੍ਰਭਾਵ ਪੈਂਦਾ ਹੈ ਤਾਂ ਵਿਦੇਸ਼ੀ ਕੰਪਨੀ ਨੂੰ ਬਹੁਤਾ ਨੁਕਸਾਨ ਨਹੀਂ ਉਠਾਉਣਾ ਪਵੇਗਾ। ਉਹ ਬਹੁਤ ਤੁੱਛ ਜਿਹੀ ਰਾਸ਼ੀ ਨਾਲ ਸੁਰਖਰੂ ਹੋ ਸਕਦੀ ਹੈ। ਭਾਰਤ ਸਰਕਾਰ ਵੀ ਅਜਿਹੇ ਹਾਦਸੇ ਸਮੇਂ ਸਿਰਫ 2000 ਕਰੋੜ ਰੁਪਏ ਤੱਕ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਜ਼ਿੰਮੇਵਾਰ ਹੋਵੇਗੀ। ਯੂ ਪੀ ਏ ਦੀ ਮੌਜੂਦਾ ਸਰਕਾਰ ਦੀ ਇਹ ਬਹੁਤ ਸੰਵੇਦਨਾਹੀਣ ਸੋਚ ਹੈ। ਮਨੁੱਖੀ ਜਾਨਾਂ ਤੇ ਦੇਸ਼ ਦੇ ਵਾਤਾਵਰਨ ਨਾਲ ਜੇਕਰ ਕੋਈ ਵਿਦੇਸ਼ੀ ਕੰਪਨੀ ਖਿਲਵਾੜ ਕਰਦੀ ਹੈ ਤਾਂ ਉਹ ਯੂਨੀਅਨ ਕਾਰਬਾਈਡ ਦੀ ਤਰ੍ਹਾਂ ਪੱਤਰਾ ਵਾਚ ਸਕਦੀ ਹੈ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਕਾਂਗਰਸੀ ਵਿਧਾਇਕ ਦਾ ਕਾਕਾ ਕੁੜੀਆਂ ਛੇੜਦਾ ਫੜਿਆ**

-ਕਾਕੇ ਨੇ ਕੁੜੀਆਂ ਛੇੜਨ ਵਾਲਾ ਲਾਇਸੈਂਸ ਨਹੀਂ ਵਿਖਾਇਆ ਹੋਣਾ।

***ਸਰਹੱਦੀ ਨੌਜਵਾਨਾਂ ਲਈ ਪਾਕਿ ਕਬੂਤਰ ਬਣੇ ਰੁਜ਼ਗਾਰ ਦਾ ਸਾਧਨ**

-ਲੀਡਰਾਂ ਨੇ ਉਜਾੜਾ ਈ ਅਜਿਹਾ ਪਾਇਐ ਕਿ ਭਵਿੱਖ 'ਚ ਪੰਜਾਬ ਵਿਚ ਕਬੂਤਰ ਹੀ ਉਡਣਗੇ।

***ਪੰਜਾਬ 'ਚ ਮ੍ਰਿਤਕ ਵੀ ਲੈਂਦੇ ਹਨ ਪੈਨਸ਼ਨ**

-ਵਿਕਾਸ ਦਾ ਹੜ੍ਹ ਜੁ ਆਇਆ ਹੋਇਐ!

***17 ਕਿਸਾਨ ਮਜ਼ਦੂਰ ਜਥੇਬੰਦੀਆਂ ਨੇ ਮੋਗਾ ਵਿਚ ਕੀਤੀ ਸੰਗਰਾਮ ਰੈਲੀ**

-ਸੰਗਰਾਮੀਆਂ ਦੀਆਂ ਮਸ਼ਕਾਂ ਬੰਨ੍ਹਣ ਲਈ ਹੀ ਤਾਂ ਸਰਕਾਰ ਅਗਾਊਂ ਨਕਸਲਵਾਦ ਦਾ ਹਊਆ ਖੜ੍ਹਆ ਕਰਨ ਡਹੀ ਐ।

***ਤਿੱਬਤ ਲਈ ਖੁਦਮੁਖਤਿਆਰੀ ਚਾਹੀਦੀ ਐ, ਆਜ਼ਾਦੀ ਨਹੀਂ-ਦਲਾਈਲਾਮਾ**

-ਗੁਲਾਮੀ ਨਾਲ ਮੋਹ ਪੈ ਗਿਆ ਲੱਗਦੈ।

***ਹੁਣ ਆਰਮਜ਼ ਲਾਇਸੈਂਸ ਰੀਨਿਊ ਕਰਵਾਉਣ ਵੇਲੇ ਵੀ ਕਰਵਾਉਣੀ ਪਵੇਗੀ ਪੁਲਿਸ ਜਾਂਚ**


-ਹੋਰ ਪੰਜ ਹਜ਼ਾਰ ਨੂੰ ਥੁੱਕ ਲੱਗਿਆ ਕਰੂ।

***ਕੈਪਟਨ ਆਪ ਨਹੀਂ ਬੋਲਦਾ ਉਹਦੇ 'ਚੋਂ ਸੋਨੀਆ ਗਾਂਧੀ ਬੋਲਦੀ ਐ-ਅਜੀਤ ਸਿੰਘ ਕਹਾੜ**

-ਜਿਵੇਂ ਬਾਦਲਕਿਆਂ 'ਚੋਂ ਭਾਜਪਾ ਬੋਲਦੀ ਐ?

# 84 ਦੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਜੈਕ ਲੇਟਨ ਦੇ ਹਾਅ ਦੇ ਨਾਅਰੇ ਦੀ ਜ਼ੋਰਦਾਰ ਪ੍ਰਸ਼ੰਸਾ

**ਵੈਨਕੂਵਰ:** ਕੈਨੇਡਾ ਦੇ ਕੌਮੀ ਆਗੂ ਤੇ ਵਿਰੋਧੀ ਧਿਰ ਨਿਊ ਡੈਮੋਕਰੈਟਿਕ ਪਾਰਟੀ ਦੇ ਕੌਮੀ ਮੁੱਖੀ ਜੈਕ ਲੇਟਨ ਨੇ 26 ਸਾਲ ਪਹਿਲਾਂ ਨਵੰਬਰ 1984 ਵਿਚ ਹਜ਼ਾਰਾਂ ਹੀ ਬੇਕਸੂਰ ਸਿੱਖਾਂ ਦੇ ਕੀਤੇ ਗਏ ਕਤਲੇਆਮ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਤੇ ਕਿਹਾ ਕਿ 1984 ਦਾ ਸਿੱਖ ਕਤਲੇਆਮ ਅਭੁੱਲ ਦਰਦਨਾਕ ਘਟਨਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਸਿੱਖ ਭਾਈਚਾਰੇ ਨਾਲ ਹੋਰਨਾਂ ਕੈਨੇਡੀਅਨਾਂ ਵਾਂਗ ਇਨਸਾਫ ਲਈ ਖੜੇ ਹਾਂ। ਉਨ੍ਹਾਂ ਵਲੋਂ ਮਾਰੇ ਗਏ ਇਸ ਹਾਅ ਦੇ ਨਾਅਰੇ ਦੀ ਕੌਮੀ ਮੁੱਨੁਖੀ ਅਧਿਕਾਰ ਸੰਸਥਾ ਤੇ ਨਵੰਬਰ 84 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਕਾਫੀ ਸਮੇਂ ਤੋਂ ਜਦੋਜਹਿਦ ਕਰਦੀ ਆ ਰਹੀ ਸੰਸਥਾ ਸਿੱਖਸ ਫਾਰ ਜਸਟਿਸ ਨੇ ਇਸ ਦੀ ਖੂਬ ਪ੍ਰਸ਼ੰਸਾ ਕੀਤੀ ਤੇ ਜੈਕ ਲੇਟਨ ਵਲੋਂ ਸਿੱਖ ਭਾਈਚਾਰੇ ਨਾਲ ਪ੍ਰਗਟਾਈ ਇਕਜੁਟਤਾ ਤੇ ਸਮਰਥਨ ਦਾ ਸਵਾਗਤ ਕੀਤਾ ਹੈ।



ਜੈਕ ਲੇਟਨ

ਐਨ ਡੀ ਪੀ ਦੇ ਆਗੂ ਜੈਕ ਲੇਟਨ ਦਾ ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ 9 ਜੂਨ 2010 ਨੂੰ ਕੈਨੇਡਾ ਦੀ ਪਾਰਲੀਮੈਂਟ ਵਿਚ ਇਕ ਪਟੀਸ਼ਨ ਪੇਸ਼ ਕੀਤੀ ਜਾ ਰਹੀ ਹੈ ਤਾਂ ਜੋ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਪ੍ਰੀਵੈਨਸ਼ਨ ਐਂਡ ਪਨਿਸ਼ਮੈਂਟ ਆਫ ਦੀ ਕਰਾਈਮ ਆਫ ਜਿਨੋਸਾਈਡ 1948 'ਤੇ ਸੰਯੁਕਤ ਰਾਸ਼ਟਰ ਦੀ ਕਨਵੈਨਸ਼ਨ ਦੀ ਧਾਰਾ 2 ਤਹਿਤ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਜਾ ਸਕੇ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਕੈਨੇਡਾ ਦੇ ਕੌਮੀ ਨੇਤਾ ਜੈਕ ਲੇਟਨ ਦੇ ਬਿਆਨ ਨੇ ਮਨੁਖੀ ਹੱਕਾਂ ਦੇ ਘਾਣ ਖਿਲਾਫ ਸਪਸ਼ਟ ਸ਼ਬਦਾਂ ਵਿਚ ਦ੍ਰਿੜਤਾ ਦਰਸਾਉਂਦਿਆਂ ਉਨ੍ਹਾਂ ਕੈਨੇਡੀਅਨ ਸਿਆਸਤਦਾਨਾਂ ਨੂੰ ਹਲੂਣਾ ਦਿੱਤਾ ਹੈ ਜੋ ਸੱਚ ਆਖਣੋਂ ਕਿਨਾਰਾ ਕਰਕੇ ਛੁਪਦੇ ਵਿਖਾਈ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਲੇਟਨ ਨੇ ਇਹ ਕਹਿ ਕੇ ਸਾਥੀ ਕੈਨੇਡੀਅਨ ਸਿਆਸਤਦਾਨਾਂ ਨੂੰ ਚੇਤੇ ਕਰਵਾਇਆ ਹੈ ਕਿ ਜਦੋਂ ਅਨੇਕਾਂ ਬੇਕਸੂਰ ਲੋਕਾਂ ਦੀਆਂ ਜਾਨਾਂ ਜਾਣ 'ਤੇ ਸਰਕਾਰ ਵਲੋਂ ਕੋਈ ਜ਼ਿੰਮੇਵਾਰੀ ਜਾਂ ਜੁਆਬਦੇਹੀ ਨਾ ਹੋਵੇ ਤਾਂ ਇਸ ਗੱਲ ਲਈ ਇਕ ਤੋਂ ਬਾਅਦ ਦੂਜੀ ਜਮਹੂਰੀ ਸਰਕਾਰ ਤੱਕ ਸਾਨੂੰ ਜੁਆਬ ਮੰਗਣ ਦਾ ਪੂਰਾ ਹੱਕ ਹੈ। ਸ੍ਰੀ ਪੰਨੂ ਨੇ ਕਿਹਾ ਕਿ ਲੇਟਨ ਦਾ ਬਿਆਨ ਉਸ ਵੇਲੇ ਆਇਆ ਹੈ ਜਦੋਂ ਕੈਨੇਡਾ ਦੇ ਕੁਝ ਹੋਰ ਸਿਆਸਤਦਾਨ ਭਾਰਤ ਵਿਚ ਸਿੱਖਾਂ ਖਿਲਾਫ ਮਨੁੱਖੀ ਹੱਕਾਂ ਦੀਆਂ ਹੋਈਆਂ ਘੋਰ ਉਲੰਘਣਾਵਾਂ ਸਬੰਧੀ ਕਿਸੇ ਵੀ ਤਰ੍ਹਾਂ ਦਾ ਸਵਾਲ ਪੁੱਛਣ ਜਾਂ ਸੱਚ ਕਹਿਣ ਤੋਂ ਕਿਨਾਰਾ ਕਰਦੇ ਵਿਖਾਈ ਦਿੰਦੇ ਹਨ। ਦੱਸਣਯੋਗ ਹੈ ਕਿ 9 ਜੂਨ 2010 ਨੂੰ ਕੈਨੇਡਾ ਦੀ ਸੰਸਦ ਵਿਚ ਪੜ੍ਹੀ ਜਾਣ ਵਾਲੀ ਪਟੀਸ਼ਨ 'ਤੇ ਹਜ਼ਾਰਾਂ ਹੀ ਕੈਨੇਡੀਅਨਾਂ ਵਲੋਂ ਦਸਤਖਤ ਕੀਤੇ ਗਏ ਹਨ ਤੇ ਸਮੁੱਚੇ ਕੈਨੇਡਾ ਦੀਆਂ ਵੱਖ-ਵੱਖ ਜਥੇਬੰਦੀਆਂ ਤੇ ਗੁਰਦੁਆਰਾ ਕਮੇਟੀਆਂ ਨੇ ਇਸ ਦਾ ਸਮਰਥਨ ਕੀਤਾ ਹੈ।



## ਕਾਲੀ ਸੂਚੀ ਵਿਚ ਸ਼ਾਮਲ ਸੁੱਖੀ ਸਮੁੰਦਰੀ ਬਰੀ

**ਫਤਹਿਗੜ੍ਹ ਸਾਹਿਬ:** ਸਿੱਖਾਂ ਦੀ ਕਾਲੀ ਸੂਚੀ ਵਿਚ ਸ਼ਾਮਲ ਸ. ਸੁਖਵਿੰਦਰ ਸਿੰਘ ਉਰਫ਼ ਸੁੱਖੀ ਸਮੁੰਦਰੀ (40) ਨੂੰ ਬੀਤੀ 4 ਜੂਨ ਨੂੰ ਰੋਪੜ ਤੋਂ ਫ਼ਤਹਿਗੜ੍ਹ ਸਾਹਿਬ ਦੇ ਵਧੀਕ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮਾਮਲੇ ਦੀ ਸੁਣਵਾਈ ਤੋਂ ਬਾਅਦ ਉਨ੍ਹਾਂ ਨੂੰ ਬਰੀ ਕਰ ਦਿਤਾ।

ਵਕੀਲ ਗੁਰਪ੍ਰੀਤ ਸਿੰਘ ਸੈਣੀ ਰਾਹੀਂ ਅਦਾਲਤ ਵਿਚ ਪੇਸ਼ ਹੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਵਿਚ ਸੁੱਖੀ ਸਮੁੰਦਰੀ ਨੇ ਦਸਿਆ ਕਿ ਉਹ ਬਰੀ ਹੋ ਗਏ ਹਨ। ਸਰਕਾਰ ਉਸ ਵਿਰੁਧ ਲੱਗੇ ਦੋਸ਼ ਸਾਬਤ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਆਖ਼ਰ ਸੱਚ ਦੀ ਜਿੱਤ ਹੋਈ ਹੈ। ਸੁੱਖੀ ਜਿਸ ਕੇਸ ਵਿਚੋਂ ਬਰੀ ਹੋਇਆ ਹੈ, ਉਹ ਸਰਹਿੰਦ ਪੁਲਿਸ ਨੇ 24 ਜੂਨ, 1984 ਨੂੰ ਦੋ ਵਿਦਿਆਰਥੀਆਂ ਸੁੱਖੀ ਅਤੇ ਗੁਰਮੀਤ ਸਿੰਘ ਨਿਵਾਸੀ ਪੱਕਾ ਬਾਗ, ਰੋਪੜ ਵਿਰੁਧ ਦਰਜ ਕੀਤਾ ਸੀ।

ਜ਼ਿਕਰਯੋਗ ਹੈ ਕਿ ਸੁੱਖੀ ਵਿਰੁਧ ਫ਼ਤਹਿਗੜ੍ਹ ਸਾਹਿਬ, ਮੋਹਾਲੀ ਅਤੇ ਰੋਪੜ ਦੇ ਥਾਣਿਆਂ ਵਿਚ 1987 ਵਿਚ ਉਸ ਵੇਲੇ ਮੁਕੱਦਮੇ ਦਰਜ ਕੀਤੇ ਗਏ ਸਨ ਜਦੋਂ ਉਸ ਦੀ ਉਮਰ ਮਹਿਜ਼ 16 ਸਾਲ ਹੀ ਸੀ। ਜਨਵਰੀ, 1988 ਤੋਂ ਲੈ ਕੇ ਜੁਲਾਈ, 1989 ਤਕ ਸੁੱਖੀ ਪਟਿਆਲਾ ਜੇਲ੍ਹ ਅਤੇ ਬੁੜੈਲ ਜੇਲ ਵਿਚ ਬੰਦ ਰਹਿਣ ਉਪਰੰਤ ਜ਼ਮਾਨਤ 'ਤੇ ਰਿਹਾਅ ਹੋਇਆ ਸੀ। ਜੇਲ੍ਹ ਵਿਚ ਰਹਿੰਦਿਆਂ ਸੁੱਖੀ ਨੇ 1989 ਵਿਚ ਬੀ.ਏ. ਪਾਸ ਕੀਤੀ। ਰਿਹਾਅ ਹੋਣ ਉਪਰੰਤ ਉਸ ਨੇ ਸ਼ੀਆ ਡਿਗਰੀ ਕਾਲਜ ਲਖਨਊ ਵਿਖੇ ਐਲ.ਐਲ.ਬੀ. ਵਿਚ ਦਾਖ਼ਲਾ ਲਿਆ ਤੇ 1993 ਵਿਚ ਵਕਾਲਤ ਦੀ ਡਿਗਰੀ ਹਾਸਲ ਕਰ ਲਈ। ਇਸ ਸਮੇਂ ਦੌਰਾਨ ਸੁੱਖੀ ਦੇ ਤਿੰਨ ਸਾਥੀ ਗੁਰਮੀਤ ਸਿੰਘ ਰੋਪੜ, ਧਿਆਨ ਸਿੰਘ ਭੰਜੇੜੀ ਤੇ ਬਲਬੀਰ ਸਿੰਘ ਫ਼ੌਜੀ ਨੂੰ ਪੁਲਿਸ ਨੇ ਵੱਖ-ਵੱਖ ਥਾਵਾਂ 'ਤੇ ਹੋਏ ਮੁਕਾਬਲਿਆਂ ਵਿਚ ਮਾਰ ਦਿਤਾ ਪਰ ਸੁੱਖੀ ਕਿਸੇ ਤਰ੍ਹਾਂ ਇੰਗਲੈਂਡ ਪਹੁੰਚ ਗਿਆ। ਹੁਣ ਸੁੱਖੀ ਇੰਗਲੈਂਡ ਦਾ ਪੱਕਾ ਨਾਗਰਿਕ ਹੈ। ਫ਼ਰਵਰੀ, 2009 ਵਿਚ ਭਾਰਤ ਆ ਕੇ ਉਸ ਨੇ ਹਾਈ ਕੋਰਟ ਵਿਚ ਆਤਮ-ਸਮਰਪਣ ਕਰ ਦਿਤਾ ਸੀ।

## ਭੂੰਦੜ/ ਸੋਨੀ ਵਲੋਂ ਰਾਜ ਸਭਾ ਲਈ ਕਾਗਜ਼ ਦਾਖ਼ਲ

**ਚੰਡੀਗੜ੍ਹ:** ਪੰਜਾਬ ਰਾਜ ਲਈ ਰਾਜ ਸਭਾ ਦੀਆਂ ਖਾਲੀ ਹੋ ਰਹੀਆਂ ਦੋ ਸੀਟਾਂ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਬਲਵਿੰਦਰ ਸਿੰਘ ਭੂੰਦੜ ਅਤੇ ਕਾਂਗਰਸ ਵਲੋਂ ਸ੍ਰੀਮਤੀ ਅੰਬਿਕਾ ਸੋਨੀ ਨੇ ਬੀਤੀ 7 ਜੂਨ ਨੂੰ ਇਥੇ ਪੰਜਾਬ ਵਿਧਾਨ ਸਭਾ ਦੇ ਸਕੱਤਰ-ਕਮ-ਰਿਟਰਨਿੰਗ ਅਫਸਰ ਕੋਲ ਨਾਮਜ਼ਦਗੀ ਕਾਗਜ਼ ਦਾਖ਼ਲ ਕੀਤੇ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਾਜ ਦੀ ਮੁੱਖ ਚੋਣ ਅਧਿਕਾਰੀ ਮੈਡਮ ਕੁਸਮਜੀਤ ਸਿੱਧੂ ਨੇ ਦੱਸਿਆ ਕਿ ਨਾਮਜ਼ਦਗੀ ਕਾਗਜ਼ ਦਾਖਲ ਕਰਨ ਦੀ ਇਹ ਆਖਰੀ ਮਿਤੀ ਸੀ। ਇਨ੍ਹਾਂ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਅਤੇ ਚੋਣ ਪ੍ਰਕਿਰਿਆ 19 ਜੂਨ ਤੱਕ ਪੂਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦੋਵੇਂ ਉਮੀਦਵਾਰਾਂ ਦੇ ਮੁਕਾਬਲੇ ਕਿਸੇ ਵੀ ਵਿਅਕਤੀ ਵਲੋਂ ਕਾਗਜ਼ ਦਾਖਲ ਨਹੀਂ ਕੀਤੇ ਗਏ ਅਤੇ ਦੋਵਾਂ ਦਾ ਸਰਬਸੰਮਤੀ ਨਾਲ ਚੁਣਿਆ ਜਾਣਾ ਲਗਭਗ ਤੈਅ ਹੈ।



ਅੰਬਿਕਾ ਸੋਨੀ ਤੇ ਬਲਵਿੰਦਰ ਭੂੰਦੜ

ਭਾਜਪਾ ਵਲੋਂ ਸੀਨੀਅਰ ਵਕੀਲ ਅਤੇ ਸਾਬਕਾ ਕੇਂਦਰੀ ਮੰਤਰੀ ਰਾਮ ਜੇਠ ਮਲਾਨੀ ਨੂੰ ਰਾਜਸਥਾਨ ਤੋਂ ਰਾਜ ਸਭਾ ਚੋਣਾਂ ਲਈ ਉਮੀਦਵਾਰ ਬਣਾਇਆ ਹੈ, ਪਰ ਫਿਲਮ ਅਦਾਕਾਰਾ ਹੇਮਾ ਮਾਲਿਨੀ ਦੇ ਭਵਿੱਖ ਨੂੰ ਲੈ ਕੇ ਸਸਪੈਂਸ ਬਰਕਰਾਰ ਹੈ। ਟਿਕਟ ਦੀ ਇਕ ਹੋਰ ਦਾਅਵੇਦਾਰ ਨਜ਼ਮਾ ਹੈਪਤੁਲਾ ਹੱਥ ਨਿਰਾਸ਼ਾ ਲੱਗਣ ਦੀ ਸੰਭਾਵਨਾ ਹੈ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਉਹ ਦੋ ਵਾਰ ਰਾਜ ਸਭਾ ਮੈਂਬਰ ਰਹਿ ਚੁੱਕੀ ਹੈ ਅਤੇ ਉਨ੍ਹਾਂ ਨੂੰ ਹਾਲ 'ਚ ਹੀ ਭਾਜਪਾ ਦਾ ਮੀਤ ਪ੍ਰਧਾਨ ਬਣਾਇਆ ਗਿਆ ਹੈ।

ਸਾਬਕਾ ਮੰਤਰੀ ਰਾਮ ਜੇਠ ਮਲਾਨੀ ਨੇ ਵੀ ਹਾਲ 'ਚ ਹੀ ਭਾਜਪਾ ਪ੍ਰਧਾਨ ਨੂੰ ਪੱਤਰ ਲਿਖਿਆ ਸੀ ਕਿ ਉਹ ਭਾਜਪਾ 'ਚ ਸ਼ਾਮਲ ਹੋਣਾ ਚਾਹੁੰਦੇ ਹਨ ਅਤੇ ਮੱਧ ਪ੍ਰਦੇਸ਼ ਤੋਂ ਰਾਜ ਸਭਾ 'ਚ ਪਾਰਟੀ ਦੀ ਪ੍ਰਤੀਨਿਧਤਾ ਕਰਨਾ ਚਾਹੁੰਦੇ ਹਨ।

# ਪਾਣੀਆਂ ਦੇ ਮੁੱਦੇ 'ਤੇ ਅਕਾਲੀ-ਭਾਜਪਾ ਦੀ ਪਾਟਵੀਂ ਪਹੁੰਚ ਉਭਰੀ

**ਜਸਬੀਰ ਸਿੰਘ ਸ਼ੀਰੀ**

**ਜਲੰਧਰ:** ਅਮਰੀਕਾ ਤੋਂ ਪਰਤ ਕੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਆਪਣੀ ਪਹਿਲੀ ਟਾਲਮਟੋਲ ਵਾਲੀ ਨੀਤੀ ਨੂੰ ਤਿਆਗਦਿਆਂ ਕੁਝ ਸਖਤ ਕਿਸਮ ਦਾ ਬਿਆਨ ਦਿੱਤਾ ਹੈ ਅਤੇ ਭਾਰਤੀ ਜਨਤਾ ਪਾਰਟੀ ਨਾਲੋਂ ਆਪਣੀ ਵਿਚਾਰਧਾਰਕ ਵਖਰੇਵੇਂ ਵਾਲੀ ਪੁਜੀਸ਼ਨ ਬਕਾਇਦਾ ਸਪੱਸ਼ਟ ਕਰ ਦਿੱਤੀ ਹੈ। ਇੰਜ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਮਤਭੇਦ ਖੁੱਲ੍ਹ ਕੇ ਸਾਹਮਣੇ ਆ ਗਏ ਹਨ।

ਯਾਦ ਰਹੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਨਿਤਿਨ ਗਡਕਰੀ ਨੇ ਕੁਝ ਦਿਨ ਪਹਿਲਾਂ ਚੰਡੀਗੜ੍ਹ ਵਿਚ ਦਿੱਤੇ ਆਪਣੇ ਇਕ ਬਿਆਨ ਵਿਚ ਕਿਹਾ ਸੀ ਕਿ ਦੇਸ਼ ਦੇ ਕੁਦਰਤੀ ਸੋਮਿਆਂ ਉਪਰ ਕੇਂਦਰ ਸਰਕਾਰ ਦਾ ਅਧਿਕਾਰ ਹੋਣਾ ਚਾਹੀਦਾ ਹੈ, ਉਨ੍ਹਾਂ ਨਾਲ ਹੀ ਇਹ ਵੀ ਆਖ ਦਿੱਤਾ ਸੀ ਕਿ ਦੇਸ਼ ਦੇ ਸਮੁੱਚੇ ਦਰਿਆਵਾਂ ਨੂੰ ਜੋੜ ਕੇ ਪਾਣੀ ਦੇ ਸੋਮਿਆਂ ਦਾ ਇਕ ਸਾਂਝਾ ਨੈਟਵਰਕ ਕਾਇਮ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਮਕਸਦ ਲਈ ਦੇਸ਼ ਦੇ ਦਰਿਆਵਾਂ ਨੂੰ ਜੋੜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਗੁਜਰਾਤ ਦੀ ਦਲੀਲ ਦਿੰਦਿਆਂ ਕਿਹਾ ਸੀ ਕਿ ਅਜਿਹਾ ਕਰਨ ਨਾਲ ਜਿਥੇ ਵੱਖ-ਵੱਖ ਸੂਬਿਆਂ ਵਿਚ ਪਾਣੀ ਦੀ ਘਾਟ ਖਤਮ ਹੋਵੇਗੀ, ਉਥੇ ਖੇਤੀ ਪੈਦਾਵਾਰ ਵਿਚ ਵੀ ਵਾਧਾ ਹੋਵੇਗਾ। ਲਗਭਗ ਇਸੇ ਕਿਸਮ ਦਾ ਬਿਆਨ ਪਿਛਲੇ ਦਿਨੀਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਦਿੱਤਾ ਸੀ। ਉਨ੍ਹਾਂ ਆਪਣੇ ਇਕ ਬਿਆਨ ਵਿਚ ਆਖਿਆ ਸੀ ਕਿ ਕੇਂਦਰ ਸਰਕਾਰ ਦੇਸ਼ ਦੇ ਮੁੱਖ ਦਰਿਆਵਾਂ ਨੂੰ ਆਪਸ ਵਿਚ ਜੋੜਨ ਬਾਰੇ ਸੋਚ ਰਹੀ ਹੈ।

ਭਾਜਪਾ ਪ੍ਰਧਾਨ ਦੇ ਬਿਆਨ ਤੋਂ ਪਿੱਛੋਂ ਆਏ ਪ੍ਰਧਾਨ ਮੰਤਰੀ ਦੇ ਇਸ ਬਿਆਨ ਤੋਂ ਸਾਫ ਹੈ ਕਿ ਕਾਂਗਰਸ ਪਾਰਟੀ ਅਤੇ ਕੇਂਦਰ ਸਰਕਾਰ ਪਾਣੀਆਂ ਦੇ ਸੋਮਿਆਂ ਦੇ ਮੁੱਦੇ ਉਤੇ ਸੰਘ ਪਰਿਵਾਰ ਦੀ ਹਿੰਦੂਤਵੀ ਸੋਚ ਅੱਗੇ ਝੁਕ ਰਹੀ ਹੈ। ਇਥੇ ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਕਾਂਗਰਸ ਦੀ ਰਵਾਇਤੀ ਸੋਚ ਤੋਂ ਪਾਸੇ ਜਾਂਦਿਆਂ ਕਾਂਗਰਸ ਪਾਰਟੀ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਆਪਣੇ ਇਕ ਬਿਆਨ ਵਿਚ ਕਿਹਾ ਸੀ ਕਿ ਦੇਸ਼ ਦੇ ਦਰਿਆਵਾਂ ਨੂੰ ਜੋੜਨਾ ਮੂਰਖਤਾ ਹੋਵੇਗੀ ਅਤੇ ਅਜਿਹਾ ਕਰਨਾ ਨਾ ਤਾਂ ਦੇਸ਼ ਦੇ ਹਿੱਤ ਵਿਚ ਹੋਵੇਗਾ ਅਤੇ ਨਾ ਹੀ ਕੁਦਰਤ ਦੀ ਸਾਂਭ ਸੰਭਾਲ ਦੀ ਦ੍ਰਿਸ਼ਟੀ ਤੋਂ ਹੀ ਅਜਿਹਾ ਕਰਨਾ ਵਾਜਬ ਹੋਵੇਗਾ। ਰਾਹੁਲ ਗਾਂਧੀ ਦੇ ਉਸ ਬਿਆਨ ਤੋਂ ਜਾਪਿਆ ਸੀ ਕਿ ਦਰਿਆਈ ਪਾਣੀਆਂ ਨਾਲ ਸੰਬੰਧਿਤ ਮੁੱਦੇ ਨੂੰ ਲੈ ਕੇ ਕਾਂਗਰਸ ਪਾਰਟੀ ਨੇ ਭਾਰਤੀ ਜਨਤਾ ਪਾਰਟੀ ਨਾਲੋਂ ਬਿਲਕੁਲ ਹੀ ਉਲਟ ਪੁਜੀਸ਼ਨ ਲੈ ਲਈ ਹੈ। ਇਸੇ ਲਈ ਉਦੋਂ ਅਕਾਲੀਆਂ ਨੂੰ ਵੀ ਇਸ ਮੁੱਦੇ 'ਤੇ ਕੁਝ ਸੁਖ ਦਾ ਸਾਹ ਆਇਆ ਸੀ।

ਹੁਣ ਘੜੀ ਦੀਆਂ ਸੂਈਆਂ ਫਿਰ ਵਿਰੋਧੀ ਨੰਬਰਾਂ 'ਤੇ ਚਲੀਆਂ ਗਈਆਂ ਹਨ। ਭਾਵੇਂ ਕਾਂਗਰਸ ਪਾਰਟੀ ਦੀ ਉਚ ਲੀਡਰਸ਼ਿਪ ਨੇ ਹਾਲੇ ਤੱਕ ਦਰਿਆਈ ਨੈਟਵਰਕ ਦੇ ਮੁੱਦੇ 'ਤੇ ਖੁੱਲ੍ਹ ਕੇ ਕੁਝ ਨਹੀਂ ਕਿਹਾ ਅਤੇ ਨਾ ਹੀ ਰਾਹੁਲ ਗਾਂਧੀ ਨੇ ਆਪਣੇ ਪਹਿਲੇ ਬਿਆਨ ਨੂੰ ਸਪੱਸ਼ਟ ਰੂਪ ਵਿਚ ਰੱਦ ਕੀਤਾ ਹੈ ਪਰ ਪ੍ਰਧਾਨ ਮੰਤਰੀ ਦੇ ਬਿਆਨ ਨੂੰ ਕਾਂਗਰਸ ਪਾਰਟੀ ਦਾ ਆਫੀਸ਼ੀਅਲ ਬਿਆਨ ਸਮਝ ਲਈਏ ਤਾਂ ਸਾਫ ਹੈ ਕਿ ਇਸ ਮੁੱਦੇ ਨੂੰ ਲੈ ਕੇ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਫਿਰ ਇਕ ਪੁਜੀਸ਼ਨ ਤੇ ਚਲੀਆਂ ਗਈਆਂ ਹਨ। ਅਕਾਲੀ ਵੀ ਡਿੱਕੋ-ਡੋਲੇ ਖਾਂਦੇ ਆਪਣੀ ਪਹਿਲੀ ਪੁਜ਼ੀਸ਼ਨ ਵੱਲ ਪਰਤ ਆਏ ਹਨ।

ਅਕਾਲੀਆਂ ਦਾ ਮੁੱਢ ਤੋਂ ਹੀ ਇਹ ਸਟੈਂਡ ਰਿਹਾ ਹੈ ਕਿ ਦਰਿਆਈ ਪਾਣੀਆਂ ਦੀ ਮਾਲਕੀ ਦਾ ਨਿਪਟਾਰਾ ਰਿਪੇਰੀਅਨ ਕਾਨੂੰਨਾਂ ਅਨੁਸਾਰ ਕੀਤਾ ਜਾਵੇ। ਅਕਾਲੀ ਦਲ ਦੀ ਦਲੀਲ ਹੈ ਕਿ ਦਰਿਆ ਜਿਸ ਸਟੇਟ ਵਿਚੋਂ ਵਗਦੇ ਹਨ, ਹੜ੍ਹਾਂ ਵੇਲੇ ਉਸ ਸਟੇਟ ਦੇ ਲੋਕਾਂ ਦਾ ਹੀ ਨੁਕਸਾਨ ਕਰਦੇ ਹਨ, ਇਸ ਲਈ ਇਨ੍ਹਾਂ ਦਰਿਆਵਾਂ ਦਾ ਫਾਇਦਾ ਵੀ ਉਨ੍ਹਾਂ ਲੋਕਾਂ ਨੂੰ ਹੀ ਹੋਣਾ ਚਾਹੀਦਾ ਹੈ ਜਿਨ੍ਹਾਂ ਦਾ ਇਹ ਨੁਕਸਾਨ ਕਰਦੇ ਹਨ।

ਇੰਜ ਇਸ ਮੁੱਦੇ ਨੂੰ ਲੈ ਕੇ ਭਾਵੇਂ ਅਕਾਲੀ ਦਲ (ਬਾਦਲ) ਅਤੇ ਭਾਜਪਾ ਫਿਰ ਇਕ ਦੂਜੇ ਦੇ ਸਾਹਮਣੇ ਆ ਗਏ ਹਨ, ਪਰ ਬਾਦਲ ਨੇ ਨਾਲ ਹੀ ਇਹ ਵੀ ਆਖ ਦਿੱਤਾ ਹੈ ਕਿ ਭਾਜਪਾ ਨਾਲ ਵਿਚਾਰਧਾਰਕ ਵਖਰੇਵੇਂ ਦੇ ਬਾਵਜੂਦ ਉਨ੍ਹਾਂ ਦਾ ਪੰਜਾਬ ਸਰਕਾਰ ਲਈ ਗਠਜੋੜ ਚਲਦਾ ਰਹੇਗਾ। ਮੌਜੂਦਾ ਹਾਲਤ ਵਿਚ ਅਜਿਹਾ ਕਰਨਾ ਅਕਾਲੀ ਦਲ ਦੀ ਰਾਜਨੀਤਿਕ ਮਜਬੂਰੀ ਹੈ। ਬਾਦਲ ਨੇ ਕਿਹਾ, "ਭਾਜਪਾ ਨਾਲ ਸਾਡਾ ਸਿਆਸੀ ਗਠਜੋੜ ਹੈ ਅਤੇ ਕਈ ਗੱਲਾਂ ਬਰਦਾਸ਼ਤ ਕਰਨੀਆਂ ਪੈਂਦੀਆਂ ਹਨ।"

ਉਨ੍ਹਾਂ ਨਾਲ ਹੀ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਦਾ ਇਕ ਘੱਟੋ ਘੱਟ ਸਾਂਝਾ ਪ੍ਰੋਗਰਾਮ ਹੈ, ਉਸ 'ਤੇ ਦੋਵੇਂ ਪਾਰਟੀਆਂ ਦ੍ਰਿੜ ਹਨ। ਅਕਾਲੀ ਦਲ ਨੇ ਜਾਤ ਆਧਾਰਤ ਮਰਦਮਸ਼ੁਮਾਰੀ ਦਾ ਵੀ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਨਿਸ਼ਾਨਾ ਜਾਤਪਾਤ ਰਹਿਤ ਸਮਾਜ ਦੀ ਸਿਰਜਣਾ ਕਰਨਾ ਹੈ।

ਅਕਾਲੀ ਦਲ ਭਾਵੇਂ ਹਾਲ ਦੀ ਘੜੀ ਆਪਣੀ ਕਿਸੇ ਭਵਿੱਖੀ ਰਣਨੀਤੀ ਨੂੰ ਖੁੱਲ੍ਹ ਕੇ ਸਾਹਮਣੇ ਨਹੀਂ ਲਿਆ ਰਿਹਾ, ਪਰ ਜਾਪਦਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਤੱਕ ਅਕਾਲੀ ਦਲ (ਬਾਦਲ), ਭਾਰਤੀ ਜਨਤਾ ਪਾਰਟੀ ਨੂੰ ਤਿਆਗਣ ਅਤੇ ਬਹੁਜਨ ਸਮਾਜ ਪਾਰਟੀ ਨਾਲ ਰਸਤਾ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾ ਹੈ। ਬਾਦਲ ਦੇ ਉਪਰੋਕਤ ਬਿਆਨਾਂ ਨੂੰ ਇਸ ਸੰਦਰਭ ਵਿਚ ਹੀ ਵੇਖਣਾ ਚਾਹੀਦਾ ਹੈ।

ਇਥੇ ਇਹ ਜ਼ਿਕਰ ਵੀ ਕੁਥਾਂ ਨਹੀਂ ਹੋਵੇਗਾ ਕਿ ਐਨ.ਡੀ.ਏ. ਸਰਕਾਰ ਦੇ ਆਖਰੀ ਸਾਲ ਵਿਚ ਰਾਸ਼ਟਰਪਤੀ ਡਾ. ਏ ਪੀ ਜੇ ਅਬਦੁਲ ਕਲਾਮ ਨੇ 15 ਅਗਸਤ ਵਾਲੇ ਦਿਨ ਆਪਣੇ ਭਾਸ਼ਣ ਵਿਚ ਦੇਸ਼ ਦੇ ਦਰਿਆਵਾਂ ਨੂੰ ਜੋੜਨ ਦੀ ਵਕਾਲਤ ਕੀਤੀ ਸੀ। ਉਨ੍ਹਾਂ ਦੀ ਇਸ ਵਕਾਲਤ ਦੀ ਬਹੁਤ ਸਾਰੇ ਪਾਸਿਆਂ ਤੋਂ ਤਿੱਖੀ ਆਲੋਚਨਾ ਹੋਈ ਸੀ ਅਤੇ ਇਸ ਨੂੰ ਤੁਗਲਕੀ ਫੈਸਲੇ ਨਾਲ ਤੁਲਨਾ ਦਿੱਤੀ ਗਈ ਸੀ। ਸਾਬਕਾ ਰਾਸ਼ਟਰਪਤੀ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਅਤੇ ਉਸ ਸਮੇਂ ਦੇ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਤੋਂ ਇਲਾਵਾ ਭਾਰਤੀ ਸੁਪਰੀਮ ਕੋਰਟ ਨੇ ਵੀ ਦਰਿਆਵਾਂ ਨੂੰ ਜੋੜਨ ਦੀ ਵਕਾਲਤ ਕੀਤੀ ਸੀ। ਆਲੋਚਕਾਂ ਦਾ ਆਖਣਾ ਸੀ ਕਿ ਦਰਿਆਈ ਨੈਟਵਰਕ ਕਿਉਂਕਿ ਪਾਣੀ ਦੇ ਕੁਦਰਤੀ ਵਹਾਅ ਦੇ ਉਲਟ ਹੋਵੇਗਾ, ਇਸ ਲਈ ਹੜ੍ਹ, ਸੇਮ ਅਤੇ ਗਰੀਬ ਲੋਕਾਂ ਦਾ ਉਜਾੜਾ ਹੋਰ ਵਧ ਜਾਵੇਗਾ।

# ਭਾਰਤ-ਅਮਰੀਕਾ ਵਲੋਂ ਰਿਸ਼ਤੇ ਨਿੱਘੇ ਕਰਨ ਦਾ ਅਹਿਦ

**ਵਾਸ਼ਿੰਗਟਨ :** ਭਾਰਤ ਅਤੇ ਅਮਰੀਕਾ ਵਿਚਾਲੇ ਪਹਿਲੀ ਵਿਦੇਸ਼ ਮੰਤਰੀ ਪੱਧਰੀ ਰਣਨੀਤਕ ਗੱਲਬਾਤ ਬੀਤੀ 4 ਜੂਨ ਨੂੰ ਮੁਕੰਮਲ ਹੋ ਗਈ, ਜਿਸ ਵਿਚ ਆਪਸੀ ਹਿੱਤਾਂ ਅਤੇ ਕੌਮਾਂਤਰੀ ਸਥਿਰਤਾ ਲਈ ਸਭ ਤੋਂ ਪੁਰਾਣੇ ਅਤੇ ਸਭ ਤੋਂ ਵੱਡੇ ਲੋਕਤੰਤਰਾਂ ਨੇ ਆਪਸੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਦਾ ਦ੍ਰਿੜ ਸੰਕਲਪ ਲਿਆ ਹੈ। ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਤੇ ਭਾਰਤੀ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਵਿਚਾਲੇ ਰਣਨੀਤਕ ਗੱਲਬਾਤ ਖਤਮ ਹੋਣ ਤੋਂ ਬਾਅਦ ਜਾਰੀ ਇੱਕ ਸਾਂਝੇ ਬਿਆਨ ਵਿਚ ਕਿਹਾ ਗਿਆ ਕਿ ਅਮਰੀਕਾ ਤੇ ਭਾਰਤ ਨੇ ਆਪਸੀ ਹਿੱਤਾਂ, ਵਿਸ਼ਵੀ ਸ਼ਾਂਤੀ, ਸਥਿਰਤਾ, ਆਰਥਿਕ ਵਿਕਾਸ ਅਤੇ ਸੰਪੰਨਤਾ ਲਈ ਦੋਹਾਂ ਦੇਸ਼ਾਂ ਵਿਚਾਲੇ ਵਪਾਰ ਤੋਂ ਵਪਾਰ ਅਤੇ ਸਰਕਾਰ ਤੋਂ ਸਰਕਾਰ ਵਿਚਲੇ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ ਦਾ ਸੰਕਲਪ ਲਿਆ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਦੋਹਾਂ ਦੇਸ਼ਾਂ ਦੀ ਸਾਂਝੇਦਾਰੀ ਆਪਸੀ ਬਰਾਬਰੀ ਦੀ ਮਜ਼ਬੂਤ ਨੀਂਹ, ਸੁਰੱਖਿਆ ਅਤੇ ਆਰਥਿਕ ਹਿੱਤਾਂ 'ਤੇ ਟਿਕੀ ਹੋਈ ਹੈ। ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਿਹੜੇ ਦਿਸ਼ਾ ਨਿਰਦੇਸ਼ਕ ਸਿਧਾਂਤਾਂ 'ਤੇ ਦੋਹਾਂ ਦੇਸ਼ਾਂ ਨੇ ਲੋਕਤੰਤਰ, ਆਪਸੀ ਸਨਮਾਨ, ਨਿੱਜੀ ਸੁਤੰਤਰਤਾ ਤੇ ਕਾਨੂੰਨ ਦੇ ਸ਼ਾਸਨ ਦੀ ਸਥਾਪਨਾ ਕੀਤੀ ਹੈ, ਉਹ ਭਾਰਤ-ਅਮਰੀਕਾ ਦੇ ਸਬੰਧਾਂ ਨੂੰ ਮਜ਼ਬੂਤ ਬਣਾਉਂਦੇ ਹਨ।

**ਭਾਰਤ-ਅਮਰੀਕਾ ਰਣਨੀਤਿਕ ਗੱਲਬਾਤ ਦੇ ਸਿੱਟੇ**

ਬਿਆਨ ਵਿਚ ਅਗੇ ਕਿਹਾ ਗਿਆ ਹੈ ਕਿ ਭਾਰਤ-ਅਮਰੀਕਾ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ 'ਤੇ ਇੱਕ ਦੂਜੇ ਦੀ ਸਲਾਹ ਲੈਂਦਿਆਂ ਇੱਕ ਦੂਜੇ ਦੇ ਹਿੱਤਾਂ ਪ੍ਰਤੀ ਸੰਵੇਦਨਸ਼ੀਲ ਰਹਿਣਗੇ। ਬਿਆਨ ਅਨੁਸਾਰ ਦੋਹਾਂ ਦੇਸ਼ਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਸ਼ਾਸਨ ਪ੍ਰਨਾਲੀ ਨਾਲ ਸਬੰਧਤ ਕੌਮਾਂਤਰੀ ਸੰਸਥਾਵਾਂ ਵਿਚ ਸਪੱਸ਼ਟਤਾ ਨਜ਼ਰ ਆਉਣੀ ਚਾਹੀਦੀ ਹੈ ਤਾਂ ਕਿ ਨਵੀਂ ਸਦੀ ਦੀਆਂ ਚੁਣੌਤੀਆਂ ਨਾਲ ਨਜਿੱਠਿਆ ਜਾ ਸਕੇ। ਦੋਵਾਂ ਦੇਸ਼ਾਂ ਦੇ ਆਗੂਆਂ ਨੇ ਸਾਂਝੇ ਬਿਆਨ ਵਿਚ ਕਿਹਾ ਕਿ, "ਕੌਮਾਂਤਰੀ ਸੁਰੱਖਿਆ ਅਤੇ ਸਥਿਰਤਾ ਦੇ ਮੁੱਦਿਆਂ ਤੋਂ ਇਲਾਵਾ ਦੋਹਾਂ ਦੇਸ਼ਾਂ ਨੇ ਇਸ ਗੱਲ ਨੂੰ ਮਾਨਤਾ ਦਿੱਤੀ ਹੈ ਕਿ ਉਨ੍ਹਾਂ ਕੋਲ ਵਪਾਰ ਜਾਂ ਨਿਵੇਸ਼, ਵਿਗਿਆਨ ਅਤੇ ਤਕਨੀਕੀ ਢਾਂਚਾਗਤ ਨਿਵੇਸ਼ ਤੇ ਗਲੋਬਲ ਵਾਰਮਿੰਗ ਬਾਰੇ ਠੋਸ ਫੈਸਲੇ ਲੈਣ ਲਈ ਵੱਡੇ ਪੱਧਰ 'ਤੇ ਮੌਕੇ ਉਪਲਬਧ ਹਨ।"

ਦੋਹਾਂ ਆਗੂਆਂ ਨੇ ਅਮਰੀਕਾ ਤੇ ਭਾਰਤ ਵਿਚ ਹੁਣੇ ਵਾਪਰੀਆਂ ਘਟਨਾਵਾਂ 'ਤੇ ਗਹਿਰੀ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਦਹਿਸ਼ਤਵਾਦ ਤੇ ਹਿੰਸਾ ਦੀ ਕੋਈ ਸੀਮਾ ਨਹੀਂ ਹੈ ਜੋ ਕੌਮਾਂਤਰੀ ਅਤੇ ਸਥਾਨਕ ਸੁਰੱਖਿਆ ਲਈ ਖਤਰਾ ਹੈ।

ਦੋਵਾਂ ਹੀ ਆਗੂਆਂ ਨੇ ਦਹਿਸ਼ਤਵਾਦ ਦੇ ਟਿਕਾਣਿਆਂ ਨੂੰ ਖਤਮ ਕਰਨ ਲਈ ਠੋਸ ਕਦਮ ਚੁੱਕਣ ਦਾ ਸੱਦਾ ਦਿੰਦਿਆਂ ਦਹਿਸ਼ਤਵਾਦ ਖਿਲਾਫ਼ ਕੌਮਾਂਤਰੀ ਅਤੇ ਆਮ ਸਹਿਮਤੀ ਬਣਾਉਣ ਅਤੇ ਕਾਨੂੰਨ ਦੇ ਸ਼ਾਸਨ ਨੂੰ ਮਜ਼ਬੂਤ ਕਰਨ ਦਾ ਸੰਕਲਪ ਲਿਆ। ਦੁਵੱਲੇ ਸਬੰਧਾਂ ਵਿਚ ਸਿੱਖਿਆ, ਵਿਗਿਆਨ ਅਤੇ ਤਕਨੀਕ ਦੇ ਹਾਂ-ਪੱਖੀ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਭਾਰਤ 'ਚ ਉਚ ਸਿੱਖਿਆ ਤੇ ਪੇਸ਼ੇਵਰ ਕੋਰਸਾਂ ਦੇ ਖੇਤਰ ਵਿਚ ਜਾਰੀ ਸੁਧਾਰਾਂ ਦੇ ਸੰਦਰਭ ਵਿਚ ਅਮਰੀਕੀ ਯੂਨੀਵਰਸਿਟੀਆਂ ਦੀ ਹਿੱਸੇਦਾਰੀ ਸਮੇਤ ਵਿਦਿਅਕ ਅਦਾਨ-ਪ੍ਰਦਾਨ ਤੇ ਸਹਿਯੋਗ ਨੂੰ ਮਜ਼ਬੂਤ ਕਰਨ ਦੀਆਂ ਵਿਆਪਕ ਸੰਭਾਵਨਾਵਾਂ ਦਾ ਜ਼ਿਕਰ ਕੀਤਾ। ਇਸੇ ਦੌਰਾਨ ਹਿਲੇਰੀ ਕਲਿੰਟਨ ਨੇ ਪ੍ਰਮਾਣੂ ਊਰਜਾ ਹਿੱਸੇਦਾਰੀ ਲਈ ਪ੍ਰਮਾਣੂ ਊਰਜਾ ਕੌਮਾਂਤਰੀ ਕੇਂਦਰ ਸਥਾਪਤ ਕਰਨ ਸਬੰਧੀ ਭਾਰਤ ਦੇ ਐਲਾਨ ਦਾ ਸੁਆਗਤ ਵੀ ਕੀਤਾ। ਗੱਲਬਾਤ ਦੌਰਾਨ ਕ੍ਰਿਸ਼ਨਾ ਤੇ ਹਿਲੇਰੀ ਨੇ ਸਮੁੱਚੇ ਏਸ਼ੀਆ ਵਿਚ ਸੁਰੱਖਿਆ ਤੇ ਸਥਿਰਤਾ ਦੇ ਸਾਂਝੇ ਟੀਚੇ 'ਤੇ ਮਿਲ ਕੇ ਕੰਮ ਕਰਨ ਦੀ ਵਚਨਬੱਧਤਾ ਦੁਹਰਾਈ।

**7 ਨਵੰਬਰ ਨੂੰ ਭਾਰਤ ਆਉਣਗੇ ਓਬਾਮਾ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਨਵੰਬਰ ਦੇ ਸ਼ੁਰੂ ਵਿਚ ਉਨ੍ਹਾਂ ਵਲੋਂ ਭਾਰਤ ਦਾ ਕੀਤੇ ਜਾਣ ਵਾਲਾ ਦੌਰਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬਰਾਕ ਓਬਾਮਾ ਦੇ ਭਾਰਤ ਦੌਰੇ ਲਈ ਅਜੇ ਅਸਥਾਈ ਤੌਰ 'ਤੇ 7 ਤੋਂ 10 ਨਵੰਬਰ ਦੀ ਤਾਰੀਖ ਤੈਅ ਕੀਤੀ ਗਈ ਹੈ।

## ਪਾਣੀ ਦੀ ਵੰਡ 'ਚ ਭਾਰਤ ਨੂੰ ਕੋਈ ਛੋਟ ਨਹੀਂ-ਪਾਕਿ

**ਇਸਲਾਮਾਬਾਦ :** ਪਾਕਿਸਤਾਨ ਨੇ ਕਿਹਾ ਹੈ ਕਿ ਉਸ ਨੇ ਪਾਣੀ ਦੀ ਵੰਡ ਨੂੰ ਲੈ ਕੇ ਨਵੀਂ ਦਿੱਲੀ ਵਿਚ ਹੁਣੇ ਜਿਹੇ ਹੀ ਹੋਈ ਗੱਲਬਾਤ ਦੇ ਸਮੇਂ ਕਿਸੇ ਤਰ੍ਹਾਂ ਦੀ ਛੋਟ ਨਹੀਂ ਦਿੱਤੀ ਹੈ।

ਸਿੰਧ ਨਦੀ ਪਾਣੀ ਸਮਝੌਤੇ ਲਈ ਪਾਕਿਸਤਾਨ ਵਲੋਂ ਨਿਯੁਕਤ ਕਮਿਸ਼ਨਰ ਜਮਾਤ ਅਲੀ ਸ਼ਾਹ ਨੇ ਬੀਤੀ 3 ਜੂਨ ਨੂੰ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਭਾਰਤ ਨੇ ਜੰਮੂ-ਕਸ਼ਮੀਰ ਵਿਚ ਸਿੰਧ ਤੇ ਜੇਹਲਮ ਦਰਿਆਵਾਂ 'ਤੇ ਬਣਨ ਵਾਲੀਆਂ ਪਣ ਬਿਜਲੀ ਯੋਜਨਾਵਾਂ ਦੇ ਡਿਜ਼ਾਈਨ ਨੂੰ ਲੈ ਕੇ ਪਾਕਿਸਤਾਨ ਦੇ ਸ਼ੱਕ ਦੂਰ ਕੀਤੇ ਹਨ। ਭਾਰਤ ਇਕ ਹਫਤੇ ਅੰਦਰ ਇਨ੍ਹਾਂ ਦੋਹਾਂ ਯੋਜਨਾਵਾਂ ਬਾਰੇ ਹੋਰ ਵਧੇਰੇ ਜਾਣਕਾਰੀ ਪਾਕਿਸਤਾਨ ਨੂੰ ਦੇਵੇਗਾ। ਜੇ ਭਾਰਤ ਇੰਝ ਨਹੀਂ ਕਰਦਾ ਤਾਂ ਪਾਕਿ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਾਂ ਤਾਂ ਕੌਮਾਂਤਰੀ ਵਿਚੋਲਗੀ ਅਦਾਲਤ ਵਿਚ ਜਾਵੇਗਾ ਜਾਂ ਫਿਰ ਇਸ ਗੱਲ ਨੂੰ ਨਿਰਪੱਖ ਮਾਹਿਰਾਂ ਕੋਲ ਉਠਾਏਗਾ।

# ਪੁਲਿਸ ਵਿਚ ਰਾਜਨੀਤਿਕ ਧੜੇਬੰਦੀ ਦਾ ਅਮਲ ਜਾਰੀ

**ਬਠਿੰਡਾ:** ਹਾਲ ਹੀ ਵਿਚ ਸੂਬੇ ਦੇ ਸਾਰੇ ਹੀ ਥਾਣਿਆਂ ਦੀ ਹੱਦਬੰਦੀ ਇਸ ਢੰਗ ਨਾਲ ਕੀਤੀ ਗਈ ਹੈ ਕਿ ਉਨ੍ਹਾਂ ਦਾ ਕਾਰਜ ਖੇਤਰ ਇੱਕੋ ਹੀ ਵਿਧਾਨ ਸਭਾ ਹਲਕੇ ਦੀ ਹਦੂਦ ਵਿਚ ਸੀਮਤ ਹੋ ਕੇ ਰਹਿ ਜਾਵੇ। ਸਰਕਾਰੀ ਤੌਰ 'ਤੇ ਇਸ ਕਾਰਵਾਈ ਨੂੰ ਇਹ ਕਹਿ ਕੇ ਵਾਜ਼ਬ ਠਹਿਰਾਉਣ ਦੇ ਯਤਨ ਕੀਤੇ ਜਾ ਰਹੇ ਹਨ ਕਿ ਇਸ ਨਾਲ ਆਪਣੀਆਂ ਮੁਸ਼ਕਲਾਂ ਦਾ ਹੱਲ ਕਰਵਾਉਣ ਲਈ ਆਮ ਲੋਕਾਂ ਨੂੰ ਆਪਣੇ ਵਿਧਾਇਕ ਤੋਂ ਵਧ ਰਾਹਤ ਮਿਲਣੀ ਸੰਭਵ ਹੋ ਜਾਵੇਗੀ। ਪਰ ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਹਕੀਕਤ ਦੇ ਸਪਸ਼ਟ ਹੋਣ ਵਿਚ ਜ਼ਿਆਦਾ ਵਕਤ ਨਹੀਂ ਲੱਗਦਾ। ਨਵੇਂ ਪ੍ਰਬੰਧਾਂ ਮੁਤਾਬਕ ਹਰ ਵਿਧਾਨ ਸਭਾ ਹਲਕਾ ਇੱਕੋ ਹੀ ਡੀ ਐਸ ਪੀ ਦੇ ਅਧਿਕਾਰ ਖੇਤਰ ਵਿਚ ਆ ਜਾਵੇਗਾ। ਇਹ ਗੱਲ ਵੀ ਕਿਸੇ ਪ੍ਰਮਾਣ ਦੀ ਮੁਥਾਜ ਨਹੀਂ ਕਿ ਮੈਰਿਟ ਦੀ ਬਜਾਏ ਅਧਿਕਾਰੀਆਂ ਦੀਆਂ ਨਿਯੁਕਤੀਆਂ ਉਨ੍ਹਾਂ ਦੀਆਂ ਸਿਆਸੀ ਵਫ਼ਾਦਾਰੀਆਂ ਨੂੰ ਮੁੱਖ ਰੱਖ ਕੇ ਵਕਤ ਦੀਆਂ ਸਰਕਾਰਾਂ ਵਲੋਂ ਕੀਤੀਆਂ ਜਾਂਦੀਆਂ ਹਨ।

ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹਰ ਸਰਕਾਰ ਅਜਿਹੇ ਅਫ਼ਸਰਾਂ ਨੂੰ ਉਨ੍ਹਾਂ ਦੇ ਅਹੁਦਿਆਂ 'ਤੇ ਬਹੁਤਾ ਚਿਰ ਟਿਕਣ ਨਹੀਂ ਦਿੰਦੀ, ਜੋ ਉਨ੍ਹਾਂ ਦੇ ਜਾਇਜ਼ ਨਜਾਇਜ਼ ਹੁਕਮਾਂ 'ਤੇ ਅਮਲ ਨਾ ਕਰਨ। ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਨੂੰ ਹੀ ਜੇ ਮੁੱਖ ਰੱਖਿਆ ਜਾਵੇ ਤਾਂ ਇਹ ਹਕੀਕਤ ਆਪਣੇ ਆਪ ਹੀ ਬੇਨਕਾਬ ਹੋ ਜਾਂਦੀ ਹੈ ਕਿ ਅਣਸੁਖਾਵੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨ ਦੀ ਬਜਾਏ ਸ਼ਾਇਦ ਐਨ ਪੀ ਐਸ ਔਲਖ ਨੇ ਰਾਜ ਪੁਲਿਸ ਦੇ ਮੁਖੀ ਤੋਂ ਰੁਖ਼ਸਤ ਹੋਣ ਦੀ ਖਾਤਰ ਹੀ ਨੈਸ਼ਨਲ ਸਕਿਉਰਿਟੀ ਗਾਰਡ ਦਾ ਡਾਇਰੈਕਟਰ ਜਨਰਲ ਬਣਨ ਨੂੰ ਤਰਜੀਹ ਦਿੱਤੀ ਹੋਵੇ। ਹਾਲਾਂਕਿ ਉਹ ਹਾਕਮ ਪਰਿਵਾਰ ਦੇ ਅਤੀ ਨਜ਼ਦੀਕੀ ਹਨ।

ਭਾਵੇਂ ਕਿ 1934 ਦੇ ਪੁਲਿਸ ਨਿਯਮਾਂ ਅਨੁਸਾਰ ਇਹ ਤੈਅ ਕੀਤਾ ਗਿਆ ਸੀ ਕਿ ਪੀ ਏ ਪੀ, ਜੀ ਆਰ ਪੀ, ਇੰਟੈਲੀਜੈਂਸ ਅਤੇ ਜਨਰਲ ਪੁਲਿਸ 'ਚੋਂ ਤਰੱਕੀ ਲੈ ਕੇ ਇੰਸਪੈਕਟਰ ਬਣੇ ਸਾਰੇ ਹੀ ਕਰਮਚਾਰੀ ਸਟੇਟ ਕਾਡਰ ਵਿਚ ਆ ਜਾਣਗੇ, ਲੇਕਿਨ 1861 ਦੇ ਐਕਟ ਨੂੰ ਬਦਲ ਕੇ 2007 ਵਿਚ ਜਿਸ ਦਸਤਾਵੇਜ਼ ਨੂੰ ਰਾਜ ਸਰਕਾਰ ਨੇ ਪ੍ਰਵਾਨਗੀ ਦਿੱਤੀ ਹੈ, ਉਸ ਰਾਹੀਂ ਇਸ ਪ੍ਰਣਾਲੀ ਨੂੰ ਖਤਮ ਕਰਕੇ ਇਹ ਪ੍ਰਬੰਧ ਕਰ ਦਿੱਤਾ ਗਿਆ ਹੈ ਕਿ ਗਿਣਤੀ ਦੇ ਲਿਹਾਜ ਨਾਲ ਪੀਏਪੀ, ਇੰਟੈਲੀਜੈਂਸ ਅਤੇ ਤਕਨੀਕੀ ਵਿੰਗਾਂ ਵਿਚ ਕੰਮ ਕਰਨ ਵਾਲੇ 30 ਫੀਸਦੀ ਇੰਸਪੈਕਟਰਾਂ ਨੂੰ ਹੀ ਡੀ ਐਸ ਪੀਜ਼ ਵਜੋਂ ਪ੍ਰਮੋਟ ਕੀਤਾ ਜਾਵੇਗਾ, ਜਦ ਕਿ ਜਨਰਲ ਅਤੇ ਰੇਲਵੇ ਪੁਲਿਸ ਦਾ ਕੋਟਾ 70 ਫੀਸਦੀ ਹੋਵੇਗਾ। ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਪੀ ਏ ਪੀ ਦੇ ਇੱਕ ਇੰਸਪੈਕਟਰ ਨੇ ਦੋਸ਼ ਲਾਇਆ ਕਿ ਅਜਿਹਾ ਇਸ ਲਈ ਕੀਤਾ ਗਿਐ ਕਿ ਉਨ੍ਹਾਂ ਦੇ ਕਾਡਰ 'ਚੋਂ ਬਣੇ ਡੀ ਐਸ ਪੀ ਸ਼ਾਇਦ ਸਿਆਸਤਦਾਨਾਂ ਦੇ ਹੁਕਮਾਂ 'ਤੇ ਓਵੇਂ ਅਮਲ ਨਾ ਕਰਨ, ਜਿਵੇਂ ਉਨ੍ਹਾਂ ਨਾਲ ਨੇੜਤਾ ਰੱਖਣ ਵਾਲੇ ਜਨਰਲ ਪੁਲਿਸ ਦੇ ਡੀ ਐਸ ਪੀ ਕਰਨ ਨੂੰ ਹਰ ਵੇਲੇ ਤਤਪਰ ਰਹਿੰਦੇ ਹਨ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਆਪਣੇ ਸਿਆਸੀ ਹਿੱਤਾਂ ਨੂੰ ਮੁੱਖ ਰਖਦਿਆਂ ਮੌਜੂਦਾ ਹਾਕਮਾਂ ਨੇ ਪੁਲਿਸ ਨੂੰ ਵੀ ਪਿੰਡਾਂ ਵਾਂਗ ਧੜਿਆਂ ਵਿਚ ਵੰਡ ਕੇ ਰੱਖ ਦਿੱਤਾ ਹੈ। ਜਿੱਥੋਂ ਤੱਕ ਵਿਰੋਧੀ ਧਿਰ ਦਾ ਸਵਾਲ ਹੈ, ਉਹ ਵੀ ਥਾਣਿਆਂ ਦੀ ਹੱਦਬੰਦੀ ਨੂੰ ਸਿਆਸਤ ਤੋਂ ਪ੍ਰੇਰਿਤ ਹੋਣਾ ਸਮਝਦੀ ਹੈ। ਹਲਕਾ ਤਲਵੰਡੀ ਸਾਬੋ ਦੇ ਵਿਧਾਇਕ ਜੀਤਮੋਹਿੰਦਰ ਸਿੰਘ ਸਿੱਧੂ ਅਨੁਸਾਰ ਅਜਿਹਾ ਪ੍ਰਬੰਧ ਸਿਰਫ ਤੇ ਸਿਰਫ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਲਈ ਕੀਤਾ ਗਿਆ ਹੈ।

# ਪਹਾੜੀਆਂ ਢਾਹ ਕੇ ਫਾਰਮ ਹਾਊਸ ਬਣਾਉਣ ਦਾ ਝੱਲ

**ਹੁਸ਼ਿਆਰਪੁਰ:** ਪੰਜਾਬ ਵਿਚ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਵਜੂਦ ਖਤਰੇ ਵਿਚ ਹੈ। ਮਿੱਟੀ ਦੇ ਪਹਾੜਾਂ ਨੂੰ ਪੱਧਰਾ ਕਰਕੇ ਕੰਕਰੀਟ ਦੇ ਪਹਾੜ ਖੜ੍ਹੇ ਕਰਨ ਅਤੇ ਜੰਗਲਾਂ ਨੂੰ ਕੱਟ ਕੇ ਪਹਾੜਾਂ ਵਿਚ ਝੋਨੇ ਦੀ ਫਸਲ ਲਾਉਣ ਦੀਆਂ ਤਿਆਰੀਆਂ ਦੇ ਦ੍ਰਿਸ਼ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪ੍ਰਤੱਖ ਰੂਪ ਵਿਚ ਦੇਖੇ ਜਾ ਸਕਦੇ ਹਨ। ਭੂ-ਮਾਫੀਆ, ਸਿਆਸਤਦਾਨਾਂ, ਪਰਵਾਸੀ ਪੰਜਾਬੀ/ਭਾਰਤੀਆਂ ਅਤੇ ਅਫਸਰਸ਼ਾਹੀ ਲਈ ਸੂਬੇ ਦਾ ਕੰਢੀ ਇਲਾਕਾ ਖਾਸ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

ਇਸ ਖੇਤਰ ਵਿਚ ਨਵੀਂ ਦਿੱਲੀ ਅਤੇ ਚੰਡੀਗੜ੍ਹ ਦੇ ਰਜਿਸਟਰੇਸ਼ਨ ਨੰਬਰ ਵਾਲੀਆਂ ਵੱਡੀਆਂ ਕਾਰਾਂ ਦਾ ਆਉਣ ਜਾਣ ਸਾਧਾਰਨ ਵਰਤਾਰਾ ਬਣ ਗਿਆ ਹੈ। ਇਸ ਖਿੱਤੇ ਵਿਚ ਜ਼ਮੀਨ ਦਾ ਭਾਅ ਕੁਝ ਕੁ ਹਜ਼ਾਰ ਪ੍ਰਤੀ ਏਕੜ ਤੋਂ 15 ਲੱਖ ਰੁਪਏ ਪ੍ਰਤੀ ਏਕੜ ਤੱਕ ਪਹੁੰਚ ਗਿਆ ਹੈ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਹੁਸ਼ਿਆਰਪੁਰ ਅਤੇ ਗੜ੍ਹਸ਼ੰਕਰ ਡਿਵੀਜ਼ਨ ਵਿਚ ਵੱਡੇ ਬੰਦਿਆਂ ਨੇ 200 ਤੋਂ ਵੱਧ ਫਾਰਮ ਹਾਊਸ ਤਿਆਰ ਕਰ ਲਏ ਹਨ। ਇਸ ਇਲਾਕੇ ਵਿਚ ਪਹਾੜਾਂ ਨੂੰ ਪੱਧਰ ਕਰਨ, ਜੰਗਲਾਂ ਨੂੰ ਕੱਟਣ ਅਤੇ ਮਿੱਟੀ ਪੁੱਟਣ ਦਾ ਕੰਮ ਸ਼ਰੇਆਮ ਚੱਲ ਰਿਹਾ ਹੈ ਪਰ ਪੰਜਾਬ ਦਾ ਜੰਗਲਾਤ ਵਿਭਾਗ ਪੂਰੀ ਤਰ੍ਹਾਂ ਹੱਥ ਉਤੇ ਹੱਥ ਧਰੀ ਬੈਠਾ ਹੈ। ਜੰਗਲ ਦੀ ਕਟਾਈ ਅਤੇ ਪਹਾੜਾਂ ਨੂੰ ਢਹਿ ਢੇਰੀ ਕਰਨ ਨੇ ਕੰਢੀ ਇਲਾਕੇ ਦੀ ਪਰਿਭਾਸ਼ਾ ਤਾਂ ਬਦਲ ਦਿੱਤੀ ਹੈ ਪਰ ਇਸ ਇਲਾਕੇ ਦੇ ਲੋਕਾਂ ਦੇ ਜੀਵਨ ਦੇ ਰੰਗ ਨੂੰ ਨਹੀਂ ਬਦਲਿਆ। ਇਸ ਇਲਾਕੇ ਦੇ ਲੋਕਾਂ ਦੀ ਇਹ ਤਰਾਸਦੀ ਹੀ ਬਣ ਗਈ ਹੈ ਕਿ ਆਪਣੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਵੇਚਣ ਤੋਂ ਬਾਅਦ ਹੁਣ 'ਸਰਦਾਰਾਂ' ਦੇ ਖੇਤਾਂ ਵਿਚ ਮਜ਼ਦੂਰੀ ਕਰਨ ਲੱਗੇ ਹਨ। ਨੀਮ ਪਹਾੜੀ ਇਲਾਕੇ ਦੇ ਸੁਚੇਤ ਲੋਕਾਂ ਦਾ ਦੱਸਣਾ ਹੈ ਕਿ ਜ਼ਮੀਨਾਂ ਦੇ ਅਸਲ ਮਾਲਕਾਂ ਦਾ ਤਕਰੀਬਨ 50 ਫੀਸਦੀ ਹਿੱਸਾ ਬੇਜ਼ਮੀਨਾ ਹੋ ਗਿਆ ਹੈ। ਜਲੰਧਰ ਸ਼ਹਿਰ ਵਿਚਲੇ ਇਕ ਡੇਰੇ ਦੇ ਮੁਖੀ ਨੇ ਕਾਂਗੜ ਪਿੰਡ ਦੇ ਨਜ਼ਦੀਕ ਵੱਡਾ ਫਾਰਮ ਹਾਊਸ ਬਣਾ ਲਿਆ ਹੈ। ਜਦੋਂ ਜੰਗਲਾਤ ਵਿਭਾਗ ਨੇ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਕੀਤੀ ਤਾਂ ਸਿਆਸਤਦਾਨ ਇਸ 'ਸੰਤ' ਦੀ ਹਮਾਇਤ ਉਤੇ ਆ ਗਏ। ਇਸ ਫਾਰਮ ਹਾਊਸ ਵਿਚ ਕਰੋੜਾਂ ਰੁਪਏ ਦਾ ਕਾਰੋਬਾਰ ਕੀਤਾ ਜਾ ਰਿਹਾ ਹੈ।

ਬਿਜਲੀ ਬੋਰਡ ਨੇ ਵੀ ਕੁਨੈਕਸ਼ਨ ਦੇਣ ਲੱਗਿਆਂ ਦੇਰੀ ਨਹੀਂ ਕੀਤੀ। ਲੋਕਾਂ ਦੀ ਇਹ ਤਰਾਸਦੀ ਰਹੀ ਹੈ ਕਿ ਫਸਲਾਂ ਨੂੰ ਸਿੰਜਾਈ ਲਈ ਪਾਣੀ ਦਾ ਬੰਦੋਬਸਤ ਨਹੀਂ ਕਰ ਸਕੇ। ਰੋਚਕ ਤੱਥ ਇਹ ਹੈ ਕਿ ਪੈਸੇ ਤੇ ਰਸੂਖ ਵਾਲਿਆਂ ਲਈ ਜ਼ਮੀਨ ਵਿਚੋਂ ਪਾਣੀ ਕੱਢਣਾ ਖੱਬੇ ਹੱਥ ਦੀ ਖੇਡ ਹੈ। ਮੁੱਖ ਮੰਤਰੀ ਅਤੇ ਬਿਜਲੀ ਬੋਰਡ ਦੇ ਚੇਅਰਮੈਨ ਕੋਟਿਆਂ ਵਿਚੋਂ ਝਟਪਟ ਹੀ ਟਿਊਬਵੈਲ ਕੁਨੈਕਸ਼ਨ ਲੱਗ ਰਹੇ ਹਨ ਤੇ ਜੰਗਲੀ ਜਾਨਵਰਾਂ ਦਾ ਉਜਾੜਾ ਰੋਕਣ ਲਈ ਕੰਡਿਆਲੀ ਤਾਰ ਦੀ ਵਾੜ ਖੜ੍ਹੀ ਕਰ ਦਿੱਤੀ ਗਈ ਹੈ। ਜੰਗਲਾਤ ਕਾਨੂੰਨ ਸਿਰਫ ਸਾਧਾਰਨ ਬੰਦੇ ਲਈ ਹੀ ਹਨ, ਵੱਡਿਆਂ ਲਈ ਤਾਂ ਇਹ 'ਮੋਮ ਦਾ ਨੱਕ' ਬਣ ਗਿਆ ਹੈ। ਇਸ ਦਾ ਸਬੂਤ ਪਿੰਡ ਚੱਕ ਨਰਿਆਲ ਦੀ ਜ਼ਮੀਨ ਵਿਚ ਬਣੇ ਫਾਰਮ ਹਾਊਸਾਂ ਵਿਚ ਹੋਈਆਂ ਉਸਾਰੀਆਂ ਅਤੇ ਪਹਾੜਾਂ ਦੀ ਢਾਹ-ਢੁਆਹੀ ਤੋਂ ਲਿਆ ਜਾ ਸਕਦਾ ਹੈ।

### ਜੰਗਲਾਤ ਵਿਭਾਗ ਜਾਗਿਆ ਛਾਪਿਆਂ ਦਾ ਦੌਰ ਸ਼ੁਰੂ

**ਚੰਡੀਗੜ੍ਹ :** ਪੰਜਾਬ ਦਾ ਜੰਗਲਾਤ ਵਿਭਾਗ ਕੁੰਭਕਰਨੀ ਨੀਂਦ ਤੋਂ ਜਾਗ ਪਿਆ ਹੈ। ਜੰਗਲਾਤ ਵਿਭਾਗ ਦੀ ਗੜ੍ਹਸ਼ੰਕਰ ਡਿਵੀਜ਼ਨ ਦੇ ਅਧਿਕਾਰੀਆਂ ਨੇ ਜੰਗਲਾਤ ਕਾਨੂੰਨਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਕਾਰਵਾਈ ਕਰਨ ਲਈ ਬੀਤੀ 3 ਜੂਨ ਨੂੰ ਕਾਫੀ ਭੱਜ ਨੱਠ ਕੀਤੀ। ਕਾਂਗੜ ਪਿੰਡ ਦੇ ਨਜ਼ਦੀਕ ਪਹਾੜ ਵਿਚ ਮਿੱਟੀ ਪੁੱਟਣ ਲਈ ਲਗਾਇਆ ਖੱਡਾ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ ਤੇ ਜ਼ਮੀਨ ਦੇ ਮਾਲਕਾਂ ਵਿਰੁਧ ਕਾਨੂੰਨੀ ਕਾਰਵਾਈ ਵੀ ਅਮਲ ਵਿਚ ਲਿਆਂਦੀ ਗਈ ਹੈ।

ਗੜ੍ਹਸ਼ੰਕਰ ਡਿਵੀਜ਼ਨ ਦੇ ਡਿਵੀਜ਼ਨਲ ਜੰਗਲਾਤ ਅਧਿਕਾਰੀ ਤੇਜਿੰਦਰ ਸਿੰਘ ਦੇ ਦੱਸਣ ਅਨੁਸਾਰ ਜਿਸ ਜ਼ਮੀਨ ਵਿਚ ਖੱਡਾ ਪੁੱਟਿਆ ਹੋਇਆ ਸੀ ਉਹ ਜ਼ਮੀਨ ਬੇਸ਼ੱਕ ਵਾਹੀਯੋਗ ਜ਼ਮੀਨਾਂ ਦੇ ਦਾਇਰੇ ਵਿਚ ਆਉਂਦੀ ਹੈ ਪਰ ਇਹ ਖਸਰਾ ਨੰਬਰ ਜੰਗਲਾਤ ਵਿਭਾਗ ਦੇ ਕਾਨੂੰਨ ਦੀ ਦਫਾ 4 ਅਧੀਨ ਆਉਂਦਾ ਹੋਣ ਕਾਰਨ ਮਿੱਟੀ ਪੁੱਟਣ ਲਈ ਖੱਡਾ ਨਹੀਂ ਪੁੱਟਿਆ ਜਾ ਸਕਦਾ।

# ਕਸੂਤੇ ਫਸੇ ਰਾਠੌਰ, 29 ਜੂਨ ਤੱਕ ਜੇਲ੍ਹ 'ਚ



**ਚੰਡੀਗੜ੍ਹ :** ਰੁਚਿਕਾ ਨਾਲ ਛੇੜਛਾੜ ਦੇ ਮਾਮਲੇ ਵਿਚ ਹਰਿਆਣਾ ਦੇ ਸਾਬਕਾ ਡੀ ਜੀ ਪੀ ਐਸ ਪੀ ਐਸ ਰਾਠੌਰ ਹੁਣ ਕਸੂਤੇ ਫਸ ਗਏ ਹਨ। ਏ ਸੀ ਤੋਂ ਬਿਨਾਂ ਨਾ ਰਹਿਣ ਵਾਲੇ ਰਾਠੌਰ ਨੂੰ ਹਾਈਕੋਰਟ 'ਚ ਹੋਈਆਂ ਗਰਮੀਆਂ ਦੀਆਂ ਛੁੱਟੀਆਂ ਨੇ ਕਰੀਬ 24 ਰਾਤਾਂ ਹੋਰ ਜੇਲ੍ਹ ਅੰਦਰ ਰਹਿਣ ਲਈ ਮਜਬੂਰ ਕਰ ਦਿੱਤਾ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਵੇਕੇਸ਼ਨ ਜੱਜ ਜਸਟਿਸ ਅਜੇ ਤਿਵਾੜੀ ਨੇ ਬੀਤੀ 4 ਜੂਨ ਨੂੰ ਰਾਠੌਰ ਨੂੰ ਕੋਈ ਰਾਹਤ ਨਾ ਦਿੰਦਿਆਂ ਉਸ ਦੀ ਜ਼ਮਾਨਤ 'ਤੇ ਫੈਸਲਾ 29 ਜੂਨ ਤੱਕ ਟਾਲ ਦਿੱਤਾ। ਵੇਕੇਸ਼ਨ ਜੱਜ ਅਜੇ ਤਿਵਾੜੀ ਨੇ ਦੱਸਿਆ ਕਿ ਰਾਠੌਰ ਦੀ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਹੁਣ ਦੂਜੇ ਜੱਜਾਂ ਦਾ ਬੈਂਚ ਕਰੇਗਾ ਤੇ ਇਸ ਦੌਰਾਨ ਉਨ੍ਹਾਂ ਦੀ ਜ਼ਮਾਨਤ ਦੀ ਅਰਜ਼ੀ ਪੈਂਡਿੰਗ ਰਹੇਗੀ। ਦੂਜੇ ਪਾਸੇ ਸੀ ਬੀ ਆਈ ਦੇ ਵਕੀਲ ਅਜੇ ਕੌਸ਼ਿਕ ਨੇ ਦੱਸਿਆ ਕਿ ਹਾਈਕੋਰਟ ਨੇ ਹੇਠਲੀ ਅਦਾਲਤ ਤੋਂ ਇਸ ਕੇਸ ਦੇ ਸਬੰਧ ਵਿਚ ਸਾਰਾ ਰਿਕਾਰਡ ਮੰਗਿਆ ਹੈ। ਰਾਠੌਰ ਲਈ ਇਹ ਹੋਰ ਵੀ ਮੁਸੀਬਤ ਹੈ, ਕਿਉਂਕਿ ਉਹ ਹੁਣ ਜ਼ਮਾਨਤ ਲਈ ਕਿਸੇ ਹੋਰ ਅਦਾਲਤ ਵਿਚ ਪਹੁੰਚ ਨਹੀਂ ਕਰ ਸਕਣਗੇ।

ਹਾਈਕੋਰਟ ਦੇ ਵੇਕੇਸ਼ਨ ਜੱਜ ਜਸਟਿਸ ਅਜੇ ਤਿਵਾੜੀ ਨੇ ਸੀ ਬੀ ਆਈ ਅਤੇ ਬਚਾਓ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਰਾਠੌਰ ਦੀ ਜ਼ਮਾਨਤ 'ਤੇ ਫੈਸਲਾ ਪਹਿਲਾਂ ਵੀਰਵਾਰ ਨੂੰ ਸੁਣਾਉਣਾ ਸੀ, ਪਰ ਉਨ੍ਹਾਂ ਨੇ ਫੈਸਲਾ ਸ਼ੁਕਰਵਾਰ 'ਤੇ ਟਾਲ ਦਿੱਤਾ। ਫਿਰ ਉਨ੍ਹਾਂ ਨੇ ਫੈਸਲਾ 29 ਜੂਨ ਤੱਕ ਅੱਗੇ ਪਾ ਦਿੱਤਾ। ਜ਼ਿਕਰਯੋਗ ਹੈ ਕਿ ਰਾਠੌਰ ਬੁੜੈਲ ਜੇਲ੍ਹ ਵਿਚ ਆਮ ਕੈਦੀਆਂ ਵਾਂਗ ਰਹਿ ਰਹੇ ਹਨ। ਉਨ੍ਹਾਂ ਨੂੰ ਕੋਈ ਬਹੁਤੀ ਸਹੂਲਤ ਨਹੀਂ ਦਿੱਤੀ ਜਾ ਰਹੀ। ਉਹ ਜੇਲ੍ਹ ਵਿਚ 7 ਹੋਰ ਸਜ਼ਾ ਯਾਫਤਾ ਕੈਦੀਆਂ ਨਾਲ ਰਹਿੰਦੇ ਹਨ। ਹਾਈਕੋਰਟ ਵਲੋਂ ਲੰਮੀ ਤਾਰੀਖ ਪਾਏ ਜਾਣ 'ਤੇ ਉਨ੍ਹਾਂ ਦੇ ਚਿਹਰੇ ਦੀ ਮੁਸਕਾਨ ਹੁਣ ਗਾਇਬ ਹੋ ਗਈ ਹੈ।

ਇਸੇ ਦੌਰਾਨ ਰੁਚਿਕਾ ਦੇ ਪਿਤਾ ਐਸ ਸੀ ਗਹਿਰੋਤਰਾ ਨੇ ਕਿਹਾ ਕਿ ਉਹ ਅਦਾਲਤ ਦੇ ਫੈਸਲੇ ਤੋਂ ਬਹੁਤ ਖੁਸ਼ ਹਨ, ਕਿਉਂਕਿ ਰਾਠੌਰ ਦੇ ਵਕੀਲਾਂ ਦੀ ਇੱਕ ਨਹੀਂ ਚੱਲੀ। ਮ੍ਰਿਤਕਾ ਰੁਚਿਕਾ ਦੀ ਦੋਸਤ ਅਰਾਧਨਾ ਦੇ ਪਿਤਾ ਆਨੰਦ ਪ੍ਰਕਾਸ਼ ਨੇ ਕਿਹਾ ਕਿ ਰਾਠੌਰ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੁੱਟਣਾ ਉਨ੍ਹਾਂ ਦੀ ਜਿੱਤ ਹੈ। ਅਰਾਧਨਾ ਦੀ ਮਾਂ ਮਧੂ ਪ੍ਰਕਾਸ਼ ਨੇ ਕਿਹਾ ਕਿ ਰਾਠੌਰ ਵਰਗੇ ਇਨਸਾਨ ਨਾਲ ਨਰਮੀ ਨਹੀਂ ਵਰਤਣੀ ਚਾਹੀਦੀ, ਕਿਉਂਕਿ ਉਸ ਨੇ ਇਕ ਮਾਸੂਮ ਲੜਕੀ ਨੂੰ ਖੁਦਕੁਸ਼ੀ ਲਈ ਮਜਬੂਰ ਕੀਤਾ ਸੀ।

# *ਪੰਜਾਬੀ ਕਿਸਾਨਾਂ ਫਿਰ ਊਠਾਂ ਨਾਲ ਯਾਰੀ ਲਾਈ*



**ਤਲਵੰਡੀ ਸਾਬੋ :** ਪੰਜਾਬੀ ਵਿਚ ਇਕ ਲੋਕ ਬੋਲੀ ਬਹੁਤ ਮਸ਼ਹੂਰ ਹੈ, 'ਉਡਦੀ ਧੂੜ ਦਿਸੇ, ਬੋਤਾ ਯਾਰ ਦਾ ਨਜ਼ਰ ਨਾ ਆਵੇ।' ਪੰਜਾਬ ਵਿਚ ਕਿਸੇ ਸਮੇਂ ਖੇਤੀ ਵਿਚ ਬਲਦਾਂ ਤੇ ਊਠਾਂ ਦੀ ਸਰਦਾਰੀ ਹੁੰਦੀ ਸੀ ਪਰ ਹਰੀ ਕ੍ਰਾਂਤੀ ਦੇ ਥੋਥੇ ਨਾਹਰੇ ਨੇ ਖੇਤਾਂ ਵਿਚੋਂ ਬਲਦਾਂ ਤੇ ਬੋਤਿਆਂ ਨੂੰ ਭਜਾ ਕੇ ਭਾਰੀ ਮਸ਼ੀਨਰੀ ਨੂੰ ਲਿਆ ਵਾੜਿਆ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਬਹੁਗਿਣਤੀ ਕਿਸਾਨਾਂ ਨੂੰ ਕਰਜ਼ੇ ਦੀ ਸਰਾਲ ਨੇ ਨਾਗ ਵਲ ਪਾ ਲਿਆ। ਪਰ ਹੁਣ ਇਕ ਵਾਰ ਫਿਰ ਸਮੇਂ ਨੇ ਗੇੜਾ ਖਾਧਾ ਹੈ ਤੇ ਖੇਤਾਂ ਵਿਚ ਬੋਤਿਆਂ ਦੇ ਗਲ ਟੱਲੀਆਂ ਫਿਰ ਤੋਂ ਗੂੰਜਣ ਲਗੀਆਂ ਹਨ। ਅਜਿਹਾ ਹੋਣ ਨਾਲ 'ਚਿੜੀ ਚੂਕਦੀ ਨਾਲ ਤੁਰੇ ਪੰਧੀ, ਪਈਆਂ ਦੁੱਧ ਦੇ ਵਿਚ ਮਧਾਣੀਆਂ ਨੇ' ਦਾ ਸਮਾਂ ਮੁੜ ਆਉਂਦਾ ਪ੍ਰਤੀਤ ਹੋ ਰਿਹਾ ਹੈ।

ਅਕਸਰ ਵੇਖਿਆ ਗਿਆ ਹੈ ਕਿ ਪਿੰਡ ਜਗ੍ਹਾ ਰਾਮ ਤੀਰਥ, ਮਲਕਾਣਾ ਤੇ ਗਿਆਨਾ ਵਿਚ ਕਈ ਕਿਸਾਨ ਬੋਤਿਆਂ ਨਾਲ ਖੇਤੀ ਦੇ ਕੰਮ ਕਰ ਰਹੇ ਸਨ। ਮਲਕਾਣਾ ਦੇ ਕਿਸਾਨ ਗੁਰਮੀਤ ਸਿੰਘ ਨੇ ਦਸਿਆ ਕਿ ਜਿਥੇ ਸਰਕਾਰੀ ਨੀਤੀਆਂ ਨੇ ਖੇਤੀ ਨੂੰ ਤਬਾਹ ਕਰ ਦਿਤਾ, ਉਥੇ ਕੁਦਰਤ ਨੇ ਵੀ ਘੱਟ ਨਹੀਂ ਗੁਜ਼ਾਰੀ। ਕਣਕ, ਨਰਮੇ ਆਦਿ ਦਾ ਝਾੜ ਨਾ ਨਿਕਲਣ ਕਾਰਨ ਕਿਸਾਨੀ ਕਰਜ਼ੇ ਹੇਠ ਦਬ ਗਈ। ਇਸ ਕਾਰਨ ਕਿਸਾਨ ਹੁਣ ਮਹਿੰਗੀ ਮਸ਼ੀਨਰੀ ਨਾਲ ਖੇਤੀ ਕਰਨ ਤੋਂ ਟਾਲਾ ਵੱਟਣ ਲੱਗ ਪਏ ਹਨ। ਗਿਆਨਾ ਦੇ ਕਿਸਾਨ ਪੱਪੀ ਸਿੰਘ ਨੇ ਦਸਿਆ ਕਿ ਟਰੈਕਟਰ ਨਾਲ ਇਕ ਕਿੱਲੇ ਦੀ ਵਹਾਈ ਬਿਜਾਈ ਉਪਰ ਦੋ ਹਜ਼ਾਰ ਰੁਪਏ ਖ਼ਰਚ ਆਉਂਦਾ ਹੈ।

ਉਸ ਤੋਂ ਬਾਅਦ ਸਪਰੇਅ ਆਦਿ ਕਰਵਾਉਣ 'ਤੇ ਹਜ਼ਾਰਾਂ ਰੁਪਏ ਖ਼ਰਚ ਹੋ ਜਾਂਦੇ ਹਨ। ਇਸ ਕਾਰਨ ਕਿਸਾਨ ਹੁਣ ਬੋਤਿਆਂ, ਬਲਦਾਂ ਨਾਲ ਹੀ ਖੇਤੀ ਨੂੰ ਪਹਿਲ ਦੇਣ ਲਗੇ ਹਨ। ਅਜਿਹਾ ਕਰ ਕੇ ਇਕ ਤਰ੍ਹਾਂ ਕਿਸਾਨ ਮੁੜ ਕੁਦਰਤ ਵਲ ਮੁੜਨ ਲੱਗੇ ਹਨ ਤੇ ਹੋ ਸਕਦਾ ਹੈ ਕਿ ਡੁੱਬ ਰਹੇ ਕਿਸਾਨਾਂ ਨੂੰ ਕੋਈ ਠੁੰਮਣਾ ਮਿਲ ਜਾਵੇ।

# ਚੰਡੀਗੜ੍ਹ ਦੀ ਕੁੜੀ ਵਲੋਂ ਪਤੀ ਦੇ ਘਰ ਅੱਗੇ ਆਤਮਦਾਹ

**ਚੰਡੀਗੜ੍ਹ :** ਪਿਆਰ 'ਚ ਧੋਖਾ ਖਾਣ ਵਾਲੀ ਸੈਕਟਰ 46 ਨਿਵਾਸੀ ਰੇਣੂ (24) ਨੇ ਬੀਤੀ 6 ਜੂਨ ਨੂੰ ਆਪਣੇ ਪਤੀ ਸਤੀਕ ਗੁਲਾਟੀ ਦੇ ਸੈਕਟਰ 19 ਵਿਚ ਪੈਂਦੇ ਘਰ ਨੰਬਰ 1315 ਅੱਗੇ ਆਤਮਦਾਹ ਕਰ ਲਿਆ। ਪੁਲਿਸ ਅਨੁਸਾਰ ਰੇਣੂ ਦੇ ਪ੍ਰੇਮ ਸਬੰਧ ਕੱਪੜੇ ਦੇ ਵੱਡੇ ਵਪਾਰੀ ਗੁਲਾਟੀ ਸੰਨਜ਼ ਵਾਲਿਆਂ ਦੇ ਲੜਕੇ ਸਤੀਕ ਗੁਲਾਟੀ ਨਾਲ ਸਨ।

ਸਤੀਕ ਨੇ ਘਰ ਵਾਲਿਆਂ ਤੋਂ ਚੋਰੀ ਰੇਣੂ ਨਾਲ ਸਾਲ 2010 ਵਿਚ ਅਦਾਲਤ 'ਚ ਵਿਆਹ ਵੀ ਕਰਵਾ ਲਿਆ ਸੀ। ਇਸ ਪਿੱਛੋਂ ਰੇਣੂ ਆਪਣੇ ਮਾਪਿਆਂ ਨਾਲ ਸੈਕਟਰ-46 ਵਿਚ ਰਹਿ ਰਹੀ ਸੀ ਜਦਕਿ ਸਤੀਕ ਆਪਣੇ ਪਰਿਵਾਰ ਨਾਲ ਰਹਿ ਰਿਹਾ ਸੀ। ਬੀਤੇ ਦਿਨੀਂ ਸਤੀਕ ਰੇਣੂ ਦੇ ਘਰ ਜਾ ਕੇ ਇਹ ਗੱਲ ਕਹਿ ਆਇਆ ਸੀ ਕਿ ਉਹ ਉਸ ਨੂੰ ਆਪਣੇ ਘਰ ਨਹੀਂ ਲਿਜਾ ਸਕਦਾ ਅਤੇ ਨਾਲ ਹੀ ਕਿਹਾ ਕਿ ਉਸ ਕੋਲ ਰੇਣੂ ਦੇ ਇਤਰਾਜ਼ਯੋਗ ਵੀਡੀਓ ਕਲਿੱਪ ਹਨ ਜਿਨ੍ਹਾਂ ਨੂੰ ਉਹ ਜਨਤਕ ਕਰ ਦੇਵੇਗਾ।

ਇਸੇ ਤੋਂ ਦੁਖੀ ਰੇਣੂ ਨੇ ਅਗਲੇ ਦਿਨ ਸਵੇਰੇ ਆਪਣਾ ਸਕੂਟਰ ਚੁੱਕਿਆ ਤੇ ਸਤੀਕ ਦੇ ਘਰ ਅੱਗੇ ਇਨਸਾਫ ਲਈ ਕਾਫੀ ਆਵਾਜ਼ਾਂ ਲਾਈਆਂ, ਪਰ ਕੋਈ ਘਰੋਂ ਬਾਹਰ ਨਾ ਨਿਕਲਿਆ। ਇਸ ਪਿਛੋਂ ਉਸ ਨੇ ਸਕੂਟਰ 'ਚੋਂ ਪੈਟਰੋਲ ਕੱਢ ਕੇ ਆਪਣੇ ਉਪਰ ਛਿੜਕ ਕੇ ਅੱਗ ਲਾ ਲਈ। ਰੇਣੂ ਕਾਫੀ ਸਮਾਂ ਉਸ ਸੁੰਨਸਾਨ ਗਲੀ ਵਿਚ ਆਪਣੇ ਪਤੀ ਦੇ ਘਰ ਅੱਗੇ ਪਈ ਸੜਦੀ ਰਹੀ, ਪਰ ਫਿਰ ਵੀ ਕੋਈ ਘਰੋਂ ਬਾਹਰ ਨਾ ਨਿਕਲਿਆ। ਰੇਣੂ ਦੇ ਘਰ ਵਾਲਿਆਂ ਦਾ ਦੋਸ਼ ਹੈ ਕਿ ਸਤੀਕ ਗੁਲਾਟੀ ਨੇ ਰੇਣੂ ਦੀਆਂ ਇਤਰਾਜ਼ਯੋਗ ਤਸਵੀਰਾਂ ਬਣਾ ਰੱਖੀਆਂ ਸਨ, ਜਿਨ੍ਹਾਂ ਦੇ ਨਾਂ 'ਤੇ ਉਹ ਸ਼ੁਰੂ ਤੋਂ ਹੀ ਰੇਣੂ ਦਾ ਸ਼ੋਸ਼ਣ ਕਰਦਾ ਰਿਹਾ ਹੈ। ਬਾਅਦ 'ਚ ਰੇਣੂ ਨੂੰ ਪੀ.ਜੀ.ਆਈ. ਦਾਖਲ ਕਰਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਸਤੀਕ ਨੂੰ ਗ੍ਰਿਫਤਾਰ ਕਰ ਲਿਆ ਹੈ।

# ਥੋਮਸ ਕੋਹਨ ਦੇ ਸੰਪਰਕ 'ਚ ਰਹੀ ਰੂਸੀ ਲੜਕੀ ਦੀ ਭਾਲ

**ਰੂਪਨਗਰ :** ਜ਼ਿਲ੍ਹਾ ਪੁਲਿਸ ਰੂਪਨਗਰ ਵਲੋਂ ਬੀਤੀ 28 ਮਈ ਨੂੰ ਨੰਗਲ ਵਿਖੇ ਸਾਧੂ ਦੇ ਭੇਸ 'ਚ ਬਿਨਾਂ ਪਾਸਪੋਰਟ ਗ੍ਰਿਫਤਾਰ ਕੀਤੇ ਗਏ ਜਰਮਨ ਨਾਗਰਿਕ ਥੋਮਸ ਕੋਹਨ ਪੁੱਤਰ ਜੂਲੀਅਸ ਕੋਹਨ ਵਾਸੀ ਜਰਮਨੀ ਦੀ ਜਾਂਚ ਦੌਰਾਨ ਮਿਲੇ ਸਬੂਤਾਂ ਤੋਂ ਇਸ ਦਾ ਪਿਛੋਕੜ ਜਸੂਸੀ ਕਰਨ ਵਾਲੇ ਵਿਅਕਤੀ ਵਾਲਾ ਲਗਦਾ ਹੈ। ਪੁਲਿਸ ਨੂੰ ਇਸ ਕੇਸ ਦੀ ਜਾਂਚ ਸਮੇਂ ਇਸ ਗੱਲ ਦਾ ਪਤਾ ਲੱਗਿਆ ਹੈ ਕਿ ਚੈਕੋਸਲਵਾਕੀਆ ਮਿਲਟਰੀ ਪੁਲਿਸ ਵਲੋਂ ਥੋਮਸ ਕੋਹਨ ਨੂੰ ਜਸੂਸੀ ਕਰਨ ਦੇ ਦੋਸ਼ ਤਹਿਤ ਫੜਨ ਕਾਰਨ ਸਾਲ 1988-89 'ਚ 18 ਮਹੀਨੇ ਸਜ਼ਾ ਹੋਈ ਸੀ।

ਜਾਂਚ 'ਚ ਇਹ ਵੀ ਪਾਇਆ ਗਿਆ ਹੈ ਕਿ ਥੋਮਸ ਕੋਹਨ ਦੇ ਨਾਂਅ ਵਾਲੇ ਪਾਸਪੋਰਟ ਦੀ ਸਾਲ 2008 ਵਿਚ ਨੇਪਾਲ ਬਾਰਡਰ ਤੇ ਸਾਨੌਲੀ ਚੈਕ ਪੋਸਟ ਵਿਖੇ ਵਰਤੋਂ ਕੀਤੀ ਗਈ ਹੈ। ਇਸ ਲਈ

**ਜਰਮਨੀ ਨਾਗਰਿਕ ਦੀ ਗ੍ਰਿਫਤਾਰੀ ਦਾ ਮਾਮਲਾ**

ਪੁਲਿਸ ਹੁਣ ਸਾਲ 2004 'ਚ ਥੋਮਸ ਕੋਹਨ ਦੇ ਗੋਆ ਤੋਂ ਦਿੱਲੀ ਜਾਂਦੇ ਰੇਲ ਗੱਡੀ ਚ ਇਸ ਦੇ ਸੰਪਰਕ 'ਚ ਆਈ ਓਲਗਾ ਟੀਮੋਸੇਕ ਨਾਂ ਦੀ ਉਸ ਰੂਸੀ ਲੜਕੀ ਦੀ ਭਾਲ ਵਿਚ ਹੈ, ਜਿਸ ਨਾਲ ਇਹ ਕਸ਼ਮੀਰ, ਜੰਮੂ ਤੋਂ ਧਰਮਸ਼ਾਲਾ ਘੁੰਮ ਕੇ ਵਾਪਸ ਜਰਮਨੀ ਗਿਆ ਸੀ ਤੇ ਫਿਰ ਇਹੋ ਲੜਕੀ ਇਸ ਨੂੰ ਸਾਲ 07 'ਚ ਜਦੋਂ ਇਹ ਦੁਬਾਰਾ ਭਾਰਤ ਆਇਆ, ਅਲੋਰਾ (ਮਹਾਂਰਾਸ਼ਟਰ) ਵਿਚ ਮਿਲੀ ਸੀ ਤੇ ਇਸ ਦਾ ਪਾਸਪੋਰਟ ਵੀਜ਼ਾ ਲਗਾਉਣ ਲਈ ਲੈ ਕੇ, ਇਹ ਕਹਿ ਕੇ ਨੇਪਾਲ ਚਲੀ ਗਈ ਸੀ ਕਿ ਉਹ ਵਾਪਸ ਆਵੇਗੀ, ਪਰ ਇਸ ਨੂੰ ਦੁਬਾਰਾ ਨਹੀਂ ਮਿਲੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਰੂਸੀ ਲੜਕੀ ਓਲਗਾ ਟੀਮੋਸੇਕ ਜਸੂਸੀ ਵਰਗਾ ਗੈਰ-ਕਾਨੂੰਨੀ ਕੰਮ ਕਰਦੀ ਹੋ ਸਕਦੀ ਹੈ, ਕਿਉਂ ਜੋ ਥੋਮਸ ਕੋਹਨ ਦਾ ਪਾਸਪੋਰਟ ਵੀ ਨੇਪਾਲ ਦੇ ਬਾਰਡਰ ਤੇ ਕਿਸੇ ਪੁਰਸ਼ ਲਈ ਹੀ ਵਰਤਿਆ ਗਿਆ ਹੈ। ਇਥੇ ਇਹ ਦੱਸਣਯੋਗ ਹੈ ਥੋਮਸ ਕੋਹਨ ਨੇ 1991 ਤੋਂ 2010 ਤੱਕ ਫਰਾਂਸ, ਸਪੇਨ, ਅਫਰੀਕਾ, ਕੀਨੀਆ, ਤਨਜ਼ਾਨੀਆ, ਸੋਮਾਲੀਆ, ਸੁਧਾਨ, ਸੈਂਟਰਲ ਅਮਰੀਕਾ, ਅਲਜੀਰੀਆ, ਭਾਰਤ, ਸਿੰਘਾਪੁਰ, ਸਕਾਟਲੈਂਡ, ਰੋਮਾਨੀਆ, ਇੰਡੋਨੇਸ਼ੀਆ ਆਦਿ ਦੇਸ਼ਾਂ ਦਾ ਦੌਰਾ ਕਰਨ ਦੀ ਗੱਲ ਆਖੀ ਹੈ ਤੇ ਇਹ ਭਾਰਤ ਵਿਚ ਸਾਲ 2004 ਵਿਚ 3 ਮਹੀਨੇ ਮੁੰਬਈ, ਗੋਆ, ਪੰਜੀ, ਕਰਨਾਟਕ, ਦਿੱਲੀ, ਜੰਮੂ, ਸ੍ਰੀਨਗਰ (ਕੁਪਬਾੜਾ, ਧਰਮਸ਼ਾਲਾ (ਹਿਮਾਚਲ) ਦਿੱਲੀ ਤੋਂ ਮੁੰਬਈ ਘੁੰਮ ਕੇ ਗਿਆ ਸੀ ਤੇ ਉਸ ਤੋਂ ਬਾਅਦ ਸਾਲ 2007 ਤੋਂ 2010 ਤੱਕ ਪਿਛਲੇ 3 ਸਾਲਾ ਤੋਂ ਨਾਸਿਕ, ਔਰੰਗਾਬਾਦ, ਜਾਲਨਾ (ਮਹਾਰਾਸ਼ਟਰ), ਹਰਦੁਆਰ, ਧਰਮਸ਼ਾਲਾ (ਹਿਮਾਚਲ) ਤੇ ਨੰਗਲ (ਪੰਜਾਬ) ਵਿਚ ਰਹਿ ਰਿਹਾ ਹੈ।

# ਝੀਲ ਬਾਰੇ ਲੀ ਦੀ ਭਵਿੱਖਬਾਣੀ ਸੱਚ ਹੋਣ ਵੱਲ

**ਚੰਡੀਗੜ੍ਹ :** ਸੁਖਨਾ ਝੀਲ ਦਮ ਤੋੜ ਰਹੀ ਹੈ। 1958 'ਚ ਇਹਦੇ 'ਚ 18 ਫੁੱਟ ਪਾਣੀ ਹੁੰਦਾ ਸੀ, ਜੋ ਅੱਜ ਮਸਾਂ 8 ਫੁੱਟ ਰਹਿ ਗਿਆ ਹੈ। ਰਹਿੰਦੀ ਕਸਰ ਪਿਛਲੇ ਕੁਝ ਸਾਲਾਂ ਤੋਂ ਬਾਰਸ਼ਾਂ ਦੇ ਬਦਲ ਰਹੇ ਰੁਝਾਨ ਨੇ ਪੂਰੀ ਕਰ ਦਿੱਤੀ ਹੈ।

ਚੰਡੀਗੜ੍ਹ ਪ੍ਰਸ਼ਾਸਨ ਝੀਲ 'ਚੋਂ ਗਾਰ ਕੱਢਣ ਦਾ ਹੀਲਾ ਕਰ ਰਿਹਾ ਹੈ, ਪਰ ਅਜਿਹੀ ਕਿਸੇ ਵੀ ਸਰਗਰਮੀ ਦੇ ਉਦੋਂ ਤੱਕ ਅਸਰਦਾਇਕ ਨਤੀਜੇ ਸਾਹਮਣੇ ਨਹੀਂ ਆਉਣਗੇ, ਜਦੋਂ ਤੱਕ ਝੀਲ ਦੇ ਜਲ ਗ੍ਰਹਿ ਖੇਤਰ 'ਚ ਬੂਟੇ ਨਹੀਂ ਲਾਏ ਜਾਂਦੇ ਤੇ ਭੇਤਭਰੀ ਬੂਟੀ ਇਸ ਵਿਚੋਂ ਨਹੀਂ ਕੱਢੀ ਜਾਂਦੀ। ਸੁਖਨਾ ਜੇ ਕਿਤੇ ਮਾੜੀ-ਮੋਟੀ ਬਚੀ ਹੋਈ ਹੈ ਤਾਂ ਇਹ ਚੈਕ ਡੈਮਾਂ ਦੇ ਆਸਰੇ ਹੀ ਹੈ। ਇਹ ਚੈਕ ਡੈਮ ਜਲ ਗ੍ਰਹਿ ਖੇਤਰ 'ਚੋਂ ਆਉਂਦੀ ਮਿੱਟੀ ਨੂੰ ਕੁਝ ਹੱਦ ਤੱਕ ਤਾਂ ਰੋਕਦੇ ਹਨ, ਪਰ ਓੜਕ ਨੂੰ ਇਹ ਗਾਰ ਇਸ ਝੀਲ ਦੇ ਪੁਰਾਤਨ ਸੁਹੱਪਣ ਨੂੰ ਗ੍ਰਹਿਣ ਲਾਏਗੀ ਹੀ ਲਾਏਗੀ। ਜੇਕਰ ਫੌਰੀ ਕੋਈ ਗੰਭੀਰ ਉਪਰਾਲਾ ਨਾ ਕੀਤਾ ਗਿਆ ਤਾਂ ਝੀਲ ਦਾ ਅਲੋਪ ਹੋਣਾ ਤੈਅ ਹੈ। ਕਿਤੇ ਇਸ ਸ਼ਹਿਰ ਦੀ ਦਿੱਖ ਸੰਵਾਰਨ ਵਾਲੇ ਲੀ ਕਾਰਬੂਜ਼ੀਏ ਦੀ ਝੀਲ ਸਬੰਧੀ ਕੀਤੀ ਭਵਿੱਖਬਾਣੀ ਕਿ ਇਹ 15 ਸਾਲਾਂ 'ਚ ਮਰ ਜਾਵੇਗੀ, ਪੂਰੀ ਨਾ ਹੋ ਜਾਵੇ।

# ਗੁਲਜ਼ਾਰ ਸਿੰਘ ਤੇ ਕਰਨਲ ਫੂਲਕਾ ਨਹੀਂ ਰਹੇ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸੈਨਿਕ ਵਿੰਗ ਦੇ ਕੌਮੀ ਪ੍ਰਧਾਨ (ਰਿਟਾ.) ਕਰਨਲ ਪ੍ਰਤਾਪਇੰਦਰ ਸਿੰਘ ਫੂਲਕਾ (60) ਦਾ 2 ਜੂਨ ਨੂੰ ਦੇਹਾਂਤ ਹੋ ਗਿਆ। ਕਰਨਲ ਫੂਲਕਾ ਨੇ 24 ਦਸੰਬਰ 1972 ਵਿਚ ਭਾਰਤੀ ਫੌਜ ਦੀ 53 ਕਵੈਲਰੀ ਆਰਮਡ ਕੋਰ ਤੋਂ ਆਪਣੀ ਫੌਜ ਦੀ ਨੌਕਰੀ ਦਾ ਸਫਰ ਸ਼ੁਰੂ ਕੀਤਾ ਸੀ। ਉਨ੍ਹਾਂ ਤਕਰੀਬਨ 21 ਸਾਲ ਫੌਜ ਦੀ ਸੇਵਾ ਕੀਤੀ। ਉਨ੍ਹਾਂ ਨੇ 1984 ਦੇ ਦੰਗਿਆਂ ਦੌਰਾਨ ਸ਼ਹੀਦ ਕੀਤੇ ਗਏ ਬਾਵਰਦੀ ਸੈਨਿਕਾਂ ਦੇ 50 ਪਰਿਵਾਰਾਂ ਨੂੰ ਲੱਭ ਕੇ ਉਨ੍ਹਾਂ ਦੀ ਸਰਕਾਰ ਵਲੋਂ ਮਾਲੀ ਮਦਦ ਕਰਵਾਈ।

ਇਸ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਤੇ ਸਾਬਕਾ ਮੰਤਰੀ ਸ. ਗੁਲਜ਼ਾਰ ਸਿੰਘ ਦਾ ਬੀਤੀ 3 ਜੂਨ ਨੂੰ ਇੰਗਲੈਂਡ ਵਿਚ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ ਹੋ ਗਿਆ। ਉਹ 72 ਵਰ੍ਹਿਆਂ ਦੇ ਸਨ। ਉਹ ਪਿਛਲੇ ਦਿਨੀਂ ਇੰਗਲੈਂਡ ਵਿਚ ਰਹਿੰਦੇ ਆਪਣੇ ਕਰੀਬੀ ਰਿਸ਼ਤੇਦਾਰਾਂ ਨੂੰ ਮਿਲਣ ਗਏ ਸਨ।

### ਬਿਆਸ ਵਿਖੇ ਫੌਜੀ ਅਧਿਕਾਰੀ ਵਲੋਂ ਖੁਦਕੁਸ਼ੀ

**ਬਿਆਸ :** ਮਿਲਟਰੀ ਸਟੇਸ਼ਨ ਬਿਆਸ ਵਿਖੇ 6 ਜੂਨ ਨੂੰ ਇਕ ਮਿਲਟਰੀ ਅਧਿਕਾਰੀ ਵਲੋਂ ਖੁਦਕੁਸ਼ੀ ਕਰਨ ਬਾਰੇ ਜਾਣਕਾਰੀ ਮਿਲੀ ਹੈ।

ਬਿਆਸ ਪੁਲਿਸ ਦੇ ਜਾਂਚ ਅਧਿਕਾਰੀ ਏ.ਐਸ.ਆਈ. ਗੁਰਨਾਮ ਸਿੰਘ ਨੇ ਦੱਸਿਆ ਕਿ ਸੂਬੇਦਾਰ ਮੇਜਰ ਵਿਜੇਂਦਰ ਜੋ ਕਿ ਪਿੰਡ ਹਸਨਪੁਰ ਜ਼ਿਲ੍ਹਾ ਮੇਰਠ (ਯੂ.ਪੀ.) ਦਾ ਰਹਿਣ ਵਾਲਾ ਸੀ ਤੇ ਬਿਆਸ ਛਾਉਣੀ ਵਿਖੇ ਤਾਇਨਾਤ ਸੀ, ਨੇ ਬੀਤੇ ਦਿਨੀਂ ਭੇਤਭਰੀ ਹਾਲਤ 'ਚ ਖੁਦਕੁਸ਼ੀ ਕਰ ਲਈ। ਜਿਸ ਸਬੰਧੀ ਕਿਸੇ ਵੀ ਕਾਰਨ ਬਾਰੇ ਅਜੇ ਤੱਕ ਭੇਦ ਬਣਿਆ ਹੋਇਆ ਹੈ। ਮ੍ਰਿਤਕ ਅਧਿਕਾਰੀ ਨੂੰ ਕਦੇ ਕਿਸੇ ਪ੍ਰੇਸ਼ਾਨੀ ਵਿਚ ਨਹੀਂ ਸੀ ਦੇਖਿਆ ਤੇ ਪਿਛਲੀ ਦਿਨੀਂ ਹੀ ਉਹ ਆਪਣੀ ਲੜਕੀ ਦੀ ਸ਼ਾਦੀ ਹੋਣ ਤੋਂ ਬਾਅਦ ਬਹੁਤ ਖੁਸ਼ ਸੀ।

# ਪਾਠੀ ਨੇ ਕਾਰ ਨਹਿਰ 'ਚ ਡੇਗੀ, 3 ਲਾਸ਼ਾਂ ਮਿਲੀਆਂ

**ਰੂਪਨਗਰ:** ਸਰਹਿੰਦ ਨਹਿਰ ਵਿਚ ਕਾਰ ਡੇਗ ਕੇ ਇੱਕ ਵਿਅਕਤੀ ਵਲੋਂ ਤਿੰਨ ਧੀਆਂ (ਨਾਬਾਲਗ) ਸਮੇਤ ਜਾਨ ਦਿੱਤੇ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਬੀਤੀ 5 ਜੂਨ ਨੂੰ ਪਾਠੀ ਜਸਵਿੰਦਰ ਸਿੰਘ (45) ਵਾਸੀ ਭੀਮ ਜ਼ਿਲ੍ਹਾ ਨਵਾਂ ਸ਼ਹਿਰ ਇੱਥੇ ਭੱਠਾ ਸਾਹਿਬ ਵਿਖੇ ਆਪਣੇ ਕਿਸੇ ਦੋਸਤ ਨੂੰ ਮਿਲਣ ਆਇਆ ਸੀ, ਜੋ ਕਿ ਬਾਹਰ ਜਾ ਰਿਹਾ ਸੀ। ਜਸਵਿੰਦਰ ਨਾਲ ਉਸਦੀਆਂ ਤਿੰਨ ਲੜਕੀਆਂ ਸੰਦੀਪ ਕੌਰ (13), ਰਮਨਦੀਪ ਕੌਰ (10) ਤੇ ਅਰਮਨਦੀਪ ਕੌਰ (6) ਸਨ।

ਹਾਦਸਾ ਦਿਨ ਦੇ ਕਰੀਬ 11.30 ਵਜੇ ਵਾਪਰਿਆ। ਚਸ਼ਮਦੀਦਾਂ ਮੁਤਾਬਕ ਜਸਵਿੰਦਰ ਨੇ ਗੱਡੀ ਸਟੇਡੀਅਮ ਵਲ ਬੈਕ ਕਰਕੇ ਖੁਦ ਸਿੱਧੀ ਨਹਿਰ ਵਿਚ ਡੇਗੀ। ਇਸ ਮੌਕੇ ਬੱਚਿਆਂ ਵਲੋਂ ਰੌਲਾ ਪਾਏ ਜਾਣ ਤੋਂ ਬਾਅਦ ਚਸ਼ਮਦੀਦ ਫੌਰੀ ਬਚਾਅ ਲਈ ਅੱਗੇ ਆਏ ਤੇ ਉਨ੍ਹਾਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਜਾਣਕਾਰੀ ਦਿੱਤੀ। ਐਸ ਐਚ ਓ ਦਿਗਵਿਜੈ ਕਪਿਲਾ, ਟ੍ਰੈਫਿਕ ਪੁਲਿਸ ਤੇ ਗੋਤਾਖੋਰ ਸੂਚਨਾ ਮਿਲਦਿਆਂ ਹੀ 15 ਮਿੰਟਾਂ ਦੇ ਅੰਦਰ-ਅੰਦਰ ਉਥੇ ਪਹੁੰਚ ਗਏ ਤੇ ਕਰੇਨ ਦੀ ਮਦਦ ਨਾਲ ਕਾਰ ਨੂੰ ਬਾਹਰ ਕੱਢਿਆ ਗਿਆ। ਬਾਹਰ ਕੱਢੀ ਕਾਰ ਵਿਚੋਂ ਤਿੰਨ ਲਾਸ਼ਾਂ ਮਿਲੀਆਂ, ਜਦਕਿ ਚੌਥੀ ਬਾਰੇ ਅਜੇ ਤੱਕ ਕੋਈ ਪਤਾ ਨਹੀਂ ਲੱਗ ਸਕਿਆ। ਲਾਸ਼ਾਂ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਦੱਸਿਆ ਕਿ ਜਸਵਿੰਦਰ ਸਿੰਘ, ਰਮਨਦੀਪ ਕੌਰ ਤੇ ਅਰਮਨਦੀਪ ਕੌਰ ਦੀਆਂ ਲਾਸ਼ਾਂ ਤਾਂ ਗੱਡੀ ਵਿਚੋਂ ਮਿਲ ਗਈਆਂ ਹਨ, ਜਦਕਿ ਸੰਦੀਪ ਕੌਰ ਦਾ ਅਜੇ ਕੋਈ ਥਹੁ ਪਤਾ ਨਹੀਂ ਲੱਗਿਆ। ਦੱਸਣਾ ਬਣਦਾ ਹੈ ਕਿ ਜਸਵਿੰਦਰ ਦੇ ਚਾਰ ਲੜਕੀਆਂ ਸਨ।

# ਵਿਸ਼ਵ ਕੱਪ ਫੁੱਟਬਾਲ ਮੁਕਾਬਲੇ ਦਾ ਜਨੂੰਨ ਸਿਰਾਂ ’ਤੇ ਸਵਾਰ

**ਫੁੱਟਬਾਲ ਦਾ ਮਹਾਂਕੁੰਭ**

**–ਰਣਜੀਤ ਸਿੰਘ ਪ੍ਰੀਤ**

ਇਹ ਵਰ੍ਹਾ ਵੱਖ-ਵੱਖ ਖੇਡਾਂ ਦੇ ਵਿਸੇਸ਼ ਮੁਕਾਬਲਿਆਂ ਦਾ ਵਰ੍ਹਾ ਹੈ। ਜਿਥੇ ਹਾਕੀ, ਕਬੱਡੀ,ਕ੍ਰਿਕਟ ਆਦਿ ਦੇ ਮੁਕਾਬਲੇ ਹੋਏ ਹਨ, ਉਥੇ 19ਵਾਂ ਫੁੱਟਬਾਲ ਵਿਸ਼ਵ ਕੱਪ ਮੁਕਾਬਲਾ 11 ਜੂਨ ਤੋਂ 11 ਜੁਲਾਈ ਤੱਕ ਪਹਿਲੀ ਵਾਰ ਦੱਖਣੀ ਅਫਰੀਕਾ ਵਿਚ ਖੇਡਿਆ ਜਾਣਾ ਤੈਅ ਹੋਇਆ ਹੈ। ਇਹ ਪਹਿਲਾ ਮੌਕਾ ਹੈ ਜਦੋਂ ਇਹ ਮੁਕਾਬਲਾ ਅਫਰੀਕੀ ਖਿੱਤੇ ਵਿਚ ਖੇਡਿਆ ਜਾ ਰਿਹਾ ਹੈ। 2002 ਵਿਚ ਪਹਿਲੀ ਵਾਰ ਏਸ਼ੀਆ ਦੀ ਧਰਤੀ ਉੱਤੇ, ਦੋ ਮੁਲਕਾਂ ਜਪਾਨ-ਦੱਖਣੀ ਕੋਰੀਆ ਨੇ ਸਾਂਝੀ ਮੇਜ਼ਬਾਨੀ ਅਧੀਨ ਇਹ ਮੁਕਾਬਲਾ ਸਫਲਤਾ ਪੂਰਵਕ ਕਰਵਾਉਂਦਿਆਂ ਸਿਖਰਲੀਆਂ ਮੰਜ਼ਲਾਂ ਤੱਕ ਪਹੁੰਚ ਕੇ ਕਰਿਸ਼ਮਾ ਕਰ ਵਿਖਾਇਆ ਸੀ। ਦੱਖਣੀ ਕੋਰੀਆ, ਤੁਰਕੀ ਤੋਂ ਹਾਰ ਕੇ ਤੀਜੇ ਸਥਾਨ ਤੋਂ ਵਾਂਝਾ ਰਹਿ ਗਿਆ ਸੀ, ਜੋ ਏਸ਼ੀਆ ਦੀ ਅੱਜ ਤੱਕ ਦੀ ਬੇਹਤਰ ਕਾਰਗੁਜ਼ਾਰੀ ਹੈ।

ਪਹਿਲਾਂ ਇਸ ਮੁਕਾਬਲੇ ਵਿਚ ਬਹੁਤ ਹੀ ਘੱਟ ਟੀਮਾਂ ਹਿੱਸਾ ਲਿਆ ਕਰਦੀਆਂ ਸਨ। ਕੋਈ ਗਿਣਤੀ ਵੀ ਨਿਰਧਾਰਤ ਨਹੀਂ ਸੀ। ਫਿਰ ਸਮੇਂ-ਸਮੇਂ ‘ਤੇ ਟੀਮਾਂ ਦੀ ਗਿਣਤੀ ਪਹਿਲਾਂ 16, ਫਿਰ 24 ਅਤੇ ਫਿਰ ਫੁੱਟਬਾਲ ਪ੍ਰੇਮੀਆਂ ਦੀ ਦਿਲਚਸਪੀ, ਫੀਫਾ ਮੈਂਬਰਾਂ ਦੀ ਵਧੀ ਗਿਣਤੀ ਦੇ ਮੱਦੇਨਜ਼ਰ 1998 ਤੋਂ 32 ਨਿਰਧਾਰਤ ਕੀਤੀ ਗਈ। ਇਨ੍ਹਾਂ 32 ਟੀਮਾਂ ਦੀ ਚੋਣ ਲਈ ਸੰਘਰਸ਼ਮਈ ਕੁਆਲੀਫਾਈ ਗੇੜ ਵਿਸ਼ਵ ਕੱਪ ਤੋਂ ਤਿੰਨ ਸਾਲ ਪਹਿਲਾਂ ਹੀ ਸ਼ੁਰੂ ਹੋ ਜਾਇਆ ਕਰਦਾ ਹੈ। ਇਹ ਕੁਆਲੀਫਾਈ ਗੇੜ ਸਿਸਟਮ 1934 ਵਿਚ ਪਹਿਲੀ ਵਾਰ ਲਾਗੂ ਕੀਤਾ ਗਿਆ ਸੀ। ਫੁੱਟਬਾਲ ਦੇ ਇਸ ਮਹਾਂਕੁੰਭ ਦੀਆਂ ਟੀਮਾਂ ਦੀ ਚੋਣ ਲਈ ਦੁਨੀਆਂ ਨੂੰ ਵੱਖ-ਵੱਖ ਖਿਤਿਆਂ ਵਿਚ ਵੰਡਿਆ ਜਾਂਦਾ ਹੈ।


**ਵਿਸ਼ਵ ਕੱਪ ਦੀ ਪ੍ਰਮੁਖ ਦਾਅਵੇਦਾਰ ਬਰਾਜ਼ੀਲੀ ਟੀਮ।**

ਹਰੇਕ ਖਿੱਤੇ ਦਾ ਹਿੱਸਾ ਨਿਰਧਾਰਤ ਹੈ। ਇਸ ਵਾਰ ਵਿਸ਼ਵ ਕੱਪ ਵਿਚ ਖੇਡਣ ਵਾਲੀਆਂ 32 ਟੀਮਾਂ, 204 ਟੀਮਾਂ ਵਿਚੋਂ ਜ਼ੋਰ-ਅਜ਼ਮਾਈ ਕਰਕੇ ਨਿੱਤਰੀਆਂ ਹਨ। ਇਸ ਚੋਣ ਲਈ ਸਮੁੱਚੇ ਸੰਸਾਰ ਨੂੰ ਏਸ਼ੀਆ, ਯੂਰਪ, ਅਫਰੀਕਾ, ਉੱਤਰੀ ਅਮਰੀਕਾ, ਉਸੇਨੀਆਂ, ਕੈਰੀਬੀਆਈ, ਮੱਧ ਅਮਰੀਕਾ ਅਤੇ ਦੱਖਣੀ ਅਮਰੀਕਾ ਵਿਚ ਵੰਡਿਆ ਜਾਂਦਾ ਹੈ।

ਸਭ ਤੋਂ ਵੱਡੀ ਹਿੱਸੇਦਾਰੀ ਯੂਰਪ ਦੀ ਹੈ, ਜਿੱਥੋਂ ਦੇ 53 ਮੁਲਕਾਂ ਵਿਚੋਂ 13 ਟੀਮਾਂ ਦੀ ਚੋਣ ਕੀਤੀ ਜਾਂਦੀ ਹੈ। ਏਸ਼ੀਆ ਖੇਤਰ ਦੇ 43 ਦੇਸਾਂ ਵਿਚੋਂ 4.5 ਅਨੁਸਾਰ ਸਿਰਫ 4 ਟੀਮਾਂ ਹੀ ਭਾਗ ਲੈ ਸਕਦੀਆਂ ਹਨ। ਪਰ ਪੰਜਵੀਂ ਟੀਮ ਪਲੇਅ ਆਫ ਮੁਕਾਬਲੇ ਵਿਚ ਜੇਕਰ ਉਸੇਨੀਆਂ ਖਿੱਤੇ ਦੀ ਟਾਪਰ ਟੀਮ ਨੂੰ ਮਾਤ ਦੇ ਦਿੰਦੀ ਹੈ ਤਾਂ ਉਹ ਵੀ ਸ਼ਾਮਲ ਹੋ ਸਕਦੀ ਹੈ। ਉਸੇਨੀਆਂ ਦਾ ਕੋਟਾ ਸਭ ਤੋਂ ਘੱਟ ਸਿਰਫ 0.5 ਹੀ ਹੈ। ਕਿਉਂਕਿ ਇਸ ਖਿੱਤੇ ਦੇ 10 ਮੁਲਕ ਹੀ ਫੀਫਾ ਦੇ ਮੈਂਬਰ ਹਨ। ਕੈਰੀਬੀਆਈ, ਉੱਤਰ ਅਤੇ ਮੱਧ ਅਮਰੀਕਾ ਦੇ 35 ਦੇਸਾਂ ਲਈ ਕੋਟਾ 3.5 ਮਿੱਥਿਆ ਗਿਆ ਹੈ, ਦੱਖਣੀ ਅਫਰੀਕਾ ਲਈ ਟੀਮਾਂ ਦੀ ਗਿਣਤੀ 4.5 ਮਿਥੀ ਗਈ ਹੈ। ਦੇਖਣੀ ਅਫਰੀਕਾ ਖੇਤਰ ਦੀ ਪੰਜਵੀਂ ਟੀਮ ਦਾ ਪਲੇਅ ਆਫ ਮੈਚ ਉੱਤਰੀ ਮੱਧ ਅਮਰੀਕਾ ਅਤੇ ਕੈਰੇਬਿਆਈ ਖੇਤਰ ਦੀ ਚੌਥੇ ਨੰਬਰ ਵਾਲੀ ਟੀਮ ਨਾਲ ਇਕ ਹੋਰ ਟੀਮ ਦੇ ਫੈਸਲੇ ਲਈ ਹੋਇਆ ਕਰਦਾ ਹੈ। ਪਰ ਇਕ ਸਥਾਨ ਮੇਜ਼ਬਾਨ ਮੁਲਕ ਲਈ ਨਿਰਧਾਰਤ ਹੈ।

ਇਸ ਵਾਰੀ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਹੀ ਟਿਕਟਾਂ ਦੀ ਰਿਕਾਰਡਤੋੜ ਵਿਕਰੀ ਹੋਈ ਹੈ। ਸੈਮੀਫਾਈਨਲ, ਫਾਈਨਲ, ਇੰਗਲੈਂਡ ਦੇ ਮੈਚਾਂ ਨਾਲ ਸੰਬੰਧਿਤ, ਇਟਲੀ-ਪੈਰਾਗੁਏ ਅਤੇ ਬ੍ਰਾਜ਼ੀਲ-ਪੁਰਤਗਾਲ ਦੇ ਮੈਚਾਂ ਦੀ ਕੋਈ ਵੀ ਟਿਕਟ ਬਾਕੀ ਨਹੀਂ ਹੈ। ਡੇਢ ਲੱਖ ਟਿਕਟਾਂ ਹੋਰ ਜਾਰੀ ਕਰਨ ਦੀ ਤਜਵੀਜ਼ ਹੈ। ਵਿਸ਼ਵ ਕੱਪ ਦਾ ਮਸਕਟ ਹਰੇ ਵਾਲਾਂ ਵਾਲਾ ਚੀਤਾ ਹੈ, ਜਿਸ ਨੂੰ ਜ਼ਾਕੂਮੀ ਨਾਂਅ ਦਿੱਤਾ ਗਿਆ ਹੈ।

ਇਸ ਵਾਰ ਵੀ ਪਿਛਲੇ ਮੁਕਾਬਲਿਆਂ ਵਾਂਗ ਸ਼ਾਮਲ ਹੋ ਰਹੀਆਂ 32 ਟੀਮਾਂ ਨੂੰ 4-4 ਦੇ ਹਿਸਾਬ ਨਾਲ 8 ਗਰੁੱਪਾਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਗਰੁੱਪਾਂ ਦੇ ਖੇਡੇ ਜਾਣ ਵਾਲੇ 48 ਮੈਚ ਰਾਊਂਡ ਰੋਬਿਨ ਆਧਾਰ ‘ਤੇ ਹੋਣੇ ਹਨ। ਪਰ ਇਸ ਤੋਂ ਬਾਅਦ ਸਾਰੇ ਮੈਚ ਨਾਕ-ਆਉਟ ਆਧਾਰਤ ਹੋਣਗੇ। ਇਸ ਤਰ੍ਹਾਂ ਅੱਠ ਗਰੁੱਪਾਂ ਦੀਆਂ ਸ਼ਿਖਰਲੀਆਂ 2-2 ਟੀਮਾਂ ਦੇ ਹਿਸਾਬ ਨਾਲ ਕੁੱਲ 16 ਟੀਮਾਂ ਪ੍ਰੀਕੁਆਰਟਰ ਫਾਈਨਲ ਗੇੜ ਵਿਚ ਪ੍ਰਵੇਸ਼ ਕਰਨਗੀਆਂ ਅਤੇ ਇਨ੍ਹਾਂ ਦੇ 8 ਮੈਚ ਖੇਡੇ ਜਾਣਗੇ। ਫਿਰ ਕੁਆਰਟਰ ਫਾਈਨਲ ਵਿਚ 8 ਟੀਮਾਂ ਰਹਿ ਜਾਣਗੀਆਂ ਅਤੇ ਇਨ੍ਹਾਂ ਵਿਚੋਂ 4 ਟੀਮਾਂ ਦੀ ਸੈਮੀਫਾਈਨਲ ਵਿਚ ਟੱਕਰ ਹੋਵੇਗੀ। ਫਿਰ ਟੀਸੀ ਦੇ ਬੇਰ ਲਈ ਬਹੁਤ ਹੀ ਜ਼ਬਰਦਸਤ ਭੇੜ ਵਾਲਾ 19ਵੇਂ ਵਿਸ਼ਵ ਕੱਪ ਦਾ ਆਖਰੀ 64ਵਾਂ ਮੈਚ ਹੋਵੇਗਾ। ਇਹ ਸਾਰੇ ਮੈਚ 10 ਸਟੇਡੀਅਮਾਂ ਵਿਚ 31 ਦਿਨਾਂ ਤੱਕ ਖੇਡੇ ਜਾਣਗੇ। ਇਸ ਵਾਰੀ ਦੱਖਣੀ ਅਫਰੀਕਾ ਵਾਲੇ ਪੂਲ ਨੂੰ ਔਖਾ ਪੂਲ ਮੰਨਿਆ ਜਾ ਰਿਹਾ ਹੈ। ਮੁਕਾਬਲੇ ਦਾ ਪਹਿਲਾ ਮੈਚ ਹੀ ਜੋਹਾਂਸਬਰਗ ਵਿਚ ਦੱਖਣੀ ਅਫਰੀਕਾ ਨੇ ਮੈਕਸੀਕੋ ਵਿਰੁੱਧ ਖੇਡਣਾ ਹੈ।

# ਵਿਸ਼ਵ ਕੱਪ ਫੁੱਟਬਾਲ ਅੰਦਰ ਵਿਵਾਦਾਂ ਦੀ ਚਰਚਾ ਸਦਾ ਚਲਦੀ ਰਹੀ

**ਸੀਤਲ ਸਿੰਘ ਪਲਾਹੀ**

ਓਲੰਪਿਕ ਖੇਡਾਂ ਦੀ ਤਰ੍ਹਾਂ ਵਿਸ਼ਵ ਕੱਪ ਫੁਟਬਾਲ ਨਾਲ ਵੀ ਸਮੇਂ ਸਮੇ ਸਿਰ ਵਿਵਾਦ ਜੁੜਦੇ ਰਹੇ ਹਨ। ਉਂਜ ਤਾਂ ਵਿਸ਼ਵ ਕੱਪ ਦੀ ਸ਼ੁਰੂਆਤ ਹੀ ਵਾਦ-ਵਿਵਾਦ ਨਾਲ ਹੋਈ ਸੀ। ਸੰਨ 1930 ਦੇ ਪਹਿਲੇ ਵਿਸ਼ਵ ਕੱਪ ਦੀ ਮੇਜ਼ਬਾਨੀ ਦੇ ਮੁਖ ਦਾਅਵੇਦਾਰ ਸਨ, ਇਟਲੀ, ਹਾਲੈਂਡ, ਸਪੇਨ, ਸਵੀਡਨ ਅਤੇ ਉਰੂਗੋਵੇ । ਮੇਜ਼ਬਾਨੀ ਦਾ ਫੈਸਲਾ ਫੀਫਾ ਨੇ ਉਰਗੋਵੇ ਦੇ ਹੱਕ ਵਿਚ ਸੁਣਾਇਆ ਜਿਸ ਦਾ ਕਾਰਨ ਸੀ ਕਿ ਉਰੂਗੋਵੇ 1924 ਅਤੇ 1928 ਦੇ ਓਲੰਪਿਕ ਜੇਤੂ ਖਿਤਾਬ ਦੇ ਨਾਲ ਆਪਣੀ ਆਜ਼ਾਦੀ ਦੀ 100ਵੀਂ ਵਰ੍ਹੇਗੰਢ ਵੀ ਮਨਾ ਰਿਹਾ ਸੀ। ਫੀਫਾ ਦੇ ਇਸ ਫੈਸਲੇ ਤੋਂ ਖਫਾ ਹੋ ਕੇ ਇਟਲੀ, ਹਾਲੈਂਡ, ਸਪੇਨ ਅਤੇ ਸਵੀਡਨ ਨੇ ਪਹਿਲੇ ਵਿਸ਼ਵ ਕੱਪ ਵਿਚ ਹਿੱਸਾ ਨਹੀਂ ਲਿਆ।

ਪਹਿਲੇ ਵਿਸ਼ਵ ਕੱਪ ‘ਚ ਹੀ ਅਰਜਨਟੀਨਾ ਅਤੇ ਫਰਾਂਸ ਦਰਮਿਆਨ ਮੈਚ ’ਚ ਅਰਜਨਟੀਨਾ ਇਕ ਗੋਲ ਨਾਲ ਅੱਗੇ ਸੀ ਪਰ ਮੈਚ ਦੇ 84ਵੇਂ ਮਿੰਟ ਵਿਚ ਜਦੋਂ ਫਰਾਂਸ ਦੇ ਲੈਗੀਲਾਰ ਦੀ ਸ਼ਾਟ ਗੋਲ ‘ਚ ਜਾ ਰਹੀ ਸੀ ਤਾਂ ਰੈਫਰੀ ਨੇ ਸੀਟੀ ਵਜਾ ਕੇ ਮੈਚ ਸਮਾਪਤ ਕਰ ਦਿੱਤਾ। ਸਟੇਡੀਅਮ ‘ਚ ਸ਼ੋਰ ਮੱਚ ਗਿਆ। ਫਰਾਂਸ ਦੇ ਮੈਨੇਜਰ ਨੇ ਦੱਸਿਆ ਕਿ ਮੈਚ ਅਜੇ ਛੇ ਮਿੰਟ ਬਾਕੀ ਹੈ। ਮੈਚ ਫਿਰ ਦੁਬਾਰਾ ਸ਼ੁਰੂ ਕੀਤਾ ਗਿਆ ਪਰ ਜਿੱਤ ਅਰਜਨਟੀਨਾ ਦੇ ਹੀ ਹੱਥ ਲੱਗੀ। ਪਹਿਲੇ ਵਿਸ਼ਵ ਕੱਪ ਦਾ ਫਾਈਨਲ ਜੋ ਅਰਜਨਟੀਨਾ ਅਤੇ ਮੇਜ਼ਬਾਨ ਉਰੂਗੋਵੇ ਦਰਮਿਆਨ ਖੇਡਿਆ ਗਿਆ, ਵਿਚ ਇਹ ਰੇੜਕਾ ਖੜ੍ਹਾ ਹੋ ਗਿਆ ਕਿ ਕਿਸ ਦੇਸ਼ ਦੀ ਬਣੀ ਫੁਟਬਾਲ ਨਾਲ ਖੇਡਿਆ ਜਾਵੇ। ਆਖਰ ਰੈਫਰੀ ਲੈਂਗਨੈਸ ਨੂੰ ਫੈਸਲਾ ਟਾਸ ਉਛਾਲ ਕੇ ਕਰਨਾ ਪਿਆ। ਪਹਿਲਾ ਹਾਫ ਅਰਜਨਟੀਨਾ ਅਤੇ ਦੂਜਾ ਅੱਧ ਉਰੂਗੋਵੇ ਦੇ ਫੁਟਬਾਲ ਨਾਲ ਖੇਡੇ ਜਾਣ ਦਾ ਫੈਸਲਾ ਹੋਇਆ। ਪਹਿਲੇ ਹਾਫ ‘ਚ ਪਛੜਨ ਦੇ ਬਾਵਜੂਦ ਉਰੂਗੋਵੇ 4-2 ਦੇ ਫਰਕ ਨਾਲ ਵਿਸ਼ਵ ਚੈਂਪੀਅਨ ਬਣਿਆ। ਉਰੂਗੋਵੇ ‘ਚ ਜਸ਼ਨ ਮਨਾਏ ਗਏ, ਜਦੋਂ ਕਿ ਅਰਜਨਟੀਨਾ ਵਿਚ ਉਰੂਗੋਵੇ ਦੇ ਸਫਾਰਤਖਾਨੇ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਗਈ। ਦੋਵਾਂ ਦੇਸ਼ਾਂ ਵਿਚ ਐਸੀ ਕੜਵਾਹਟ ਵਧੀ ਕਿ ਉਨ੍ਹਾਂ ਨੇ ਆਪਸੀ ਸਬੰਧ ਹੀ ਤੋੜ ਲਏ।

ਸੰਨ 1934 ਦਾ ਵਿਸ਼ਵ ਕੱਪ ਇਟਲੀ ਦੇ ਰਾਜੇ ਡਿਊਕ ਮੁਸੋਲੀਨੀ ਦੀ ਰਾਜਨੀਤਕ ਪਾਰੀ ਨਾਲ ਭਰਿਆ ਰਿਹਾ। ਉਹ ਹਰ ਹੀਲੇ ਵਿਸ਼ਵ ਕੱਪ ਇਟਲੀ ‘ਚ ਰੱਖਣਾ ਚਾਹੁੰਦਾ ਸੀ ਤੇ ਇਵੇਂ ਕੀਤਾ ਵੀ। ਉਰੂਗੋਵੇ ਨੇ ਇਸ ਵਿਸ਼ਵ ਕੱਪ ਦਾ ਬਾਈਕਾਟ ਇਸ ਕਰਕੇ ਕੀਤਾ ਕਿਉਂਕਿ ਇਟਲੀ ਸਮੇਤ ਚਾਰ ਯੂਰਪੀ ਦੇਸ਼ ਪਿਛਲੇ ਵਿਸ਼ਵ ਕੱਪ ’ਚ ਹਿੱਸਾ ਲੈਣ ਲਈ ਉਰੂਗੋਵੇ ਨਹੀਂ ਪਹੁੰਚੇ ਸਨ। 1938 ਦਾ ਵਿਸ਼ਵ ਕੱਪ ਫਰਾਂਸ ‘ਚ ਹੋਇਆ। ਉਸ ਸਮੇਂ ਜਰਮਨ ਫੌਜਾਂ ਦਾ ਆਸਟਰੀਆ ‘ਤੇ ਕਬਜ਼ਾ ਸੀ, ਜਿਸ ਦੇ ਸਿੱਟੇ ਵਜੋਂ ਜਰਮਨਾਂ ਨੇ ਆਸਟਰੀਆ ਦੇ ਛੇ ਖਿਡਾਰੀ ਆਪਣੇ ਦੇਸ਼ ਵਲੋਂ ਮੈਦਾਨ ‘ਚ ਉਤਾਰ ਦਿੱਤੇ। ਇਸੇ ਵਿਸ਼ਵ ਕੱਪ ‘ਚ ਬਰਾਜ਼ੀਲ ਅਤੇ ਚੈਕੋਸਲਵਾਕੀਆ ਦਰਮਿਆਨ ਖੇਡਿਆ ਗਿਆ ਮੈਚ ਵਾਟਰਲੂ ਦਾ ਮੈਦਾਨ ਬਣ ਗਿਆ। ਗਹਿਗੱਚ ਹੋਈ ਲੜਾਈ ‘ਚ ਜਦੋਂ ਮੈਚ 1-1 ਦੀ ਬਰਾਬਰੀ ਨਾਲ ਸਮਾਪਤ ਹੋਇਆ ਤਾਂ ਮੈਦਾਨ ‘ਚ 17 ਖਿਡਾਰੀ ਰਹਿ ਗਏ। ਦੋ ਚੈਕ ਅਤੇ ਇਕ ਬਰਾਜ਼ੀਲ ਖਿਡਾਰੀ ਨੂੰ ਬਾਹਰ ਭੇਜ ਦਿੱਤਾ ਗਿਆ ਜਦੋਂਕਿ ਚੈਕੋਸਲਵਾਕੀਆ ਦੇ ਦੋ ਖਿਡਾਰੀ ਹਸਪਤਾਲ ‘ਚ ਜ਼ੇਰੇ ਇਲਾਜ ਸਨ। 1954 ਦੇ ਵਿਸ਼ਵ ਕੱਪ ‘ਚ ਬਰਾਜ਼ੀਲ ਅਤੇ ਹੰਗਰੀ ਦਰਮਿਆਨ ਖੇਡਿਆ ਮੈਚ ‘ਬੈਟਲ ਆਫ ਬਰਨ’ ਦੇ ਨਾਂਅ ਨਾਲ ਜਾਣਿਆ ਗਿਆ। ਨੌਬਤ ਇਥੇ ਤੱਕ ਜਾ ਅੱਪੜੀ ਕਿ ਮੈਚ ਤੋਂ ਬਾਅਦ ਦੋਵਾਂ ਟੀਮਾਂ ਦੇ ਖਿਡਾਰੀਆਂ ਦੀ ਡਰੈਸਿੰਗ ਰੂਮ ‘ਚ ਲੜਾਈ ਹੋਈ, ਬੋਤਲਾਂ ਆਦਿ ਦਾ ਇਸਤੇਮਾਲ ਕੀਤਾ ਗਿਆ। ਪੁਲੀਸ ਦੇ ਦਖਲ ਨਾਲ ਦੋਵਾਂ ਟੀਮਾਂ ਨੂੰ ਅਲੱਗ ਕੀਤਾ ਗਿਆ।


**ਫਰਾਂਸੀਸੀ ਸਿਤਾਰਾ ਜ਼ਿਦਾਨ**

1962 ਦਾ ਵਿਸ਼ਵ ਕੱਪ ਚਿੱਲੀ ‘ਚ ਕਰਵਾਇਆ ਗਿਆ ਜਿਥੇ ਇਕ ਵਾਰ ਫਿਰ ਸੋਵੀਅਤ ਸੰਘ ਅਤੇ ਯੁਗੋਸਵਾਲੀਆ ਦਰਮਿਆਨ ਖੇਡੇ ਮੈਚ ‘ਚ ਧੱਕੇ-ਮੁੱਕੀ ਵਾਲੀ ਖੇਡ ਦਾ ਮੁਜ਼ਾਹਰਾ ਹੋਇਆ। ਯੁਗੋਸਵਾਲੀਆ ਦੇ ਖਿਡਾਰੀ ਡਬਿਨਸਕੀ ਦੀ ਮੈਚ ਦੌਰਾਨ ਲੱਤ ਟੁੱਟ ਗਈ। ਇਕ ਹੋਰ ਮੈਚ ‘ਚ ਚਿੱਲੀ ਦੇ ਇਕ ਭੂਤਰੇ ਬਾਕਸਰ ਲਿਨੋਲ ਸਾਚੇਲ ਨੇ ਮੈਦਾਨ ਵਿਚ ਦਾਖਲ ਹੋ ਕੇ ਇਟਲੀ ਦੇ ਹੰਸਬੰਗਟੋ ਮੈਸਚੀਉ ਦੇ ਮੁੱਕਾ ਮਾਰਕੇ ਉਸ ਦੇ ਨੱਕ ਦੀ ਹੱਡੀ ਤੋੜ ਦਿੱਤੀ। ਮੈਚ ਚੱਲਦਾ ਰਿਹਾ ਪਰ ਇਸ ਤੋਂ ਬਾਅਦ ਇਟਲੀ ਦੇ ਦੋ ਹੋਰ ਖਿਡਾਰੀਆਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ। 1966 ਦਾ ਵਿਸ਼ਵ ਕੱਪ ਇੰਗਲੈਂਡ ਦੀ ਮੇਜ਼ਬਾਨੀ ‘ਚ ਖੇਡਿਆ ਜਾ ਰਿਹਾ ਸੀ। ਜਰਮਨ ਦੇ ਰੈਫਰੀ ਨੇ ਅਰਜਨਟੀਨਾ ਦੇ ਕਪਤਾਨ ਐਟੀਨਿਉਰੇਟਿਨ ਨੂੰ ਬਾਹਰ ਜਾਣ ਦਾ ਹੁਕਮ ਸੁਣਾਇਆ ਪਰ ਰੇਟਿਨ ਨੇ ਬਾਹਰ ਜਾਣ ਤੋਂ ਇਨਕਾਰ ਕਰ ਦਿੱਤਾ ਜਿਸ ਕਾਰਨ ਮੈਚ ਸੱਤ ਮਿੰਟ ਰੁਕਿਆ ਰਿਹਾ। ਇਸੇ ਵਿਸ਼ਵ ਕੱਪ ਵਿਚ ਇੰਗਲੈਂਡ ਅਤੇ ਪੱਛਮੀ ਜਰਮਨੀ ਦਰਮਿਆਨ ਖੇਡਿਆ ਮੈਚ ਵੀ ਵਿਵਾਦ ਭਰਿਆ ਸਾਬਤ ਹੋਇਆ। ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ 2-2 ਦੀ ਬਰਾਬਰੀ ਤੋਂ ਬਾਅਦ ਵਾਧੂ ਸਮੇਂ ‘ਚ ਜਿਉਸ ਹਸਟਰ ਦੇ ਵਿਵਾਦ ਭਰੇ ਗੋਲ ਨੂੰ ਟੈਲੀਵਿਜ਼ਨ ਕੈਮਰੇ ਵੀ ਇਹ ਦਿਖਾਉਂਦੇ ਰਹੇ ਕਿ ਬਾਲ ਗੋਲ ਰੇਖਾ ਤੋਂ ਪਾਰ ਹੀ ਨਹੀਂ ਹੋਈ। ਮੈਕਸੀਕੋ ‘ਚ ਖੇਡੇ ਗਏ 1970 ਦੇ ਵਿਸ਼ਵ ਕੱਪ ਦੀ ਤਿਆਰੀ ਲਈ ਇੰਗਲੈਂਡ ਦੀ ਟੀਮ ਲਾਤੀਨੀ ਅਮਰੀਕਾ ਗਈ। ਕੋਲੰਬੀਆ ਦੇ ਮੈਚ ਤੋਂ ਬਾਅਦ ਇੰਗਲੈਂਡ ਦਾ ਕਪਤਾਨ ਬਾਬੀ ਮੂਰ ਅਤੇ ਬਾਬੀ ਚਾਰਟਲਨ ਆਪਣੇ ਹੋਟਲ ਦੀ ਗਹਿਣਿਆਂ ਦੀ ਦੁਕਾਨ ‘ਤੇ ਗਏ, ਉਥੇ ਮੂਰ ਨੂੰ ਇਕ ਬਰੈਸਲਿਟ ਚੋਰੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ। ਮੂਰ ਕਈ ਦਿਨ ਕੈਦ ‘ਚ ਰਿਹਾ। ਇਸ ਮਾਮਲੇ ਨੇ ਏਨੀ ਰਾਜਨੀਤਕ ਰੰਗ ਫੜਿਆ ਕਿ ਇਕ ਸਮੇਂ ਇੰਗਲੈਂਡ ਦੀ ਟੀਮ ਵਾਪਸ ਜਾਣ ਲਈ ਤਿਆਰ ਹੋ ਗਈ।

1986 ਦੇ ਵਿਸ਼ਵ ਕੱਪ ਦਾ ਕੁਆਰਟਰ ਫਾਈਨਲ ਮੈਚ ਚਰਚਾ ਦਾ ਵਿਸ਼ਾ ਬਣਿਆ। ਅਰਜਨਟੀਨਾ ਦੇ ਕਪਤਾਨ ਮੈਰਾਡੋਨਾ ਨੇ ਇੰਗਲੈਂਡ ਸਿਰ ਹੱਥ ਨਾਲ ਕੀਤੇ ਵਿਵਾਦਤ ਗੋਲ ਨੂੰ ‘ਹੈਂਡ ਆਫ ਗਾਡ’ ਦਾ ਨਾਂਅ ਦਿੱਤਾ। ਟਿਊਨੀਸ਼ੀਆ ਦੇ ਰੈਫਰੀ ਨੂੰ ਇਹ ਫੈਸਲਾ ਮਹਿੰਗਾ ਪਿਆ। ਬਾਅਦ ‘ਚ ਉਸ ਨੂੰ ਵਿਸ਼ਵ ਕੱਪ ‘ਚੋਂ ਕੱਢ ਦਿੱਤਾ ਗਿਆ। 1990 ‘ਚ ਇਟਲੀ ਵਿਸ਼ਵ ਕੱਪ ਫਾਈਨਲ ‘ਚ ਪੱਛਮੀ ਜਰਮਨੀ ਅਤੇ ਅਰਜਨਟੀਨਾ ਦੇ ਮੈਚ ਵਿਚ ਦਿੱਤੀ ਪੈਨਲਿਟੀ ਕਿੱਕ ਵਿਵਾਦ ਦਾ ਕਾਰਨ ਬਣੀ। ਮੈਚ ਖਤਮ ਹੋ ਤੋ 6 ਮਿੰਟ ਪਹਿਲਾਂ ਰੈਫਰੀ ਆਦਰੇਆਸ ਬਰੈਹਮ ਨੇ ਅਰਜਨਟੀਨਾ ਦੇ ਖਿਲਾਫ ਪੈਨਲਟੀ ਦਿੱਤੀ ਜਿਸ ਨਾਲ ਪੱਛਮੀ ਜਰਮਨੀ 1-0 ਨਾਲ ਚੈਂਪੀਅਨ ਬਣਿਆ। ਇਸ ਫਾਈਨਲ ਨੂੰ ਲੰਡਨ ਐਕਸਪ੍ਰੈੱਸ ਨੇ ‘ਵਿਸ਼ਵ ਕੱਪ ਫਾਈਨਲ ਫੁਟਬਾਲ ਨਾਲ ਧੋਖਾ’ ਦੀਆਂ ਸੁਰਖੀਆਂ ਬਣਾ ਕੇ ਲਿਖਿਆ। 1998 ‘ਚ ਬਰਾਜ਼ੀਲ ਦੀ ਟੀਮ ਫਰਾਂਸ ਹੱਥੋਂ ਬੁਰੀ ਤਰ੍ਹਾਂ ਹਾਰੀ ਅਤੇ ਰੋਨਾਲਡੋ ਦੇ ਮੈਚ ਵਾਲੀ ਰਾਤ ਤੋਂ ਪਹਿਲਾਂ ਬੇਹੋਸ਼ ਹੋਣ ਦੇ ਚਰਚੇ ਅਤੇ 2002 ਵਿਸ਼ਵ ਕੱਪ ‘ਚ ਰੈਫਰੀਆਂ ਦੇ ਗ਼ਲਤ ਫੈਸਲੇ ਵਿਵਾਦ ਦਾ ਕਾਰਨ ਬਣੇ। ਸੰਨ 2006 ਵਿਸ਼ਵ ਕੱਪ ‘ਚ ਫਰਾਂਸ ਦੇ ਜਿਨੇਡਿਨ ਜ਼ਿਡਾਨ ਅਤੇ ਇਟਲੀ ਦੇ ਖਿਡਾਰੀ ਮੈਟਰੇਜੀ ਦੀ ਫਾਈਨਲ ਮੈਚ ‘ਚ ਤੂੰ-ਤੂੰ ਮੈਂ-ਮੈਂ ਤੇ ਫਿਰ ਮੈਟਰੇਜੀ ਦੇ ਉਕਸਾਉਣ ‘ਤੇ ਜ਼ਿਡਾਨ ਨੇ ਸਿਰ ਨਾਲ ਮਾਰੀ ਟੱਕਰ ‘ਚ ਲਾਲ ਕਾਰਡ ਵੇਖ ਕੇ ਬਾਹਰ ਹੋਣਾ ਵਿਵਾਦ ਬਣਿਆ। ਹੁਣ ਦੇਖੋ, 2010 ਦਾ ਦੱਖਣੀ ਅਫਰੀਕਾ ਵਿਖੇ ਹੋ ਰਿਹਾ ਵਿਸ਼ਵ ਕੱਪ ਕੀ ਪੈੜਾਂ ਛੱਡੇਗਾ।



**ਬਾਰਸੀਲੋਨਾ ਦਾ ਮੈਸੀ**

## ਵਿਸ਼ਵ ਕੱਪ ਫੁੱਟਬਾਲ ’ਚ ਟੀਮਾਂ ਦੇ ਗਰੁੱਪ

**ਪੂਲ ਏ:** ਦੱਖਣੀ ਅਫ਼ਰੀਕਾ, ਮੈਕਸੀਕੋ, ਉਰੂਗਏ, ਫਰਾਂਸ।
**ਪੂਲ ਬੀ:**ਅਰਜਨਟੀਨਾ,ਨਾਈਜ਼ੀਰੀਆ,ਦੱਖਣੀ ਕੋਰੀਆ,ਯੂਨਾਨ।
**ਪੂਲ ਸੀ:** ਇੰਗਲੈਂਡ,ਅਮਰੀਕਾ,ਅਲਜ਼ੀਰੀਆ,ਸਲੋਵੇਨੀਆ।
**ਪੂਲ ਡੀ:** ਜਰਮਨੀ,ਆਸਟਰੇਲੀਆ,ਸਰਬੀਆ ਘਾਨਾ
**ਪੂਲ ਈ:** ਹਾਲੈਂਡ,ਡੈਨਮਾਰਕ,ਜਪਾਨ,ਕੈਮਰੂਨ
**ਪੂਲ ਐਫ:** ਇਟਲੀ,ਪੈਰਾਗਵੇ,ਨਿਊਜ਼ੀਲੈਂਡ,ਚੈਕੋਸਲਵਾਕੀਆ
**ਪੂਲ ਜੀ:** ਬ੍ਰਾਜ਼ੀਲ,ਉਤਰੀ ਕੋਰੀਆ,ਆਈਵਰੀਕੋਸਟ,ਪੁਰਤਗਾਲ
**ਪੂਲ ਐਚ:** ਸਪੇਨ,ਸਵਿਟਜ਼ਰਲੈਂਡ,ਹੋਂਡਰਸ,ਚਿੱਲੀ




# ਪੰਜਾਬ ਯੂਨੀਵਰਸਿਟੀ ਅਧਿਆਪਕਾਂ ਲਈ ਪੰਜਾਬੀ ਲਾਜ਼ਮੀ

**ਚੰਡੀਗੜ੍ਹ :** ਪੰਜਾਬ ਯੂਨੀਵਰਸਿਟੀ ਅਤੇ ਇਸਦੇ ਖੇਤਰੀ ਕੇਂਦਰਾਂ ਦੇ ਅਧਿਆਪਕਾਂ ਲਈ ਦਸਵੀਂ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਹੋਵੇਗੀ। ਯੂਨੀਵਰਸਿਟੀ ਵਲੋਂ ਪੰਜਾਬੀ ਦਾ ਗਿਆਨ ਨਾ ਰੱਖਣ ਵਾਲੇ ਅਧਿਆਪਕਾਂ ਨੂੰ ਦਸਵੀਂ ਪਾਸ ਕਰਨ ਲਈ ਇਕ ਸਾਲ ਦਾ ਸਮਾਂ ਦਿੱਤਾ ਜਾਵੇਗਾ।

ਸੂਤਰਾਂ ਨੇ ਦੱਸਿਆ ਕਿ ਉਪ-ਕੁਲਪਤੀ ਪ੍ਰੋ: ਆਰ.ਸੀ. ਸੋਬਤੀ ਵਲੋਂ ਸਿੰਡੀਕੇਟ ਵਿਚ ਫੈਸਲਾ ਪ੍ਰਵਾਨਗੀ ਲਈ ਰੱਖਿਆ ਜਾਵੇਗਾ। ਯੂਨੀਵਰਸਿਟੀ ਅਧਿਕਾਰੀਆਂ ਵਾਸਤੇ ਅਧਿਆਪਕਾਂ ਦੀ ਪੰਜਾਬੀ ਸਬੰਧੀ ਜਾਣਕਾਰੀ ਨਾ ਹੋਣ ਦਾ ਵੱਡਾ ਸੰਕਟ ਉਦੋਂ ਖੜ੍ਹਾ ਹੋ ਗਿਆ ਜਦੋਂ ਕੁਝ ਅਧਿਆਪਕਾਂ ਨੇ ਇਹ ਕਹਿ ਕੇ ਉਤਰੀ ਪੱਤਰੀਆਂ ਚੈਕ ਕਰਨ ਤੋਂ ਨਾਂਹ ਕਰ ਦਿੱਤੀ ਕਿ ਉਨ੍ਹਾਂ ਨੇ ਪੰਜਾਬੀ ਨਹੀਂ ਪੜ੍ਹੀ ਹੋਈ।

ਕੈਂਪਸ ਦੇ ਸ਼ੋਸ਼ਲ ਸਾਇੰਸਿਜ਼ ਵਿਭਾਗਾਂ ਵਿਚ ਪੜ੍ਹਦੇ 70 ਫੀਸਦੀ ਵਿਦਿਆਰਥੀ ਪੰਜਾਬੀ ਮਾਧਿਅਮ ਦੇ ਹਨ ਜਦੋਂ ਕਿ ਇਨ੍ਹਾਂ ਵਿਭਾਗਾਂ ‘ਚ ਪੜ੍ਹਾਉਂਦੇ ਵੱਡੀ ਗਿਣਤੀ ਅਧਿਆਪਕ ਪੰਜਾਬੀ ਦਾ ਗਿਆਨ ਨਹੀਂ ਰੱਖਦੇ। ਯੂਨੀਵਰਸਿਟੀ ਨਾਲ ਸੰਬੰਧਿਤ ਖੇਤਰੀ ਕੇਂਦਰਾਂ ਵਿਚ ਲੁਧਿਆਣਾ, ਹੁਸ਼ਿਆਰਪੁਰ ਅਤੇ ਮੁਕਤਸਰ ਦੇ ਖੇਤਰੀ ਕੇਂਦਰ ਹਨ ਜਿਨ੍ਹਾਂ ਦੇ 90 ਫੀਸਦੀ ਵਿਦਿਆਰਥੀਆਂ ਦੀ ਪੜ੍ਹਾਈ ਦਾ ਮਾਧਿਅਮ ਪੰਜਾਬੀ ਹੈ ਜਦੋਂ ਕਿ ਇਨ੍ਹਾਂ ਕੇਂਦਰਾਂ ਵਿਚ ਪੜ੍ਹਾਉਂਦੇ 70 ਫੀਸਦੀ ਅਧਿਆਪਕ ਪੰਜਾਬੀ ਪੜ੍ਹਨ ਦੇ ਸਮਰੱਥ ਨਹੀਂ ਹਨ। ਲੁਧਿਆਣਾ ਦੇ ਖੇਤਰੀ ਕੇਂਦਰ ਦੇ ਪੁਲੀਟੀਕਲ ਸਾਇੰਸ ਵਿਭਾਗ ਦਾ ਇਕ ਵੀ ਅਧਿਆਪਕ ਪੰਜਾਬੀ ਦਾ ਗਿਆਨ ਨਹੀਂ ਰੱਖਦਾ।

# ਭ੍ਰਿਸ਼ਟਾਚਾਰ ’ਚ ਗ੍ਰਸਤ ਲੋਕਾਂ ਦੇ ਘੇਰੇ ’ਚ ਘਿਰ ਰਹੇ ਪ੍ਰਧਾਨ ਮੰਤਰੀ

**–ਜਤਿੰਦਰ ਪਨੂੰ**

ਅਟਲ ਬਿਹਾਰੀ ਵਾਜਪਾਈ ਬਾਰੇ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਉਹ ‘ਗਲਤ ਪਾਰਟੀ ਵਿਚ ਠੀਕ ਆਦਮੀ’ ਹੈ। ਜਦੋਂ ਉਹਨੂੰ ਤੇਰਾਂ ਦਿਨਾਂ ਲਈ ਪ੍ਰਧਾਨ ਮੰਤਰੀ ਦੀ ਕੁਰਸੀ ਪਹਿਲੀ ਵਾਰੀ ਨਸੀਬ ਹੋਈ, ਭਰੋਸੇ ਦਾ ਵੋਟ ਲੈਣ ਦੀ ਅਸਫਲ ਕੋਸ਼ਿਸ਼ ਦੌਰਾਨ ਪਾਰਲੀਮੈਂਟ ਅੰਦਰ ਬਹਿਸ ਵੇਲੇ ਵੀ ਕਈ ਲੋਕਾਂ ਨੇ ਕਿਹਾ ਸੀ ਕਿ ‘ਬੰਦਾ ਤਾਂ ਠੀਕ ਹੈ, ਪਰ ਪਾਰਟੀ ਗਲਤ ਦਾ ਲੀਡਰ’ ਹੈ। ਵਾਜਪਾਈ ਸ਼ਬਦਾਂ ਦੀ ਜਾਦੂਗਰੀ ਜਾਣਦਾ ਸੀ ਤੇ ਉਸ ਨੇ ਗੱਲ ਨੂੰ ਭੁਆਂਟਣੀ ਦੇ ਕੇ ਪੁੱਛ ਲਿਆ ਸੀ: ‘ਬੰਦਾ ਠੀਕ ਹੈ, ਪਰ ਪਾਰਟੀ ਗਲਤ ਹੈ, ਇਹ ਤੁਸੀਂ ਸਾਰੇ ਕਹਿੰਦੇ ਹੋ, ਫਿਰ ਪਾਰਟੀ ਦੀ ਸਜ਼ਾ ਇਸ ਠੀਕ ਬੰਦੇ ਨੂੰ ਕਿਉਂ ਦਿੰਦੇ ਹੋ?’ ਉਸ ਬਹਿਸ ਵਿਚ ਇਸ ਤੋਂ ਵੱਖਰੀ ਸੁਰ ਸਿਰਫ ਇੱਕੋ ਨਿਕਲੀ ਤੇ ਉਹ ਸੀ ਪੀ ਆਈ ਦੇ ਕਾਮਰੇਡ ਇੰਦਰਜੀਤ ਗੁਪਤਾ ਦੀ ਸੀ, ਜਿਸ ਨੇ ਕਿਹਾ ਸੀ ਕਿ ‘ਪਾਰਟੀ ਹੀ ਨਹੀਂ, ਇਹ ਬੰਦਾ ਵੀ ਕਈ ਪੱਖਾਂ ਤੋਂ ਗ਼ਲਤ ਹੈ।’ ਉਸ ਨੇ ਇਹ ਵੀ ਚੇਤੇ ਕਰਵਾ ਦਿੱਤਾ ਸੀ ਕਿ ਆਰ ਐਸ ਐਸ ਦਾ ਫਿਰਕੂ ਏਜੰਡਾ ਲਾਗੂ ਕਰਨ ਲਈ ਵਾਜਪਾਈ ਆਪਣਾ ‘ਮਾਡਰੇਟ’ ਚਿਹਰਾ ਬਚਾ ਕੇ ਵੀ ਕਿਵੇਂ ਬਾਕੀਆਂ ਤੋਂ ਦੋ ਕਦਮ ਅੱਗੇ ਨਿਕਲ ਜਾਂਦਾ ਹੈ। ਇੱਕੋ ਗੱਲ ਕਿਸੇ ਨੇ ਨਹੀਂ ਸੀ ਕਹੀ ਤੇ ਉਹ ਇਹ ਕਿ ਵਾਜਪਾਈ ‘ਤੇ ਕਿਸੇ ਭਾਈ-ਭਤੀਜਾਵਾਦ ਜਾਂ ਹੋਰ ਸਕੈਂਡਲ ਵਿਚ ਫਸਣ ਦਾ ਦੋਸ਼ ਨਹੀਂ ਸੀ ਲਾਇਆ, ਪਰ ਜਦੋਂ ਉਹ ਪੱਕਾ ਪ੍ਰਧਾਨ ਮੰਤਰੀ ਬਣ ਗਿਆ ਤਾਂ ਪੈਟਰੋਲ ਪੰਪਾਂ ਦੀ ਅਲਾਟਮੈਂਟ ਵਿਚ ਰਿਸ਼ਤੇਦਾਰਾਂ ਦੇ ਨਾਂਅ ਆਉਣ ਪਿੱਛੋਂ ਇਹ ਗੱਲ ਵੀ ਕਹੀ ਜਾਣ ਲੱਗ ਪਈ ਸੀ।

ਮੌਜੂਦਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਅਜੇ ਤੱਕ ਦੂਸ਼ਣਾਂ ਦੀ ਮਾਰ ਤੋਂ ਇਸ ਪੱਖੋਂ ਬਚਿਆ ਹੋਇਆ ਹੈ। ਉਸ ਦੇ ਇਕ ਨੇੜਲੇ ਰਿਸ਼ਤੇਦਾਰ ਦੇ ਗੋਦਾਮਾਂ ਦੀ ਜਾਂਚ ਪਿੱਛੇ ਜਿਹੇ ਸ਼ੁਰੂ ਹੋਈ ਤਾਂ ਅਖਬਾਰਾਂ ਵਿਚ ਖਬਰਾਂ ਪੜ੍ਹ ਕੇ ਹੀ ਉਸ ਨੇ ਜਨਤਕ ਤੌਰ ‘ਤੇ ਵੀ ਅਲਹਿਦਗੀ ਜ਼ਾਹਰ ਕਰ ਦਿੱਤੀ ਤੇ ਜਾਂਚ ਅਧਿਕਾਰੀਆਂ ਨੂੰ ਵੀ ਕਹਿ ਦਿੱਤਾ ਸੀ ਕਿ ਮਾਮਲੇ ਦੀ ਪੁਣ-ਛਾਣ ਕਰਨ ਸਮੇਂ ਉਹ ਇਸ ਗੱਲ ਨੂੰ ਭੁੱਲ ਜਾਣ ਕਿ ਸੰਬੰਧਿਤ ਵਿਅਕਤੀ ਦੀ ਪ੍ਰਧਾਨ ਮੰਤਰੀ ਨਾਲ ਕੋਈ ਰਿਸ਼ਤੇਦਾਰੀ ਹੈ। ਕਿਰਦਾਰ ਦਾ ਇਹ ਉਜਲਾ ਪੱਖ ਇਕ ਪਾਸੇ ਹੈ, ਪਰ ਉਨ੍ਹਾਂ ਦੀ ਸਰਕਾਰ ਦਾ ਕਿਰਦਾਰ ਓਨਾ ਉਜਲਾ ਨਜ਼ਰ ਨਹੀਂ ਆਉਂਦਾ। ਆਮ ਕਿਹਾ ਜਾਂਦਾ ਹੈ ਕਿ ਬੰਦਾ ਸੰਗਤ ਤੋਂ ਪਛਾਣਿਆ ਜਾਂਦਾ ਹੈ, ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਘੇਰੇ ਵਿਚ ਸੰਗਤ ਘੱਟ ਅਤੇ ਕੁਸੰਗਤ ਵਧ ਨਜ਼ਰ ਆ ਰਹੀ ਹੈ। ਕਰਤੂਤਾਂ ਉਨ੍ਹਾਂ ਸਾਥੀ ਵਜ਼ੀਰਾਂ ਦੀਆਂ ਹਨ, ਬਦਨਾਮੀ ਸਰਕਾਰ ਦੀ ਹੁੰਦੀ ਹੈ। ਇਹ ਗੱਲ ਪਹਿਲਾਂ ਵੀ ਕਈ ਵਾਰੀ ਸਾਹਮਣੇ ਆਉਂਦੀ ਰਹੀ ਹੈ ਤੇ ਹੁਣ ਇਕ ਵਾਰੀ ਫਿਰ ਆ ਰਹੀ ਹੈ। ਸਰਕਾਰ ਦੀ ਇਕ ਮਜ਼ਬੂਤ ਧਿਰ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਮੁਖੀ ਸ਼ਰਦ ਪਵਾਰ ਦਾ ਤਾਂ ਵਿਰੋਧੀ ਧਿਰ ਦੀ ਮੁੱਖ ਪਾਰਟੀ ਭਾਜਪਾ ਵਲੋਂ ਅਸਤੀਫਾ ਵੀ ਮੰਗਿਆ ਜਾ ਰਿਹਾ ਹੈ। ਹਾਲਾਤ ਇਸ ਤਰ੍ਹਾਂ ਦੇ ਬਣ ਰਹੇ ਹਨ ਕਿ ਜਿਵੇਂ ਅੰਤਲੇ ਪਲਾਂ ਵਿਚ ਸ਼ਸ਼ੀ ਥਰੂਰ ਬਾਰੇ ਕੋਈ ਸਫਾਈ ਦੇਣ ਤੋਂ ਕਾਂਗਰਸ ਨੇ ਪਾਸਾ ਵੱਟ ਲਿਆ ਸੀ, ਉਵੇਂ ਹੀ ਉਸ ਨੂੰ ਹੁਣ ਸ਼ਰਦ ਪਵਾਰ ਬਾਰੇ ਵੀ ਕਰਨਾ ਪੈ ਰਿਹਾ ਹੈ।

ਸ਼ਰਦ ਪਵਾਰ ਚਰਚਿਆਂ ਵਿਚ ਕਦੋਂ ਨਹੀਂ ਸੀ? ਜਦੋਂ 1993 ਵਿਚ ਮੁੰਬਈ ਦੇ ਦੰਗੇ ਅਤੇ ਬੰਬ ਧਮਾਕੇ ਹੋਏ, ਓਦੋਂ ਵੀ ਉਸ ਦੀ ਭੂਮਿਕਾ ਬਾਰੇ ਬਹੁਤ ਗੱਲਾਂ ਹੋਈਆਂ ਸਨ। ਆਂਧਰਾ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਉਸੇ ਰਾਜ ‘ਚੋਂ ਆਏ ਪਹਿਲੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੂੰ ਠਿੱਬੀ ਲਾਉਣ ਕਾਰਨ ਵੀ ਉਹ ਚਰਚਾ ਵਿਚ ਆਇਆ ਸੀ। ਸੀਤਾ ਰਾਮ ਕੇਸਰੀ ਦੀ ਥਾਂ ਪ੍ਰਧਾਨ ਬਣੀ ਸੋਨੀਆ ਗਾਂਧੀ ਨੂੰ ਵਿਦੇਸ਼ਣ ਕਹਿ ਕੇ ਉਸ ਦਾ ਪਹਿਲਾਂ ਡਟਵਾਂ ਵਿਰੋਧ ਕਰਨ ਤੇ ਪਿੱਛੋਂ ਉਸੇ ਦੀ ਛਾਂ ਮਾਨਣ ਕਾਰਨ ਵੀ ਉਸ ਬਾਰੇ ਬਥੇਰੀਆਂ ਗੱਲਾਂ ਹੁੰਦੀਆਂ ਰਹੀਆਂ। ਪਿਛਲੀਆਂ ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਫੇਰ ਉਸ ਨੇ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਦਾਅਵਾ ਪੇਸ਼ ਕਰ ਕੇ ਆਪਣੀ ਹਾਲਤ ਹਾਸੋਹੀਣੀ ਕਰਵਾਈ ਸੀ।



ਫਿਰ ਵੀ ਇਹ ਸਭ ਰਾਜਨੀਤਕ ਗੱਲਾਂ ਸਨ, ਬਦਨਾਮੀ ਉਸ ਦੀ ਪਿਛਲੇ ਸਾਲ ਖੰਡ ਦੀਆਂ ਕੀਮਤਾਂ ਵਧਣ ਕਾਰਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠਾਂ ਵੀ ਹੋ ਗਈ। ਹਰ ਕੋਈ ਹੈਰਾਨ ਸੀ ਕਿ ਪਿਛਲੇ ਤਿੰਨ ਸਾਲਾਂ ਦਾ ਪਿਆ ਖੰਡ ਦਾ ਸਟਾਕ ਬਿਨਾਂ ਕੋਈ ਨਵਾਂ ਖਰਚ ਆਏ ਤੋਂ ਸੋਲਾਂ ਰੁਪਏ ਦੀ ਥਾਂ ਰਾਤੋ ਰਾਤ ਇਕਵੰਜਾ ਰੁਪਏ ਕਿਲੋ ਕਿਵੇਂ ਕਰ ਦਿੱਤਾ ਗਿਆ? ਮਹਿੰਗਾਈ ਵਧਣ ਬਾਰੇ ਉਸ ਨੇ ਇਹ ਕਹਿ ਕੇ ਵੀ ਵਿਵਾਦ ਛੇੜ ਲਿਆ ਕਿ ‘ਮੈਂ ਕੋਈ ਜੋਤਸ਼ੀ ਨਹੀਂ, ਜਿਹੜਾ ਕੀਮਤਾਂ ਘਟਣ ਦੀ ਤਰੀਕ ਬਾਰੇ ਦੱਸ ਦੇਵਾਂ।’ ਹੁਣ ਉਹ ਇਸ ਤੋਂ ਵੀ ਵੱਡੇ ਪੁਆੜੇ ’ਚ ਫਸਦਾ ਨਜ਼ਰ ਆ ਰਿਹਾ ਹੈ।

ਹਾਲੇ ਤਿੰਨ ਮਹੀਨੇ ਨਹੀਂ ਹੋਏ, ਜਦੋਂ ਕ੍ਰਿਕਟ ਦੀ ਆਈ ਪੀ ਐਲ ਲੜੀ ਲਈ ਨਵੀਆਂ ਟੀਮਾਂ ਦੀ ਫਰੈਂਚਾਈਜ਼ੀ ਦਾ ਸਕੈਂਡਲ ਸਾਹਮਣੇ ਆਇਆ ਸੀ। ਪਹਿਲੀ ਵਾਰੀ ਵਜ਼ੀਰ ਬਣੇ ਸ਼ਸ਼ੀ ਥਰੂਰ ਦੇ ਸਿਰ ਨੂੰ ਵਜ਼ੀਰੀ ਦਾ ਫਤੂਰ ਤੇ ਪੈਸੇ ਦਾ ਮੋਹ ਦੋਵੇਂ ਚੜ੍ਹ ਗਏ ਤੇ ਉਹ ਛੇਤੀ ਅੜਿੱਕੇ ਆ ਜਾਣ ਕਰ ਕੇ ਗੱਦੀ ਛੱਡਣ ਨੂੰ ਮਜਬੂਰ ਹੋ ਗਿਆ ਸੀ। ਹੁਣ ਸਾਹਮਣੇ ਆਏ ਵੇਰਵਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਆਪ ਓਹਲੇ ਰਹਿ ਕੇ ਇਕ ਟੀਮ ਦੀ ਫਰੈਂਚਾਈਜ਼ੀ ਵਾਸਤੇ ਸ਼ਰਦ ਪਵਾਰ ਤੇ ਉਸ ਦੇ ਪਰਿਵਾਰ, ਧੀ-ਜਵਾਈ, ਨੇ ਵੀ ਯਤਨ ਕੀਤੇ ਸਨ। ਇਕ ਕੰਪਨੀ ਉਨ੍ਹਾਂ ਨੇ ਘਰ ਦੇ ਜੀਆਂ ਨਾਲ ਖੋਲ੍ਹੀ ਤੇ ਅੱਗੋਂ ਉਸ ਕੰਪਨੀ ਦੇ ਨਾਂਅ ਉਤੇ ਇਕ ਹੋਰ ਕੰਪਨੀ ਦੇ ਸੋਲਾਂ ਫੀਸਦੀ ਸ਼ੇਅਰ ਖਰੀਦ ਲਏ। ਸਿੱਧੇ ਸ਼ੇਅਰ ਖਰੀਦਦੇ ਤਾਂ ਆਪਣਾ ਨਾਂਅ ਵਾਰ-ਵਾਰ ਚਰਚਾ ਵਿਚ ਆਉਣਾ ਸੀ, ਇਸ ਕਰ ਕੇ ਕੰਪਨੀ ਬਣਾ ਕੇ ਉਸ ਦੇ ਨਾਂਅ ਉਤੇ ਖਰੀਦ ਲਏ, ਜਿਸ ਦੀ ਅਸਲੀ ਮਾਲਕੀ ਲੁਕੀ ਰਹਿਣੀ ਸੀ। ਅਗੋਂ ਜਿਹੜੀ ਕੰਪਨੀ ਦੇ ਸੋਲਾਂ ਫੀਸਦੀ ਸ਼ੇਅਰ ਇਨ੍ਹਾਂ ਨੇ ਖਰੀਦੇ ਤੇ ਇਨ੍ਹਾਂ ਸ਼ੇਅਰਾਂ ਸਦਕਾ ਛੇਵੇਂ ਹਿੱਸੇ ਦੇ ਮਾਲਕ ਸਨ, ਉਸ ਕੰਪਨੀ ਨੇ ਆਈ ਪੀ ਐਲ ਦੀ ਇਕ ਟੀਮ ਲਈ ਬਾਰਾਂ ਸੌ ਕਰੋੜ ਰੁਪਏ ਦੀ ਬੋਲੀ ਜਾ ਲਾਈ। ਕਿਹਾ ਇਹ ਜਾ ਰਿਹਾ ਹੈ ਕਿ ਬੋਲੀ ਉਸ ਬੰਦੇ ਨੇ ਨਿੱਜੀ ਹੈਸੀਅਤ ਵਿਚ ਲਾਈ ਸੀ, ਪਰ ਅਰਜ਼ੀ ਉਸ ਨੇ ਨਿੱਜੀ ਤੌਰ ‘ਤੇ ਨਹੀਂ, ਕੰਪਨੀ ਵਲੋਂ ਪੇਸ਼ ਕੀਤੀ ਸੀ ਤੇ ਕੰਪਨੀ ਨੇ ਉਸ ਨੂੰ ਇੰਜ ਕਰਨ ਦੀ ਖੁੱਲ੍ਹ ਆਪ ਦਿੱਤੀ ਸੀ। ਤਦ ਫਿਰ ਉਹ ਨਿੱਜੀ ਅਰਜ਼ੀ ਕਿਵੇਂ ਰਹਿ ਗਈ? ਸਪੱਸ਼ਟੀਕਰਨ ਦੇਂਦੀ ਹੈ ਸ਼ਰਦ ਪਵਾਰ ਦੀ ਬੇਟੀ ਕਿ ਜੇ ਉਸ ਕੰਪਨੀ ਨੇ ਕਿਸੇ ਨੂੰ ਇੰਜ ਕਰਨ ਦੀ ਖੁਲ੍ਹ ਦਿੱਤੀ ਵੀ ਹੋਵੇ ਤਾਂ ਅਸੀਂ ਉਸ ਦੇ ‘ਮਾਮੂਲੀ ਜਿਹੇ’ ਸ਼ੇਅਰ-ਹੋਲਡਰ ਹਾਂ, ਸਾਡੀ ਇਸ ਵਿਚ ਸਹਿਮਤੀ ਦੀ ਲੋੜ ਨਹੀਂ ਸੀ।

ਇਹ ਜ਼ਿੰਮੇਵਾਰੀ ਤੋਂ ਬਚਣ ਦੀ ਉਹ ਕੋਸ਼ਿਸ਼ ਹੈ, ਜਿਹੜੀ ਪਵਾਰ ਪਰਿਵਾਰ ਨੂੰ ਹੋਰ ਹਾਸੋਹੀਣੀ ਸਥਿਤੀ ਵਿਚ ਫਸਾ ਦੇਂਦੀ ਹੈ। ਕੁੱਲ ਬਾਰਾਂ ਸੌ ਕਰੋੜ ਰੁਪਏ ਦੀ ਬੋਲੀ ਦਿੱਤੀ ਗਈ ਸੀ। ਸੋਲਾਂ ਫੀਸਦੀ ਸ਼ੇਅਰਾਂ ਦੇ ਮਾਲਕ ਪਵਾਰ ਪਰਿਵਾਰ ਦੇ ਇਕ ਸੌ ਬਾਨਵੇਂ ਕਰੋੜ ਰੁਪਏ ਇਸ ਜੂਏ ਵਿਚ ਖਰਚੇ ਜਾਣੇ ਸਨ ਤੇ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ, ਇਹ ਗੱਲ ਮੂਰਖ ਤੋਂ ਮੂਰਖ ਬੰਦਾ ਵੀ ਨਹੀਂ ਮੰਨ ਸਕਦਾ। ਫਿਰ ਇਹ ਸਥਿਤੀ ਵੀ ਓਦੋਂ ਦੀ ਹੈ, ਜਦੋਂ ਭਾਰਤ ਦਾ ਕ੍ਰਿਕਟ ਬੋਰਡ ਸ਼ਰਦ ਪਵਾਰ ਦੀ ਜੇਬ ਵਿਚ ਹੈ ਤੇ ਉਸ ਦੀ ਮਰਜ਼ੀ ਤੋਂ ਬਿਨਾਂ ਓਥੇ ਕੁਝ ਹੁੰਦਾ ਹੀ ਨਹੀਂ। ਸਾਫ ਹੈ ਕਿ ਇਕ ਖੇਡ ਇਨ੍ਹਾਂ ਨੇ ਖੇਡੀ ਸੀ, ਜਿਹੜੀ ਸਿਰੇ ਨਾ ਚੜ੍ਹ ਸਕੀ, ਤੇ ਜਿਹੜੇ ਉਹ ਖੇਡ ਖੇਡਦੇ ਡੁੱਬ ਗਏ ਸਨ, ਉਹ ਹੁਣ ਸ਼ਰਦ ਪਵਾਰ ਦੀ ਬੇੜੀ ਡੋਬਣ ਲਈ ਮੈਦਾਨ ਵਿਚ ਨਿਕਲ ਆਏ ਹਨ। ਕੋਈ ਲਲਿਤ ਮੋਦੀ ਹੋਵੇ, ਸ਼ਸ਼ੀ ਥਰੂਰ ਹੋਵੇ ਜਾਂ ਫਿਰ ਕੋਈ ਹੋਰ, ਭਾਵੇਂ ਪੁਰਾਣਾ ਬੇਆਬਰੂ ਕਰ ਕੇ ਕੱਢਿਆ ਪ੍ਰਧਾਨ ਜਗਮੋਹਨ ਡਾਲਮੀਆ ਹੀ ਹੋਵੇ, ਗੱਲ ਉਹ ਤਦੇ ਹੀ ਚੁੱਕਣਗੇ, ਜੇ ਸ਼ਰਦ ਪਵਾਰ ਸਾਹਿਬ ਨੇ ਕੋਲਿਆਂ ਦੇ ਕਾਰੋਬਾਰ ਵਿਚ ਹੱਥ ਕਾਲੇ ਕਰਵਾਏ ਹੋਣਗੇ, ਓਦਾਂ ਕੋਈ ਮੁੱਦਾ ਉਹ ਕਿਵੇਂ ਚੁੱਕ ਸਕਦੇ ਹਨ? ਵਿਵਾਦ ਜਿੰਨਾ ਵਧ ਗਿਆ ਹੈ, ਜੇ ਸ਼ਰਦ ਪਵਾਰ ਦੀ ਵੱਖਰੀ ਪਾਰਟੀ ਨਾ ਹੁੰਦੀ, ਹੁਣ ਨੂੰ ਕਾਂਗਰਸ ਪਾਰਟੀ ਨੇ ਉਸ ਨੂੰ ਬਾਹਰ ਦਾ ਦਰਵਾਜ਼ਾ ਵਿਖਾ ਦੇਣਾ ਸੀ। ਰਾਜਸੀ ਗੱਠਜੋੜ ਦੀਆਂ ਮਜਬੂਰੀਆਂ ਵੀ ਕਈ ਵਾਰੀ ਜ਼ੋਰਾਵਰ ਸਾਬਤ ਹੁੰਦੀਆਂ ਹਨ ਤੇ ਇਹ ਡਾਕਟਰ ਮਨਮੋਹਨ ਸਿੰਘ ਲਈ ਵੀ ਮੁੜ-ਮੁੜ ਮੁਸ਼ਕਲਾਂ ਖੜੀਆਂ ਕਰ ਰਹੀਆਂ ਹਨ। ਹਾਲੇ ਪਿਛਲੇ ਮਹੀਨੇ ਤਾਮਿਲਨਾਡੂ ਦੀ ਡੀ ਐਮ ਕੇ ਪਾਰਟੀ ਦੇ ਕੇਂਦਰੀ ਟੈਲੀਕਾਮ ਮੰਤਰੀ ਏ. ਰਾਜਾ ਵਿਰੁਧ ਇਕ ਪਾਸੇ ਸੀ ਬੀ ਆਈ ਜਾਂਚ ਸ਼ੁਰੂ ਹੁੰਦੀ ਵੇਖੀ ਗਈ ਤੇ ਦੂਜੇ ਪਾਸੇ ਪ੍ਰਧਾਨ ਮੰਤਰੀ ਨੂੰ ਇਕ ਮੰਤਰੀ ਵਜੋਂ ਉਸ ਦੇ ਕੀਤੇ ਨੂੰ ਪ੍ਰਵਾਨਗੀ ਦੇਣੀ ਪਈ। ਕੁੱਲ ਸੱਠ ਹਜ਼ਾਰ ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਦਾ ਦੋਸ਼ ਏ. ਰਾਜਾ ਦੇ ਜ਼ਿੰਮੇ ਲੱਗ ਰਿਹਾ ਹੈ, ਪਰ ਉਸ ਦੀ ਪਾਰਟੀ ਦਾ ਮੁਖੀ ਕਰੁਣਾਨਿਧੀ ਜਿੰਨੀ ਦੇਰ ਉਸ ਨੂੰ ਸਰਪ੍ਰਸਤੀ ਦੇਈ ਜਾ ਰਿਹਾ ਹੈ, ਮਨਮੋਹਨ ਸਿੰਘ ਜਾਂ ਸੋਨੀਆ ਗਾਂਧੀ ਉਸ ਦਾ ਵਾਲ ਵੀ ਵਿੰਗਾ ਕਰਨ ਬਾਰੇ ਨਹੀਂ ਸੋਚ ਸਕਦੇ।

ਗੱਲ ਸਿਰਫ ਗੱਠਜੋੜ ਦੇ ਭਾਈਵਾਲਾਂ ਦੀ ਨਹੀਂ, ਹੁਣ ਤਾਂ ਕਾਂਗਰਸ ਪਾਰਟੀ ਦੇ ਅੰਦਰ ਵੀ ਬਥੇਰਾ ਕੁਝ ਹੋ ਰਿਹਾ ਹੈ। ਜੈ ਰਾਮ ਰਮੇਸ਼ ਉਤੇ ਬੀ ਟੀ ਬਤਾਊਂ ਵਾਲੀਆਂ ਕੰਪਨੀਆਂ ਨਾਲ ਸ਼ੱਕੀ ਕਿਸਮ ਦੀ ਸਾਂਝ ਪਾਉਣ ਦੇ ਦੋਸ਼ ਲੱਗੇ, ਉਹ ਚੀਨ ਵਿਚ ਜਾ ਕੇ ਸਰਕਾਰ ਦਾ ਅਕਸ ਵੀ ਖਰਾਬ ਕਰ ਮੁੜਿਆ, ਪਰ ਰਾਜ ਸਭਾ ਦੀ ਟਿਕਟ ਉਸ ਨੂੰ ਫੇਰ ਦੇਣੀ ਪੈ ਗਈ ਹੈ। ਅੰਬਿਕਾ ਸੋਨੀ ਦਾ ਜਦੋਂ ਪੰਜਾਬ ਦੇ ਪਿਛਲੇ ਗਵਰਨਰ (ਰਿਟਾਇਰਡ ਜਨਰਲ) ਰੋਡਰਿਗਜ਼ ਨਾਲ ਰੇੜਕਾ ਪਿਆ, ਓਦੋਂ ਬਹੁਤ ਕੁਝ ਕਿਹਾ ਸੁਣਿਆ ਗਿਆ ਸੀ, ਪਰ ਟਿਕਟ ਉਸ ਨੂੰ ਵੀ ਫੇਰ ਦੇ ਦਿੱਤੀ ਹੈ। ਏਦਾਂ ਦੇ ਇਕ ਨਹੀਂ, ਅਨੇਕਾਂ ਹਨ, ਜਿਨ੍ਹਾਂ ਬਾਰੇ ਕਈ ਤਰ੍ਹਾਂ ਦੇ ਵਿਵਾਦ ਚੱਲਦੇ ਰਹਿੰਦੇ ਹਨ, ਪਰ ਕਾਂਗਰਸ ਹਾਈ ਕਮਾਨ ਉਨ੍ਹਾਂ ਬਾਰੇ ਕੋਈ ਸਖਤ ਕਦਮ ਕਦੇ ਵੀ ਨਹੀਂ ਚੁੱਕ ਸਕਦੀ।

ਹੁਣ ਲਵੋ ਮਾਮਲਾ ਮਾਓਵਾਦੀਆਂ ਦੀ ਹਿੰਸਾ ਅਤੇ ਇਸ ਨਾਲ ਸਿੱਝਣ ਦੇ ਭਾਰਤ ਸਰਕਾਰ ਦੇ ਕਦਮਾਂ ਦਾ। ਹਿੰਸਾ ਦੀ ਹਮਾਇਤ ਤਾਂ ਜੋ ਵੀ ਕੋਈ ਕਰੇਗਾ, ਗਲਤ ਕਰੇਗਾ, ਪਰ ਇਹ ਮੰਨਣ ਵਿਚ ਕਿਸੇ ਨੂੰ ਝਿਜਕ ਨਹੀਂ ਹੋਣੀ ਚਾਹੀਦੀ ਕਿ ਉਨ੍ਹਾਂ ਇਲਾਕਿਆਂ ਅੰਦਰ ਮਾਓਵਾਦੀਆਂ ਨੂੰ ਸਥਾਨਕ ਲੋਕਾਂ ਦੀ ਹਮਾਇਤ ਮਿਲ ਰਹੀ ਹੈ। ਹਮਾਇਤ ਦਾ ਕਾਰਨ ਓਥੇ ਬਹੁਕੌਮੀ ਕੰਪਨੀਆਂ ਵਲੋਂ ਜੰਗਲਾਂ ਦੀ ਅੰਨ੍ਹੇ-ਵਾਹ ਕਟਾਈ ਤੇ ਜ਼ਮੀਨ ਦੀ ਕੁੱਖ ਫੋਲ ਕੇ ਕੀਮਤੀ ਧਾਤਾਂ ਕੱਢੀਆਂ ਜਾਣਾ ਹੈ। ਜਿਹੜੀਆਂ ਬਹੁ-ਕੌਮੀ ਕੰਪਨੀਆਂ ਇਹ ਕੰਮ ਕਰਦੀਆਂ ਹਨ, ਸਾਰੀਆਂ ਵਿਦੇਸ਼ੀ ਨਹੀਂ, ਕੁਝ ਭਾਰਤੀ ਮੂਲ ਦੀਆਂ ਵੀ ਹਨ, ਜਿਨ੍ਹਾਂ ਦਾ ਖਿਲਾਰਾ ਨਿਊਯਾਰਕ, ਲੰਡਨ ਤੇ ਟੋਕੀਓ ਦੇ ਸਟਾਕ ਐਕਸਚੇਂਜਾਂ ਤੱਕ ਪਹੁੰਚਦਾ ਹੈ। ਇਨ੍ਹਾਂ ਵਿਚ ਇਕ ਕੰਪਨੀ ਦਾ ਨਾਂਅ ਵੇਦਾਂਤਾ ਰਿਸੋਰਸਿਜ਼ ਹੈ, ਜਿਸ ਦਾ ਜ਼ਿਕਰ ਆਵੇ ਤਾਂ ਗੱਲ ਕੇਂਦਰ ਸਰਕਾਰ ਦੇ ਵੀ ਕੇਂਦਰ ਤੱਕ ਜਾ ਪਹੁੰਚਦੀ ਹੈ।

ਜੀ ਹਾਂ, ਇਹ ਸੱਚ ਹੈ। ਮੌਜੂਦਾ ਭਾਰਤ ਸਰਕਾਰ ਅੰਦਰ ਜੋ ਡਾਕਟਰ ਮਨਮੋਹਨ ਸਿੰਘ ਤੇ ਪ੍ਰਣਬ ਮੁਖਰਜੀ ਤੋਂ ਬਾਅਦ ਤੀਜੇ ਈਮਾਨਦਾਰ ਦਾ ਜ਼ਿਕਰ ਆਵੇ ਤਾਂ ਗ੍ਰਹਿ ਮੰਤਰੀ ਪੀ. ਚਿਦੰਬਰਮ ਦਾ ਨਾਂ ਲਿਆ ਜਾਂਦਾ ਹੈ। ਇਹੋ ਗ੍ਰਹਿ ਮੰਤਰੀ ਪੀ. ਚਿਦੰਬਰਮ 2004 ਵਿਚ ਯੂ ਪੀ ਏ ਦੀ ਪਹਿਲੀ ਸਰਕਾਰ ਦਾ ਖਜ਼ਾਨਾ ਮੰਤਰੀ ਬਣਨ ਤੱਕ ਓਸੇ ਵੇਦਾਂਤਾ ਰਿਸੋਰਸਿਜ਼ ਨਾਂਅ ਦੀ ਕੰਪਨੀ ਦਾ ਡਾਇਰੈਕਟਰ ਹੁੰਦਾ ਸੀ, ਜਿਹੜੀ ਉਨ੍ਹਾਂ ਇਲਾਕਿਆਂ ਅੰਦਰ ਦੇਸ਼ ਦੀ ਕੁਦਰਤੀ ਦੌਲਤ ਨੂੰ ਲੁੱਟਣ ਅਤੇ ਕਬਾਇਲੀ ਲੋਕਾਂ ਨੂੰ ਮਾਓਵਾਦੀਆਂ ਦਾ ਮੁੱਖ ਆਧਾਰ ਬਣਾਉਣ ਲਈ ਜ਼ਿੰਮੇਵਾਰ ਮੰਨੀਆਂ ਜਾਂਦੀਆਂ ਕੰਪਨੀਆਂ ਵਿਚੋਂ ਇਕ ਹੈ। ਜਦੋਂ ਉਹ ਖਜ਼ਾਨਾ ਮੰਤਰੀ ਬਣਿਆ ਤਾਂ ਵੇਦਾਂਤਾ ਕੰਪਨੀ ਦੇ ਮੁਖੀ ਬਰਾਇਨ ਗਿਲਬਰਟਸਨ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਇਹ ਦਰਜ ਕੀਤਾ ਸੀ ਕਿ ‘22 ਮਈ 2004 ਨੂੰ ਪੀ. ਚਿਦੰਬਰਮ ਨੇ ਬੋਰਡ ਤੋਂ ਤਿਆਗ ਪੱਤਰ ਦੇ ਦਿੱਤਾ, ਕਿਉਂਕਿ ਉਹ ਭਾਰਤ ਸਰਕਾਰ ਦੇ ਖਜ਼ਾਨਾ ਮੰਤਰੀ ਨਿਯੁਕਤ ਕੀਤੇ ਗਏ ਸਨ। ਮੈਂ ਉਨ੍ਹਾਂ ਦੇ ਯੋਗਦਾਨ ਲਈ ਧੰਨਵਾਦ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਉਹ ਭਾਰਤ ਦੇ ਵਿਕਾਸ ਲਈ ਅਹਿਮ ਭੂਮਿਕਾ ਨਿਭਾਉਂਦੇ ਰਹਿਣਗੇ।’ ਚਿਦੰਬਰਮ ਸਾਹਿਬ ਦੇ ਜਿਹੜੇ ਯੋਗਦਾਨ ਲਈ ਗਿਲਬਰਟਸਨ ਹੁਰੀਂ ਧੰਨਵਾਦ ਕਰੀ ਜਾਂਦੇ ਹਨ, ਉਹੋ ਰੋਲ ਭਾਰਤ ਦੇ ਅਮਨ ਤੇ ਆਰਥਿਕਤਾ ਦੋਵਾਂ ਦੇ ਜੜ੍ਹੀਂ ਬਹਿੰਦਾ ਜਾ ਰਿਹਾ ਹੈ।

ਅਸੀਂ ਬਾਹਲੇ ਲੋਕਾਂ ਦੇ ਫੋਲਣੇ ਨਾ ਵੀ ਫੋਲੀਏ ਤਾਂ ਏਨੀ ਗੱਲ ਸਾਫ ਹੈ ਕਿ ਅਟਲ ਬਿਹਾਰੀ ਵਾਜਪਾਈ ਸਿਰਫ ਕਹਿਣ ਨੂੰ ‘ਗਲਤ ਪਾਰਟੀ ਅੰਦਰ ਠੀਕ ਆਦਮੀ’ ਸੀ, ਮਨਮੋਹਨ ਸਿੰਘ ਸਚਮੁੱਚ ਕੁਸੰਗ ਦੀ ਕੁੜਿੱਕੀ ਵਿਚ ਆਏ ਹੋਏ ਹਨ। ਦੇਸ਼ ਦੀ ਬਦਕਿਸਮਤੀ ਕਹੀ ਜਾਵੇ ਜਾਂ ਮਨਮੋਹਨ ਸਿੰਘ ਦੀ, ਸੱਚ ਕੌੜਾ ਤੇ ਕੋਝਾ ਹੀ ਸਹੀ, ਰਹਿਣਾ ਤਾਂ ਉਸ ਨੇ ਸੱਚ ਹੀ।

# ਸਮਾਂ ਸੀਮਾ ਨਾ ਹੋਣ ’ਤੇ ਲਟਕਦੀਆਂ ਨੇ ਰਹਿਮ ਅਪੀਲਾਂ



**ਨਵੀਂ ਦਿੱਲੀ :** ਸੰਸਦ ਹਮਲੇ ਦੇ ਦੋਸ਼ੀ ਅਫ਼ਜ਼ਲ ਗੁਰੂ ਦੀ ਰਹਿਮ ਦੀ ਅਪੀਲ ਸਮੇਤ ਹੋਰ ਵੀ ਕਈ ਅਜਿਹੇ ਮਾਮਲੇ ਸਾਲਾਂ ਬੱਧੀ ਸਮੇਂ ਤੋਂ ਇਸ ਕਰਕੇ ਲਟਕਦੇ ਆ ਰਹੇ ਹਨ, ਕਿਉਂਕਿ ਅਜਿਹੀਆਂ ਅਪੀਲਾਂ ਨੂੰ ਨਿਬੇੜਨ ਲਈ ਕੋਈ ਸਮਾਂ ਸੀਮਾ ਕਿਸੇ ਕਾਨੂੰਨ ਤਹਿਤ ਨਿਰਧਾਰਤ ਨਹੀਂ ਕੀਤੀ ਗਈ। ਇਨ੍ਹਾਂ ਅਪੀਲਾਂ ਦਾ ਛੇਤੀ ਨਿਪਟਾਰਾ ਨਾ ਹੋਣ ਕਾਰਨ ਬੇਹੱਦ ਸੰਗੀਨ ਮਾਮਲਿਆਂ ਦੇ ਦੋਸ਼ੀ ਫਾਂਸੀ ਜਾਂ ਹੋਰ ਸਖਤ ਸਜ਼ਾਵਾਂ ਮਿਲਣ ਦੇ ਬਾਵਜੂਦ ਲੰਬਾ ਸਮਾਂ ਜੇਲ੍ਹਾਂ ਵਿਚ ਬੈਠੇ ਰਹਿੰਦੇ ਹਨ ਤੇ ਕਈ ਵਾਰ ਅਜਿਹੇ ਹਾਲਾਤ ਵੀ ਬਣ ਜਾਂਦੇ ਹਨ ਕਿ ਇਨ੍ਹਾਂ ਦੋਸ਼ੀਆਂ ਨੂੰ ਉਨ੍ਹਾਂ ਦੇ ਸਾਥੀ ਛੁਡਵਾ ਲੈਣ ਦੇ ਰਾਹ ਤੱਕ ਵੀ ਪੁੱਜਣ ਵਿਚ ਸਫਲ ਹੋ ਜਾਂਦੇ ਹਨ। ਆਰ.ਟੀ.ਆਈ. ਕਾਰਕੁਨ ਸੁਭਾਸ਼ ਚੰਦਰ ਅਗਰਵਾਲ ਵਲੋਂ ਹਾਸਿਲ ਕੀਤੀ ਗਈ ਜਾਣਕਾਰੀ ਅਨੁਸਾਰ ਹੁਣ ਤੱਕ ਕੁੱਲ 29 ਰਹਿਮ ਦੀਆਂ ਅਪੀਲਾਂ ਕਈ ਸਾਲਾਂ ਤੋਂ ਵਿਚਾਰ ਅਧੀਨ ਪਈਆਂ ਹਨ, ਜਿਨ੍ਹਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਹਤਿਆਰੇ ਵੀ ਸ਼ਾਮਿਲ ਹਨ। ਸਾਬਕਾ ਰਾਸ਼ਟਰਪਤੀ ਡਾ. ਏ. ਪੀ.ਜੇ. ਅਬਦੁਲ ਕਲਾਮ ਨੇ ਆਪਣੇ ਪੰਜ ਸਾਲ ਦੇ ਕਾਰਜ ਕਾਲ ਦੌਰਾਨ ਸਿਰਫ ਤੇ ਸਿਰਫ ਦੋ ਰਹਿਮ ਦੀਆਂ ਅਪੀਲਾਂ ਦਾ ਨਿਪਟਾਰਾ ਕੀਤਾ ਸੀ ਜਦੋਂਕਿ ਮਰਹੂਮ ਸਾਬਕਾ ਰਾਸ਼ਟਰਪਤੀ ਕੇ.ਆਰ. ਨਾਰਾਇਣਨ ਨੇ ਆਪਣੇ ਪੂਰੇ ਸਮੇਂ ਦੌਰਾਨ ਇਕ ਵੀ ਅਜਿਹੀ ਅਪੀਲ ਦਾ ਫੈਸਲਾ ਨਹੀਂ ਕੀਤਾ। ਮੌਜੂਦਾ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀ ਪਾਟਿਲ ਨੇ ਨਵੰਬਰ 2009 ਵਿਚ ਸਿਰਫ ਇਕ ਅਪੀਲ ਦਾ ਨਿਪਟਾਰਾ ਕੀਤਾ ਸੀ, ਜਿਸ ਵਿਚ ਆਰ. ਗੋਵਿੰਦਾਸਵਾਮੀ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਗਿਆ ਸੀ। ਰਾਜੀਵ ਗਾਂਧੀ ਹੱਤਿਆ ਕਾਂਡ ਨਾਲ ਸੰਬੰਧਿਤ ਦੋਸ਼ੀ ਮੁਰੂਗਨ, ਸਨਥਾਨ ਅਤੇ ਅਰੀਵੀ ਦੀਆਂ ਰਹਿਮ ਦੀਆਂ ਅਪੀਲਾਂ ਹਾਲੇ ਤੀਕ ਕਿਸੇ ਸਿਰੇ ਨਹੀਂ ਲੱਗੀਆਂ। ਇਨ੍ਹਾਂ ਦੀ ਅਪੀਲ 2005 ਵਿਚ ਰਾਸ਼ਟਰਪਤੀ ਸੱਕਤਰੇਤ ਪੁੱਜ ਗਈ ਸੀ। ਇਸੇ ਤਰ੍ਹਾਂ ਸੰਸਦ ਹਮਲੇ ਦੇ ਦੋਸ਼ੀ ਅਫ਼ਜ਼ਲ ਗੁਰੂ ਦੀ ਅਪੀਲ 2006 ਤੋਂ ਲਟਕ ਰਹੀ ਹੈ। ਹੁਣ ਤਕ ਲਟਕ ਰਹੀਆਂ 29 ਅਪੀਲਾਂ ਵਿਚੋਂ 26 ਰਾਸ਼ਟਰਪਤੀ ਸਕੱਤਰੇਤ ਵਿਚ ਪਈਆਂ ਹਨ ਤੇ ਬਾਕੀ ਤਿੰਨ ਗ੍ਰਹਿ ਮੰਤਰਾਲੇ ਕੋਲ ਵਿਚਾਰ ਅਧੀਨ ਹਨ।

**ਪਾਟਿਲ ਦੇ ਕਹਿਣ ’ਤੇ ਲਟਕੀ ਸੀ ਅਫਜ਼ਲ ਦੀ ਫਾਈਲ :** ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਹੈ ਕਿ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੇ ਉਨ੍ਹਾਂ ਦੀ ਸਰਕਾਰ ਨੂੰ ਸੰਸਦ ‘ਤੇ ਹਮਲੇ ਦੇ ਦੋਸ਼ੀ ਅਫਜ਼ਲ ਗੁਰੂ ਦੀ ਫਾਂਸੀ ਬਾਰੇ ਫੈਸਲਾ ਲੈਣ ਵਿਚ ਦੇਰੀ ਕਰਨ ਲਈ ਕਿਹਾ ਸੀ। ਸ਼ੀਲਾ ਦੀਕਸ਼ਤ ਨੇ ਬੀਤੀ 6 ਜੂਨ ਨੂੰ ਇਕ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਇਹ ਸੰਕੇਤ ਦਿੱਤੇ। ਉਨ੍ਹਾਂ ਕੋਲੋਂ ਇਹ ਪੁੱਛਿਆ ਗਿਆ ਸੀ ਕਿ ਕੀ ਸ਼ਿਵਰਾਜ ਪਾਟਿਲ ਨੇ ਤੁਹਾਨੂੰ ਕਿਹਾ ਸੀ ਕਿ ਗ੍ਰਹਿ ਮੰਤਰਾਲਾ ਅਫਜ਼ਲ ਦੀ ਫਾਂਸੀ ਦੇ ਮਾਮਲੇ ਵਿਚ ਬੇਸ਼ੱਕ ਤੁਹਾਨੂੰ ਵਾਰ-ਵਾਰ ਯਾਦ ਪੱਤਰ ਭੇਜੀ ਜਾਵੇ, ਤੁਸੀਂ ਉਸ ਨੂੰ ਲਟਕਾਈ ਰੱਖੋ। ਜਵਾਬ ਵਿਚ ਸ਼ੀਲਾ ਨੇ ਕਿਹਾ ਕਿ ਹੋ ਸਕਦਾ ਹੈ ਕਿ ਤੁਸੀਂ ਜੋ ਸੋਚ ਰਹੇ ਹੋ, ਉਹ ਸੱਚ ਹੋਵੇ। ਉਨ੍ਹਾਂ ਕੋਲੋਂ ਜਦੋਂ ਇਹ ਪੁੱਛਿਆ ਗਿਆ ਕਿ ਕੀ ਇਸ ਮੁੱਦੇ ‘ਤੇ ਉਨ੍ਹਾਂ ਤੇ ਕੋਈ ਸਿਆਸੀ ਦਬਾਅ ਹੈ ਤਾਂ ਉਨ੍ਹਾਂ ਇਸ ਦਾ ਸਿੱਧਾ ਜਵਾਬ ਦੇਣ ਤੋਂ ਪ੍ਰਹੇਜ਼ ਕੀਤਾ ਅਤੇ ਕਿਹਾ ਕਿ ਸਿਆਸੀ ਦਬਾਅ ਸੀ ਜਾਂ ਨਹੀਂ, ਕਹਿ ਨਹੀਂ ਸਕਦੀ।

## ਕਸਾਬ ਵਲੋਂ ਮੌਤ ਦੀ ਸਜ਼ਾ ਨੂੰ ਹਾਈਕੋਰਟ ’ਚ ਚੁਣੌਤੀ

**ਮੁੰਬਈ :** ਮੁੰਬਈ ਹਮਲਿਆਂ ਦੇ ਮਾਮਲੇ ਵਿਚ ਇੱਕੋ-ਇੱਕ ਜਿਊਂਦੇ ਫੜੇ ਗਏ ਦਹਿਸ਼ਤਗਰਦ ਮੁਹੰਮਦ ਅਜ਼ਮਲ ਆਮਿਰ ਕਸਾਬ ਨੇ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਇਕ ਮਹੀਨੇ ਬਾਅਦ ਇਸ ਫੈਸਲੇ ਨੂੰ ਚੁਣੌਤੀ ਦਿੰਦਿਆਂ ਮੁੰਬਈ ਹਾਈਕੋਰਟ ਤੱਕ ਪਹੁੰਚ ਕੀਤੀ ਹੈ। ਜੇਲ੍ਹ ਸੂਤਰਾਂ ਮੁਤਾਬਕ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਅਰਜ਼ੀ ਵਿਚ ਕਸਾਬ ਨੇ ਆਪਣਾ ਪੱਖ਼ ਰੱਖਣ ਲਈ ਕਾਨੂੰਨੀ ਸਹਾਇਤਾ ਕਮੇਟੀ ਤੋਂ ਇੱਕ ਵਕੀਲ ਦੀ ਮੰਗ ਵੀ ਕੀਤੀ ਹੈ।

# ਫੌਜ ਦੀ ਸਾਖ ’ਤੇ ਹੋਰ ਦਾਗ਼, ਮੇਜਰ ’ਤੇ ਸ਼ੱਕ

**ਨਵੀਂ ਦਿੱਲੀ :** ਫੌਜ ਦੀ ਸਾਖ ‘ਤੇ ਇਕ ਹੋਰ ਦਾਗ ਲੱਗ ਗਿਆ ਹੈ। ਕੇਂਦਰੀ ਸੁਰੱਖਿਆ ਏਜੰਸੀਆਂ ਨੇ ਅੰਡੇਮਾਨ ਨਿਕੋਬਾਰ ਦੀਪ ਸਮੂਹ ਵਿਚ ਤਾਇਨਾਤ ਫੌਜ ਦੇ ਇਕ ਮੇਜਰ ਦੇ ਕੰਪਿਊਟਰ ਵਿਚ ਸੁਰੱਖਿਆ ਨਾਲ ਜੁੜੀਆਂ 2500 ਸੁਰੱਖਿਆ ਸੰਬੰਧੀ ਫਾਈਲਾਂ (ਪ੍ਰੈਜ਼ੇਂਟੇਸ਼ਨਾਂ) ਸਟੋਰ ਪਾਈਆਂ ਹਨ ਅਤੇ ਇਸ ਕੰਪਿਊਟਰ ਰਾਹੀਂ ਸੂਚਨਾ ਨੂੰ ਕਥਿਤ ਤੌਰ ‘ਤੇ ਪਾਕਿਸਤਾਨੀ ਖੁਫੀਆ ਏਜੰਸੀ ਕੋਲ ਭੇਜਿਆ ਜਾਂਦਾ ਸੀ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਜ਼ਬਤ ਕੀਤੇ ਗਏ ਕੰਪਿਊਟਰ ਨੂੰ ਫੋਰੈਂਸਿਕ ਜਾਂਚ ਲਈ ਹੈਦਰਾਬਾਦ ਸਥਿਤ ਕੇਂਦਰੀ ਪ੍ਰਯੋਗਸ਼ਾਲਾ (ਸੀ.ਐਫ.ਐਸ.ਐਲ.) ਵਿਚ ਭੇਜ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਸਮੇਤ ਵੱਖ-ਵੱਖ ਸੁਰੱਖਿਆ ਏਜੰਸੀਆਂ ਇਸ ਮਾਮਲੇ ਵਿਚ ਹੋਰ ਵਿਅਕਤੀਆਂ ਦੀ ਸੰਭਾਵਿਤ ਭੂਮਿਕਾ ‘ਤੇ ਵੀ ਗੌਰ ਕਰ ਰਹੀਆਂ ਹਨ ਕਿਉਂਕਿ ਇਕੱਲਾ ਮੇਜਰ ਉਹ ਸਾਰੀਆਂ ਕੰਪਿਊਟਰ ਫਾਈਲਾਂ ਹਾਸਲ ਨਹੀਂ ਕਰ ਸਕਦਾ ਸੀ। ਸੂਤਰਾਂ ਨੇ ਦੱਸਿਆ ਕਿ ਮੁਲਜ਼ਮ ਮੇਜਰ ਇਕੱਲਾ ਸਾਰੀਆਂ ਸੁਰੱਖਿਆ ਫਾਈਲਾਂ ਤਕ ਨਹੀਂ ਪਹੁੰਚ ਸਕਦਾ। ਅਸੀਂ ਜਾਂਚ ਕਰ ਰਹੇ ਹਾਂ ਕਿ ਉਹ ਫਾਈਲਾਂ ਉਸ ਨੂੰ ਕਿਸ ਨੇ ਮੁਹੱਈਆ ਕਰਵਾਈਆਂ।

# ਨਿਊਜ਼ੀਲੈਂਡ ’ਚ ਪੰਜਾਬਣ ਮਾਂ-ਧੀ ਦਾ ਕਤਲ

**ਆਕਲੈਂਡ :** ਬੀਤੀ 7 ਜੂਨ ਨੂੰ ਟੌਰੰਗਾ ਸ਼ਹਿਰ ਵਿਖੇ ਨਿਊਜ਼ੀਲੈਂਡ ਪੁਲਿਸ ਨੇ ਇਕ ਸੂਚਨਾ ਦੇ ਆਧਾਰ ‘ਤੇ ਇਕ ਪੰਜਾਬੀ ਘਰ ‘ਚ ਪਹੁੰਚ ਕੇ 32 ਸਾਲਾ ਪੰਜਾਬਣ ਨੂੰ ਮ੍ਰਿਤਕ ਹਾਲਤ ਵਿਚ ਪਾਇਆ ਅਤੇ ਉਸ ਦੀ 2 ਕੁ ਸਾਲਾਂ ਦੀ ਬੱਚੀ ‘ਅੱਨਾ ਸੰਘਾ’ ਨੂੰ ਗਾਇਬ ਪਾਇਆ। ਪੁਲਿਸ ਦੇ ਲਗਭਗ 25 ਕਰਮਚਾਰੀਆਂ ਨੇ ਬੱਚੀ ਦੀ ਕਈ ਜਗ੍ਹਾ ਭਾਲ ਕਰਨੀ ਆਰੰਭ ਕਰ ਦਿੱਤੀ ਸੀ ਪਰ ਜਲਦੀ ਹੀ ਪੁਲਿਸ ਨੇ ਉਸ ਬੱਚੀ ਦੀ ਲਾਸ਼ ਵੀ ਘਰ ‘ਚੋਂ ਹੀ ਗੁਪਤ ਜਗ੍ਹਾ ‘ਤੇ ਰੱਖੀ ਹੋਈ ਲੱਭ ਲਈ। ਇਸ ਔਰਤ ਦਾ ਪਤੀ ਗੁਰਦੇਵ ਸਿੰਘ ਸੰਘਾ ਉਰਫ ਦੇਵ ਸੰਘਾ ਪਿਛਲੇ ਹਫਤੇ ਹੀ ਭਾਰਤ ਗਿਆ ਸੀ। ਇਹ ਪਰਿਵਾਰ ਕਾਲਾ ਸੰਘਿਆਂ (ਨੇੜੇ ਜਲੰਧਰ) ਨਾਲ ਸੰਬੰਧ ਰੱਖਦਾ ਹੈ। ਇਹ ਖਬਰ ਸੁਣ ਕੇ ਇਸ ਮ੍ਰਿਤਕ ਔਰਤ ਦਾ ਪਤੀ ਵਾਪਸ ਨਿਊਜ਼ੀਲੈਂਡ ਪਹੁੰਚ ਰਿਹਾ ਹੈ।

**ਮੈਲਬਰਨ ਦੇ ਪਾਰਕ ’ਚੋਂ ਭਾਰਤੀ ਬਜ਼ੁਰਗ ਦੀ ਲਾਸ਼ ਮਿਲੀ :** ਮੈਲਬੋਰਨ ਦੇ ਪੂਰਬੀ ਇਲਾਕੇ ਬੂਲੀਨ ਵਿਚ ਇਕ 61 ਸਾਲਾ ਭਾਰਤੀ ਦੀ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਤੜਕਸਾਰ ਇਕ ਪੁਲ ਨੇੜਿਉਂ ਪੁਲੀਸ ਨੂੰ ਮਿਲੀ ਭਾਰਤੀ ਵਿਅਕਤੀ ਦੀ ਲਾਸ਼ ‘ਤੇ ਤੇਜ਼ਧਾਰ ਹਥਿਆਰਾਂ ਦੇ ਨਿਸ਼ਾਨ ਪਾਏ ਗਏ। ਬੁਲਾਰੇ ਅਨੁਸਾਰ ਸਵੇਰ ਦੀ ਸੈਰ ਦੌਰਾਨ ਮ੍ਰਿਤਕ ਵਿਅਕਤੀ ਨੂੰ ਨਿਸ਼ਾਨਾ ਬਣਾਇਆ ਗਿਆ। ਵੱਡੀ ਗਿਣਤੀ ਵਿਚ ਪੁਲੀਸ ਟੁਕੜੀਆਂ ਇਸ ਖੇਤਰ ਨੂੰ ਘੋਖ ਰਹੀਆਂ ਹਨ। ਕਤਲ ਹੋਏ ਵਿਅਕਤੀ ਦੀ ਪੂਰੀ ਪਛਾਣ ਫਿਲਹਾਲ ਜਨਤਕ ਤੌਰ ‘ਤੇ ਨਹੀਂ ਦੱਸੀ ਗਈ।

# ਪੰਜਾਬ ਟਾਈਮਜ਼

ਸਨਿਚਰਵਾਰ, 12 ਜੂਨ, 2010


*ਸੱਚਮੁੱਚ ਹੀ ਆਜ਼ਾਦੀ ਇਸ ਗੱਲ ਉਪਰ ਨਿਰਭਰ ਕਰਦੀ ਹੈ ਕਿ ਗਰੀਬ ਅਤੇ ਅਨਪੜ੍ਹਤਾ ਖ਼ਤਮ ਹੁੰਦੀ ਹੈ ਜਾਂ ਨਹੀਂ। -ਬਾਬੂ ਜਗਜੀਵਨ ਲਾਲ*

## ਭਾਰਤ-ਅਮਰੀਕਾ ਰਣਨੀਤਕ ਵਾਰਤਾ

ਭਾਰਤ ਅਤੇ ਅਮਰੀਕਾ ਵਿਚਾਲੇ ਪਹਿਲੀ ਰਣਨੀਤਕ ਗੱਲਬਾਤ ਬੀਤੇ ਦਿਨੀਂ ਸੰਪੰਨ ਹੋਈ ਹੈ। ਇਸ ਗੱਲਬਾਤ ਵਿਚ ਸੰਸਾਰ ਦੇ ਸਭ ਤੋਂ ਵੱਡੇ ਦੋ ਲੋਕਤੰਤਰਾਂ ਨੇ ਆਪਣੇ ਸੰਬੰਧ ਮਜ਼ਬੂਤ ਕਰਨ ਦਾ ਫੈਸਲਾ ਕੀਤਾ ਹੈ। ਅਮਰੀਕਾ ਦੀ ਵਿਦੇਸ਼ ਮੰਤਰੀ ਸ੍ਰੀਮਤੀ ਹਿਲੇਰੀ ਕਲਿੰਟਨ ਅਤੇ ਭਾਰਤ ਦੇ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਨੇ ਆਪੋ-ਆਪਣੇ ਵਫ਼ਦਾਂ ਸਮੇਤ ਵੱਖ-ਵੱਖ ਮੁੱਦਿਆਂ ਉਪਰ ਗੱਲਬਾਤ ਕੀਤੀ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਲੋਕਾਂ ਤੋਂ ਲੋਕਾਂ ਤੱਕ, ਵਪਾਰ ਤੋਂ ਵਪਾਰ ਤੱਕ ਅਤੇ ਸਰਕਾਰ ਤੋਂ ਸਰਕਾਰ ਤੱਕ ਸੰਬੰਧ ਮਜ਼ਬੂਤ ਬਣਾਉਣ ਦਾ ਫੈਸਲਾ ਲਿਆ ਗਿਆ। ਗੱਲਬਾਤ ਦੀ ਸਮਾਪਤੀ ਮਗਰੋਂ ਜਾਰੀ ਹੋਏ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤ-ਅਮਰੀਕਾ ਭਾਈਵਾਲੀ ਸੁਰੱਖਿਆ ਅਤੇ ਆਰਥਿਕ ਹਿੱਤਾਂ ਵਰਗੇ ਆਮ ਮੁੱਦਿਆਂ 'ਤੇ ਹੀ ਨਿਰਭਰ ਹੈ। ਦੋਵੇਂ ਦੇਸ਼ਾਂ ਨੇ ਫੈਸਲਾ ਕੀਤਾ ਹੈ ਕਿ ਰਣਨੀਤਕ ਭਾਈਵਾਲ ਹੋਣ ਨਾਤੇ ਅਮਰੀਕਾ ਤੇ ਭਾਰਤ ਖੇਤਰੀ ਅਤੇ ਕੌਮਾਂਤਰੀ ਘਟਨਾਕ੍ਰਮ ਬਾਰੇ ਇਕ-ਦੂਜੇ ਨਾਲ ਸਲਾਹ ਮਸ਼ਵਰਾ ਜਾਰੀ ਰੱਖਣਗੇ।

ਬਿਆਨ ਵਿਚ ਕਿਹਾ ਗਿਆ ਹੈ ਕਿ ਦੋਵੇਂ ਦੇਸ਼ ਦੱਖਣੀ ਏਸ਼ੀਆ ਦੇ ਖੇਤਰ ਵਿਚ ਆਪਸੀ ਸਹਿਯੋਗ ਅਤੇ ਸਥਿਰਤਾ ਲਈ ਮਿਲ ਕੇ ਕੰਮ ਕਰਨਗੇ। ਗੱਲਬਾਤ ਦੌਰਾਨ ਵਿਚਾਰ ਵੀ ਸਾਹਮਣੇ ਆਇਆ ਕਿ ਦੱਖਣੀ ਏਸ਼ੀਆ ਦੇ ਵਿਕਾਸ ਲਈ ਆਰਥਿਕ ਅਤੇ ਸੁਰੱਖਿਆ ਦੇ ਮਾਮਲੇ ਵਿਚ ਸਥਿਰਤਾ ਹੋਣੀ ਬੇਹੱਦ ਜ਼ਰੂਰੀ ਹੈ। ਯਾਦ ਰਹੇ 3 ਅਤੇ 4 ਜੂਨ ਨੂੰ ਹੋਈ ਇਸ ਗੱਲਬਾਤ ਵਿਚ ਭਾਰਤ ਨੇ ਪਾਕਿਸਤਾਨ ਵਿਚ ਕਥਿਤ ਰੂਪ ਵਿਚ ਪਲ ਰਹੇ ਅਤਿਵਾਦ ਦਾ ਮੁੱਦਾ ਜ਼ੋਰ ਨਾਲ ਉਠਾਇਆ ਅਤੇ ਕਿਹਾ ਕਿ ਸਾਡਾ ਗੁਆਂਢੀ ਮੁਲਕ ਅਤਿਵਾਦ ਦਾ ਗੜ੍ਹ ਹੈ ਅਤੇ ਨਾਲ ਹੀ ਟਾਈਮਜ਼ ਸਕੁਏਅਰ ਵਰਗੀਆਂ ਘਟਨਾਵਾਂ ਦਾ ਜ਼ਿਕਰ ਵੀ ਕੀਤਾ। ਇਸ ਦੌਰਾਨ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਨੇ ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨਾਲ ਗੱਲਬਾਤ ਵਿਚ ਕਿਹਾ ਕਿ ਭਾਰਤ ਅਤਿਵਾਦ ਖਿਲਾਫ਼ ਸੰਘਰਸ਼ ਅਮਰੀਕਾ ਨਾਲ ਮਿਲ-ਜੁਲ ਕੇ ਕਰਨਾ ਚਾਹੁੰਦਾ ਹੈ। ਉਨ੍ਹਾਂ ਗੱਲਬਾਤ ਵਿਚ ਸੰਕੇਤਕ ਤੌਰ 'ਤੇ 26-11 ਹਮਲਿਆਂ ਲਈ ਜ਼ਿੰਮੇਵਾਰ ਅਤੇ ਅਮਰੀਕਾ ਵਿਚ ਗ੍ਰਿਫ਼ਤਾਰ ਡੇਵਿਡ ਹੈਡਲੀ ਦਾ ਜ਼ਿਕਰ ਵੀ ਕੀਤਾ। ਇਥੇ ਜ਼ਿਕਰਯੋਗ ਹੈ ਕਿ ਹੈਡਲੀ ਤੋਂ ਪੁੱਛਗਿੱਛ ਲਈ ਇਕ ਭਾਰਤੀ ਟੀਮ ਅਮਰੀਕਾ ਵਿਚ ਹੈ ਅਤੇ ਉਸ ਨੇ ਹੈਡਲੀ ਤੋਂ ਕਿਸ ਕਿਸਮ ਦੀ ਪੁੱਛਗਿੱਛ ਕੀਤੀ ਹੈ, ਇਸ ਦੇ ਹਾਲੇ ਤਕ ਕੋਈ ਨਤੀਜੇ ਸਾਹਮਣੇ ਨਹੀਂ ਆਏ। ਉਂਜ ਭਾਰਤ ਨੇ ਹੈਡਲੀ ਤਕ ਪਹੁੰਚ ਉਪਰ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ। ਹੈਡਲੀ ਦਾ ਨਾਂ ਲਏ ਬਿਨਾਂ ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਅਮਰੀਕਾ ਨੇ ਜਿਨ੍ਹਾਂ ਲੋਕਾਂ ਨੂੰ ਮੁੰਬਈ ਹਮਲਿਆਂ ਨਾਲ ਜੁੜੇ ਹੋਣ ਦੇ ਸ਼ੱਕ ਵਿਚ ਫੜਿਆ ਹੈ, ਉਨ੍ਹਾਂ ਤਕ ਪਹੁੰਚ ਸੰਭਵ ਤੌਰ 'ਤੇ ਅਗਲਾ 'ਤਾਰਕਿਕ' ਕਦਮ ਹੋਵੇਗਾ।

ਉਧਰ ਭਾਰਤ ਨੂੰ ਇਕ ਉਭਰਦੀ ਹੋਈ ਸੰਸਾਰਿਕ ਤਾਕਤ ਦਾ ਦਰਜਾ ਦਿੰਦਿਆਂ ਅਮਰੀਕਾ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਸਥਾਈ ਸੀਟ ਲਈ ਭਾਰਤ ਦੀ ਹਮਾਇਤ ਦਾ ਗੁੱਝਾ ਜਿਹਾ ਸੰਕੇਤ ਵੀ ਦਿੱਤਾ। ਭਾਰਤ ਵਲੋਂ ਵਿਦੇਸ਼ ਮੰਤਰੀ ਨਾਲ ਆਏ ਵਫ਼ਦ ਵਿਚ ਮਨੁੱਖੀ ਸਾਧਨਾਂ ਦੇ ਵਿਕਾਸ ਬਾਰੇ ਮੰਤਰੀ ਸ੍ਰੀ ਕਪਿਲ ਸਿੱਬਲ, ਵਿਗਿਆਨ ਤੇ ਤਕਨੀਕੀ ਰਾਜ ਮੰਤਰੀ ਪ੍ਰਿਥਵੀਰਾਜ ਚੌਹਾਨ, ਯੋਜਨਾ ਕਮਿਸ਼ਨ ਦੇ ਉਪ ਮੁਖੀ ਮੋਂਟੇਕ ਸਿੰਘ ਆਹਲੂਵਾਲੀਆ ਅਤੇ ਵਿਦੇਸ਼ ਸਕੱਤਰ ਨਿਰੂਪਮਾ ਰਾਓ ਸ਼ਾਮਲ ਸਨ। ਦੂਜੇ ਪਾਸੇ ਅਮਰੀਕੀ ਵਫ਼ਦ ਵਿਚ ਊਰਜਾ ਮੰਤਰੀ ਸਟੀਵਨ ਚੂ, ਸਿਆਸੀ ਮਾਮਲਿਆਂ ਦੇ ਉਪ ਵਿਦੇਸ਼ ਮੰਤਰੀ ਵਿਲੀਅਮ ਵਰਨਜ਼, ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਈਕਲ ਕੋਰਮਨ ਸ਼ਾਮਲ ਸਨ। ਉਂਜ ਗੱਲਬਾਤ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਵੀ ਕਿਹਾ ਕਿ ਭਾਰਤ ਨਾਲ ਸੰਬੰਧਾਂ ਨੂੰ ਉਹ ਬਹੁਤ ਤਰਜ਼ੀਹ ਦਿੰਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੁਨੀਆਂ ਦੀ ਨਵੀਂ ਉਭਰਦੀ ਮਹਾਸ਼ਕਤੀ ਹੈ। ਇਹ ਇਕ ਅਜਿਹੀ ਮਹਾਸ਼ਕਤੀ ਹੈ ਜਿਹੜੀ ਜ਼ਿੰਮੇਵਾਰ ਵੀ ਹੈ ਅਤੇ ਬੌਧਿਕ ਤੌਰ 'ਤੇ ਪਰਪੱਕ ਵੀ। ਅਜਿਹੇ ਦੇਸ਼ ਦੀ ਯਾਤਰਾ 'ਤੇ ਜਾਣਾ ਮੈਂ ਆਪਣਾ ਸੁਭਾਗ ਸਮਝਦਾ ਹਾਂ। ਯਾਦ ਰਹੇ, ਸ੍ਰੀ ਓਬਾਮਾ 7 ਤੋਂ 10 ਨਵੰਬਰ ਤਕ ਭਾਰਤ ਦੀ ਫੇਰੀ 'ਤੇ ਜਾਣਗੇ। ਇਥੇ ਇਹ ਵੀ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਜਦੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਮਰੀਕਾ ਦੀ ਫੇਰੀ 'ਤੇ ਆਏ ਸਨ ਤਾਂ ਉਨ੍ਹਾਂ ਨੇ ਸ੍ਰੀ ਓਬਾਮਾ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਸੀ ਅਤੇ ਉਨ੍ਹਾਂ ਇਹ ਸੱਦਾ ਪ੍ਰਵਾਨ ਵੀ ਕਰ ਲਿਆ ਸੀ। ਅਮਰੀਕੀ ਅਧਿਕਾਰੀਆਂ ਨੇ ਦੋਨਾਂ ਮੁਲਕਾਂ ਵਿਚ ਹੋਈ ਰਣਨੀਤਕ ਗੱਲਬਾਤ ਨੂੰ ਕਾਫੀ ਉਸਾਰੂ ਦੱਸਿਆ ਹੈ।

ਗਹੁ ਨਾਲ ਵੇਖਿਆ ਜਾਵੇ ਤਾਂ ਭਾਰਤ-ਅਮਰੀਕੀ ਰਣਨੀਤਕ ਵਾਰਤਾ ਉਸ ਸਥਿਤੀ ਵਿਚ ਹੋ ਰਹੀ ਹੈ ਜਦੋਂ ਸੰਸਾਰ ਦੇ ਆਰਥਿਕ ਅਤੇ ਸਿਆਸੀ ਮਾਹਿਰ ਅਮਰੀਕਾ ਦੀ ਸਾਮਰਾਜੀ ਹੈਸੀਅਤ ਵਿਚ ਪਤਨ ਦੇ ਸੰਕੇਤ ਵੇਖ ਰਹੇ ਹਨ। ਨਾ ਸਿਰਫ ਆਰਥਿਕ ਰੂਪ ਵਿਚ ਅਮਰੀਕਾ ਪਿਛਲੇ ਕੁਝ ਸਮੇਂ ਵਿਚ ਕਮਜ਼ੋਰ ਹੋਇਆ ਹੈ ਸਗੋਂ ਸਿਆਸੀ ਹਸਤੀ ਦੀ ਦ੍ਰਿਸ਼ਟੀ ਤੋਂ ਵੀ ਇਰਾਨ ਅਤੇ ਚੀਨ ਜਿਹੇ ਮੁਲਕ ਉਸ ਤੋਂ ਨਾਬਰ ਹੋ ਰਹੇ ਹਨ। ਭਾਰਤ ਦੇ ਕੁਝ ਮਹੱਤਵਪੂਰਨ ਆਗੂ ਪਿਛਲੇ ਦਿਨੀਂ ਇਰਾਨ ਅਤੇ ਚੀਨ ਦੀ ਯਾਤਰਾ ਉਪਰ ਜਾ ਕੇ ਹਟੇ ਹਨ। ਇਥੋਂ ਤਕ ਕਿ ਭਾਰਤੀ ਰਾਸ਼ਟਰਪਤੀ ਹਾਲ ਹੀ ਵਿਚ ਚੀਨ ਦੀ ਫੇਰੀ ਪਾ ਕੇ ਹਟੀ ਹੈ ਅਤੇ ਇਸ ਦੌਰਾਨ ਦੋਹਾਂ ਮੁਲਕਾਂ ਵਿਚ ਕਾਫੀ ਮਹੱਤਵਪੂਰਨ ਵਾਰਤਾਵਾਂ ਹੋਈਆਂ ਹਨ। ਇਸੇ ਦੌਰਾਨ ਅਮਰੀਕਾ ਦੇ ਗੁਆਂਢੀ ਮੁਲਕ ਕੈਨੇਡਾ ਨੇ ਮਨੁੱਖੀ ਅਧਿਕਾਰਾਂ ਦੇ ਹਨਨ ਦੇ ਬਹਾਨੇ ਭਾਰਤੀ ਸੁਰੱਖਿਆ ਫੋਰਸਾਂ ਨਾਲ ਸੰਬੰਧਤ ਅਫ਼ਸਰਾਂ ਦੇ ਵੀਜ਼ੇ ਰੱਦ ਕਰਨੇ ਸ਼ੁਰੂ ਕਰ ਦਿੱਤੇ। ਕੁਝ ਸਿਆਸੀ ਮਾਹਿਰਾਂ ਅਨੁਸਾਰ ਇਹ ਅਮਰੀਕੀ ਗੁਟ ਦੇ ਇਕ ਮੁਲਕ ਵਲੋਂ ਭਾਰਤ ਨੂੰ ਉਪਰੋਕਤ ਦੋ ਮੁਲਕਾਂ ਨਾਲ ਆਪਣੇ ਸੰਬੰਧ ਨਿੱਘੇ ਕਰਨ ਵਲ ਤੁਰਨ ਤੋਂ ਰੋਕਣ ਦਾ ਹੀ ਇਕ ਸੰਕੇਤਕ ਯਤਨ ਸੀ ਅਤੇ ਇਸ ਮਕਸਦ ਲਈ ਕੈਨੇਡਾ ਨੂੰ ਵਰਤਿਆ ਗਿਆ। ਇਸ ਤੋਂ ਪਿਛਲੇ ਦਬਾਅ ਦੇ ਮੱਦੇਨਜ਼ਰ ਭਾਰਤ-ਅਮਰੀਕਾ ਵਾਰਤਾ ਨੂੰ ਵੇਖਿਆ ਜਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੁਰਸੀ ਦੇ ਕ੍ਰਿਸ਼ਮੇ!*

ਜਿਸ ਦੇ ਹੱਥ ਲਾਠੀ ਹੁੰਦੀ ਮੱਝ ਉਸ ਦੀ, ਰੋਕੇ ਕਿੱਦਾਂ ਕੋਈ ਸ਼ਾਹੀ ਨਾਦਾਨੀਆਂ ਨੂੰ।
ਝਾਲ ਫੇਰ ਕੇ ਸੋਨੇ ਦੀ ਪਿੱਤਲਾਂ 'ਤੇ, ਢਕੀ ਜਾਂਦੇ ਨੇ ਦੇਖੋ ਸ਼ੈਤਾਨੀਆਂ ਨੂੰ।
ਅੰਨੇ ਧਨ ਦੇ ਨਾਲ ਬੇਪੇਸ਼ ਕੀਤਾ, ਧਿਰਾਂ ਸਾਰੀਆਂ ਦਾਨੀਆਂ ਮਾਨੀਆਂ ਨੂੰ।
ਫੁੱਟ ਆਪਸੀ 'ਕੱਠ ਨਾ ਬਣਨ ਦੇਵੇ, ਕਰੇ ਨੰਗੀਆਂ ਕੌਣ ਬੇਈਮਾਨੀਆਂ ਨੂੰ।
ਮਨਮਰਜੀਆਂ ਥੋਕ ਵਿਚ ਕਰੀ ਜਾਂਦੇ, ਚੜ੍ਹਿਆ ਸੱਤਾ ਦਾ ਨਸ਼ਾ ਗੁਮਾਨੀਆਂ ਨੂੰ।
ਧੱਕਾ ਕਰਦਿਆਂ ਪੰਥ ਦੇ ਰਾਖਿਆਂ ਨੇ, ਜੇਲ੍ਹੀਂ ਸੁੱਟਿਆ ਪੰਚ-ਪ੍ਰਧਾਨੀਆਂ ਨੂੰ!

# ਅਕਾਲੀ ਦਲ ਤੇ ਭਾਜਪਾ ਹੁਣ ਵਿਰੋਧੀ ਦਿਸ਼ਾਵਾਂ ਵਲ

**ਡਾ. ਜਸਪਾਲ ਸਿੰਘ**





ਭਾਰਤੀ ਜਨਤਾ ਪਾਰਟੀ ਦਾ ਰਾਸ਼ਟਰੀ ਪੱਧਰ 'ਤੇ ਸਿਧਾਂਤਕ ਨਜ਼ਰੀਆ ਇਹ ਹੈ ਕਿ ਭਾਰਤ ਦੇ ਸਭ ਰਾਜਾਂ ਵਿਚ ਪਾਏ ਜਾਣ ਵਾਲੇ ਖਣਿਜ ਪਦਾਰਥ, ਜੰਗਲ, ਦਰਿਆ ਤੇ ਕੁਦਰਤ ਦੀਆਂ ਹੋਰ ਨੇਹਮਤਾਂ ਸਾਰੀ ਕੌਮ ਦਾ ਸਾਂਝਾ ਸਰਮਾਇਆ ਹੈ, ਇਸ ਲਈ ਇਸ ਕੌਮੀ ਸਰਮਾਏ ਤੇ ਸਾਰੇ ਰਾਜਾਂ ਵਿਚ ਵਸਣ ਵਾਲੇ ਭਾਰਤੀ ਨਾਗਰਿਕਾਂ ਦਾ ਬਰਾਬਰ ਦਾ ਹੱਕ ਹੈ ਪਰ ਜਿੱਥੋਂ ਤੱਕ ਖਣਿਜ ਪਦਾਰਥਾਂ ਦਾ ਸਬੰਧ ਹੈ, ਭਾਜਪਾ ਇਹ ਸਭ ਨਾਗਰਿਕਾਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਦੇਣ ਨੂੰ ਤਿਆਰ ਨਹੀਂ, ਸਗੋਂ ਉਹ ਖਣਿਜ ਪਦਾਰਥਾਂ ਦੀਆਂ ਖਾਣਾਂ ਸਰਮਾਏਦਾਰਾਂ ਨੂੰ ਠੇਕੇ 'ਤੇ ਦੇਣ ਦੀ ਨੀਤੀ 'ਤੇ ਚਲਦੀ ਰਹੀ ਹੈ ਤੇ ਉਹ ਸਰਮਾਏਦਾਰ ਫੇਰ ਕਬਾਇਲੀ ਇਲਾਕਿਆਂ 'ਚ ਵੱਡੀ ਪੱਧਰ 'ਤੇ ਖਣਿਜ ਪਦਾਰਥਾਂ ਦੀ ਨਿਕਾਸੀ ਕਰਕੇ ਅਰਬਾਂ ਰੁਪਿਆ ਕਮਾਉਂਦੇ ਰਹੇ ਹਨ। ਮਗਰੋਂ ਇਸ ਅੰਨ੍ਹੀ ਲੁੱਟ 'ਚੋਂ ਕੁਝ ਰਾਸ਼ੀ ਭਾਜਪਾ ਤੇ ਕਾਂਗਰਸ ਨੂੰ ਵੀ ਚੰਦੇ ਵਜੋਂ ਦੇਂਦੇ ਹਨ ਤੇ ਇਸ ਤਰ੍ਹਾਂ ਅਗੇ ਤੋਂ ਅਗੇ ਉਨ੍ਹਾਂ ਦੇ ਠੇਕਿਆਂ ਦਾ ਨਵੀਨੀਕਰਨ ਹੁੰਦਾ ਰਹਿੰਦਾ ਹੈ।

ਕਰਨਾਟਕ ਵਿਚ ਭਾਜਪਾ ਦੇ ਮੰਤਰੀ ਮੰਡਲ ਦੇ ਮੈਂਬਰਾਂ ਰੈਡੀ ਭਰਾਵਾਂ ਵਲੋਂ ਖਾਣਾਂ ਨੂੰ ਧਾੜਵੀਆਂ ਦੀ ਤਰ੍ਹਾਂ ਲੁੱਟਣ ਦਾ ਮਾਮਲਾ ਸਾਰੇ ਦੇਸ਼ ਵਿਚ ਕਈ ਵਾਰ ਉੱਠ ਚੁੱਕਿਆ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਕੁਦਰਤੀ ਸੋਮੇ ਭਾਵ ਦਰਿਆ ਤੇ ਖਣਿਜ ਪਦਾਰਥ, ਜੋ ਦੇਸ਼ ਦੇ ਭਿੰਨ-ਭਿੰਨ ਹਿੱਸਿਆਂ 'ਚ ਪਾਏ ਜਾਂਦੇ ਹਨ, ਉਨ੍ਹਾਂ 'ਤੇ ਸਭ ਤੋਂ ਵਧ ਹੱਕ ਉਸ ਇਲਾਕੇ ਦੇ ਲੋਕਾਂ ਦਾ ਹੋਣਾ ਚਾਹੀਦਾ ਹੈ। ਮਿਸਾਲ ਦੇ ਤੌਰ 'ਤੇ ਮੱਧ ਪ੍ਰਦੇਸ਼, ਛਤੀਸਗੜ੍ਹ, ਝਾਰਖੰਡ, ਬਿਹਾਰ, ਉੜੀਸਾ ਤੇ ਬੰਗਾਲ ਦੇ ਰਾਜਾਂ 'ਚ ਜੋ ਖਣਿਜ ਪਦਾਰਥ ਪਾਏ ਜਾਂਦੇ ਹਨ ਉਹ ਉਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਜਾਂ ਸ਼ਾਮਲਾਟਾਂ 'ਚ ਪਾਏ ਜਾਂਦੇ ਹਨ ਜੋ ਉਥੇ ਰਹਿੰਦੇ ਹਨ। ਇਸ ਲਈ ਇਨ੍ਹਾਂ ਪਦਾਰਥਾਂ ਦੀ ਨਿਕਾਸੀ ਲਈ ਦਿੱਤੇ ਠੇਕਿਆਂ 'ਚੋਂ ਇਨ੍ਹਾਂ ਇਲਾਕਿਆਂ ਦੇ ਲੋਕਾਂ ਨੂੰ ਰਾਇਲਟੀ ਮਿਲਣੀ ਚਾਹੀਦੀ ਹੈ ਤੇ ਇਸ ਤੋਂ ਬਿਨਾਂ ਖਾਣਾਂ 'ਚੋਂ ਹਿੱਸਾ ਵੀ ਮਿਲਣਾ ਚਾਹੀਦਾ ਹੈ।

ਕਬਾਇਲੀਆਂ ਜਾਂ ਪੇਂਡੂ ਲੋਕਾਂ ਦੇ ਸਰਮਾਏ ਨੂੰ ਪੂੰਜੀਪਤੀ ਖਾਣ ਮਾਲਕ ਆਪਣੀ ਲੁੱਟ ਖਸੁੱਟ ਦਾ ਨਿਸ਼ਾਨਾ ਬਣਾਉਂਦੇ ਹਨ ਅਤੇ ਫੇਰ ਕਬਾਇਲੀਆਂ ਨੂੰ ਮਜ਼ਦੂਰਾਂ ਦੇ ਰੂਪ ਵਿਚ ਇਸਤੇਮਾਲ ਕਰਕੇ ਸਾਰਾ ਮੁਨਾਫ਼ਾ ਆਪ ਹੜੱਪ ਲੈਂਦੇ ਹਨ। ਇਹ ਖਾਣਾਂ ਦੇ ਠੇਕੇਦਾਰ ਧਨਾਢ ਸਿਆਸੀ ਪਾਰਟੀਆਂ ਦੇ ਰਸੂਖ ਵਾਲੇ ਬੰਦੇ ਹੁੰਦੇ ਹਨ ਜਿਨ੍ਹਾਂ ਦਾ ਜ਼ਿੰਦਗੀ 'ਚ ਇਕੋ ਇਕ ਮੰਤਵ ਪੈਸੇ ਤੇ ਸੱਤਾ 'ਤੇ ਕਾਬਜ਼ ਹੋਣਾ ਹੈ। ਭਾਜਪਾ ਖਣਿਜ ਪਦਾਰਥਾਂ ਸਬੰਧੀ ਅਜਿਹੀ ਨੀਤੀ ਨੂੰ ਕੌਮੀ ਨੀਤੀ ਸਮਝਦੀ ਹੈ ਕਿਉਂਕਿ ਇਸ ਪਾਰਟੀ ਅਨੁਸਾਰ ਰੈਡੀ ਭਰਾਵਾਂ ਦੀ ਤਰ੍ਹਾਂ ਸਰਮਾਏਦਾਰ, ਕੌਮੀ ਸਰਮਾਏਦਾਰ ਹਨ ਤੇ ਉਨ੍ਹਾਂ ਦੇ ਹਿੱਤ ਕੌਮ ਦੇ ਹਿੱਤਾਂ ਨਾਲ ਸਾਂਝੇ ਹਨ। ਇਸ ਤੋਂ ਸਪੱਸ਼ਟ ਹੈ ਕਿ ਭਾਜਪਾ ਲਈ ਕੌਮ ਸਿਰਫ਼ ਉਹ ਦਸ ਪੰਦਰਾਂ ਫੀਸਦੀ ਭਾਰਤੀ ਨਾਗਰਿਕ ਹੀ ਹਨ ਜਿਨ੍ਹਾਂ ਦੇਸ਼ ਦੇ ਬਹੁਤ ਸਾਰੇ ਸੋਮਿਆਂ ਨੂੰ ਹਥਿਆਇਆ ਹੋਇਆ ਹੈ।

ਜਿੱਥੋਂ ਤੱਕ ਦਰਿਆਵਾਂ ਦਾ ਸਬੰਧ ਹੈ, ਇਹ

## ਕੁਦਰਤੀ ਸੋਮਿਆਂ ਦੀ ਮਲਕੀਅਤ ਦਾ ਮਾਮਲਾ

ਵੀ ਕੁਦਰਤੀ ਤੌਰ 'ਤੇ ਇਕ ਖ਼ਾਸ ਥਾਂ ਤੋਂ ਪੈਦਾ ਹੁੰਦੇ ਹਨ ਤੇ ਫੇਰ ਕੁਦਰਤੀ ਨਿਯਮਾਂ ਅਨੁਸਾਰ ਖ਼ਾਸ ਖਿੱਤੇ ਵਿਚੋਂ ਵੀ ਲੰਘਦੇ ਹਨ। ਦਰਿਆਵਾਂ ਦੇ ਪਾਣੀਆਂ 'ਤੇ ਹੱਕ ਉਨ੍ਹਾਂ ਲੋਕਾਂ ਤੇ ਇਲਾਕਿਆਂ ਦਾ ਹੀ ਹੁੰਦਾ ਹੈ ਜਿੱਥੋਂ ਦੀ ਇਹ ਦਰਿਆ ਲੰਘਦੇ ਹਨ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਦਰਿਆਵਾਂ 'ਚ ਜਦੋਂ ਹੜ੍ਹ ਆਉਂਦੇ ਹਨ ਤਾਂ ਉਨ੍ਹਾਂ ਹੜ੍ਹਾਂ ਦੀ ਮਾਰ ਸਭ ਤੋਂ ਵਧ ਉਹ ਲੋਕ ਹੀ ਝੱਲਦੇ ਹਨ ਜੋ ਉਨ੍ਹਾਂ ਦਰਿਆਵਾਂ ਦੇ ਆਸ-ਪਾਸ ਦੇ ਇਲਾਕੇ 'ਚ ਵਸੇ ਹੁੰਦੇ ਹਨ। ਇਹੋ ਕਾਰਨ ਹੈ ਕਿ ਦਰਿਆ ਜਦੋਂ ਸਿੰਜਾਈ ਲਈ ਵਰਦਾਨ ਬਣਦੇ ਹਨ ਤਾਂ ਵਰਦਾਨ ਦਾ ਸਭ ਤੋਂ ਵਧ ਲਾਭ ਵੀ ਉਨ੍ਹਾਂ ਲੋਕਾਂ ਨੂੰ ਹੀ ਮਿਲਣਾ ਚਾਹੀਦਾ ਹੈ ਜੋ ਦਰਿਆਵਾਂ ਤੋਂ ਦੁਖ ਝੱਲਦੇ ਹਨ ਪਰ ਭਾਜਪਾ ਦਰਿਆਈ ਪਾਣੀਆਂ ਸਬੰਧੀ ਇਸ ਰਾਇਪੇਰੀਅਨ ਅਸੂਲ ਨੂੰ ਨਹੀਂ ਮੰਨਦੀ।

ਪਿੱਛੇ ਜਿਹੇ ਕੇਂਦਰੀ ਸਰਕਾਰ ਵਲੋਂ ਬੁਲਾਈ ਗਈ ਇਕ ਮੀਟਿੰਗ 'ਚ ਪਾਰਟੀ ਦੇ ਪੰਜਾਬ ਤੋਂ ਨੁਮਾਇੰਦੇ ਮਨੋਰੰਜਨ ਕਾਲੀਆ ਨੇ ਸਾਰੇ ਭਾਰਤ ਦੇ ਦਰਿਆਵਾਂ ਨੂੰ ਜੋੜਨ ਦਾ ਭਾਜਪਾ ਦਾ ਸਿਧਾਂਤ ਹੀ ਪੇਸ਼ ਕੀਤਾ। ਭਾਜਪਾ ਦੇ ਕੌਮੀ ਪ੍ਰਧਾਨ ਗਡਕਰੀ ਵੀ ਇਹ ਵਿਚਾਰ ਪਹਿਲਾਂ ਆਪਣੀ ਪੰਜਾਬ ਫੇਰੀ ਦੌਰਾਨ ਪੇਸ਼ ਕਰ ਚੁੱਕੇ ਹਨ। ਪਿਛਲੀ ਵਾਜਪਾਈ ਦੀ ਅਗਵਾਈ ਵਾਲੀ ਐਨ ਡੀ ਏ ਦੀ ਸਰਕਾਰ ਸਮੇਂ ਵੀ ਭਾਜਪਾ ਦੇਸ਼ ਦੇ ਸਭ ਦਰਿਆਵਾਂ ਨੂੰ ਜੋੜਨ (ਲਿੰਕ ਕਰਨ) ਦੀ ਗੱਲ ਕਰਦੀ ਰਹੀ ਹੈ ਪਰ ਖੇਤਰੀ ਪਾਰਟੀਆਂ ਦੇ ਵਿਰੋਧ ਕਾਰਨ ਉਹ ਆਪਣਾ ਇਹ ਏਜੰਡਾ ਸਿਰੇ ਨਹੀਂ ਚੜ੍ਹਾ ਸਕੀ। ਇਸ ਤੋਂ ਉਲਟ ਪੰਜਾਬ ਦੀ ਪ੍ਰਮੁੱਖ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬ) ਦਾ ਨਜ਼ਰੀਆ ਬਿਲਕੁਲ ਵੱਖਰਾ ਹੈ। ਉਹ ਪਾਣੀਆਂ ਤੇ ਹੋਰ ਕੁਦਰਤੀ ਸੋਮਿਆਂ ਨੂੰ ਰਾਜਾਂ ਦੇ ਅਧਿਕਾਰ ਖੇਤਰ ਦਾ ਮਾਮਲਾ ਮੰਨਦਾ ਹੈ ਪਰ ਇਸ ਬੁਨਿਆਦੀ ਸਿਧਾਂਤਕ ਵਿਰੋਧ ਦੇ ਹੁੰਦੇ ਹੋਏ ਵੀ ਮੌਕਾਪ੍ਰਸਤੀ ਅਧੀਨ ਅਕਾਲੀ ਦਲ, ਭਾਜਪਾ ਨਾਲ ਪਿਆਰ ਦੀਆਂ ਪੀਂਘਾਂ ਝੂਟ ਰਿਹਾ ਹੈ ਤੇ ਸੱਤਾ ਦੇ ਮੰਡੇ ਦੋਹਾਂ ਪਾਰਟੀਆਂ ਰਲ ਕੇ ਛਕ ਰਹੀਆਂ ਹਨ। ਕੇਵਲ ਏਨਾ ਹੀ ਨਹੀਂ ਭਾਜਪਾ ਦਾ ਸਾਰੇ ਦੇਸ਼ ਲਈ ਸਭਿਆਚਾਰਕ ਏਜੰਡਾ ਵੀ ਏਕੀਕਰਨ ਵਾਲਾ ਹੈ। ਭਾਜਪਾ ਹਿੰਦੂਤਵ ਨੂੰ ਸਾਰੇ ਭਾਰਤ ਦਾ ਸਾਂਝਾ ਸਭਿਆਚਾਰ ਮੰਨਦੀ ਹੈ ਜਿਸ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਉਹ ਹਮੇਸ਼ਾ ਤੱਤਪਰ ਰਹਿੰਦੀ ਹੈ।

ਸਭਿਆਚਾਰ ਦੇ ਖੇਤਰ 'ਚ ਭਾਜਪਾ ਦੀ ਅਗਵਾਈ ਕੱਟੜਪੰਥੀ ਹਿੰਦੂ ਸੰਗਠਨ ਆਰ ਐਸ ਐਸ ਕਰਦਾ ਹੈ। ਇਸ ਤੋਂ ਉਲਟ ਅਕਾਲੀ ਦਲ ਭਾਰਤ 'ਚ ਵੱਖਰੇ ਵੱਖਰੇ ਸਭਿਆਚਾਰਾਂ ਦੀ ਆਪਣੀ ਸ਼ਨਾਖ਼ਤ ਤੇ ਅਹਿਮੀਅਤ ਦਾ ਧਾਰਨੀ ਹੋਣ ਦਾ ਦਾਅਵਾ ਕਰਦਾ ਹੈ, ਪਰ ਫੇਰ ਵੀ ਉਹ ਏਕਾਤਮਕ ਸਭਿਆਚਾਰ ਨੂੰ ਪ੍ਰਣਾਈ ਹੋਈ ਪਾਰਟੀ ਨਾਲ ਆਪਣੇ ਸਬੰਧ ਅਟੁੱਟ ਸਮਝਦਾ ਹੈ। ਅਜਿਹੀ ਦਵੰਦਆਤਮਕ ਸਥਿਤੀ 'ਚ ਅਕਾਲੀ ਦਲ ਨੂੰ ਆਪਣੀਆਂ ਸਿਧਾਂਤਕ ਵਿਰੋਧਤਾਈਆਂ ਬਾਰੇ ਗੰਭੀਰ ਚਿੰਤਨ ਕਰਨਾ ਚਾਹੀਦਾ ਹੈ। ਸਿਆਸੀ ਮੌਕਾਪ੍ਰਸਤੀ ਦੀ ਆਪਣੀ ਇਕ ਸੀਮਾ ਹੈ ਜਿਸ ਨੂੰ, ਜਾਪਦਾ ਹੈ, ਅਕਾਲੀ ਦਲ ਪਾਰ ਕਰ ਚੁੱਕਾ ਹੈ।

# ਸ਼ਮਸ਼ਾਨਘਾਟਾਂ ਲਈ ਪੈਸਾ, ਮੁਰਦੇ ਫੂਕਣ ਲਈ ਨਹੀਂ

**ਚਰਨਜੀਤ ਭੁੱਲਰ**

'ਸਿਕੰਦਰ' ਹਾਰ ਗਿਆ ਹੈ। ਸਮੇਂ ਦੇ ਹਾਕਮ ਫਿਰ ਜਿੱਤੇ ਹਨ। ਕੋਈ ਪਤਾ ਨਹੀਂ, ਨਿਤ ਕਿੰਨੇ ਕੁ 'ਸਿਕੰਦਰ' ਹਾਰਦੇ ਹਨ। ਹਾਰੇ ਕੋਈ ਵੀ, ਜਿੱਤ ਗੱਦੀ ਵਾਲਿਆਂ ਦੀ ਹੁੰਦੀ ਹੈ। ਇਸ 'ਸਿਕੰਦਰ' ਨੂੰ ਹਾਰ ਦਾ ਅਫਸੋਸ ਨਹੀਂ। ਗਿਲ੍ਹਾ ਇਸ ਗੱਲੋਂ ਹੈ ਕਿ ਤੰਗੀ-ਤੁਰਸ਼ੀ ਮੌਤ ਮਗਰੋਂ ਵੀ ਸਿਵਿਆਂ ਤੱਕ ਗਈ। 'ਸਿਕੰਦਰ' ਦੀ ਪਤਨੀ ਨੂੰ ਟੀ.ਬੀ. ਦੀ ਬਿਮਾਰੀ ਸੀ। ਦੋ ਵਰ੍ਹਿਆਂ ਤੋਂ ਮੌਤ ਉਡੀਕ ਰਹੀ ਸੀ। ਇਲਾਜ ਜੋਗੇ ਪੈਸੇ ਨਹੀਂ ਸਨ। ਬੱਚੇ ਪਾਲਦਾ ਕਿ ਇਲਾਜ ਕਰਾਉਂਦਾ। ਆਖਰ ਪਤਨੀ ਚਲੀ ਗਈ। ਗੱਲ ਇਥੇ ਵੀ ਨਹੀਂ ਰੁਕੀ। ਗਰੀਬੀ ਨੇ ਮੌਤ ਪਿੱਛੋਂ ਵੀ ਪਤਨੀ ਦਾ ਪਿੱਛਾ ਨਾ ਛੱਡਿਆ। 'ਸਿਕੰਦਰ' ਨੂੰ ਇਕ 'ਕਫਨ' ਨਾ ਜੁੜ ਸਕਿਆ। ਬਠਿੰਡਾ ਸ਼ਹਿਰ 'ਚ ਕਈ ਘੰਟੇ ਪਤਨੀ ਦੀ ਲਾਸ਼ 'ਕਫਨ' ਉਡੀਕਦੀ ਰਹੀ। ਆਖਰ ਇਕ ਸੰਸਥਾ ਨੇ ਇਕੱਲੇ 'ਕਫਨ' ਦਾ ਨਹੀਂ, ਬਲਕਿ ਸਸਕਾਰ ਦਾ ਖਰਚਾ ਵੀ ਚੁੱਕਿਆ। ਗੁਰੂਆਂ-ਪੀਰਾਂ ਦੀ ਧਰਤੀ ਇਹ ਦਿਨ ਦੇਖੇਗੀ, ਯਕੀਨ ਨਹੀਂ ਬੱਝਦਾ। ਰਾਮ ਬਾਗ ਦੇ ਪ੍ਰਬੰਧਕਾਂ ਨੂੰ ਇਸ ਦਾ ਕੋਈ ਅਚੰਭਾ ਨਹੀਂ ਲੱਗਿਆ। ਦੱਸਦੇ ਹਨ ਕਿ ਰਾਮ ਬਾਗ 'ਚ ਕਿੰਨੀਆਂ ਅਸਥੀਆਂ ਰੁਲਦੀਆਂ ਰਹਿੰਦੀਆਂ ਹਨ। ਜਹਾਨੋਂ ਜਾਣ ਵਾਲੇ ਦੇ ਵਾਰਸਾਂ ਕੋਲ ਅਸਥੀਆਂ ਤਾਰਨ ਦੀ ਪਹੁੰਚ ਵੀ ਨਹੀਂ ਹੁੰਦੀ।

ਪਿਛਲੇ ਸਾਲ ਦੀ ਗੱਲ ਹੈ। ਚਾਰ ਧੀਆਂ ਦੇ ਬਾਪ, ਇਕ ਰਿਕਸ਼ਾ ਚਾਲਕ ਦੀ ਅਰਥੀ ਪੰਜ ਘੰਟੇ ਸ਼ਮਸ਼ਾਨਘਾਟ 'ਚ ਪਈ ਰਹੀ। ਵਾਰਸਾਂ ਕੋਲ 'ਲੱਕੜਾਂ' ਜੋਗੇ ਪੈਸੇ ਨਹੀਂ ਸਨ। ਸਹਾਰਾ ਸੰਸਥਾ ਵਾਲੇ ਦੱਸਦੇ ਹਨ ਕਿ ਮਹੀਨੇ 'ਚ ਇੱਕਾ-ਦੁੱਕਾ ਇਹੋ ਜਿਹੇ ਕੇਸ ਹੁੰਦੇ ਹਨ ਜਿਨ੍ਹਾਂ ਕੋਲ ਮ੍ਰਿਤਕ ਦਾ ਸਸਕਾਰ ਕਰਨ ਦੀ ਪਹੁੰਚ ਵੀ ਨਹੀਂ ਹੁੰਦੀ। ਇਲਾਜ ਬਿਨਾਂ ਮਰਨ ਵਾਲਿਆਂ ਦਾ ਅੰਕੜਾ ਵੱਡਾ ਹੈ। ਪੰਜਾਬ ਸੂਬਾ ਨੰਬਰ ਵਨ ਹੈ। ਹਰ ਵਰ੍ਹੇ ਨੰਬਰ ਵਨ ਦਾ ਖਿਤਾਬ ਪੰਜਾਬ ਦੇ ਸਿਰ ਟਿਕਦਾ ਹੈ। ਖਿਤਾਬਾਂ ਵਾਲੇ ਕੋਈ ਅਜਿਹੀ ਵਿਉਂਤ ਨਹੀਂ ਬਣਾਉਂਦੇ ਕਿ ਕੋਈ ਇਲਾਜ ਖੁਣੋਂ ਨਾ ਮਰੇ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਤਬੇਲੇ 'ਚ ਖੜੀਆਂ 'ਖੱਚਰਾਂ' ਦੀ ਗੱਲ ਹੈ। ਜਦੋਂ ਅਕਾਲੀ ਵਜ਼ਾਰਤ ਬਣੀ ਤਾਂ ਥੋੜੇ ਸਮੇਂ ਮਗਰੋਂ ਪਿੰਡ ਬਾਦਲ ਦੇ ਇਸ ਸਟੱਡ ਫਾਰਮ 'ਚ ਖੜ੍ਹੀਆਂ 'ਅਰਬੀਅਨ ਖੱਚਰਾਂ' ਨੂੰ ਨਮੂਨੀਆ ਹੋ ਗਿਆ ਸੀ। ਰਾਤੋ ਰਾਤ 'ਖੱਚਰਾਂ' ਨੂੰ ਲੁਧਿਆਣਾ ਦੀ ਵੈਟਰਨਰੀ ਯੂਨੀਵਰਸਿਟੀ ਲਿਜਾਇਆ ਗਿਆ। ਕਰੀਬ ਹਫਤਾ ਭਰ ਇਲਾਜ ਚੱਲਿਆ। ਵੈਟਰਨਰੀ ਡਾਕਟਰਾਂ ਨੇ ਦਿਨ ਰਾਤ ਦਾ ਪਹਿਰਾ ਦਿੱਤਾ। ਜਦੋਂ 'ਖੱਚਰਾਂ' ਨੌਂ-ਬਰ-ਨੌਂ ਹੋ ਗਈਆਂ, ਉਦੋਂ ਡਾਕਟਰਾਂ ਨੂੰ ਸੁਖ ਦਾ ਸਾਹ ਆਇਆ। 'ਸਿਕੰਦਰ' ਨਾਲੋਂ ਤਾਂ 'ਖੱਚਰਾਂ' ਚੰਗੀਆਂ ਹਨ।

ਕੇਹੋ ਜਿਹੀ ਨੀਤੀ ਹੈ! ਕਿਹੋ ਜਿਹੇ ਨੀਤੀ ਘੜਨ ਵਾਲੇ ਹਨ! ਇਲਾਜ ਵਾਸਤੇ ਪੈਸਾ ਨਹੀਂ। ਸ਼ਮਸ਼ਾਨਘਾਟਾਂ ਵਾਸਤੇ ਕੋਈ ਤੋਟ ਨਹੀਂ। ਇਨ੍ਹਾਂ ਦੀ ਚਾਰਦੀਵਾਰੀ ਲਈ ਰਿਉੜੀਆਂ ਵਾਂਗ ਪੈਸੇ ਵੰਡੇ ਜਾਂਦੇ ਹਨ। ਗੁਰੂ ਘਰਾਂ ਤੋਂ ਮਗਰੋਂ ਹੁਣ ਤਾਂ ਪਿੰਡਾਂ 'ਚ ਲੋਕਾਂ ਨੇ ਸ਼ਮਸ਼ਾਨਘਾਟ ਵੀ ਵੱਖੋ-ਵੱਖਰੇ ਕਰ ਲਏ ਹਨ। ਦਲਿਤ ਵਰਗ ਦੇ ਲੋਕਾਂ ਨੂੰ ਵੱਖਰੇ ਸ਼ਮਸ਼ਾਨਘਾਟ ਬਣਾਉਣੇ ਪਏ ਹਨ। ਕਰੀਬ ਇਕ ਦਹਾਕਾ ਪਹਿਲਾਂ ਪਿੰਡ ਰਾਮਪੁਰਾ 'ਚ ਉਦੋਂ ਬਖੇੜਾ ਖੜਾ ਹੋ ਗਿਆ ਸੀ ਜਦੋਂ ਸਰਦਾਰਾਂ ਦੇ ਸ਼ਮਸ਼ਾਨਘਾਟ ਨੇ ਹੱਲਾ-ਗੁੱਲਾ ਕਰਾ ਦਿੱਤਾ ਸੀ। ਪਿੰਡ ਬਾਦਲ 'ਚ ਵੀ ਸਰਦਾਰਾਂ ਦਾ ਵੱਖਰਾ ਸ਼ਮਸ਼ਾਨਘਾਟ ਹੈ। ਬਹੁਤੇ ਲੋਕ ਤਾਂ ਹੁਣ ਸਸਕਾਰ ਆਪਣੇ ਖੇਤਾਂ 'ਚ ਵੀ ਕਰਨ ਲੱਗੇ ਹਨ। ਸ਼ਮਸ਼ਾਨਘਾਟਾਂ ਦੀ ਵੀ ਲੋੜ ਹੈ ਪਰ ਉਸ ਤੋਂ ਵੱਡੀ ਲੋੜ ਤਾਂ ਸਿਹਤ ਕੇਂਦਰਾਂ ਦੀ ਹੈ।

14ਵੀਂ ਲੋਕ ਸਭਾ ਦੇ ਪੰਜਾਬ ਦੇ ਸੰਸਦ ਮੈਂਬਰਾਂ ਵਲੋਂ ਵੰਡੇ ਫੰਡਾਂ ਦੀ ਸਮੀਖਿਆ ਕੀਤੀ ਗਈ। ਲੁਧਿਆਣਾ ਤੋਂ ਅਕਾਲੀ ਸੰਸਦ ਮੈਂਬਰ ਰਹੇ ਸ਼ਰਨਜੀਤ ਸਿੰਘ ਢਿੱਲੋਂ ਨੇ ਇਕੱਲੇ ਸ਼ਮਸ਼ਾਨਘਾਟਾਂ ਵਾਸਤੇ 1.33 ਕਰੋੜ ਦੇ ਫੰਡ ਵੰਡੇ ਸਨ, ਪਟਿਆਲਾ ਤੋਂ ਕਾਂਗਰਸੀ ਐਮ.ਪੀ. ਮਹਾਰਾਣੀ ਪ੍ਰਨੀਤ ਕੌਰ ਨੇ ਆਪਣੇ ਸੰਸਦੀ ਕੋਟੇ ਦੇ ਫੰਡਾਂ 'ਚੋਂ 20.54 ਲੱਖ ਰੁਪਏ ਸਿਹਤ ਸੈਕਟਰ ਲਈ ਵੰਡੇ ਜਦੋਂਕਿ ਸ਼ਮਸ਼ਾਨਘਾਟਾਂ ਵਾਸਤੇ 76 ਲੱਖ ਦਿੱਤੇ ਗਏ। ਦੋ ਸੰਸਦ ਮੈਂਬਰਾਂ ਨੇ ਸਿਹਤ ਸੈਕਟਰ ਵਾਸਤੇ ਫੰਡਾਂ ਦਾ ਮੂੰਹ ਹੀ ਨਹੀਂ ਖੋਲਿਆ ਸੀ। ਇਨ੍ਹਾਂ ਸੰਸਦ ਮੈਂਬਰਾਂ ਨੇ ਓਨਾ ਪੈਸਾ ਸਿਹਤ ਕੇਂਦਰਾਂ ਵਾਸਤੇ ਨਹੀਂ ਦਿੱਤਾ, ਜਿੰਨਾ ਸ਼ਮਸ਼ਾਨਘਾਟਾਂ ਲਈ ਵੰਡ ਦਿੱਤਾ। ਵਿਧਾਇਕ ਜਾਂ ਉਸ ਦਾ ਪਰਿਵਾਰਕ ਜੀਅ ਇਲਾਜ ਆਪਣੇ ਮੁਲਕ ਅੰਦਰੋਂ ਕਰਾਵੇ ਜਾਂ ਬਾਹਰੋਂ, ਉਸ ਦਾ ਸਾਰਾ ਖਰਚਾ ਸਰਕਾਰ ਝੱਲਦੀ ਹੈ। ਸਰਕਾਰੀ ਮੁਲਾਜ਼ਮ ਦੇ ਇਲਾਜ ਵਾਸਤੇ ਵੀ ਬੱਝਵੇਂ ਫੰਡ ਮਿਲਦੇ ਹਨ। ਆਮ ਬੰਦੇ ਨੂੰ ਇਲਾਜ ਵਾਸਤੇ ਕੋਈ ਸਿਹਤ ਫੰਡ ਨਹੀਂ। ਪੰਜਾਬ ਦੇ ਕਈ ਵੱਡੇ ਨੇਤਾ ਇਹੋ ਜਿਹੇ ਵੀ ਹਨ ਜਿਨ੍ਹਾਂ ਦੇ ਕੋਈ ਫਿਨਸੀ ਵੀ ਨਿਕਲ ਆਏ ਤਾਂ ਉਹ ਇਲਾਜ ਵਾਸਤੇ ਵਿਦੇਸ਼ ਜਾਂਦੇ ਹਨ। ਕੀ ਆਪਣੇ ਡਾਕਟਰ ਕਾਬਲ ਨਹੀਂ ਹਨ? ਕੀ ਸਰਕਾਰੀ ਸਿਹਤ ਕੇਂਦਰ ਗਰੀਬ-ਗੁਰਬੇ ਲਈ ਹੀ ਹਨ ਜਿਨ੍ਹਾਂ 'ਚ ਨਾ ਡਾਕਟਰ ਹਨ ਤੇ ਨਾ ਦਵਾਈ।

ਤੱਥ ਗਵਾਹ ਹਨ ਕਿ ਪੰਜਾਬ ਦੇ ਲੋਕ ਇਕ ਦਿਨ 'ਚ ਕਰੋੜਾਂ ਰੁਪਏ ਮੁਰਗੇ ਛਕਣ ਤੇ ਖਰਚ ਕਰ ਦਿੰਦੇ ਹਨ ਅਤੇ ਕਰੋੜਾਂ ਰੁਪਏ ਦੀ ਸ਼ਰਾਬ ਪੀ ਜਾਂਦੇ ਹਨ। ਇਕ ਜਾਇਜ਼ੇ ਅਨੁਸਾਰ ਮਾਲਵੇ ਦੇ ਲੋਕ ਇਕ ਸਾਲ 'ਚ ਵਹਿਮਾਂ-ਭਰਮਾਂ ਦੇ ਡਰੋਂ ਦਾਨ-ਪੁੰਨ ਲਈ ਪਸ਼ੂਆਂ ਨੂੰ 30 ਕਰੋੜ ਰੁਪਏ ਦਾ ਹਰਾ ਚਾਰਾ ਪਾ ਦਿੰਦੇ ਹਨ। ਜਾਣਕਾਰੀ ਹੈ ਕਿ ਪੁਰੀ ਦੇ ਜਗਨ ਨਾਥ ਮੰਦਰ 'ਚ ਕਰੋੜ-ਕਰੋੜ ਰੁਪਏ ਦਾ ਚੜ੍ਹਾਵਾ ਚੜ੍ਹਾਉਣ ਵਾਲੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਕ ਵਿਅਕਤੀ ਨੇ ਤਾਂ ਇਕੋ ਦਿਨ 'ਚ 45 ਕਰੋੜ ਰੁਪਏ ਦਾ ਮੱਥਾ ਵੀ ਟੇਕਿਆ ਹੈ। ਵਹਿਮਾਂ-ਭਰਮਾਂ ਅਤੇ ਚੜ੍ਹਾਵੇ ਵਾਲੇ ਲੋਕ ਇਹ ਕੌਣ ਹਨ? ਜਨ ਸਾਧਾਰਨ ਦੀ ਭਾਸ਼ਾ 'ਚ ਇਹ 'ਵੱਡੇ ਲੋਕ' ਹਨ। ਫਿਰ ਇਨ੍ਹਾਂ ਵੱਡੇ ਲੋਕਾਂ ਦੇ ਦੇਸ਼ ਵਿਚ ਨਿੱਤ 'ਸਿਕੰਦਰ' ਕਿਉਂ ਹਾਰਦੇ ਹਨ???

# ਜਾਤ ਆਧਾਰਤ ਮਰਦਮਸ਼ੁਮਾਰੀ ਦਾ ਮੁੱਦਾ ਅਤੇ ਸਾਡੇ ਸਿਆਸਤਦਾਨ

**ਰਾਜਿੰਦਰ ਸੱਚਰ***

ਪੂਰਾ ਮੁਲਕ ਜਾਤ ਆਧਾਰਤ ਮਰਦਮਸ਼ੁਮਾਰੀ 2011 ਕਰਵਾਉਣ ਜਾਂ ਨਾ ਕਰਵਾਉਣ ਅਤੇ ਇਸ ਸੰਬੰਧੀ ਚੁਣੌਤੀਆਂ ਦੀ ਘੁੰਮਣ-ਘੇਰੀ ਵਿਚ ਫਸਿਆ ਹੋਇਆ ਹੈ। ਇਸ ਸੰਬੰਧੀ ਸ਼ਾਂਤੀ ਨਾਲ ਵਿਚਾਰ-ਵਟਾਂਦਰਾ ਕਰਕੇ ਹੀ ਭੁਲੇਖੇ ਦੂਰ ਹੋ ਸਕਦੇ ਹਨ। ਸਾਰੇ ਜਾਣਦੇ ਹਨ ਕਿ ਸਾਡੇ ਮੁਲਕ ਵਿਚ ਜਾਤ ਪ੍ਰਣਾਲੀ ਸਦੀਆਂ ਤੋਂ ਚਲੀ ਆ ਰਹੀ ਹੈ। ਬ੍ਰਾਹਮਣਵਾਦੀ ਧਾਰਮਿਕ ਪੁਸਤਕਾਂ ਦੇ ਹਵਾਲੇ ਅਤੇ ਭਾਰਤ ਉਤੇ ਅੰਗਰੇਜ਼ਾਂ ਦੇ ਸ਼ਾਸਨਕਾਲ ਦੌਰਾਨ ਵੱਡੇ ਪੱਧਰ ਉਤੇ ਉਦਯੋਗਿਕ ਕ੍ਰਾਂਤੀ ਨਾ ਆਉਣ ਕਾਰਨ ਅਸੀਂ ਮੱਧ ਯੁੱਗ ਦੀ ਜਾਤ ਵੰਡ ਪ੍ਰਣਾਲੀ ਵਿਚ ਹੀ ਜੀਅ ਰਹੇ ਹਾਂ। ਸਮਾਜ ਉਤੇ ਇਸ ਵੰਡ ਦੇ ਮਾੜੇ ਪ੍ਰਭਾਵਾਂ ਦੇ ਮੱਦੇਨਜ਼ਰ ਇਸ ਨੂੰ ਸਮਾਜ ਵਿਚੋਂ ਖਤਮ ਕਰਨ ਲਈ ਸੰਵਿਧਾਨ ਮੁਤਾਬਕ ਕਾਰਵਾਈ ਯਕੀਨੀ ਬਣਾਈ ਗਈ ਹੈ। ਤ੍ਰਾਸਦੀ ਇਹ ਹੈ ਕਿ ਇੰਨਾ ਸਭ ਕਰਨ ਦੇ ਬਾਵਜੂਦ ਇਹ ਪਹਿਲਾਂ ਨਾਲੋਂ ਮਜ਼ਬੂਤ ਹੋ ਗਈ। ਇਸ ਤੋਂ ਵੀ ਵਧ ਕੇ ਇਕ ਹੋਰ ਉਪ-ਸ਼੍ਰੇਣੀ 'ਕਰੀਮੀ ਲੇਅਰ' ਹੋਂਦ ਵਿਚ ਆਈ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਹੋਰ ਜਾਤਾਂ ਦੇ ਗਰੀਬ ਲੋਕਾਂ ਨੂੰ ਸਰਕਾਰੀ ਨੀਤੀਆਂ ਦਾ ਫਾਇਦਾ ਨਹੀਂ ਮਿਲ ਸਕਿਆ।



ਜਾਤ ਆਧਾਰਤ ਮਰਦਮਸ਼ੁਮਾਰੀ ਦੇ ਪੱਖ ਵਿਚ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਵੱਖ-ਵੱਖ ਜਾਤਾਂ ਦੇ ਲੋਕਾਂ ਦੀ ਸਹੀ ਗਿਣਤੀ ਜਾਣੇ ਬਿਨਾਂ ਸੂਬਾ ਸਰਕਾਰਾਂ ਪਛੜੇ ਲੋਕਾਂ ਦੀ ਬਿਹਤਰੀ ਲਈ ਕਦਮ ਨਹੀਂ ਚੁੱਕ ਸਕਦੀਆਂ। ਦਲੀਲ ਦੇਣ ਵਾਲੇ ਇਹ ਮੰਨਦੇ ਹਨ ਕਿ ਪਛੜੀਆਂ ਸ਼੍ਰੇਣੀਆਂ, ਪੱਟੀਦਰਜ ਸ਼੍ਰੇਣੀਆਂ ਅਤੇ ਕਬੀਲਿਆਂ ਨਾਲ ਸੰਬੰਧਤ ਲੋਕਾਂ ਦੀ ਸਹੀ ਗਿਣਤੀ ਦੀ ਜਾਣਕਾਰੀ ਮੌਜੂਦ ਨਹੀਂ ਹੈ।

ਕੌਮੀ ਸੈਂਪਲ ਸਰਵੇਖਣ ਸੰਗਠਨ ਨੇ ਸਾਲ 2004 ਵਿਚ ਦੱਸਿਆ ਸੀ ਕਿ ਭਾਰਤ ਦੀ ਕੁੱਲ ਆਬਾਦੀ ਦਾ 41 ਫੀਸਦੀ ਹਿੱਸਾ ਹੋਰ ਪਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਦੇ ਲੋਕ ਹਨ। ਹਿੰਦੂ ਅਤੇ ਮੁਸਲਿਮ ਧਰਮਾਂ ਦੀ ਕ੍ਰਮਵਾਰ 42.8 ਅਤੇ 39.2 ਫੀਸਦੀ ਵਸੋਂ ਓ.ਬੀ.ਸੀ. ਵਰਗ ਨਾਲ ਸੰਬੰਧਤ ਹੈ। ਸੰਵਿਧਾਨ ਦੀ ਧਾਰਾ 340 ਦੇ ਤਹਿਤ ਸੰਸਦ ਨੇ ਪਛੜੇ ਵਰਗਾਂ ਦੀ ਭਲਾਈ ਲਈ ਪਛੜੀਆਂ ਸ਼੍ਰੇਣੀਆਂ ਐਕਟ 1993 ਪਾਸ ਕਰਕੇ ਪਛੜੀਆਂ ਸ਼੍ਰੇਣੀਆਂ ਲਈ ਕੌਮੀ ਕਮਿਸ਼ਨ ਦਾ ਗਠਨ ਕੀਤਾ। ਕਿਸੇ ਵੀ ਪਛੜੀ ਸ਼੍ਰੇਣੀ ਨੂੰ ਕੇਂਦਰ ਸਰਕਾਰ ਦੀ ਸੂਚੀ ਵਿਚ ਸ਼ਾਮਲ ਕਰਵਾਉਣ ਲਈ ਕਮਿਸ਼ਨ ਨੂੰ ਹੀ ਅਰਜ਼ੀ ਦਿੱਤੀ ਜਾ ਸਕਦੀ ਹੈ। ਆਮ ਤੌਰ 'ਤੇ ਸਰਕਾਰ ਨੂੰ ਕਮਿਸ਼ਨ ਦਾ ਫੈਸਲਾ ਮੰਨਣਾ ਹੀ ਪੈਂਦਾ ਹੈ। ਸੂਬਾ ਪੱਧਰ ਉਤੇ ਵੀ ਅਜਿਹੀਆਂ ਸ਼ਕਤੀਆਂ ਪ੍ਰਾਪਤ ਕਮਿਸ਼ਨ ਹਨ। ਇਸ ਤਰ੍ਹਾਂ ਮੁਲਕ ਵਿਚ ਪਛੜੀਆਂ ਸ਼੍ਰੇਣੀਆਂ ਦੀ ਸਥਾਈ ਸੂਚੀ ਵਿਚ ਸਮੇਂ-ਸਮੇਂ ਸੁਧਾਰ ਕੀਤੇ ਜਾਂਦੇ ਹਨ ਤਾਂ ਜੋ ਲੋੜ ਪੈਣ ਉਤੇ ਇਹ ਤੁਰੰਤ ਮੁਹੱਈਆ ਕਰਵਾਈ ਜਾ ਸਕੇ। ਜਾਤ ਆਧਾਰਤ ਮਰਦਮਸ਼ੁਮਾਰੀ ਦੇ ਪੱਖ ਵਿਚ ਦਲੀਲਾਂ ਦੇਣ ਵਾਲੇ ਵੀ ਇਹ ਗੱਲ ਮੰਨਦੇ ਹਨ ਕਿ ਬਿਨਾਂ ਕਿਸੇ ਤਿਆਰੀ ਅਤੇ ਬਿਨਾਂ ਯੋਗ ਮਾਪਦੰਡ ਅਪਨਾਏ ਮਰਦਮਸ਼ੁਮਾਰੀ ਦੌਰਾਨ ਕਾਹਲ ਵਿਚ ਕੀਤੀ ਗਿਣਤੀ ਨਾਲੋਂ ਪਛੜੀਆਂ ਸ਼੍ਰੇਣੀਆਂ ਸਬੰਧੀ ਕਮਿਸ਼ਨ ਵਲੋਂ ਜਾਰੀ ਗਿਣਤੀ ਵਧੇਰੇ ਭਰੋਸੇਯੋਗ ਹੈ। ਹੋਰ ਇਕ ਭੁਲੇਖਾ ਦੂਰ ਕਰਨਾ ਬਣਦਾ ਹੈ ਕਿ ਜੇਕਰ ਮਰਦਮਸ਼ੁਮਾਰੀ ਦੌਰਾਨ ਓ.ਬੀ.ਸੀ. ਵਸੋਂ ਕੁੱਲ ਵਸੋਂ ਦਾ 60-70 ਫੀਸਦੀ ਹਿੱਸਾ ਹੋਣ ਬਾਰੇ ਪਤਾ ਲੱਗੇ ਤਾਂ ਵੀ ਇਸ ਨਾਲ ਮੌਜੂਦਾ ਨੀਤੀਆਂ, ਖ਼ਾਸ ਕਰ ਰਾਖਵੇਂਕਰਨ ਉਤੇ ਕੋਈ ਪ੍ਰਭਾਵ ਨਹੀਂ ਪਵੇਗਾ। ਇਸ ਦਾ ਕਾਰਨ ਇਹ ਹੈ ਕਿ ਸੁਪਰੀਮ ਕੋਰਟ ਨੇ ਨੌਕਰੀਆਂ, ਵਿੱਦਿਅਕ ਅਤੇ ਹੋਰ ਸੰਸਥਾਵਾਂ ਵਿਚ ਵਧ ਤੋਂ ਵਧ 50 ਫੀਸਦੀ ਰਾਖਵਾਂਕਰਨ ਦੀ ਇਜਾਜ਼ਤ ਦਿੱਤੀ ਹੈ। ਇਸ ਵਿਚ ਪੱਟੀਦਰਜ ਸ਼੍ਰੇਣੀਆਂ ਅਤੇ ਕਬੀਲਿਆਂ ਲਈ 23 ਫੀਸਦੀ ਹਿੱਸਾ ਹੈ ਅਤੇ ਪਛੜੀਆਂ ਸ਼੍ਰੇਣੀਆਂ ਨੂੰ ਪਹਿਲਾਂ ਹੀ 27 ਫੀਸਦੀ ਰਾਖਵਾਂਕਰਨ ਦਿੱਤਾ ਜਾ ਰਿਹਾ ਹੈ। ਇਸ ਲਈ ਵੱਖ-ਵੱਖ ਜਾਤਾਂ ਨਾਲ ਸੰਬੰਧਤ ਲੋਕਾਂ ਦੀ ਗਿਣਤੀ ਬਾਰੇ ਜਾਣਨ ਨਾਲ ਕੋਈ ਲਾਭ ਨਹੀਂ ਹੋਣ ਲੱਗਾ। ਇਸ ਨਾਲ ਇਕ ਜਾਤ ਦੇ ਲੋਕਾਂ ਦੇ ਮਨਾਂ ਵਿਚ ਹੋਰ ਜਾਤਾਂ ਦੇ ਲੋਕਾਂ ਲਈ ਵਿਰੋਧ ਪੈਦਾ ਹੋਣ ਦੀ ਸੰਭਾਵਨਾ ਹੈ।

ਜੇ ਮਰਦਮਸ਼ੁਮਾਰੀ ਵਿਚ ਲਿੰਗ ਅਤੇ ਧਰਮ ਸੰਬੰਧੀ ਜਾਣਕਾਰੀ ਕਾਰਨ ਮਤਭੇਦ ਨਹੀਂ ਪੈਦਾ ਹੁੰਦੇ ਤਾਂ ਜਾਤਾਂ ਨਾਲ ਸੰਬੰਧਤ ਜਾਣਕਾਰੀ ਨਾਲ ਕਿਵੇਂ ਹੋ ਸਕਦੇ ਹਨ? ਇਸ ਦਾ ਉਤਰ ਇਹ ਹੈ ਕਿ ਲਿੰਗ ਅਤੇ ਧਰਮ ਦੋਵੇਂ ਵਿਅਕਤੀ ਦੀ ਪਛਾਣ ਦਾ ਹਿੱਸਾ ਹੁੰਦੇ ਹਨ, ਵੰਡ ਦਾ ਆਧਾਰ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸੌੜੇ ਨਿੱਜੀ ਹਿਤਾਂ ਦੀ ਪੂਰਤੀ ਲਈ ਕੁਝ ਲੋਕ ਧਰਮ ਦੇ ਆਧਾਰ ਉਤੇ ਲੋਕਾਂ ਵਿਚ ਵੰਡੀਆਂ ਪਾਉਂਦੇ ਹਨ ਪਰ ਇਸ ਦਾ ਮਤਲਬ ਇਹ ਨਹੀਂ ਕਿ ਜਾਤਾਂ ਨੂੰ ਵੀ ਇਸ ਨਾਲ ਜੋੜ ਕੇ ਦੇਖਿਆ ਜਾਵੇ। ਕੀ ਜਾਤ ਦੇ ਨਾਂ ਉਤੇ ਯਾਦਵ ਜ਼ਿਮੀਂਦਾਰਾਂ, ਮੰਤਰੀਆਂ ਅਤੇ ਕਾਰ ਡਰਾਈਵਰਾਂ ਨੂੰ ਇਕੋ ਸ਼੍ਰੇਣੀ ਵਿਚ ਰੱਖ ਸਕਦੇ ਹਾਂ? ਇਸੇ ਤਰ੍ਹਾਂ ਬ੍ਰਾਹਮਣ, ਪੰਡਿਤ, ਅਫਸਰਸ਼ਾਹ, ਰਸੋਈਏ ਅਤੇ ਕਪੂਰ ਸਨਅਤਕਾਰ ਅਤੇ ਚਪੜਾਸੀ ਨੂੰ ਇਕੋ ਸ਼੍ਰੇਣੀ ਵਿਚ ਰੱਖਣ ਦੀ ਗੱਲ ਹਾਸੋਹੀਣੀ ਹੈ। ਕੀ ਅਸੀਂ ਜਾਗੀਰਦਾਰੀ ਦੌਰ ਦੀ ਵੰਡ ਵਾਂਗ ਹੀ ਜਾਤ ਪ੍ਰਣਾਲੀ ਨੂੰ ਉਤਸ਼ਾਹਤ ਕਰਨ ਚਾਹੁੰਦੇ ਹਾਂ?

ਅਸੀਂ ਪਛੜੇ ਵਰਗਾਂ ਦੇ ਹਿੱਤਾਂ ਦੀ ਰਾਖੀ ਅਤੇ ਉਨ੍ਹਾਂ ਨੂੰ ਉਚਾ ਚੁੱਕਣ ਦੀ ਨੀਤੀ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਪਰ ਜਾਤ ਦੇ ਆਧਾਰ ਉਤੇ ਸਾਰੀਆਂ ਨੀਤੀਆਂ ਘੜਨ ਦੀ ਗੱਲ ਪ੍ਰੇਸ਼ਾਨੀ ਦਾ ਸਬੱਬ ਹੈ ਕਿਉਂਕਿ ਇਸ ਨਾਲ ਸੱਚ-ਮੁੱਚ ਦੇ ਲੋੜਵੰਦ ਲੋਕਾਂ ਦੇ ਹਿਤਾਂ ਨੂੰ ਨੁਕਸਾਨ ਪਹੁੰਚੇਗਾ। ਕੁਝ ਪ੍ਰਗਤੀਵਾਦੀ ਲੋਕ ਵਰਗ ਅਤੇ ਜਾਤ ਵੰਡ ਰਹਿਤ ਸਮਾਜ ਦੀ ਸਿਰਜਣਾ ਉਤੇ ਜ਼ੋਰ ਦਿੰਦੇ ਹਨ ਪਰ ਇਹ ਭੁੱਲਣਾ ਨਹੀਂ ਚਾਹੀਦਾ ਕਿ ਮੂਲ ਰੂਪ ਵਿਚ ਜਾਤ ਅਤੇ ਵਰਗ ਭਾਰਤ ਵਿਚ ਸਮਾਨਾਰਥਕ ਮੰਨੇ ਜਾਂਦੇ ਹਨ। ਮੌਜੂਦਾ ਸਮੇਂ ਵਿਚ ਸਨਅਤੀਕਰਨ ਕਾਰਨ ਉਤਪੰਨ ਹੋਏ ਮਜ਼ਦੂਰ ਵਰਗ ਕਾਰਨ ਲੋਕ ਜਾਤਾਂ ਦੀ ਬਜਾਏ ਆਰਥਿਕ ਵਰਗਾਂ ਨੂੰ ਵਧੇਰੇ ਤਵੱਜੋਂ ਦੇਣ ਲੱਗੇ ਹਨ।

ਰੇਲਵੇ ਕਰਮਚਾਰੀਆਂ, ਸਟੀਲ ਉਦਯੋਗ ਦੇ ਕਾਮਿਆਂ ਅਤੇ ਕੋਲਾ ਖਾਣਾਂ ਦੇ ਮਜ਼ਦੂਰਾਂ ਨੂੰ ਮਜ਼ਦੂਰ ਵਰਗ ਮੰਨਣ ਦੀ ਬਜਾਏ ਜਾਤਾਂ ਅਤੇ ਉਪ ਜਾਤਾਂ ਵਿਚ ਵੰਡਣਾ ਕਿਥੋਂ ਕੁ ਤੱਕ ਜਾਇਜ਼ ਹੈ? ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਨਾਲ ਮਜ਼ਦੂਰ ਵਰਗ ਦੀ ਏਕਤਾ ਅਤੇ ਤਾਕਤ ਭਾਈਚਾਰਕ ਸਾਂਝ ਨੂੰ ਵੱਡੀ ਢਾਹ ਲਗਦੀ ਹੈ।

ਡਾ. ਲੋਹੀਆ ਨੇ ਇਹ ਕੌੜੀ ਸੱਚਾਈ ਇਸ ਤਰ੍ਹਾਂ ਬਿਆਨ ਕੀਤੀ ਹੈ, ''ਜਾਤ ਪ੍ਰਣਾਲੀ ਦੇਸ਼ ਵਿਚ ਸਥਿਰਤਾ ਅਤੇ ਬਦਲਾਅ ਵਿਰੋਧੀ ਹੈ। ਜਾਤ ਪ੍ਰਣਾਲੀ ਨੂੰ ਖਤਮ ਕਰਕੇ ਹੀ ਅਸਲੀ ਭਾਰਤ ਨੂੰ ਨਵਾਂ ਜੀਵਨ ਮਿਲ ਸਕਦਾ ਹੈ।'' ਡਾ. ਲੋਹੀਆ ਮੁਤਾਬਕ, ''ਵੱਖ-ਵੱਖ ਜਾਤਾਂ ਦੇ ਹੁੰਦੇ ਹੋਏ ਬਰਾਬਰੀ ਦੀ ਗੱਲ ਕਰਨਾ ਬੇਅਰਥ ਹੈ। ਜਾਤਾਂ ਹੀ ਨਹੀਂ, ਇਨ੍ਹਾਂ ਦੇ ਨਾਂ ਵੀ ਖਤਮ ਕਰਨੇ ਚਾਹੀਦੇ ਹਨ।'' ਉਨ੍ਹਾਂ ਮੁਤਾਬਕ ਜਾਤ ਦੇ ਮੁਕਾਬਲੇ ਧਾਰਮਿਕ ਪਛਾਣ ਮਜ਼ਬੂਤ ਨਹੀਂ। ਜਾਤ ਵੰਡ ਖਿਲਾਫ ਵਿਦਰੋਹ ਕਰਕੇ ਭਾਰਤ ਮੁੜ ਸੁਰਜੀਤ ਹੋ ਸਕੇਗਾ। ਦੇਸ਼ ਭਗਤ ਅਤੇ ਪ੍ਰਗਤੀਵਾਦੀ ਲੋਕ ਜਾਤ ਆਧਾਰਤ ਸਿਆਸੀ ਪਾਰਟੀਆਂ ਦੇ ਅਗਾਂਹਵਧੂ ਵਿਚਾਰਾਂ ਦੇ ਓਹਲੇ ਵਿਚ ਵਧਣ ਫੁਲਣ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ।

ਇਨ੍ਹਾਂ ਦੀ ਲੋਕਾਂ ਵਿਚ ਵੰਡੀਆਂ ਪਾਉਣ ਦੀ ਤਾਕਤ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਇਹ ਲੋਕਾਂ ਵਿਚ ਹੀ ਨਹੀਂ, ਲੋਕਾਂ ਦੇ ਮਨਾਂ ਵਿਚ ਵੰਡੀਆਂ ਪਾਉਂਦੀਆਂ ਹਨ। ਜਦੋਂ ਕੌਮੀ ਸੈਂਪਲ ਸਰਵੇਖਣ ਸੰਸਥਾ ਅਤੇ ਪਛੜੀਆਂ ਸ਼੍ਰੇਣੀਆਂ ਲਈ ਕਮਿਸ਼ਨ ਵਲੋਂ ਦਿੱਤੀ ਜਾਣਕਾਰੀ ਵਧੇਰੇ ਭਰੋਸੇਯੋਗ ਹੈ ਤਾਂ ਮਰਦਮਸ਼ੁਮਾਰੀ ਦੌਰਾਨ ਬਿਨਾਂ ਤਿਆਰੀ ਅਤੇ ਮੁਕੰਮਲ ਜਾਂਚ ਦੇ ਜਾਣਕਾਰੀ ਇਕੱਠੀ ਕਰਨ ਦਾ ਕੋਈ ਲਾਭ ਨਹੀਂ। ਇਸ ਤੋਂ ਇਲਾਵਾ ਇਸ ਸੂਚਨਾ ਦੇ ਆਧਾਰ ਉਤੇ ਸਰਕਾਰ ਨੀਤੀਆਂ ਨਹੀਂ ਘੜੇਗੀ। ***ਸੇਵਾ ਮੁਕਤ ਜੱਜ***

## ਸਾਡੇ ਗੋਤ, ਜਾਤਾਂ, ਵਿਆਹ ਤੇ ਰਵਾਇਤਾਂ

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ-ਗੋਤ ਜਾਂ ਗੋਤਰ' ਦਾ ਅਰਥ ਹੈ ਸੰਤਾਨ\ਔਲਾਦ\ਕੁਲ\ਖਾਨਦਾਨ ਆਦਿ। ਗੋਤ ਨੂੰ ਸਬ-ਕਾਸਟ ਭਾਵ ਉਪਜਾਤੀ ਕਹਿਣ ਦਾ ਰਿਵਾਜ ਵੀ ਹੈ, ਜੋ ਠੀਕ ਨਹੀਂ ਹੈ। ਗੋਤ ਤਾਂ ਇਕ ਹੀ ਜਾਤ ਵਿਚ ਵਿਚਰ ਰਹੇ ਵੱਖ-ਵੱਖ ਸਮੂਹਾਂ ਦੇ ਵੱਖ-ਵੱਖ ਨਾਂ ਹਨ। ਉਂਜ ਵੀ ਲੰਬੇ ਸਮੇਂ ਤੋਂ ਵਿਚਰ ਰਹੇ ਹੋਣ ਕਾਰਨ ਅਤੇ ਇਤਿਹਾਸਕ ਤਬਦੀਲੀਆਂ ਨੇ ਕਿਸੇ ਇਕ ਗੋਤ ਨੂੰ ਕਿਸੇ ਇਕ ਜਾਤ ਜਾਂ ਧਰਮ ਤੱਕ ਸੀਮਤ ਨਹੀਂ ਰਹਿਣ ਦਿੱਤਾ। ਕਈ ਗੋਤ ਹਿੰਦੂਆਂ ਤੇ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ, ਸਿੱਖਾਂ ਤੇ ਮੁਸਲਮਾਨਾਂ ਅਤੇ ਉੱਚੀਆਂ ਤੇ ਨੀਵੀਆਂ ਜਾਤਾਂ ਵਿਚ ਸਾਂਝੇ ਹਨ। ਉਨ੍ਹਾਂ ਸਮਿਆਂ ਵਿਚ ਜਦੋਂ ਅਜੇ ਸਮਾਜ ਵਿਕਸਤ ਨਹੀਂ ਸੀ ਹੋਇਆ ਲੋਕ ਛੋਟੇ-ਛੋਟੇ ਕਬੀਲਿਆਂ ਜਾਂ ਸਮੂਹਾਂ ਵਿਚ ਵਿਚਰਦੇ ਸਨ ਜਾਂ ਛੋਟੀਆਂ-ਛੋਟੀਆਂ ਬਸਤੀਆਂ ਵਿਚ ਸਥਾਪਤ ਹੋ ਰਹੇ ਸਨ। ਉਦੋਂ ਕਿਸੇ ਕਬੀਲੇ ਜਾਂ ਸਮੂਹ ਦੀ ਪਛਾਣ ਕਿਸੇ ਵਿਸ਼ੇਸ਼ ਗੁਣ ਜਾਂ ਉਸ ਵਰਗ ਦੇ ਕਿਸੇ ਮੋਢੀ ਦੇ ਨਾਂ ਜਾਂ ਕਿਸੇ ਖਾਸ ਸਥਾਨ ਨਾਲ ਜੁੜੇ ਹੋਣ ਨਾਲ ਜੋੜੀ ਜਾਂ ਮਾਪੀ ਜਾਂਦੀ ਸੀ। ਇਹੀ ਨਾਂ ਅੱਗੇ ਚੱਲ ਕੇ ਗੋਤ ਅਖਵਾਉਂਦੇ।

ਇਸ ਤੋਂ ਇਲਾਵਾ ਆਦਿਕਾਲ ਤੋਂ ਚਲੇ ਆ ਰਹੇ ਕਬੀਲਿਆਂ ਦੇ ਮੁੱਖ ਚਿੰਨ ਪੰਛੀਆਂ ਅਤੇ ਜਾਨਵਰਾਂ ਦੇ ਸੰਕੇਤ ਵਾਲੇ ਵੀ ਸਨ। ਸ਼ੁਰੂਆਤੀ ਕਬਾਇਲੀ ਦੌਰ 'ਚ ਪਸ਼ੂਆਂ ਤੇ ਪੰਛੀਆਂ ਦੇ ਇਹ ਚਿੰਨ ਅਗਾਂਹ ਜਾ ਕੇ ਕਬੀਲੇ ਦੀ ਪਹਿਚਾਣ ਚਿੰਨ ਵੀ ਬਣ ਗਏ ਸਨ। ਕਾਫੀ ਦੇਰ ਬਾਅਦ 'ਚ ਜਦੋਂ ਵਪਾਰ ਉਭਰਿਆ ਤਾਂ ਉਸ ਸਮੇਂ ਸਥਾਨਕ ਲੋਕਾਂ ਦਾ ਜੋ ਸਮੂਹ ਜਿਸ ਵਸਤ ਦਾ ਵਪਾਰ ਕਰਿਆ ਕਰਦਾ ਸੀ, ਉਸ ਵਸਤ ਦਾ ਨਾਂ ਉਸ ਸਮੂਹ ਨਾਲ ਵੀ ਜੁੜਿਆ ਹੋਇਆ ਇਤਿਹਾਸ ਵਿਚ ਪਾਇਆ ਜਾਂਦਾ ਹੈ। ਇਸ ਹਿਸਾਬ ਨਾਲ ਕਈਆਂ ਦਾ ਇਹ ਕਹਿਣਾ ਹੈ ਕਿ 'ਚਾਵਲਾ' ਉਨ੍ਹਾਂ ਵਪਾਰੀਆਂ ਦੀ ਜਾਤ ਦਾ ਨਾਂ ਬਣਿਆ ਜੋ ਚਾਵਲ ਦਾ ਵਪਾਰ ਕਰਿਆ ਕਰਦੇ ਸਨ। ਇਸ ਤਰ੍ਹਾਂ ਹੀ ਦੂਜੀਆਂ ਵਪਾਰਕ ਵਸਤਾਂ ਤੋਂ ਵੀ ਗੋਤਰ ਬਣੇ ਹਨ। ਛੋਟੇ-ਛੋਟੇ ਕਬੀਲਿਆਂ ਜਾਂ ਸਮੂਹਾਂ ਵਿਚ ਵਿਚਰ ਰਹੇ ਲੋਕ ਆਮ ਤੌਰ 'ਤੇ ਇਕ ਮੋਢੀ ਬਜ਼ੁਰਗ ਦੀ ਸੰਤਾਨ ਹੀ ਹੁੰਦੇ ਸਨ। ਇਕੋ ਕਬੀਲੇ ਜਾਂ ਗੋਤ ਤੋਂ ਬਾਹਰ ਵਿਆਹ ਕਰਨ ਦੀ ਪ੍ਰਥਾ ਉਥੇ ਹੀ ਕਾਮਯਾਬ ਹੋਈ ਹੋਵੇਗੀ ਜਿੱਥੇ ਕਬੀਲੇ ਕਾਫ਼ੀ ਮਾਤਰਾ ਵਿਚ ਰਹਿੰਦੇ ਅਤੇ ਆਪਸੀ ਸੰਪਰਕ ਵਿਚ ਰਹਿੰਦੇ ਹੋਣਗੇ। ਇਕੋ ਗੋਤ ਜਾਂ ਕਬੀਲੇ ਵਿਚ ਰਿਸ਼ਤਾ ਕਰਨਾ ਨਿਰਾਪੁਰਾ ਇਕ ਰੀਤ ਦੀ ਹੀ ਦੇਣ ਨਹੀਂ ਹੋਵੇਗਾ। ਇਸ ਪਿੱਛੇ ਸਦੀਆਂ ਦਾ ਗਿਆਨ ਅਤੇ ਤਜਰਬਾ ਵੀ ਸ਼ਾਮਲ ਹੋਵੇਗਾ। ਰਿਸ਼ਤਿਆਂ ਦੀ ਪਾਕੀਜ਼ਗੀ ਵੀ। ਇਹ ਇਕ ਵਿਗਿਆਨਕ ਸੋਚ ਵੀ ਹੈ ਕਿ ਨੇੜੇ ਦੇ ਰਿਸ਼ਤਿਆਂ ਵਿਚ ਸਬੰਧ ਜੋੜਨਾ ਜੈਨੇਟਿਕ ਵਿਗਾੜ ਵੀ ਪੈਦਾ ਕਰ ਸਕਦਾ ਹੈ। ਹਰਿਆਣੇ ਦੀਆਂ ਖਾਪ (ਗੋਤ ਆਧਾਰਤ) ਪੰਚਾਇਤਾਂ ਨੇ ਉਨ੍ਹਾਂ ਜੋੜਿਆਂ, ਜਿਨ੍ਹਾਂ ਨੇ ਇਕੋ ਗੋਤ ਵਿਚ ਵਿਆਹ ਕੀਤਾ, ਪ੍ਰਤੀ ਬੜਾ ਸਖਤ ਸਟੈਂਡ ਲੈਂਦਿਆਂ ਕਈ ਯੋਗ ਫੈਸਲੇ ਲਏ ਗਏ। ਚਾਹੇ ਇਹ ਵਿਆਹ ਸਮਾਜਿਕ ਮਾਨਤਾਵਾਂ ਮੁਤਾਬਕ ਨਹੀਂ ਹਨ, ਪਰ ਸਮਾਂ ਅਤੇ ਹਾਲਾਤ ਬਦਲ ਚੁੱਕੇ ਹਨ। ਸੋ ਖਾਪ ਪੰਚਾਇਤਾਂ ਦਾ ਫੈਸਲਾ ਸਵੀਕਾਰ ਕਰਨਾ ਵੀ ਮੁਸ਼ਕਲ ਹੈ।

ਪੱਛਮ ਦੀ ਨਕਲ ਕਰਦਿਆਂ ਭਾਰਤ ਵਿਚ ਵੀ ਵਿਆਹ ਤੋਂ ਮਗਰੋਂ ਕੁੜੀਆਂ ਪਤੀ ਦਾ ਗੋਤ ਅਪਨਾ ਰਹੀਆਂ ਹਨ, ਜੋ ਠੀਕ ਨਹੀਂ ਹੈ, ਕਿਉਂਕਿ ਭਾਰਤੀ ਰੀਤ ਮੁਤਾਬਿਕ ਵਿਆਹ ਤੋਂ ਮਗਰੋਂ ਵੀ ਔਰਤ ਦਾ ਗੋਤ ਬਰਕਰਾਰ ਰਹਿੰਦਾ ਹੈ। ਯਥਾਰਥ ਦੇ ਪੱਧਰ 'ਤੇ ਸੋਚਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਬੀਲਿਆਂ ਦੀ ਸਥਾਪਤੀ ਤੋਂ ਮਗਰੋਂ ਸਮਾਜ ਦਾ ਕਾਫ਼ੀ ਵਿਸਥਾਰ ਹੋ ਚੁੱਕਿਆ ਹੈ। ਇਤਿਹਾਸਕ ਉਥਲ-ਪੁਥਲ ਨੇ ਵੀ ਸਥਿਤੀਆਂ ਕਾਫ਼ੀ ਬਦਲ ਦਿੱਤੀਆਂ ਹਨ। ਗੋਤਾਂ ਦਾ ਆਪਸ 'ਚ ਮਿਲਣਾ ਵੀ ਕਾਫ਼ੀ ਹੋ ਚੁੱਕਾ ਹੈ। ਕੁਝ ਪੱਛਮੀ ਖੁੱਲ੍ਹਵਾਦੀ ਪ੍ਰਭਾਵ ਅਧੀਨ ਗੋਤ ਦੀ ਹੋਂਦ ਅਪ੍ਰਸੰਗਿਕ ਹੋ ਗਈ ਹੈ। ਕਾਨੂੰਨ ਵੀ ਇਸ ਪਾਬੰਦੀ ਨੂੰ ਜਾਇਜ਼ ਨਹੀਂ ਮੰਨਦਾ। ਸੋ ਇਕ ਪਾਸੇ ਤਾਂ ਖਾਪ ਪੰਚਾਇਤਾਂ ਨੂੰ ਆਪਹੁਦਰੇ ਫੈਸਲੇ ਲੈਣ ਤੋਂ ਵਰਜਿਆ ਜਾਣਾ ਚਾਹੀਦਾ ਹੈ। ਦੂਜੇ ਪਾਸੇ ਵਿਗਿਆਨਕ ਸਲਾਹ ਨਾਲ ਅਜਿਹਾ ਰਾਹ ਤਲਾਸ਼ਿਆ ਜਾਣਾ ਚਾਹੀਦਾ ਹੈ, ਜਿਸ ਨਾਲ ਵਿਗਿਆਨਕ ਤੱਥ ਵੀ ਮਲੀਨ ਨਾ ਹੋਣ। ਸਮਾਜ ਵੀ ਸੰਕੀਰਣਤਾ ਦਾ ਸ਼ਿਕਾਰ ਨਾ ਹੋਵੇ। ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਰਿਸ਼ਤਿਆਂ ਦੀ ਪਾਕੀਜ਼ਗੀ ਵੀ ਬਣੀ ਰਹੇ।

# ਕੌਮਾਂਤਰੀ ਰਾਜਨੀਤੀ 'ਚ ਬਦਲ ਰਹੇ ਨੇ ਜੋੜ-ਤੋੜ

**ਪ੍ਰਸ਼ਪਿੰਦਰ ਸਿੰਘ**

ਸੰਨ 1964 ਵਿਚ ਪੀਟਰ ਵਾਰਸਲੇ ਨੇ ਦੁਨੀਆਂ ਦੇ ਕਈ ਮੁਲਕਾਂ ਨੂੰ 'ਤੀਜੀ ਦੁਨੀਆਂ' ਦਾ ਨਾਂ ਦਿੱਤਾ ਸੀ। ਹੁਣ ਤਕਰੀਬਨ 26 ਸਾਲ ਬਾਅਦ ਵਿਸ਼ਵ ਬੈਂਕ ਦੇ ਪ੍ਰਧਾਨ ਰੌਬਰਟ ਜ਼ੌਲਕ ਨੇ ਆਪਣੇ ਇਕ ਬਿਆਨ ਵਿਚ ਇਸ ਨਾਂ ਦੇ ਖਤਮ ਹੋਣ ਵਲ ਇਸ਼ਾਰਾ ਕੀਤਾ ਹੈ। ਪੀਟਰ ਵਾਰਸਲੇ ਮਾਨਚੈਸਟਰ ਯੂਨੀਵਰਸਿਟੀ ਵਿਚ ਸਮਾਜ ਸ਼ਾਸਤਰ ਦਾ ਪ੍ਰੋਫੈਸਰ ਸੀ। ਉਸ ਦੀ ਰਚਨਾ 'ਦਾ ਥਰਡ ਵਰਲਡ-ਏ ਵਾਈਟਲ ਫੋਰਸ ਇਨ ਇੰਟਰਨੈਸ਼ਨਲ ਅਫੇਅਰਜ਼' ਇਕ ਕਲਾਸਿਕ ਦੇ ਤੌਰ 'ਤੇ ਜਾਣੀ ਜਾਂਦੀ ਹੈ।

ਵਾਰਸਲੇ ਨੇ ਦੂਜੀ ਆਲਮੀ ਜੰਗ ਦੇ ਕੁਝ ਸਾਲ ਅਫਰੀਕਾ ਅਤੇ ਭਾਰਤ ਵਿਚ ਗੁਜ਼ਾਰੇ ਸਨ। ਇਨ੍ਹਾਂ ਮੁਲਕਾਂ ਦੇ ਹਾਲਾਤ ਤੋਂ ਉਹ ਵਾਕਫ ਸੀ। ਦੂਜੀ ਆਲਮੀ ਜੰਗ ਤੋਂ ਬਾਅਦ ਸਾਮਰਾਜੀ ਜ਼ੰਜੀਰਾਂ ਟੁੱਟਣ ਲੱਗੀਆਂ। ਨਵੇਂ ਆਜ਼ਾਦ ਮੁਲਕਾਂ ਵਿਚ ਵਾਪਰ ਰਹੀਆਂ ਤਬਦੀਲੀਆਂ ਤੋਂ ਉਹ ਬੜਾ ਆਸਵੰਦ ਸੀ। ਉਹ ਦੇਖ ਰਿਹਾ ਸੀ ਸਾਮਰਾਜਸ਼ਾਹੀ ਦੇ ਡਿੱਗਦੇ ਮਹਿਲਾਂ ਨੂੰ ਅਤੇ ਇਨ੍ਹਾਂ ਦੇ ਮਲਬਿਆਂ ਉਪਰ ਕਾਸਟਰੋ, ਨਹਿਰੂ, ਨਿਊਕ੍ਰਮਾ, ਨਰੇਰੇ ਆਦਿ ਵਲੋਂ ਉਸਾਰੇ ਜਾ ਰਹੇ ਕੌਮੀ ਆਜ਼ਾਦ ਮੁਲਕਾਂ ਨੂੰ। ਇਸ ਲਈ ਉਹ ਕੌਮਾਂਤਰੀ ਪੱਧਰ 'ਤੇ ਵਰਤੀ ਜਾ ਰਹੀ ਲਫਾਜ਼ੀ, ਪੂਰਬ ਪੱਛਮ ਜਾਂ ਉਤਰ ਦੱਖਣ ਨਾਲ ਸਹਿਮਤ ਨਹੀਂ ਸੀ। ਵਾਰਸਲੇ ਸ਼ਾਇਦ ਪਹਿਲਾ ਸਮਾਜ ਸ਼ਾਸਤਰੀ ਸੀ ਜਿਸ ਨੇ ਇਹ ਮਹਿਸੂਸ ਕੀਤਾ ਕਿ ਨਵੇਂ ਆਜ਼ਾਦ ਹੋਏ ਮੁਲਕਾਂ ਵਿਚ ਜੋ ਕੁਝ ਹੋ ਰਿਹਾ ਹੈ, ਉਸ ਨਾਲ ਕੌਮਾਂਤਰੀ ਸਿਆਸਤ ਵਿਚ ਵੱਡੀ ਤਬਦੀਲੀ ਆਵੇਗੀ। ਇਨ੍ਹਾਂ ਮੁਲਕਾਂ ਨੂੰ ਹੀ ਉਸ ਨੇ 'ਤੀਜੀ ਦੁਨੀਆਂ' ਦਾ ਨਾਂ ਦਿੱਤਾ ਸੀ।

ਤੀਜੀ ਦੁਨੀਆਂ ਤੋਂ ਇਲਾਵਾ ਕੋਈ ਹੋਰ ਪਰਿਭਾਸ਼ਤ ਸ਼ਬਦ, ਜਿਵੇਂ ਅਣ-ਵਿਕਸਤ, ਵਿਕਾਸਸ਼ੀਲ, ਗਰੀਬ-ਮੁਲਕ, ਅਜਿਹਾ ਨਹੀਂ ਸੀ ਜੋ ਇਸ ਦੀ ਠੀਕ ਪ੍ਰਤੀਨਿਧਤਾ ਕਰ ਸਕਦਾ। 'ਦੱਖਣੀ ਮੁਲਕ' ਇਕ ਹੋਰ ਸ਼ਬਦ ਹੈ, ਜੋ ਕੁਝ ਹੱਦ ਤੱਕ ਇਨ੍ਹਾਂ ਮੁਲਕਾਂ ਦੀ ਨੁਮਾਇੰਦਗੀ ਕਰਦਾ ਹੈ। ਭੂਗੋਲ ਨਾਲ ਜੁੜੇ ਹੋਣ ਕਾਰਨ ਇਹ ਠੀਕ ਪਰਿਭਾਸ਼ਤ ਸ਼ਬਦ ਨਹੀਂ ਬਣ ਸਕਿਆ ਕਿਉਂਕਿ ਚੀਨ, ਭਾਰਤ, ਅਲਜੀਰੀਆ, ਮਿਸਰ ਵਰਗੇ ਮੁਲਕ ਉਤਰ ਵਿਚ ਆਉਂਦੇ ਹਨ।

ਪਿਛਲੇ ਦੋ ਦਹਾਕਿਆਂ ਤੋਂ ਕੌਮਾਂਤਰੀ ਅਰਥਚਾਰੇ ਵਿਚ ਹੋ ਰਹੀਆਂ ਤਬਦੀਲੀਆਂ ਕਾਰਨ ਸਿਆਸੀ ਸਮੀਕਰਨ ਬਦਲ ਰਹੇ ਹਨ। ਬ੍ਰਾਜ਼ੀਲ ਦੇ ਸ਼ਹਿਰ ਰੀਓ ਡੀ ਜਨੇਰੋ ਵਿਖੇ ਹੋਈ ਬਰਿਕ (ਬ੍ਰਾਜ਼ੀਲ, ਰੂਸ, ਭਾਰਤ, ਚੀਨ) ਮੁਲਕਾਂ ਦੀ ਬੈਠਕ, ਟੋਰਾਂਟੋ ਵਿਚ ਹੋਣ ਵਾਲੀ ਜੀ-20 ਦੀ ਜੂਨ ਮਹੀਨੇ ਦੀ ਮੀਟਿੰਗ ਕਰ ਕੇ ਹੀ ਵਿਸ਼ਵ ਬੈਂਕ ਦੇ ਪ੍ਰਧਾਨ ਮਿ. ਜ਼ੌਲਕ ਨੇ 'ਤੀਜੀ ਦੁਨੀਆਂ' ਸ਼ਬਦ ਨੂੰ ਤਿਲਾਂਜਲੀ ਦੇਣ ਦੀ ਗੱਲ ਕਹੀ ਹੈ। ਬਰਿਕ, ਇਬਸਾ (ਭਾਰਤ, ਬਰਾਜ਼ੀਲ, ਦੱਖਣੀ ਅਫਰੀਕਾ) ਬਰਿਕਸੈਮ (ਭਾਰਤ, ਰੂਸ, ਚੀਨ, ਦੱਖਣੀ ਅਫਰੀਕਾ) ਕੁਝ ਨਵੇਂ ਕੌਮਾਂਤਰੀ ਗੱਠਜੋੜ ਸਾਹਮਣੇ ਆਏ ਹਨ ਜੋ ਕਿ ਕੌਮਾਂਤਰੀ ਆਰਥਿਕ ਤੇ ਸਿਆਸੀ ਤਬਦੀਲੀਆਂ ਦੇ ਸੂਚਕ ਹਨ। ਸੱਚਾਈ ਇਹ ਹੈ ਕਿ 1979 ਤੋਂ ਚੀਨ ਅਤੇ 1991 ਤੋਂ ਭਾਰਤ ਵਿਚ ਹੋ ਰਹੇ ਆਰਥਿਕ ਵਿਕਾਸ ਨੇ ਨਵੇਂ ਕੌਮਾਂਤਰੀ ਗੱਠਜੋੜਾਂ ਨੂੰ ਜਨਮ ਦਿੱਤਾ ਹੈ।

ਏਸ਼ੀਆ, ਅਫਰੀਕਾ ਅਤੇ ਕੈਰੀਬੀਅਨ ਦੀਪਾਂ ਦੇ ਨਵ-ਆਜ਼ਾਦ ਮੁਲਕ ਸਦੀਆਂ ਦੀ ਗੁਲਾਮੀ ਕਰ ਕੇ ਗਰੀਬ ਸਨ ਅਤੇ ਆਪਣੇ ਵਪਾਰ, ਨਿਵੇਸ਼, ਵਿਕਾਸ ਲਈ ਉਤਰੀ ਮੁਲਕਾਂ ਦੇ ਰਹਿਮੋ-ਕਰਮ 'ਤੇ ਸਨ। ਇਨ੍ਹਾਂ ਮੁਲਕਾਂ ਨੇ ਕਈ ਗਰੁਪਾਂ ਜਿਵੇਂ-ਗੁੱਟ ਨਿਰਲੇਪ ਲਹਿਰ, ਸੰਯੁਕਤ ਰਾਸ਼ਟਰ ਦੇ ਅੰਦਰ ਹੀ ਗਰੁਪ ਆਫ 77 ਆਦਿ ਰਾਹੀਂ ਏਕਤਾ ਕਰਨ ਦੀ ਕੋਸ਼ਿਸ਼ ਕੀਤੀ। ਇਹ ਗਰੁਪ ਨਵੇਂ ਕੌਮਾਂਤਰੀ ਆਰਥਿਕ ਪ੍ਰਬੰਧ, ਅਮੀਰ ਮੁਲਕਾਂ ਤੋਂ ਆਰਥਿਕ ਮਦਦ ਦੀ ਮੰਗ ਕਰਦੇ ਸਨ। ਉਨ੍ਹਾਂ ਦੀ ਆਵਾਜ਼ ਕੋਈ ਨਹੀਂ ਸੀ ਸੁਣਦਾ। ਚੀਨ, ਭਾਰਤ, ਬ੍ਰਾਜ਼ੀਲ, ਦੱਖਣੀ ਅਫਰੀਕਾ, ਮੈਕਸੀਕੋ, ਇੰਡੋਨੇਸ਼ੀਆ, ਤੁਰਕੀ ਆਦਿ ਮੁਲਕ ਆਪਣੇ ਅਰਥਚਾਰੇ ਦੇ ਮਿਆਰੀ ਅਤੇ ਮਿਕਦਾਰੀ ਵਿਕਾਸ ਕਾਰਨ ਅੱਜ ਇਸ ਹਾਲਤ ਵਿਚ ਹਨ ਕਿ ਆਪਣੀ ਗੱਲ ਦਾਅਵੇ ਨਾਲ ਕਰ ਸਕਣ। ਹੁਣ ਇਹ ਤੀਜੀ ਦੁਨੀਆਂ ਦੇ ਮੁਲਕ ਮਦਦ ਲਈ ਦੁਆ ਨਹੀਂ ਕਰਦੇ ਸਗੋਂ ਬਰਾਬਰੀ ਵਾਲੇ ਵਪਾਰਕ ਹਾਲਾਤ ਚਾਹੁੰਦੇ ਹਨ। ਕੌਮਾਂਤਰੀ ਵਿੱਤੀ ਸੰਸਥਾਵਾਂ ਵਿਚ ਆਪਣਾ ਹੱਕ ਮੰਗਦੇ ਹਨ। ਕੌਮਾਂਤਰੀ ਵਪਾਰਕ ਕਾਨੂੰਨਾਂ ਵਿਚ ਬਰਾਬਰੀ ਵਾਲਾ ਵਰਤਾਉ ਚਾਹੁੰਦੇ ਹਨ। ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਵਸਤਾਂ ਲਈ ਵੀ ਉਤਰੀ ਮੁਲਕਾਂ ਦੀ ਮੰਡੀ ਖੋਲੀ ਜਾਵੇ। ਇਹ ਸੱਚਾਈ ਚੀਨ ਅਤੇ ਅਮਰੀਕਾ ਦੇ ਆਪਸੀ ਸੰਬੰਧਾਂ ਤੋਂ ਵੀ ਉਜਾਗਰ ਹੋ ਰਹੀ ਹੈ। ਅਮਰੀਕਾ ਇਸ ਵੇਲੇ ਦੁਨੀਆਂ ਦਾ ਸਭ ਤੋਂ ਵਧ ਕਰਜ਼ਾਈ ਮੁਲਕ ਹੈ। ਚੀਨ ਨੇ ਅਮਰੀਕਾ ਨੂੰ ਸਭ ਤੋਂ ਵਧ ਕਰਜ਼ਾ ਦਿੱਤਾ ਹੋਇਆ ਹੈ।

ਅਪਰੈਲ ਵਿਚ ਬ੍ਰਾਜ਼ੀਲ ਦੇ ਯੋਜਨਾ ਮੰਤਰੀ ਮਿਗਲ ਜਾਰੇਜ ਨੇ ਇਰਾਨ ਦਾ ਦੌਰਾ ਕੀਤਾ। ਬ੍ਰਾਜ਼ੀਲ ਦੇ ਪ੍ਰਧਾਨ ਮਿ. ਲੂਲਾ ਵੀ ਉਸ ਵੇਲੇ ਇਰਾਨ ਵਿਚ ਸਨ ਜਿਥੇ ਜੀ-15 ਮੁਲਕਾਂ ਦੀ ਬੈਠਕ ਹੋ ਰਹੀ ਸੀ। ਇਸ ਤੋਂ ਪਤਾ ਲਗਦਾ ਹੈ ਕਿ ਤੀਜੀ ਦੁਨੀਆਂ ਦੇ ਇਹ ਮੁਲਕ ਹੁਣ ਨਵੇਂ ਵਪਾਰਕ ਖੇਤਰ ਲੱਭ ਰਹੇ ਹਨ। ਪਹਿਲਾਂ ਵਾਂਗ ਅਮੀਰ ਮੁਲਕਾਂ ਦੇ ਮੁਥਾਜ ਨਹੀਂ ਰਹੇ। ਏਸ਼ੀਆ ਦੇ ਕਈ ਮੁਲਕਾਂ ਦੀ ਵਿਕਾਸ ਦਰ ਪੱਛਮੀ ਮੁਲਕਾਂ ਤੋਂ ਤਿੰਨ ਗੁਣਾ ਹੈ। ਉਨ੍ਹਾਂ ਦੇ ਕਰਜ਼ੇ ਤੇ ਕੁੱਲ ਘਰੇਲੂ ਉਤਪਾਦਨ ਦਾ ਅਨੁਪਾਤ ਜੀ-8 ਮੁਲਕਾਂ ਦੇ ਮੁਕਾਬਲੇ ਪੰਜਵਾਂ ਹਿੱਸਾ ਹੈ। ਅਮਰੀਕਾ ਦੇ ਵਾਲ ਸਟਰੀਟ ਤੋਂ ਸ਼ੁਰੂ ਹੋਏ 2008-09 ਦੇ ਆਲਮੀ ਮੰਦੇ ਦੇ ਪ੍ਰਭਾਵ ਤੋਂ ਲਾਤੀਨੀ ਮੁਲਕ ਬਿਲਕੁਲ ਬਚ ਗਏ ਅਤੇ ਏਸ਼ੀਆ ਦੇ ਮੁਲਕ ਛੇਤੀ ਸੰਭਲ ਗਏ। ਇਸ ਮੰਦੀ ਦਾ ਸਭ ਤੋਂ ਜ਼ਿਆਦਾ ਅਸਰ ਕੇਂਦਰੀ ਤੇ ਪੂਰਬੀ ਯੂਰਪੀ ਮੁਲਕਾਂ ਵਿਚ ਹੋਇਆ।

21ਵੀਂ ਸਦੀ ਵਿਚ ਤੀਜੀ ਦੁਨੀਆਂ ਦੇ ਇਹ ਮੁਲਕ ਨਵੇਂ ਸਿਧਾਂਤ ਘੜ ਰਹੇ ਹਨ, ਨਵੇਂ ਗਠਜੋੜ ਬਣਾ ਰਹੇ ਹਨ, ਨਵੇਂ ਨਕਸ਼ੇ ਉਲੀਕ ਰਹੇ ਹਨ। ਅਮੀਰ ਪੱਛਮੀ ਮੁਲਕਾਂ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਗੱਲਬਾਤ ਤੋਂ ਇਹ ਨਤੀਜਾ ਵੀ ਨਾ ਕੱਢਿਆ ਜਾਵੇ ਕਿ ਅਮਰੀਕਾ ਦਾ ਮਹਾਂ ਸ਼ਕਤੀ ਹੋਣ ਦਾ ਤਾਜ ਖੁੱਸ ਗਿਆ ਹੈ। ਉਹ ਅਜੇ ਵੀ ਦੁਨੀਆਂ ਦੇ ਕੁੱਲ ਉਤਪਾਦਨ ਦਾ ਪੰਜਵਾਂ ਹਿੱਸਾ ਪੈਦਾ ਕਰਦਾ ਹੈ। ਅਜੇ ਵੀ ਉਸ ਦੀ ਫੌਜੀ, ਆਰਥਿਕ ਤਾਕਤ ਚੀਨ, ਰੂਸ ਜਾਂ ਭਾਰਤ ਤੋਂ ਕਿਤੇ ਜ਼ਿਆਦਾ ਹੈ।

ਪ੍ਰਸਿੱਧ ਇਤਿਹਾਸਕਾਰ ਰਾਮਾ ਚੰਦਰ ਗੁਹਾ ਨੇ ਪਿੱਛੇ ਜਿਹੇ ''ਭਾਰਤ ਇਕ ਮਹਾਂ ਸ਼ਕਤੀ ਬਣੇ ਜਾਂ ਨਾ ਬਣੇ'' ਬਾਰੇ ਓਟਾਵਾ ਵਿਖੇ ਪੇਪਰ ਪੜ੍ਹਿਆ ਸੀ। ਉਸ ਨੇ ਕਿਹਾ ਸੀ ਕਿ ਭਾਰਤ ਅੰਦਰ ਅਜੇ ਬਹੁਤ ਨਾਬਰਾਬਰੀ, ਸਮਾਜਕ, ਧਾਰਮਕ ਖਿਚਾਅ ਅਤੇ ਸੰਸਥਾਪਕ ਕਮਜ਼ੋਰੀਆਂ ਹਨ। ਭਾਰਤ ਨੂੰ ਇਕ ਮਹਾਂਸ਼ਕਤੀ ਬਣਨ ਦੇ ਸੁਪਨੇ ਲੈਣੇ ਛੱਡ ਕੇ ਆਪਣੀਆਂ ਕਮਜ਼ੋਰੀਆਂ ਵਲ ਧਿਆਨ ਦੇਣਾ ਚਾਹੀਦਾ ਹੈ।

ਭਾਰਤ ਅੰਦਰਲੇ ਸਮਾਜਕ ਖਿਚਾਅ ਅਤੇ ਗੁਆਂਢੀ ਮੁਲਕ ਨਾਲ ਅਸੁਖਾਵੇਂ ਸਬੰਧ ਇਸ ਦੀ ਕੌਮਾਂਤਰੀ ਭੂਮਿਕਾ ਨੂੰ ਸੀਮਤ ਕਰਦੇ ਹਨ। ਭਾਰਤ ਇਕ ਖੇਤਰੀ ਮੱਧ ਵਰਗੀ ਮੁਲਕ ਤੋਂ ਕੌਮਾਂਤਰੀ ਵਿਕਾਸਸ਼ੀਲ ਆਰਥਿਕ ਤਾਕਤ ਵਜੋਂ ਉਭਰ ਕੇ ਸਾਹਮਣੇ ਆ ਰਿਹਾ ਹੈ ਜਿਸ ਦੀਆਂ ਕੌਮਾਂਤਰੀ ਮੰਚ 'ਤੇ ਵੀ ਇੱਛਾਵਾਂ ਵਧੀਆਂ ਹਨ। ਤੇਜ਼ ਆਰਥਿਕ ਵਿਕਾਸ ਦਰ, ਚੰਗੀ ਬੱਚਤ ਦਰ, ਵੱਡੇ ਵਿਦੇਸ਼ੀ ਮੁਦਰਾ ਭੰਡਾਰ, ਟੈਲੀਕਾਮ, ਐਟਮੀ, ਪੁਲਾੜ ਆਦਿ ਖੇਤਰਾਂ ਵਿਚ ਇਸ ਦੀਆਂ ਪ੍ਰਾਪਤੀਆਂ ਭਾਰਤ ਨੂੰ ਇਸ ਕਾਬਲ ਬਣਾਉਂਦੀਆਂ ਹਨ ਕਿ ਉਹ ਆਪਣੇ ਵਰਗੇ ਹੋਰ ਮੁਲਕਾਂ (ਬਰਿਕਸੈਮਜ਼) ਨਾਲ ਰਲ ਕੇ ਨਵੇਂ ਕੌਮਾਂਤਰੀ ਪ੍ਰਬੰਧ ਦੀ ਸਥਾਪਨਾ ਕਰੇ।

'ਤੀਜੀ ਦੁਨੀਆਂ' ਦੇ ਮੁਲਕ ਜੋ ਨਹੀਂ ਕਰ ਸਕੇ, ਹੁਣ ਉਸ ਪੁਰਾਣੀ ਦੁਨੀਆਂ ਦੇ ਨਵੇਂ ਮੁਲਕ ਉਹ ਸਭ ਕੁਝ ਕਰਨ ਦੇ ਕਾਬਲ ਹਨ।

# ਰੁਲਦੀਆਂ ਧੀਆਂ, ਭੈਣਾਂ, ਪੱਗਾਂ! ਕਲਮਾਂ ਵਾਲਿਓ ਸੋਚੋ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਆਪਣੇ ਇਕ ਜਾਣੂ ਦੇ ਪਿੰਡ ਗਿਆ ਹੋਇਆ ਸਾਂ। ਸ਼ਾਮ ਨੂੰ ਚਾਹ ਪੀਣ ਵੇਲੇ ਸਾਰਾ ਪਰਿਵਾਰ ਜੁੜਿਆ ਬੈਠਾ ਸੀ ਕਿ ਪਿੰਡ ਦੀ ਇਕ ਗੁੱਠ 'ਚੋਂ ਲਾਊਡ-ਸਪੀਕਰ ਵੱਜਣ ਦੀ ਆਵਾਜ਼ ਆਈ। ਮੇਰਾ ਦੋਸਤ, ਜੋ ਕਿ ਆਪਣੇ ਕੰਮ-ਧੰਦੇ ਕਾਰਨ ਬਹੁਤਾ ਪਿੰਡੋਂ ਬਾਹਰ ਹੀ ਰਹਿੰਦਾ ਹੈ, ਘਰ ਦਿਆਂ ਨੂੰ ਪੁੱਛਣ ਲੱਗਾ ਕਿ ਅਹਿ ਸਪੀਕਰ ਕਿਨ੍ਹਾਂ ਦੇ ਵੱਜ ਰਿਹਾ ਹੈ? ਬਜ਼ੁਰਗ ਕਹਿੰਦਾ, "ਬਾਈਕਾਟੀਆਂ ਨੇ ਕੁੜੀ ਦਾ ਵਿਆਹ ਧਰਿਆ ਹੋਇਐ।" ਮਿੱਤਰ ਦੇ ਬਾਪ ਮੂੰਹੋਂ 'ਬਾਈਕਾਟੀਆਂ' ਦਾ ਸ਼ਬਦ ਸੁਣ ਕੇ ਮੇਰਾ ਮੱਥਾ ਠਣਕਿਆ- 'ਸਿਆਲਕੋਟੀਏ, ਅੰਬਰਸਰੀਏ, ਵਲੈਤੀਏ, ਬਾਰੀਏ ਵਗੈਰ ਵਗੈਰਾ ਜਾਂ ਫਿਰ ਜਾਤਾਂ-ਗੋਤਾਂ ਨਾਲ ਜੁੜੀਆਂ ਹੋਈਆਂ 'ਅੱਲਾਂ' ਤਾਂ ਪਿੰਡਾਂ ਵਿਚ ਬਹੁਤ ਸੁਣੀਆਂ ਹਨ ਪਰ ਸਿਰੇ ਦੀ ਕੁਰੱਖਤ ਅਤੇ ਬੇਇਜ਼ਤੀ ਭਰੀ ਅੱਲ 'ਬਾਈਕਾਟੀਏ' ਪਹਿਲੀ ਵਾਰੀ ਹੀ ਸੁਣੀ ਹੈ? ਆਦਤ ਮੂਜਬ ਮੈਂ ਇਸ ਬੇਰਹਿਮ ਜਿਹੀ ਅੱਲ ਦਾ ਅੱਗਾ-ਪਿੱਛਾ, ਬਾਪੂ ਨੂੰ ਪੁੱਛ ਹੀ ਲਿਆ।

"ਕਾਕਾ, ਮਾੜੀ ਔਲਾਦ ਨਾ ਰੱਬ ਦੇਵੇ ਕਿਸੇ ਨੂੰ" ਲੰਬਾ ਹਉਕਾ ਭਰ ਕੇ ਚਾਹ ਦਾ ਖਾਲੀ ਕੱਪ ਮੇਜ਼ 'ਤੇ ਰਖਦਿਆ ਬਜ਼ੁਰਗ ਨੇ ਬਾਈਕਾਟੀਆਂ ਦੀ ਜਿਹੜੀ ਕਹਾਣੀ ਸੁਣਾਈ, ਉਸ ਅਨੁਸਾਰ ਤਿੰਨ ਕੁ ਦਹਾਕੇ ਪਹਿਲਾਂ ਇਸ ਪਿੰਡ ਦੇ ਇਕ ਗੱਭਰੂ ਨੇ ਆਪਣੇ ਗੁਆਂਢੀਆਂ ਦੀ ਹਮ-ਉਮਰ ਕੁੜੀ ਨਾਲ ਕੋਈ ਅਵੈੜੀ ਜਿਹੀ ਹਰਕਤ ਕਰ ਦਿੱਤੀ। ਸਾਰੇ ਪਿੰਡ 'ਚ ਤਰਥੱਲੀ ਮੱਚ ਗਈ। ਆਮ ਵਾਂਗ ਮੁੰਡੇ ਦੇ ਘਰ ਵਾਲੇ ਆਪਣੇ ਪੁੱਤ ਨੂੰ ਬੇ-ਕਸੂਰ ਦੱਸਣ ਲੱਗੇ ਪਰ ਪਿੰਡ ਦੀ ਸੱਥ ਦੇ ਫੈਸਲੇ ਅਨੁਸਾਰ ਉਸ ਦਾ ਮੂੰਹ ਕਾਲਾ ਕਰਕੇ ਜੁਰਮਾਨਾ ਲਾਇਆ ਗਿਆ ਅਤੇ ਨਾਲ ਹੀ ਉਸ ਦੇ ਘਰ ਦਿਆਂ ਦਾ ਪੂਰੇ ਪਿੰਡ ਨੇ 'ਬਾਈਕਾਟ' ਕਰ ਦਿੱਤਾ ਕਿਉਂ ਜੋ ਉਨ੍ਹਾਂ ਨੇ ਗੁਨਾਹਗਾਰ ਮੁੰਡੇ ਦਾ ਪੱਖ ਪੂਰਿਆ ਸੀ। ਮੈਨੂੰ ਦੱਸਿਆ ਗਿਆ ਕਿ ਉਹ ਮੁੰਡਾ ਸ਼ਰਮ ਦਾ ਮਾਰਿਆ ਕਿਧਰੇ ਦੂਰ-ਦੁਰਾਡੇ ਚਲਾ ਗਿਆ। ਮੁੜ ਉਸ ਨੇ ਆਪਣੇ ਪਿੰਡ ਪੈਰ ਨਹੀਂ ਪਾਇਆ। ਪਿੰਡਵਾਸੀਆਂ ਨੇ ਕਈ ਵਰ੍ਹੇ ਉਸ ਟੱਬਰ ਦਾ ਮੁਕੰਮਲ ਬਾਈਕਾਟ ਕਰੀ ਰੱਖਿਆ। ਮੁੰਡੇ ਦੇ ਪਿੰਡ-ਬਦਰ ਹੋ ਜਾਣ ਤੋਂ ਕਈ ਦਹਾਕਿਆਂ ਬਾਅਦ ਪਿੰਡ ਵਾਲਿਆਂ ਨੇ ਉਨ੍ਹਾਂ ਨਾਲ ਮੇਲ-ਜੋਲ ਖੋਲ੍ਹ ਲਿਆ ਪ੍ਰੰਤੂ ਬਾਵਜੂਦ ਇਸ ਖੁੱਲ੍ਹੇ ਮੇਲ-ਜੋਲ ਦੇ 'ਬਾਈਕਾਟੀਆਂ' ਵਾਲੀ ਬਦਨਾਮ ਅੱਲ ਹਾਲੇ ਤੱਕ ਲਸੂੜੇ ਦੀ ਗਿਟਕ ਵਾਂਗ ਉਨ੍ਹਾਂ ਦੇ ਨਾਲ ਹੀ ਚਿੰਬੜੀ ਆ ਰਹੀ ਹੈ।

ਰੱਬ ਦਾ ਲਖ-ਲਖ ਸ਼ੁਕਰ ਕਿ ਉਦੋਂ ਅੱਜ ਵਾਂਗ ਪੱਤਰਕਾਰਾਂ ਦੀਆਂ ਫੌਜਾਂ ਕੱਛਾਂ 'ਚ ਕਾਪੀਆਂ ਲਈ ਆਲੇ ਦੁਆਲੇ ਖ਼ਬਰਾਂ ਸੁੰਘਦੀਆਂ ਨਹੀਂ ਸਨ ਫਿਰਦੀਆਂ ਹੁੰਦੀਆਂ। ਨਹੀਂ ਤਾਂ ਉਨ੍ਹਾਂ ਨੇ ਇਸ ਬੇ-ਹਯਾਈ ਦੀ ਘਟਨਾ ਨੂੰ ਸਨਸਨੀਖੇਜ਼ ਖਬਰ ਬਣਾ ਕੇ ਚਹੁੰ ਕੂੰਟਾਂ 'ਚ ਧੁਮਾ ਦੇਣਾ ਸੀ। ਇਹ ਵੀ ਗਨੀਮਤ ਸਮਝੀਏ ਕਿ ਉਦੋਂ 'ਅਗਾਂਹ-ਵਧੂ ਲੇਖਕਾਂ' ਦੀਆਂ ਕਲਮਾਂ ਥੋਕ ਦੇ ਭਾਅ ਨਹੀਂ ਸਨ ਚੱਲ ਰਹੀਆਂ। ਇਹ ਵੀ ਭਲਾ ਹੀ ਸਮਝੋ ਕਿ ਉਦੋਂ ਆਪਹੁਦਰੇ ਟੀ.ਵੀ. ਚੈਨਲਾਂ ਦਾ ਹੜ੍ਹ ਨਹੀਂ ਸੀ ਆਇਆ ਹੋਇਆ। ਨਹੀਂ ਤਾਂ ਲਾਈਵ ਕਵਰੇਜ਼ ਕਰਨ ਵਾਲੀਆਂ ਟੀਮਾਂ ਨੇ ਲਕਵੇ ਦੇ ਮਾਰੇ ਹੋਏ ਕਿਸੇ ਲਾਚਾਰ ਮਰੀਜ਼ ਦੇ ਮੂੰਹ 'ਚ ਕੇਲਾ ਪਾਉਣ ਵਾਂਗ ਆਪੋ ਆਪਣੇ ਮਾਈਕ, ਬਦੋਬਦੀ ਉਸ ਮੁੰਡੇ-ਕੁੜੀ ਦੇ ਮੂੰਹਾਂ 'ਚ ਤੁੰਨ੍ਹੀ ਜਾਣੇ ਸਨ। ਉਨ੍ਹਾਂ ਮੂੰਹੋਂ ਨਿਸ਼ੰਗ ਗੱਲਾਂ ਅਖਵਾ-ਅਖਵਾ ਕੇ ਆਪੋ-ਆਪਣੀ 'ਲੋਕਪ੍ਰਿਅਤਾ' ਵਿਚ ਵਾਧਾ ਕਰੀ ਜਾਣਾ ਸੀ।

ਇਸ ਮੀਡੀਆ-ਕੋੜਮੇ ਨੇ ਅੱਡੀ ਚੋਟੀ ਦਾ ਜ਼ੋਰ ਲਾ ਕੇ ਪਿੰਡ ਦੇ ਇੱਜ਼ਤਦਾਰ ਬੰਦਿਆਂ ਦੀ ਸੱਥ ਨੂੰ 'ਖਾਪ ਪੰਚਾਇਤ' ਗਰਦਾਨਦਿਆਂ ਮਿੰਟ ਨਹੀਂ ਸੀ ਲਾਉਣਾ। ਪੇਂਡੂ ਵਿਰਸੇ ਦੀਆਂ ਰਵਾਇਤਾਂ ਪੈਂਦੀਆਂ ਢੱਠੇ ਖੂਹ ਵਿਚ, ਅਗਾਂਹਵਧੂ ਕਲਮਾਂ ਅਤੇ ਬੇ-ਮੁਹਾਰੇ ਬਿਜਲਈ ਮੀਡੀਏ ਨੇ ਇਸ ਮੁੰਡੇ-ਕੁੜੀ ਨੂੰ ਪ੍ਰੇਮੀ-ਜੋੜਾ ਬਣਾ ਕੇ ਹੀ ਦਮ ਲੈਣਾ ਸੀ। ਧਿੰਗੋ-ਜੋਰੀ ਉਨ੍ਹਾਂ ਨੂੰ ਹਾਈਕੋਰਟ ਵਲ ਤੋਰ ਕੇ ਕੋਰਟ-ਮੈਰਿਜ ਲਈ ਹੱਲਾ-ਸ਼ੇਰੀ ਦੇਣ ਲੱਗ ਪੈਣਾ ਸੀ। ਸੱਥ ਦੇ ਸਰਬਸੰਮਤੀ ਦੇ ਫੈਸਲਿਆਂ ਨੂੰ ਤੁਗਲਕੀ ਫੁਰਮਾਨ, ਤਾਲਿਬਾਨੀ ਫੈਸਲੇ ਅਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਲਕਬ ਬਖਸ਼ ਦੇਣੇ ਸਨ। ਧੰਨਤਾ ਯੋਗ ਹੈ ਪਿੰਡ ਦੀ ਸੱਥ, ਪ੍ਰਸ਼ੰਸਾ ਯੋਗ ਨੇ ਪਿੰਡਵਾਸੀ, ਜਿਨ੍ਹਾਂ ਪਿੰਡ ਪੱਧਰ 'ਤੇ ਮਸਲਾ ਨਜਿੱਠ ਲਿਆ। ਉਸ ਮੁੰਡੇ ਦੇ ਵੀ ਸਦਕੇ ਜਾਈਏ ਜਿਹੜਾ ਆਪਣੀ ਗਲੀ-ਗੁਆਂਢ ਦੀ ਧੀ-ਭੈਣ ਨਾਲ ਬਦਤਮੀਜ਼ੀ ਤਾਂ ਕਰ ਬੈਠਾ, ਪਰ ਇਸ ਦੀ ਸ਼ਰਮਿੰਦਗੀ ਮੰਨ ਕੇ ਪਿੰਡੋਂ ਸਦਾ ਲਈ ਕਿਨਾਰਾ ਕਰ ਗਿਆ।

ਬਜ਼ੁਰਗ ਲੋਕ ਅਕਸਰ ਕਿਹਾ ਕਰਦੇ ਨੇ ਕਿ ਅੱਗੇ ਨਾਲੋਂ ਪਿੱਛਾ ਹੀ ਭਲਾ। ਜਿਸ ਸਮਾਜ ਦੇ ਲੋਕੀਂ ਪਿੰਡ ਦੀਆਂ ਧੀਆਂ-ਭੈਣਾਂ ਸਭ ਇਕ ਬਰਾਬਰ, ਦੇ ਅਸੂਲ ਨੂੰ ਕਿਸੇ ਇਲਾਹੀ ਫੁਰਮਾਨ ਵਾਂਗ ਸਤਿਕਾਰਦੇ ਅਤੇ ਸਵੀਕਾਰਦੇ ਰਹੇ ਹੋਣ, ਜਿਸ ਅਣਖੀਲੀ ਧਰਤੀ 'ਤੇ ਮਹਾਨ ਰਹਿਬਰਾਂ ਨੇ 'ਦੇਖ ਪਰਾਈਆਂ ਚੰਗੀਆਂ ਧੀਆਂ ਭੈਣਾਂ ਮਾਵਾਂ ਜਾਣੈ' ਦਾ ਸਦਾਚਾਰਕ ਨਿਯਮ ਲੋਕਾਈ ਨੂੰ ਭਖਸ਼ਿਆ ਹੋਵੇ ਉਥੇ ਅਜੋਕੇ ਦੌਰ ਦੀ ਇਖਲਾਕੀ ਗਿਰਾਵਟ ਦੇਖ ਕੇ ਦਿਲਾਂ 'ਚੋਂ ਇਹੀ ਹੂਕ ਨਿਕਲਦੀ ਹੈ:

ਅੱਜ ਦੇ ਟੀ.ਵੀ. ਕਲਚਰ ਨੇ ਹੈ,
ਹਰ ਇਕ ਰਿਸ਼ਤਾ ਮਿੱਟੀ ਕੀਤਾ।
ਧੀਆਂ ਪੁੱਤ ਹੁਣ ਸ਼ਰਮੋਂ ਸੱਖਣੇ,
ਹੁਣ ਉਹ ਬਾਬਲ ਧਰਮੀ ਕਿੱਥੇ?

ਇਨ੍ਹਾਂ ਸੋਚਾਂ ਦੀ ਤੰਦ-ਤਾਣੀ ਵਿਚ ਉਲਝਿਆ ਹੋਇਆ ਮੈਂ ਬਾਈਕਾਟੀਆਂ ਦੇ ਪਿੰਡੋਂ ਉਠ ਕੇ ਲਾਗਲੇ ਸ਼ਹਿਰ ਦੇ ਬੱਸ ਅੱਡੇ ਪਹੁੰਚਿਆ। ਜਿੱਥੋਂ ਬੱਸ ਲੈ ਕੇ ਮੈਂ ਵਾਪਸ ਆਪਣੇ ਪਿੰਡ ਪਹੁੰਚਣਾ ਸੀ। ਇਥੇ ਇਕ ਅਜਬ ਨਜ਼ਾਰਾ ਦੇਖਿਆ। ਪਿੰਡਾਂ ਵਲ ਜਾਣ ਵਾਲੀ ਇਕ ਮਿੰਨੀ ਬਸ ਤਿਆਰ ਖੜੀ ਸੀ। ਬੱਸ ਦੇ ਦੋਹੀਂ ਪਾਸੀਂ ਲਾਲ ਤੇ ਕਾਲੇ ਰੰਗਾਂ ਵਾਲੇ ਲਿਸ਼ਕਦੇ ਮੋਟਰਸਾਈਕਲਾਂ ਉਪਰ ਸਵਾਰ ਦੋ-ਦੋ, ਤਿੰਨ-ਤਿੰਨ ਨੌਜਵਾਨ ਖੜ੍ਹੇ ਸਨ। ਕਿਸੇ ਨੇ ਗਿੱਚੀ ਤੱਕ ਵਾਲ ਕੱਟ ਕੇ ਹਬਸ਼ੀਆਂ ਵਾਂਗ ਖਿਲਾਰੇ ਹੋਏ, ਕਿਸੇ ਨੇ ਅੰਗਰੇਜ਼ੀ ਦੇ ਡਬਲਯੂ ਅੱਖਰ ਦੀ ਸ਼ੇਪ ਵਾਂਗ ਮੱਥੇ 'ਤੇ ਵਾਲ ਕੱਟੇ ਹੋਏ ਅਤੇ ਗੱਲ੍ਹਾਂ ਉਪਰ ਦਾਹੜੀ ਇਵੇਂ ਸ਼ੇਵ ਕੀਤੀ ਹੋਈ ਜਿਵੇਂ ਕਤਾਰਾਂ ਵਿਚ ਕੀੜੀਆਂ ਦਾ ਭੌਣ ਤੁਰਿਆ ਜਾਂਦਾ ਹੋਵੇ! ਕੰਨਾਂ ਵਿਚ ਨੱਤੀਆਂ ਤਾਂ ਸਾਰਿਆਂ ਦੇ ਹੀ ਸਨ। ਮੋਬਾਈਲ ਫੋਨ ਵੀ ਤਕਰੀਬਨ ਹਰੇਕ ਦੇ ਹੀ ਹੱਥ 'ਚ ਸਨ। ਸ਼ਕਲਾਂ ਸਾਰਿਆਂ ਦੀਆਂ ਹੀ ਦਸ ਨੰਬਰੀਏ ਬਦਮਾਸ਼ਾਂ ਵਰਗੀਆਂ। ਇਨ੍ਹਾਂ ਦੇ ਮੋਟਰਸਾਈਕਲਾਂ ਦੇ ਭਿਆਨਕ ਆਵਾਜ਼ਾਂ ਵਾਲੇ ਸਾਈਲੈਂਸਰਾਂ 'ਤੋਂ ਨਿਕਲਦੀਆਂ ਕੰਨ ਪਾੜਵੀਆਂ ਆਵਾਜ਼ਾਂ ਨੇ ਦਹਿਸ਼ਤਜ਼ਦਾ ਮਾਹੌਲ ਬਣਾਇਆ ਹੋਇਆ ਸੀ। ਸਵਾਰੀਆਂ ਨਾਲ ਭਰੀ ਮਿੰਨੀ ਬੱਸ ਦੁਆਲੇ ਇਹ 'ਛੋਕਰ-ਵਾਧਾ' ਇੰਜ ਖੜ੍ਹਾ ਸੀ, ਜਿਵੇਂ ਖਤਰਨਾਕ ਤੇ ਖੂੰਖਾਰ ਕੈਦੀਆਂ ਦੀ ਬੱਸ ਦੁਆਲੇ ਸੀ.ਆਰ.ਪੀ.ਐਫ. ਦੇ ਹਥਿਆਰਬੰਦ ਜਵਾਨ ਤਾਇਨਾਤ ਕੀਤੇ ਹੋਏ ਹੋਣ?

ਇਹੋ ਜਿਹੀਆਂ ਜਾਂਗਲੀ ਸ਼ਕਲਾਂ ਵਾਲੇ ਜਾਂ ਸ਼ੁੱਧ ਪੰਜਾਬੀ 'ਚ ਕਹਿ ਲਉ, ਬਾਂਦਰ ਬੂਥੀਆਂ ਵਾਲੇ ਕੁਝ ਮਨਚਲੇ ਬੱਸ ਵਿਚ ਵੀ ਚੜ੍ਹੇ ਹੋਏ ਸਨ। ਆਪੋ ਵਿਚੀਂ ਉਚੀ-ਉਚੀ, ਹਾ-ਹਾ, ਹੂ-ਹੂ ਕਰਦੇ ਹੋਏ ਇਹ ਸਾਰੇ ਜਣੇ, ਬੱਸ ਵਿਚ ਬੈਠੀਆਂ ਕੁੜੀਆਂ ਵਲ ਅੱਖਾਂ ਪਾੜ-ਪਾੜ ਇੰਜ ਦੇਖ ਰਹੇ ਸਨ ਜਿਵੇਂ ਕਈ ਦਿਨਾਂ ਦਾ ਭੁੱਖਾ ਬਘਿਆੜ ਆਪਣੇ ਸ਼ਿਕਾਰ ਨੂੰ ਤਾੜਦਾ ਹੁੰਦਾ ਹੈ। ਬੱਸ ਵਿਚ ਫੁੱਲ ਆਵਾਜ਼ ਨਾਲ ਚੱਲ ਰਹੀ ਫੂਹੜ ਜਿਹੇ ਗੀਤਾਂ ਦੀ ਟੇਪ ਨਾਲ ਕੁੜੀਆਂ ਦੀ ਉਹ ਹਾਲਤ ਬਣੀ ਹੋਈ ਸੀ ਅਖੇ, ਧੀ-ਧਨ ਬਾਹਰ ਜਾਵੇ ਤਾਂ ਕਾਂ ਪੈਂਦੇ ਹਨ, ਅੰਦਰ ਰਹੇ ਤਾਂ ਚੂਹੇ!

ਮੈਥੋਂ ਰਿਹਾ ਨਾ ਗਿਆ। ਥੋੜ੍ਹੀ ਦੂਰ ਹੀ, ਮੋਢੇ 'ਤੇ ਗੰਨ ਲਟਕਾਈ ਇਕ ਪੁਲਸੀਆ ਤੇ ਹੱਥ 'ਚ ਬੈਂਤ ਫੜੀ ਹੋਮਗਾਰਡੀਆ ਖੜ੍ਹੇ ਸਨ ਜੋ ਇਸ ਅੱਡੇ ਦੀ ਸੁਰੱਖਿਆ ਡਿਊਟੀ ਨਿਭਾ ਰਹੇ ਜਾਪਦੇ ਸਨ। ਉਨ੍ਹਾਂ ਦੇ ਕੋਲ ਜਾ ਕੇ ਬੱਸ ਦੁਆਲੇ ਹੋ ਰਹੀ ਕੰਜਰ-ਘਾਟ ਵਲ ਇਸ਼ਾਰਾ ਕਰਦਿਆਂ ਮੈਂ ਅਰਜ਼ ਕੀਤੀ ਕਿ ਜਨਾਬ ਤੁਸੀਂ ਇਨ੍ਹਾਂ ਮੁੰਡਿਆਂ ਨੂੰ ਦਬਕ ਨਹੀਂ ਸਕਦੇ? ਮੇਰਾ ਸਵਾਲ ਸੁਣ ਕੇ ਹੋਮਗਾਰਡੀਆ ਤਾਂ ਚੁੱਪ ਰਿਹਾ ਪਰ ਪੁਲੀਸ ਵਾਲਾ ਇਉਂ ਫਿੱਸ ਪਿਆ ਜਿਵੇਂ ਕਿਤੇ ਉਹ ਮੇਰਾ ਸਵਾਲ ਹੀ ਉਡੀਕ ਰਿਹਾ ਹੋਵੇ! ਮਿੰਨੀ ਬੱਸ ਦੁਆਲੇ ਮੱਛਰੇ ਫਿਰਦੇ ਮੁੰਡਿਆਂ ਵਲ ਦੇਖ ਕੇ ਦੰਦ ਕਰੀਚਦਿਆਂ ਉਹ ਕਹਿਣ ਲੱਗਾ:

"ਸਰਦਾਰ ਜੀ, ਕਰਨੇ ਨੂੰ ਅਸੀਂ ਸਭ ਕੁੱਝ ਕਰ ਸਕਦੇ ਹਾਂ। ਦਿਲ ਤਾਂ ਕਰਦੈ ਕਿ ਐ ਜਿਹੜੇ ਭੂੰਡ-ਆਸ਼ਕ ਬਣੀ ਫਿਰਦੇ ਐ, ਇਨ੍ਹਾਂ ਦੇ... ਉਪਰ ਮਾਰੀਏ ਚਾਰ ਚਾਰ ਛਿੱਤਰ। ਇਨ੍ਹਾਂ ਨੂੰ ਬਣਾਈਏ ਜ਼ਰਾ ਬੰਦੇ ਦੇ ਪੁੱਤ! ਤਾਂ ਕਿ ਇਹ ਅੱਗੇ ਵਾਸਤੇ ਅੱਡੇ ਵਲ ਨੂੰ ਮੂੰਹ ਵੀ ਨਾ ਕਰ ਸਕਣ!! ਪਰ ਕਰੀਏ ਕੀ? ਸਾਡਾ ਅਖ਼ਬਾਰਾਂ ਵਾਲਿਆਂ ਨੇ ਜੀਊਣਾ ਦੁੱਭਰ ਕੀਤਾ ਹੋਇਐ। ਇੱਟ ਚੁੱਕਿਆਂ ਹੁਣ ਪੱਤਰਕਾਰ ਮਿਲਦੇ ਐ। ਜੇ ਤਾਂ ਮੁੰਡੀਹਰ ਨੂੰ ਕੁਝ ਨਾ ਆਖੀਏ, ਫਿਰ ਤਾਂ ਸਾਨੂੰ ਭੰਡਦੇ ਐ ਕਿ ਪੁਲੀਸ ਮੂਕ ਦਰਸ਼ਕ ਬਣ ਕੇ ਖੜ੍ਹੀ ਰਹੀ। ਜੇ ਇਨ੍ਹਾਂ ਦੀ ਛਿੱਤਰ-ਪਰੇਡ ਕਰ ਦੇਈਏ ਫਿਰ ਇਨ੍ਹਾਂ ਪਤੰਦਰਾਂ ਦੀਆਂ ਪਿੱਠਾਂ ਨੰਗੀਆਂ ਕਰਵਾ ਕਰਵਾ ਕੇ ਅਖ਼ਬਾਰਾਂ 'ਚ ਫੋਟੋਆਂ ਛਪਵਾਉਣਗੇ। ਨਾਲੇ ਮੋਟੀਆਂ ਸੁਰਖੀਆਂ ਲਾਉਣਗੇ- 'ਆਪਣੀ ਭੈਣ ਨੂੰ ਬੱਸੇ ਚੜ੍ਹਾਉਣ ਆਏ ਇਕ ਨਿਰਦੋਸ਼ ਭਰਾ 'ਤੇ ਵਰ੍ਹਿਆ ਪੁਲੀਸ ਦਾ ਡੰਡਾ!' ਇਨ੍ਹਾਂ ਮੁਸ਼ਟੰਡਿਆਂ ਨੂੰ ਫਿਰ ਇਹ ਭੈਣ-ਭਰਾ ਬਣਾ ਧਰਦੇ ਨੇ। ਔਹ ਜਿਹੜੇ ਹਰਾਮ... ਠਰਕ ਭੋਰਦੇ ਫਿਰਦੇ ਐ, ਜੇ ਅਸੀਂ ਇਨ੍ਹਾਂ ਦੇ ਬੂਥੇ ਭੰਨ ਸੁੱਟੇ ਤਾਂ ਕੱਲ੍ਹ ਨੂੰ ਪੱਤਰਕਾਰ ਕੋੜਮੇ ਨੇ ਮਨੁੱਖੀ ਅਧਿਕਾਰਾਂ ਦਾ ਰੌਲਾ ਪਾ ਦੇਣੈ! ਰਹਿੰਦੀ ਕਸਰ ਐਮ.ਐਲ.ਏ. ਜਾਂ ਐਮ.ਪੀਆਂ ਦੇ ਫੋਨ ਕੱਢ ਦਿੰਦੇ ਐ!... ਲੱਖ ਚਾਹੁੰਦਿਆਂ ਹੋਇਆਂ ਵੀ ਅਸੀਂ ਇਨ੍ਹਾਂ ਲਫੰਗਿਆਂ ਦੀ ਭੁਗਤ ਨਹੀਂ ਸਵਾਰ ਸਕਦੇ। ਇਸੇ ਕਰਕੇ ਇਹ ਮੁਸ਼ਟੰਡੇ ਭੂਤਰੇ ਫਿਰਦੇ ਐ ਹਰੇਕ ਪਾਸੇ!

ਪੁਲੀਸ ਵਾਲਿਆਂ ਦੀ 'ਮਜ਼ਬੂਰੀ' ਸੁਣਨ ਤੋਂ ਬਾਅਦ ਬੱਸ ਵਿਚ ਬੈਠੀਆਂ ਨੌਜਵਾਨ ਕੁੜੀਆਂ ਵਲ ਦੇਖ ਕੇ ਮੈਨੂੰ ਕਿਸੇ ਕਵੀ ਦੀਆਂ ਸਤਰਾਂ ਯਾਦ ਆ ਗਈਆਂ:

ਹੈ ਫਿਜ਼ਾ ਬੇ-ਆਬਰੂ,
ਏਥੇ ਨਜ਼ਰ ਨਾਪਾਕ ਹੈ
ਕੰਜਕੋ ਮਰ ਜਾਣੀਓਂ,
ਮੁਟਿਆਰ ਨਾ ਬਣਨਾ ਕਦੇ!




ਪੱਤਰਕਾਰ ਭਾਈਚਾਰੇ ਨਾਲ ਮਾੜਾ ਮੋਟਾ ਸਬੰਧ ਰਖਾਉਂਦਾ ਹੋਣ ਕਰਕੇ ਮੈਂ ਆਪਣੀ ਜੇਬ ਨਾਲ ਟੰਗੇ ਹੋਏ ਪੈਨ ਵਲ ਸ਼ਰਮਿੰਦਾ ਜਿਹਾ ਹੋ ਕੇ ਦੇਖਿਆ। ਨਿੰਮੋਝੂਣਾ ਜਿਹਾ ਹੋ ਕੇ ਸੋਚਿਆ, ਪੁਲੀਸਮੈਨ ਦਾ ਉਲਾਂਭਾ ਕਿਸੇ ਹੱਦ ਤੱਕ ਤਾਂ ਠੀਕ ਹੀ ਹੈ। ਖ਼ਬਰਾਂ ਬਣਾਉਣ ਵਾਲੇ ਪੱਤਰਕਾਰ ਭਰਾ ਇਹੋ ਕੁੱਝ ਕਰਦੇ ਹਨ।

ਭਾਵੇਂ ਕੋਈ ਤਿੰਨਾਂ ਨਿਆਣਿਆਂ ਦਾ ਬਾਪ ਗੁਆਂਢ 'ਚੋਂ ਕੁਆਰੀ ਕੁੜੀ ਭਜਾ ਕੇ ਲੈ ਜਾਏ, ਜਾਂ ਫਿਰ ਕੋਈ ਨਿਲੱਜਾ ਮੁੰਡਾ ਚਾਚੇ-ਮਾਸੀ ਦੀ ਕੁੜੀ ਉਧਾਲ ਲਵੇ, ਅਖ਼ਬਾਰਾਂ ਵਾਲੇ ਉਨ੍ਹਾਂ ਨੂੰ ਵੀ ਪ੍ਰੇਮੀ ਜੋੜੇ ਬਣਾ ਦਿੰਦੇ ਨੇ। ਪਾਕਿ-ਪਵਿੱਤਰ ਰਿਸ਼ਤਿਆਂ ਨੂੰ ਤਾਰ ਤਾਰ ਕਰਨ ਵਾਲੇ ਲੁੱਚੇ-ਬਦਮਾਸ਼ਾਂ ਨੂੰ ਲਾਹਣਤਾਂ ਭਰੇ ਵਿਸ਼ੇਸ਼ਣ ਦੇਣ ਦੀ ਥਾਂ ਖ਼ਬਰਾਂ ਵਿਚ ਹੀਰੋ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।

ਕੁਝ ਮਹੀਨੇ ਹੋਏ ਅੰਮ੍ਰਿਤਸਰ ਜ਼ਿਲ੍ਹੇ 'ਚ ਇਕ ਭੜੂਆ ਜੋ ਦੋ ਬੱਚਿਆਂ ਦਾ ਬਾਪ ਸੀ, ਰਿਸ਼ਤੇ ਵਿਚ ਧੀ ਲਗਦੀ (ਆਪਣੇ ਪੁੱਤ ਦੀ ਮਸੇਰ ਭੈਣ) ਪਲੱਸ-ਟੂ ਕਰ ਰਹੀ ਕੁਆਰੀ ਕੁੜੀ ਨੂੰ ਵਰਗਲਾ ਕੇ ਲੈ ਗਿਆ। ਨਾਂ ਅਤੇ ਸ਼ਕਲ ਬਦਲਾ ਕੇ ਉਹਦੇ ਨਾਲ ਕੋਰਟ ਮੈਰਿਜ ਵੀ ਕਰਵਾ ਲਈ। ਕੁੜੀ ਦੇ ਕਿਸਮਤਮਾਰੇ ਮਾਪਿਆਂ ਨੇ ਇਸ ਨਿਰਲੱਜਪੁਣੇ ਉਪਰ ਮਿੱਟੀ ਪਾਉਣ ਦੀ ਮਨਸ਼ਾ ਨਾਲ ਕੁੜੀ ਨੂੰ ਲੱਭ ਕੇ ਕਿੱਧਰੇ ਹੋਰ ਪਾਸੇ ਵਿਆਹ ਕੇ ਤੋਰ ਦਿੱਤਾ ਪਰ ਉਸ ਭੜੂਏ ਦੇ ਸਿਰ ਨੂੰ ਐਸਾ ਭੂਤ ਚਿੰਬੜਿਆ ਕਿ ਉਹ ਉਥੋਂ ਵੀ ਕੁੜੀ ਨੂੰ ਲੈ ਦੌੜਿਆ। ਆਖਰ ਕੁੜੀ ਇਕ ਪ੍ਰੀਖਿਆ ਕੇਂਦਰ ਵਿਚ ਰਹਿੰਦਾ ਪੇਪਰ ਦੇ ਕੇ ਬਾਹਰ ਆਈ। ਅੰਨ੍ਹੇ ਕਾਨੂੰਨ ਵਲੋਂ ਮਿਲੇ ਹੋਏ ਤਿੰਨ ਗੰਨਮੈਨਾਂ ਸਮੇਤ ਉਹ ਕੰਜਰ ਬਾਹਰ ਬੈਠਾ ਆਪਣੀ ਵਹੁਟੀ ਦੀ ਉਡੀਕ ਕਰ ਰਿਹਾ ਸੀ। ਜੋ ਨਹੀਂ ਸੀ ਹੋਣਾ ਚਾਹੀਦਾ, ਉਥੇ ਹੋ ਗਿਆ। ਕੁੜੀ ਦੇ ਦੁਖਿਆਰੇ ਮਾਪਿਆਂ ਨੇ ਦੋਹਾਂ ਨੂੰ ਦਾਖੂ ਦਾਣਾ ਦੇ ਦਿੱਤਾ। ਪੰਜਾਬੀ ਪ੍ਰੈਸ ਨੇ ਇਸ ਕੁਲਹਿਣੀ ਖ਼ਬਰ ਨੂੰ ਇਹੋ ਜਿਹੀਆਂ ਸੁਰਖੀਆਂ ਹੇਠ ਛਾਪਿਆ:

'ਪਿਆਰ ਹਾਰ ਗਿਆ!'- 'ਪ੍ਰੇਮੀ-ਜੋੜਾ ਦਰਿੰਦਗੀ ਦਾ ਸ਼ਿਕਾਰ!'

'ਇੱਜ਼ਤ ਖਾਤਿਰ ਮਾਪਿਆਂ ਨੇ ਕੀਤਾ ਧੀ-ਜਵਾਈ ਦਾ ਕਤਲ।'

ਓ ਦੇਖੋ ਯਾਰੋ ਲੋਹੜਾ ਆ ਜਾਏ! ਧੀ ਨੂੰ ਪਤਨੀ ਬਣਾਉਣ ਵਾਲਾ, ਦੋ ਨਿਆਣਿਆਂ ਦਾ ਬਾਪ ਵੀ ਪ੍ਰੇਮੀ? ਸਕੂਲ 'ਚ ਪੜ੍ਹਦੀ ਕੁੜੀ ਤੇ ਉਸ ਦੇ ਬਾਪ ਦੀ ਉਮਰ ਦਾ ਮਾਸੜ, ਪੱਤਰਕਾਰਾਂ ਦੀ ਨਜ਼ਰ ਵਿਚ ਇਹ ਵੀ ਪ੍ਰੇਮੀ ਜੋੜਾ ਬਣ ਗਿਆ! ਕੀ ਇਹੋ ਜਿਹੀਆਂ ਬੇਲੱਜ ਇਬਾਰਤਾਂ ਲਿਖਣ ਵਾਲੇ ਕਲਮਕਾਰਾਂ ਨੂੰ ਆਪਣੀਆਂ ਧੀਆਂ-ਭੈਣਾਂ ਨਹੀਂ ਯਾਦ ਆਉਂਦੀਆਂ? ਆਪਣੇ ਘਰ ਲੱਗੇ ਤਾਂ ਅੱਗ, ਦੂਜਿਆਂ ਦੇ ਘਰ ਬਸੰਤਰ ਦੇਵਤਾ ਵਾਲੀ ਕਹਾਵਤ ਵਾਂਗੂ, ਇਨ੍ਹਾਂ ਕਲਮੀ-ਯੋਧਿਆਂ ਨੂੰ ਹਰੇਕ ਕੁੜੀ 'ਹੀਰ' ਅਤੇ ਹਰੇਕ ਬੰਦਾ 'ਰਾਂਝਾ' ਹੀ ਕਿਉਂ ਦਿਖਾਈ ਦਿੰਦਾ ਹੈ? ਵਿਰਾਸਤੀ ਰਿਸ਼ਤਿਆਂ 'ਚ ਜ਼ਹਿਰਾਂ ਘੋਲਣ ਵਾਲੇ ਅਜਿਹੇ ਕਥਿਤ ਜੋੜਿਆਂ ਦੀ ਵਕਾਲਤ ਕਿਉਂ ਕਰਦੇ ਨੇ ਪੱਤਰਕਾਰ ਭਰਾ? ਚਰਿੱਤਰਘਾਤੀਆਂ ਦੇ ਕਸੀਦੇ ਕੱਢਣ ਵਾਲੇ ਕਾਲਮਨਵੀਸ, ਆਪਣੀ ਕਿਸੇ ਧੀ-ਭੈਣ ਦਾ 'ਹੀਰ' ਬਣਨਾ ਪਸੰਦ ਕਰਨਗੇ? ਅਖੇ,

ਆਪਣੀ ਧੀ ਪਰਦੇ ਅੰਦਰ ਕੈਦ ਕਰ
ਗਾ ਰਹੇ ਨੇ ਸੋਹਲੇ ਲੋਕੀਂ ਹੀਰ ਦੇ!

ਸੰਚਾਰ ਸਾਧਨਾਂ ਵਿਚ ਡੌਂਡੀ ਪਿੱਟ ਪਿੱਟ ਕੇ ਪਿੱਤਲ ਨੂੰ 'ਖਰਾ ਸੋਨਾ' ਬਣਾਉਣ ਵਾਲੇ ਇਸ ਜ਼ਮਾਨੇ ਵਿਚ ਪਿਆਰ, ਮੁਹੱਬਤ ਜਾਂ ਪ੍ਰੇਮ ਦੇ ਅਰਥ ਹੀ ਬਦਲ ਦਿੱਤੇ ਗਏ ਨੇ। ਹੁਸਨ ਅਤੇ ਹਵਸ ਨੂੰ ਇਕ ਦੂਜੇ ਦੇ ਪੂਰਕ ਵਜੋਂ ਦੇਖਿਆ ਜਾ ਰਿਹਾ ਹੈ। ਵਰਤਮਾਨ ਸਮੇਂ ਵਿਚ ਪਿਆਰ ਮੁਹੱਬਤ ਦੀ ਹਕੀਕਤ ਇਸ ਸ਼ੇਅਰ ਵਿਚ ਪ੍ਰਗਟਾਈ ਗਈ ਹੈ:

ਜ਼ਿੰਦਗੀ ਵਿਚ ਹੁਣ ਮੁਹੱਬਤ ਦੀ ਹਕੀਕਤ ਕੁਝ ਨਹੀਂ
ਦਿਲ ਦੇ ਪ੍ਰਚਾਵੇ ਲਈ ਨਾਟਕ ਰਚਾ ਲੈਂਦੇ ਨੇ ਲੋਕ।

ਉਨੀ ਇੱਕੀ ਦੇ ਫਰਕ ਵਾਲੀਆਂ ਅਜਿਹੀਆਂ ਖਬਰਾਂ ਰੋਜ਼ ਪੜ੍ਹਨ ਸੁਣਨ ਨੂੰ ਮਿਲਦੀਆਂ ਨੇ। ਫਲਾਣੇ ਦਾ, ਢਿਮਕੇ ਦੇ ਘਰ ਆਉਣਾ ਜਾਣਾ ਸੀ। ਇਸੇ ਦੌਰਾਨ ਫਲਾਣੇ ਦਾ ਢਿਮਕੇ ਦੀ ਪਤਨੀ ਨਾਲ ਜਾਂ ਨੌਜਵਾਨ ਬੇਟੀ ਨਾਲ ਪਿਆਰ ਹੋ ਗਿਆ...! ਬੱਸ ਬਣ ਗਈ ਪੱਤਰਕਾਰਾਂ ਲਈ ਪ੍ਰੇਮ-ਕਹਾਣੀ!! ਕਿਸੇ ਦੇ ਹੱਸਦੇ-ਵਸਦੇ ਘਰ ਵਿਚ ਸੇਹ ਦਾ ਤੱਕਲਾ ਗੱਡਣ ਵਾਲੇ ਗੁੰਡਿਆਂ ਜਾਂ ਫਫੇਕੁੱਟਣੀਆਂ ਦਾ ਸਮਾਜ ਵਿਚ ਜਲੂਸ ਕੱਢਣ ਦੀ ਥਾਂ, ਮੀਡੀਏ ਵਲੋਂ ਇਨ੍ਹਾਂ ਲਈ ਹਮਦਰਦੀ ਦਾ ਬਾਨਣੂ ਬੰਨ੍ਹਿਆ ਜਾਂਦਾ ਹੈ। ਯਾਰ-ਮਿੱਤਰ ਦੀ ਪਿੱਠ ਤਕਾਉਣ ਦਾ ਪਾਪ ਕਰਨ ਵਾਲਿਆਂ ਦੀ ਪੁਸ਼ਤਪਨਾਹੀ ਹੋਣ ਨਾਲ ਪਰਿਵਾਰਕ ਢਾਂਚੇ ਤਹਿਸ-ਨਹਿਸ਼ ਹੋ ਰਹੇ ਹਨ। ਸਦਾਚਾਰ ਦਾ ਭੋਗ ਪੈਂਦਾ ਜਾ ਰਿਹਾ ਹੈ।

ਵਿਸ਼ੀਅਰ ਨਾਗਾਂ ਲਾਈਆਂ
ਵੇਖੋ ਚਾਰ ਚੁਫੇਰੇ ਅੱਗਾਂ
ਚੌਂਕ ਚੁਰਾਹੇ ਰੁਲ਼ੀਆਂ
ਧੀਆਂ, ਭੈਣਾਂ, ਪੱਗਾਂ!

ਜੇ ਇਸ ਸਮੇਂ ਦੇ ਸੰਚਾਰ-ਮਾਧਿਅਮਾਂ ਪਿੱਛੇ ਬਦਨੀਤੇ ਹੱਥ ਅਤੇ ਮੁਨਾਫਾਖੋਰ ਬਿਰਤੀਆਂ ਨਾ ਹੋਣ ਤਾਂ ਸਮਾਜ ਦੀ ਸੋਚ ਨੂੰ ਅਣਖ ਅਤੇ ਸਵੈਮਾਣ ਦੀ ਪਾਣ ਚਾੜ੍ਹੀ ਜਾ ਸਕਦੀ ਹੈ। ਉਚੇ ਇਖ਼ਲਾਕ, ਵਿਰਾਸਤੀ ਕਦਰਾਂ-ਕੀਮਤਾਂ ਅਤੇ ਸੱਭਿਆਚਾਰਕ ਅਮੀਰੀ ਨੂੰ ਮੁੜ ਸੁਰਜੀਤ ਕਰਨ ਲਈ ਸਾਨੂੰ ਕਲਮਾਂ ਵਾਲਿਆਂ ਨੂੰ ਪੰਜਾਬੀ ਕਵੀ ਗੁਰਭਜਨ ਸਿੰਘ ਗਿੱਲ ਦੀ ਵੰਗਾਰ ਕਬੂਲਣੀ ਚਾਹੀਦੀ ਹੈ:

ਅਜੇ ਤਾਂ ਲੜਨਾ ਹੈ!
ਉਨ੍ਹਾਂ ਸਮੂਹ ਮੁਸ਼ਟੰਡਿਆਂ ਦੇ ਖਿਲਾਫ਼
ਜੋ ਸਰਕਾਰੀ, ਗੈਰ-ਸਰਕਾਰੀ
ਸੰਚਾਰ ਮਾਧਿਅਮਾਂ ਰਾਹੀਂ
ਸਾਡੇ ਘਰਾਂ ਵਿਚ ਰਾਤ ਬਰਾਤੇ
ਆਣ ਧਮਕਦੇ ਹਨ
ਜਵਾਨ ਧੀਆਂ ਪੁੱਤਰਾਂ
ਸਾਹਵੇਂ ਪ੍ਰੋਸਦੇ ਹਨ
ਨਿਰਵਸਤਰ ਸਦਾਚਾਰ!!

# ਪੁਲਿਸ ਦੀ ਮਦਦ ਨਾਲ ਸਿੱਖ ਕਤਲੇਆਮ ਦੇ ਦੋਸ਼ੀ ਬਰੀ

**ਸਾਸਾਰਾਮ:** ਪੁਲਿਸ ਦੀ ਵਰਦੀ ਭਾਵੇਂ ਕਾਨੂੰਨ ਦੀ ਰਾਖੀ ਲਈ ਹੁੰਦੀ ਹੈ ਪਰ ਇਹ ਵਰਦੀ ਪਾ ਕੇ ਕਿਵੇਂ ਕਾਨੂੰਨ ਨੂੰ ਬੌਣਾ ਸਾਬਤ ਕੀਤਾ ਜਾ ਸਕਦਾ ਹੈ, ਇਸ ਦਾ ਜਿਉਂਦਾ ਸਬੂਤ ਬਿਹਾਰ ਦੀ ਪੁਲਿਸ ਨੇ ਪੇਸ਼ ਕੀਤਾ ਹੈ। ਪੁਲਿਸ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਬਚਾਉਣ ਲਈ ਚਾਰ ਗਵਾਹਾਂ ਨੂੰ ਜੋ ਕਿ ਪੁਲਿਸ ਮੁਲਾਜ਼ਮ ਸਨ, ਅਦਾਲਤ ਵਿਚ ਪੇਸ਼ ਹੀ ਨਹੀਂ ਕੀਤਾ। ਅਦਾਲਤ ਵਲੋਂ ਇਸ ਸਬੰਧੀ ਭੇਜੇ ਗਏ ਯਾਦ ਪੱਤਰਾਂ ਨੂੰ ਐਸ.ਪੀ. ਦਫ਼ਤਰ ਨੇ ਕੂੜਾ ਬਣਾ ਕੇ ਰੱਖ ਦਿਤਾ, ਜਿਸ ਕਾਰਨ ਸਾਰੇ ਦੋਸ਼ੀ 'ਨਿਰਦੋਸ਼' ਬਣ ਗਏ। ਇਸ ਕਾਰਨ ਅਦਾਲਤ ਨੇ ਸਿੱਖ ਕਤਲੇਆਮ ਦੇ 27 ਦੋਸ਼ੀਆਂ ਨੂੰ ਸਬੂਤਾਂ ਦੀ ਘਾਟ ਕਾਰਨ ਰਿਹਾ ਕਰ ਦਿਤਾ।


ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਨੰਦ ਕਿਸ਼ੋਰ ਸ਼ਰਮਾ ਨੇ ਬੀਤੀ 2 ਜੂਨ ਨੂੰ ਦੋਸ਼ੀਆਂ ਨੂੰ ਰਿਹਾਅ ਕਰਦਿਆਂ ਪੁਲਿਸ ਦੀ ਇਸ ਗੱਲੋਂ ਆਲੋਚਨਾ ਕੀਤੀ ਕਿ ਉਹ ਚਾਰ ਗਵਾਹਾਂ ਨੂੰ ਅਦਾਲਤ ਵਿਚ ਪੇਸ਼ ਕਰਨ ਵਿਚ ਨਾਕਾਮ ਰਹੀ, ਜਿਸ ਕਾਰਨ ਸਾਰੇ 27 ਦੋਸ਼ੀਆਂ ਨੂੰ ਛੱਡਣਾ ਪਿਆ। ਚਾਰ ਗਵਾਹ, ਜਿਹੜੇ ਕਿ ਪੁਲਿਸ ਵਾਲੇ ਹਨ, ਅਦਾਲਤ ਵਲੋਂ ਐਸ.ਪੀ. ਦਫ਼ਤਰ ਤੇ ਕਾਨੂੰਨੀ ਸੈਲ ਮਹਿਕਮੇ ਨੂੰ ਭੇਜੇ ਯਾਦ ਪੱਤਰਾਂ ਦੇ ਬਾਵਜੂਦ ਪੇਸ਼ ਨਹੀਂ ਹੋਏ। ਅਦਾਲਤੀ ਸੂਤਰਾਂ ਨੇ ਦਸਿਆ ਕਿ 1984 ਦੇ ਸਿੱਖ ਕਤਲੇਆਮ ਦੌਰਾਨ ਬੂਟਾ ਸਿੰਘ, ਯੋਗਿੰਦਰ ਸਿੰਘ, ਅਵਤਾਰ ਸਿੰਘ, ਗੁਰਬਚਨ ਸਿੰਘ, ਉਤਮ ਸਿੰਘ ਤੇ ਸੰਪੂਰਨ ਸਿੰਘ ਦੀਆਂ ਦੁਕਾਨਾਂ ਨੂੰ ਅੱਗ ਲਾ ਦਿਤੀ ਗਈ ਸੀ। ਪੁਲਿਸ ਨੇ ਉਦੋਂ 61 ਸਮਾਜ ਵਿਰੋਧੀ ਤੱਤਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਸੋਨੇ ਪੁਲਿਸ ਥਾਣੇ ਵਿਚ ਐਸ.ਐਚ.ਓ. ਕੇ ਝਾਅ ਦੇ ਬਿਆਨਾਂ 'ਤੇ ਮੁਕੱਦਮਾ ਦਰਜ ਕੀਤੀ ਸੀ ਪਰ ਦੋਸ਼ੀ ਕਾਨੂੰਨੀ ਚੋਰ ਮੋਰੀਆਂ ਦਾ ਫ਼ਾਇਦਾ ਉਠਾ ਕੇ ਮਾਮਲੇ ਨੂੰ ਲਟਕਾਉਂਦੇ ਰਹੇ। 30 ਜੂਨ 2006 ਨੂੰ 28 ਦੋਸ਼ੀਆਂ ਵਿਰੁਧ ਅੰਤਮ ਦੋਸ਼ ਆਇਦ ਕੀਤੇ ਗਏ।

ਕਤਲੇਆਮ ਤੋਂ 21 ਸਾਲ ਬਾਅਦ ਮੁਕੱਦਮੇ ਦੀ ਕਾਰਵਾਈ ਸ਼ੁਰੂ ਹੋਈ। ਮਾਮਲੇ ਦੀ ਸੁਣਵਾਈ ਦੌਰਾਨ ਇਕ ਦੋਸ਼ੀ ਦੀ ਮੌਤ ਹੋ ਗਈ ਤੇ ਬਾਕੀ 27 ਨੂੰ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਰਿਹਾ ਕਰ ਦਿਤਾ। ਰੋਹਤਾਸ ਦੇ ਐਸ.ਪੀ. ਵਿਕਾਸ ਵੈਭਵ ਨੇ ਕਿਹਾ ਕਿ ਪੁਲਿਸ ਮਾਮਲੇ ਨੂੰ ਵਾਚ ਰਹੀ ਹੈ ਤੇ ਜਿਨ੍ਹਾਂ ਕਾਰਨ ਮੁਕੱਦਮਾ ਸਿਰੇ ਨਹੀਂ ਚੜ੍ਹਿਆ, ਕਾਰਵਾਈ ਕੀਤੀ ਜਾਵੇਗੀ।

# ਉਸਤਾਦ ਪੂਰਨ ਚੰਦ ਵਡਾਲੀ

**ਹਰਜਾਪ ਸਿੰਘ ਔਜਲਾ***

ਅੰਮ੍ਰਿਤਸਰ ਸ਼ਹਿਰ ਦੇ ਛੇਹਰਟਾ ਉਪ ਨਗਰ ਦੇ ਬਾਹਰੀ ਹੱਦ ਵਿਚ ਗੁਰੂ ਕੀ ਵਡਾਲੀ ਨਾਓਂ ਦਾ ਇਕ ਅਣਗੌਲਿਆ ਜਿਹਾ ਪਿੰਡ ਹੈ, ਜਿਸ ਨੂੰ ਗੁਰੂ ਸਾਹਿਬਾਨ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਇਸੇ ਹੀ ਨਗਰੀ ਵਿਚ ਪੰਜਾਬੀ ਕਲਾਸਕੀ ਗਾਇਕੀ ਦੇ ਥੰਮ ਪਦਮਸ੍ਰੀ ਉਸਤਾਦ ਪੂਰਨ ਚੰਦ ਵਡਾਲੀ ਆਪਣੇ ਛੋਟੇ ਭਰਾ ਉਸਤਾਦ ਪਿਆਰੇ ਲਾਲ ਵਡਾਲੀ ਦੇ ਨਾਲ ਰਹਿ ਰਹੇ ਹਨ। ਦੋਹਾਂ ਭਰਾਵਾਂ ਦੀ ਜੋੜੀ ਲਾਜਵਾਬ ਜੁਗਲਬੰਦੀ ਵਿਚ ਗਾਇਨ ਕਰਦੀ ਹੈ। ਅੱਜ ਕੱਲ੍ਹ ਦੇ ਤੇਜ਼ ਰਫਤਾਰ ਯੁੱਗ ਵਿਚ ਵੀ ਇਨ੍ਹਾਂ ਭਰਾਵਾਂ ਨੇ ਆਪਣਾ ਬੁਲੰਦ ਕਲਾਸਕੀ ਰੁਤਬਾ ਬਣਾ ਰੱਖਿਆ ਹੈ। ਉਹ ਅਸ਼ਲੀਲ ਗਾਇਕੀ ਨਹੀਂ ਕਰਦੇ, ਨਾ ਹੀ ਉਹ ਪੰਜਾਬੀ ਪੌਪ ਸੰਗੀਤ ਦੇ ਪਿਛੇ ਭੱਜਦੇ ਹਨ।




ਸ਼ਕਲ-ਓ-ਸੂਰਤ ਤੋਂ ਪੂਰਨ ਚੰਦ ਵਡਾਲੀ ਅਖਾੜੇ ਦੇ ਪਹਿਲਵਾਨ ਜਾਪਦੇ ਹਨ। ਉਨ੍ਹਾਂ ਦਾ ਸਰੀਰ ਸੁਡੌਲ ਅਤੇ ਗਠਿਆ ਹੋਇਆ ਹੈ। ਮੁੱਛਾਂ ਭਾਰੀਆਂ ਅਤੇ ਕੁੰਡੀਆਂ ਹਨ। ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਉਹ ਬਚਪਨ ਅਤੇ ਜਵਾਨੀ ਦੇ ਮੋੜ 'ਤੇ ਅਖਾੜੇ ਦੀ ਪਹਿਲਵਾਨੀ ਕਰਿਆ ਕਰਦੇ ਸਨ। ਲੇਕਿਨ ਜਦੋਂ ਹੀ ਉਹ ਕਲਾਸਕੀ ਗਾਇਕੀ ਦੇ ਬੰਧਨਾਂ ਵਿਚ ਬੱਝ ਗਏ ਅਤੇ ਨਿਪੁੰਨ ਗਾਇਕ ਬਣ ਗਏ, ਤਦ ਤੋਂ ਹੀ ਉਨ੍ਹਾਂ ਨੇ ਪਹਿਲਵਾਨੀ ਦਾ ਦਾਮਨ ਛੱਡ ਦਿੱਤਾ ਅਤੇ ਆਪਣਾ ਸਮੁੱਚਾ ਜੀਵਨ ਕਲਾਸੀਕਲ ਸੰਗੀਤ ਦੇ ਨਾਂ ਕਰ ਦਿੱਤਾ।

ਪੰਜਾਬ ਵਿਚ ਕਲਾਸੀਕਲ ਸੰਗੀਤ ਦੇ ਸਰੋਤਿਆਂ ਅਤੇ ਕਦਰਦਾਨਾਂ ਦੀ ਬੜੀ ਕਮੀ ਹੈ। ਇਸ ਦੇ ਬਾਵਜੂਦ ਉਸਤਾਦ ਪੂਰਨ ਚੰਦ ਵਡਾਲੀ ਨੇ ਕਦੀ ਹੌਂਸਲਾ ਨਹੀਂ ਹਾਰਿਆ। ਅੰਮ੍ਰਿਤਸਰ ਦੇ ਵਾਸੀ ਹੋਣ ਕਾਰਨ, ਉਥੇ ਅਜੇ ਵੀ ਕਲਾਸਕੀ ਸੰਗੀਤ ਦੀ ਐਨੀ ਬੇਕਦਰੀ ਨਹੀਂ ਜਿੰਨੀ ਹੋਰ ਸ਼ਹਿਰਾਂ ਵਿਚ ਹੈ। ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਦੇ ਤਮਾਮ ਰਾਗੀਆਂ-ਨਾਦੀਆਂ ਨੂੰ ਕਲਾਸੀਕਲ ਸੰਗੀਤ ਦਾ ਕੁਝ ਨਾ ਕੁਝ ਗਿਆਨ ਪ੍ਰਾਪਤ ਕਰਨਾ ਲਾਜ਼ਮੀ ਹੈ। ਤੇ ਜਿਹੜੇ ਲੋਕ ਕਲਾਸੀਕਲ ਸੰਗੀਤ ਦਾ ਗਿਆਨ ਪ੍ਰਾਪਤ ਕਰਦੇ ਹਨ, ਉਹ ਕਲਾਸੀਕਲ ਸੰਗੀਤ ਦੇ ਸਰੋਤੇ ਅਣਭੋਲਪੁਣੇ ਵਿਚ ਹੀ ਬਣ ਜਾਇਆ ਕਰਦੇ ਹਨ। ਜਿਸ ਸਖਸ਼ ਨੂੰ ਕਲਾਸੀਕਲ ਸੰਗੀਤ ਦਾ ਗਿਆਨ ਹੈ, ਉਹ ਸੁਰ ਅਤੇ ਤਾਲ ਦਾ ਗਿਆਤਾ ਬਣ ਜਾਂਦਾ ਹੈ। ਅਜਿਹੇ ਸਰੋਤੇ ਹੀ ਉਸਤਾਦ ਪੂਰਨ ਚੰਦ ਵਡਾਲੀ ਦੀ ਗਾਇਕੀ ਦੇ ਵੀ ਕਦਰਦਾਨ ਬਣ ਜਾਂਦੇ ਹਨ।

ਉਸਤਾਦ ਪੂਰਨ ਚੰਦ ਵਡਾਲੀ ਪਟਿਆਲਾ ਘਰਾਣੇ ਦੀ ਗਾਇਕੀ ਕਰਦੇ ਹਨ। ਜੇ ਸੱਚ ਪੁੱਛੋ ਤਾਂ ਉਹ ਪੰਜਾਬ ਦੇ ਵੀਹਵੀਂ ਸਦੀ ਦੇ ਸਭ ਤੋਂ ਸਿਰਮੌਰ ਕਲਾਸੀਕਲ ਗਵਈਏ ਉਸਤਾਦ ਬੜੇ ਗੁਲਾਮ ਅਲੀ ਖਾਂ ਦੀ ਗਾਇਕੀ ਦੇ ਵਿਦਿਆਰਥੀ ਹਨ। ਪੂਰਨ ਚੰਦ ਵਡਾਲੀ ਨੇ ਜੀਵਨ ਭਰ ਰਾਗਾਂ ਦਾ ਇੰਨਾ ਰਿਆਜ਼ ਕੀਤਾ ਹੈ ਕਿ ਹੁਣ ਉਹ ਰਾਗ ਨਾਲ ਖੇਡਾਂ ਕਰਨ ਦੇ ਸਮਰੱਥ ਹਨ। ਪੰਜਾਬ ਵਿਚ ਤਾਂ ਉਨ੍ਹਾਂ ਦੀ ਬਹੁਤੀ ਕਦਰ ਕਦੀ ਵੀ ਨਹੀਂ ਪਈ। ਅਲਬੱਤਾ ਪੰਜਾਬ ਤੋਂ ਬਾਹਰ ਦਿੱਲੀ, ਬੰਬਈ ਅਤੇ ਕਲਕੱਤਾ ਵਿਚ ਸੰਗੀਤ ਪ੍ਰੇਮੀ ਉਨ੍ਹਾਂ ਨੂੰ ਹੱਥੀਂ ਛਾਂਵਾਂ ਕਰਦੇ ਹਨ। ਜਦੋਂ ਗੁਆਂਢੀ ਕਿਸੇ ਦੀ ਕਦਰ ਕਰਦੇ ਹਨ ਤਾਂ ਘਰ ਦਾ ਮਾਲਕ ਵੀ ਰੀਸੋ-ਰੀਸੀ ਕਦਰਦਾਨ ਬਣ ਹੀ ਜਾਂਦਾ ਹੈ।

ਪਿਛਲੇ ਦਸਾਂ ਕੁ ਸਾਲਾਂ ਵਿਚ ਉਸਤਾਦ ਪੂਰਨ ਚੰਦ ਵਡਾਲੀ ਦਾ ਸੰਗੀਤ ਆਕਾਸ਼ਵਾਣੀ ਦੇ ਜਲੰਧਰ ਅਤੇ ਦਿੱਲੀ ਸਟੇਸ਼ਨਾਂ ਤੋਂ ਵਾਰ ਵਾਰ ਸਤਿਕਾਰ ਸਹਿਤ ਪੇਸ਼ ਕੀਤਾ ਜਾਂਦਾ ਰਿਹਾ ਹੈ। ਦੂਰਦਰਸ਼ਨ ਦੇ ਜਲੰਧਰ ਅਤੇ ਦਿੱਲੀ ਕੇਂਦਰਾਂ 'ਤੇ ਵੀ ਉਸਤਾਦ ਪੂਰਨ ਚੰਦ ਵਡਾਲੀ ਦੀ ਜੈ ਜੈ ਕਾਰ ਹੋਈ ਹੈ। ਭਾਰਤ ਦੇ ਮਸ਼ਹੂਰ ਰਸਾਲੇ ਇੰਡੀਆ ਟੂਡੇ ਨੇ ਨਾ ਸਿਰਫ ਉਸਤਾਦ ਪੂਰਨ ਚੰਦ ਵਡਾਲੀ ਨੂੰ ਪਛਾਣਿਆ ਹੀ ਹੈ ਬਲਕਿ ਉਨ੍ਹਾਂ ਦੀ ਸ਼ਖਸੀਅਤ ਨੂੰ ਕੌਮੀ ਮੰਚ 'ਤੇ ਪ੍ਰਚਾਰਿਆ ਵੀ ਹੈ। ਇਸੇ ਹੀ ਰਸਾਲੇ ਦੀ ਬਦੌਲਤ ਉਨ੍ਹਾਂ ਦੇ ਸੰਗੀਤ ਦੀਆਂ ਅਨੇਕਾਂ ਮਹਿਫਲਾਂ ਦਿੱਲੀ ਵਿਚ ਮੁਨੱਕਿਦ ਹੋਈਆਂ ਹਨ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਸਮੇਂ ਉਸਤਾਦ ਪੂਰਨ ਚੰਦ ਵਡਾਲੀ ਨੂੰ ਪਦਮਸ੍ਰੀ ਦੇ ਰਾਸ਼ਟਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਜ਼ੀ ਟੈਲੀਵਿਜ਼ਨ ਦੁਆਰਾ ਪ੍ਰਸਾਰਿਤ ਬਹੁ ਚਰਚਿਤ ਸੰਗੀਤਕ ਪ੍ਰੋਗਰਾਮ ''ਸਾ ਰੇ ਗਾ ਮਾ ਪਾ'' ਉਪਰ ਕਈ ਵਾਰੀ ਉਸਤਾਦ ਪੂਰਨ ਚੰਦ ਵਡਾਲੀ ਨੂੰ ਬਤੌਰ ਤਕਨੀਕੀ ਮਾਹਿਰ ਸੱਦਿਆ ਗਿਆ ਹੈ। ਉਹ ਬਿਨਾਂ ਕਿਸੇ ਪੱਖਪਾਤ ਦੇ ਆਪਣੇ ਫੈਸਲੇ ਦਿਆ ਕਰਦੇ ਹਨ। ਬੰਬਈ ਦੇ ਉਚ ਪਾਏ ਦੇ ਸੰਗੀਤਕ ਪ੍ਰੋਗਰਾਮਾਂ ਵਿਚ ਵੀ ਉਸਤਾਦ ਪੂਰਨ ਚੰਦ ਵਡਾਲੀ ਦੀ ਜੈ ਜੈ ਕਾਰ ਹੁੰਦੀ ਹੈ। ਉਨ੍ਹਾਂ ਦੇ ਸੰਗੀਤ ਦੀਆਂ ਸੀਡੀਆਂ ਮਿਊਜ਼ਿਕ ਟੂਡੇ ਜਿਹੀ ਨਾਮਵਰ ਸੰਸਥਾ ਨੇ ਪ੍ਰਕਾਸ਼ਿਤ ਕੀਤੀਆਂ ਹਨ।

ਪਿੱਛੇ ਜਿਹੇ ਅੰਮ੍ਰਿਤਸਰ ਤੋਂ ਜਲੰਧਰ ਵਲ ਨੂੰ ਜਾਂਦਿਆਂ ਉਨ੍ਹਾਂ ਦੀ ਕਾਰ ਤੜਕਸਾਰ ਹਾਦਸੇ ਦਾ ਸ਼ਿਕਾਰ ਹੋ ਗਈ ਸੀ। ਇਸ ਹਾਦਸੇ ਵਿਚ ਦੋਹਾਂ ਭਰਾਵਾਂ-ਪੂਰਨ ਚੰਦ ਵਡਾਲੀ ਅਤੇ ਪਿਆਰੇ ਲਾਲ ਵਡਾਲੀ ਨੂੰ ਗੰਭੀਰ ਚੋਟਾਂ ਆਈਆਂ। ਇਸ ਹਾਦਸੇ ਤੋਂ ਬਾਅਦ ਉਸਤਾਦ ਪੂਰਨ ਚੰਦ ਵਡਾਲੀ ਤਾਂ ਛੇਤੀ ਸਿਹਤਯਾਬ ਹੋ ਗਏ। ਲੇਕਿਨ ਉਨ੍ਹਾਂ ਦੇ ਛੋਟੇ ਭਾਈ ਪਿਆਰਾ ਲਾਲ ਵਡਾਲੀ ਪੂਰੀ ਤਰ੍ਹਾਂ ਸਿਹਤਯਾਬ ਨਹੀਂ ਹੋ ਸਕੇ। ਇਸ ਕਰਕੇ ਅੱਜ ਕੱਲ੍ਹ ਉਸਤਾਦ ਪੂਰਨ ਚੰਦ ਵਡਾਲੀ ਆਪਣੇ ਸਪੁੱਤਰ ਲਖਵਿੰਦਰ ਵਡਾਲੀ ਨਾਲ ਮਿਲ ਕੇ ਕਲਾਸੀਕਲ ਗਾਇਨ ਕਰਿਆ ਕਰਦੇ ਹਨ। ਪਿੱਛੇ ਜਿਹੇ ਪੀ ਟੀ ਸੀ ਪੰਜਾਬੀ ਦੀ ਮਸ਼ਹੂਰ-ਓ-ਮੌਰੂਫ ਮੇਜ਼ਬਾਨ ਸਤਿੰਦਰ ਸੱਤੀ ਦੇ ਸ਼ੋਅ 'ਤੇ ਪੂਰਨ ਚੰਦ ਵਡਾਲੀ ਅਤੇ ਉਨ੍ਹਾਂ ਦੇ ਸਪੁੱਤਰ ਲਖਵਿੰਦਰ ਵਡਾਲੀ ਨੇ ਜੁਗਲਬੰਦੀ ਵਿਚ ਕਲਾਸੀਕਲ ਅਤੇ ਨੀਮ ਕਲਾਸਕੀ ਪ੍ਰੋਗਰਾਮ ਪੇਸ਼ ਕੀਤਾ ਜੋ ਬੜਾ ਹੀ ਮਕਬੂਲ ਹੋਇਆ।

ਅਫਸੋਸ ਦੀ ਗੱਲ ਏ ਕਿ ਉਸਤਾਦ ਪੂਰਨ ਚੰਦ ਵਡਾਲੀ ਵਰਗੇ ਨਿਪੁੰਨ ਸ਼ਾਸ਼ਤਰੀ ਗਾਇਕ ਕੋਲੋਂ ਸੰਗੀਤ ਸਿੱਖਣ ਵਾਲਾ ਕੋਈ ਸ਼ਾਗਿਰਦ ਨਹੀਂ। ਉਨ੍ਹਾਂ ਦਾ ਲੜਕਾ ਲਖਵਿੰਦਰ ਵਡਾਲੀ ਹੀ ਉਨ੍ਹਾਂ ਦਾ ਪ੍ਰਮੁੱਖ ਸ਼ਾਗਿਰਦ ਹੈ। ਉਹ ਅੱਜ ਕੱਲ੍ਹ ਵਧੀਆ ਗਾ ਰਿਹਾ ਹੈ। ਉਸਦੀ ਵੀ ਕਦਰ ਪੰਜਾਬ ਨਾਲੋਂ ਬੰਬਈ ਵਿਚ ਵਧੇਰੇ ਪੈ ਰਹੀ ਹੈ।

*e-mail:harjapaujla@gmail.com

## ਰੀਮੈਕਸ ਦੇ ਨਵੇਂ ਦਫਤਰ ਦਾ ਉਦਘਾਟਨ

**ਸਾਊਥ ਬਰਨਜ਼ਵਿਕ, ਨਿਊ ਜਰਸੀ:** ਰੀਅਲ ਐਸਟੇਟ ਕਾਰੋਬਾਰ ਨਾਲ ਸਬੰਧਤ ਕੰਪਨੀ ਰੀਮੈਕਸ ਦੇ ਇਥੇ ਮਨਮਾਊਥ ਜੰਕਸ਼ਨ ਵਿਚ ਖੋਲ੍ਹੇ ਗਏ ਨਵੇਂ ਦਫਤਰ ਦਾ ਉਦਘਾਟਨ ਸਾਊਥ ਬਰਨਜ਼ਵਿਕ ਦੇ ਮੇਅਰ ਫਰੈਂਕ ਗੈਂਬਾਟੀਜ਼ ਅਤੇ ਸਿੰਘ ਲਾਅ ਐਲ ਐਲ ਸੀ ਦੀ ਡਾਇਰੈਕਟਰ ਸੀਮਾ ਸਿੰਘ ਨੇ ਪਿਛਲੇ ਦਿਨੀਂ ਕੀਤਾ। ਇਸ ਮੌਕੇ ਰੀਮੈਕਸ, ਨਿਊ ਜਰਸੀ ਦੇ ਮਾਲਕ ਜੈਫ ਸਨਾਈਡਰ ਅਤੇ ਰੀਮੈਕਸ ਦੇ ਹੋਰ ਅਧਿਕਾਰੀ ਮੌਜੂਦ ਸਨ। ਇਹ ਦਫਤਰ 4260 ਯੂ ਐਸ 1 ਨਾਰਥ, ਸੁਇਟ 3 ਵਿਖੇ ਸਥਿਤ ਹੈ।

ਰੀਮੈਕਸ ਕੌਮਾਂਤਰੀ ਪੱਧਰ ਦੀ ਰੀਅਲ ਐਸਟੇਟ ਕੰਪਨੀ ਹੈ ਅਤੇ ਇਸ ਨਾਲ ਕੰਮ ਕਰਦੇ ਏਜੰਟ ਵੱਖ ਵੱਖ ਭਾਈਚਾਰਿਆਂ ਦੀਆਂ ਰੀਅਲ ਐਸਟੇਟ ਲੋੜਾਂ ਪੂਰੀਆਂ ਕਰਦੇ ਹਨ।




ਉਦਘਾਟਨ ਪਿਛੋਂ ਮੁੱਖ ਮਹਿਮਾਨ ਰੀਮੈਕਸ ਏਜੰਟਾਂ ਨਾਲ

## ਦਸ਼ਮੇਸ਼ ਦਰਬਾਰ ਗੁਰੂ ਘਰ ਨੇ ਘੱਲੂਘਾਰਾ ਦਿਵਸ ਮਨਾਇਆ

**ਕਾਰਟਰੇਟ, ਨਿਊ ਜਰਸੀ:** ਗੁਰਦੁਆਰਾ ਦਸ਼ਮੇਸ਼ ਦਰਬਾਰ ਦੀਆਂ ਸੰਗਤਾਂ ਵਲੋਂ ਅਪਰੇਸ਼ਨ ਬਲੂ ਸਟਾਰ ਦੀ 26ਵੀਂ ਦੁਖਦਾਈ ਯਾਦ ਪਹਿਲੀ ਜੂਨ ਤੋਂ 6 ਜੂਨ ਤੱਕ ਘੱਲੂਘਾਰਾ ਦਿਵਸ ਵਜੋਂ ਮਨਾਈ ਗਈ ਅਤੇ ਅਪਰੇਸ਼ਨ ਬਲੂ ਸਟਾਰ ਦੌਰਾਨ ਹੋਏ ਸ਼ਹੀਦ ਸਿੰਘਾਂ-ਸਿੰਘਣੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਸਿੱਖ ਯੂਥ ਆਫ ਕਾਰਟਰੇਟ ਵਲੋਂ ਇਸ ਮੌਕੇ ਅਖੰਡ ਪਾਠ ਅਤੇ ਗੁਰੂ ਕੇ ਲੰਗਰ ਦੀ ਸੇਵਾ ਕੀਤੀ ਗਈ। ਸੰਗਤਾਂ ਵਲੋਂ ਇਕ ਖੂਨਦਾਨ ਕੈਂਪ ਵੀ ਲਾਇਆ ਗਿਆ।

ਇਸ ਮੌਕੇ ਭਾਈ ਜਸਵਿੰਦਰ ਸਿੰਘ ਪਟਿਆਲਾ ਵਾਲਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਭਾਈ ਲਖਵਿੰਦਰ ਸਿੰਘ ਖਾਲਸਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਪਰੇਸ਼ਨ ਬਲੂ ਸਟਾਰ ਦੌਰਾਨ ਭਾਰਤ ਸਰਕਾਰ ਵਲੋਂ ਕੀਤੀਆਂ ਗਈਆਂ ਜ਼ਿਆਦਤੀਆਂ ਦਾ ਜ਼ਿਕਰ ਕਰਦਿਆਂ ਸੰਗਤਾਂ ਨੂੰ ਸੁਚੇਤ ਕੀਤਾ ਕਿ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਉਪਰ ਹਮਲੇ ਹੋ ਰਹੇ ਹਨ ਅਤੇ ਸੰਗਤਾਂ ਨੂੰ ਇਨ੍ਹਾਂ ਪ੍ਰਤੀ ਖਬਰਦਾਰ ਰਹਿਣਾ ਚਾਹੀਦਾ ਹੈ। ਭਾਈ ਬਲਬੀਰ ਸਿੰਘ ਨੇਕ ਦੇ ਢਾਡੀ ਜਥੇ ਨੇ ਬੀਰਰਸੀ ਵਾਰਾਂ ਗਾ ਕੇ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਸਟੇਜ ਸਕੱਤਰ ਦੀ ਸੇਵਾ ਭਾਈ ਜਤਿੰਦਰ ਸਿੰਘ ਨੇ ਨਿਭਾਈ।






## ਵਾਤਾਵਰਣ ਬਚਾਉਣ 'ਚ ਭਾਰਤੀ ਸਭ ਤੋਂ ਅੱਗੇ

**ਨਿਊਯਾਰਕ :** ਪ੍ਰਦੂਸ਼ਣ ਨੂੰ ਲੈ ਕੇ ਅਕਸਰ ਚਰਚਾ ਵਿਚ ਰਹਿਣ ਵਾਲੇ ਭਾਰਤੀ ਮਹਾਂ ਨਗਰਾਂ ਦੇ ਨਿਵਾਸੀਆਂ ਨੂੰ ਇਹ ਜਾਣ ਕੇ ਕੁਝ ਰਾਹਤ ਮਿਲ ਸਕਦੀ ਹੈ ਕਿ ਭਾਰਤੀ ਨਾਗਰਿਕ ਸਭ ਤੋਂ ਵਧ ਵਾਤਾਵਰਣ ਹਿਤੈਸ਼ੀ ਹਨ। ਜਦਕਿ ਅਮਰੀਕਾ ਇਸ ਮਾਮਲੇ ਵਿਚ ਫਾਡੀ ਹੈ। ਵਾਤਾਵਰਣ ਦੀ ਨਿਰੰਤਰਤਾ ਮੁਤਾਬਕ ਵਰਤੋਂ ਦੇ ਤੌਰ 'ਤੇ ਤਰੀਕਿਆਂ 'ਤੇ 17 ਦੇਸ਼ਾਂ 'ਚ ਕੀਤੇ ਗਏ ਸਰਵੇਖਣ ਦੌਰਾਨ ਇਹ ਗੱਲ ਸਾਹਮਣੇ ਆਈ ਹੈ।

ਨੈਸ਼ਨਲ ਜੀਓਗ੍ਰਾਫ਼ਿਕ ਦੁਆਰਾ ਤਿਆਰ ਕੰਜ਼ਿਊਮਰ ਗਰੀਨ ਇੰਡੈਕਸ ਵਿਚ 17 ਦੇਸ਼ਾਂ ਦੇ 17 ਹਜ਼ਾਰ ਖਪਤਕਾਰਾਂ ਦਾ ਅਧਿਐਨ ਕੀਤਾ ਗਿਆ ਹੈ।

ਸਰਵੇਖਣ ਵਿਚ ਖਪਤਕਾਰਾਂ ਤੋਂ ਊਰਜਾ ਦੀ ਵਰਤੋਂ ਅਤੇ ਸੁਰੱਖਿਆ, ਰੁਚੀ, ਖੁਰਾਕ ਸਾਧਨ, ਪਰੰਪਰਾਗਤ ਉਤਪਾਦਾਂ, ਬਨਾਮ ਹਰੇ ਉਤਪਾਦਾਂ ਦੀ ਵਰਤੋਂ, ਵਾਤਾਵਰਣ ਪ੍ਰਤੀ ਨਜ਼ਰੀਆ ਅਤੇ ਵਾਤਾਵਰਣ ਮੁੱਦਿਆਂ ਬਾਰੇ ਜਾਣਕਾਰੀ ਸਬੰਧੀ ਸੁਆਲ ਪੁੱਛੇ ਗਏ ਸਨ। ਸਰਵੇਖਣ ਵਿਚ ਪਤਾ ਲੱਗਿਆ ਕਿ ਇਸ ਮਾਮਲੇ ਵਿਚ ਭਾਰਤ ਮੋਹਰੀ ਹੈ, ਜਦਕਿ ਅਮਰੀਕਾ ਸਭ ਤੋਂ ਘੱਟ ਵਾਤਾਵਰਣ ਹਿਤੈਸ਼ੀ।

ਨੈਸ਼ਨਲ ਜੀਓਗ੍ਰਾਫ਼ਿਕ ਅਨੁਸਾਰ ਗਰੀਨ ਇੰਡੈਕਸ ਵਿਚ ਉਭਰਦੇ ਦੇਸ਼ਾਂ ਦੇ ਲੋਕ ਸਭ ਤੋਂ ਉਪਰ ਰਹੇ ਹਨ, ਜਦਕਿ ਉਦਯੋਗਿਕ ਦੇਸ਼ਾਂ ਦੇ ਲੋਕ ਇਸ ਮਾਮਲੇ ਵਿਚ ਸਭ ਤੋਂ ਹੇਠਾਂ ਰਹੇ ਹਨ। ਰੈਂਕਿੰਗ 'ਚ ਕ੍ਰਮਵਾਰ ਭਾਰਤ, ਬ੍ਰਾਜ਼ੀਲ, ਚੀਨ, ਮੈਕਸੀਕੋ, ਹੰਗਰੀ, ਦੱਖਣੀ ਕੋਰੀਆ, ਸਵੀਡਨ, ਸਪੇਨ, ਆਸਟਰੇਲੀਆ, ਜਰਮਨ, ਜਪਾਨ, ਬਰਤਾਨੀਆ, ਫਰਾਂਸ, ਕੈਨੇਡਾ ਅਤੇ ਅਮਰੀਕਾ ਨੂੰ ਸਥਾਨ ਦਿੱਤਾ ਗਿਆ ਹੈ। ਸਰਵੇਖਣ ਵਿਚ ਰਿਹਾਇਸ਼ੀ ਇਲਾਕਿਆਂ ਵਿਚ ਵਾਤਾਵਰਣ ਅਨੁਸਾਰ ਜ਼ਿਆਦਾ ਚੌਕਸੀ ਦੇਖੀ ਗਈ।

*To Advertise with us*
*call: 847-359-0746*



# ਸਾਢੇ ਤਿੰਨ ਦਹਾਕਿਆਂ ਦਾ ਕਲਾਕਾਰ ਰੇਸ਼ਮ ਬੰਗਿਆਂ ਵਾਲਾ

**ਇਕਬਾਲ ਜੱਬੋਵਾਲੀਆ**
ਫੋਨ:917-375-6395

ਬੰਗਿਆਂ ਦੀ ਪਵਿੱਤਰ ਧਰਤੀ ਨੂੰ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਅਤੇ ਬਾਬਾ ਗੁਰਦਿੱਤਾ ਦੀ ਚਰਨ ਛੋਹ ਪ੍ਰਾਪਤ ਹੈ। ਇਸੇ ਸਥਾਨ 'ਤੇ ਅੱਜ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਸੁਸ਼ੋਭਿਤ ਹੈ ਜੋ ਸਿੱਖ ਨੈਸ਼ਨਲ ਕਾਲਜ ਦੇ ਨਾਲ ਹੀ ਹੈ। ਗੁਰਦੁਆਰਾ ਸ੍ਰੀ ਚਰਨ ਕੰਵਲ ਦੇ ਨਾਲ ਹੀ ਜੀਂਦੋਵਾਲ ਪਿੰਡ ਹੈ ਜੋ ਜੀਣੇ ਗੁੱਜਰ ਦੇ ਨਾਂ 'ਤੇ ਵਸਿਆ ਹੋਇਐ। ਬੰਗਾ ਵਿਖੇ ਹੀ ਬਾਬਾ ਗੋਲਾ (ਮਾਨ) ਪਾਰਕ ਤੇ ਸਕੂਲ ਵੀ ਸਥਾਪਤ ਹੈ। ਉਹੋ ਬਾਬਾ ਗੋਲਾ ਜਿਹੜੇ ਅਨੰਦਪੁਰ ਸਾਹਿਬ ਤੋਂ ਦਸਵੇਂ ਪਾਤਸ਼ਾਹ ਦਾ ਹੁਕਮ ਮੰਨ ਕੇ ਬੰਗਾ ਆ ਵਸੇ ਸਨ। ਇਥੇ ਪਹਿਲਾਂ ਉਜਾੜ ਹੁੰਦਾ ਸੀ। ਬਾਬਾ ਗੋਲਾ ਦੇ ਇਥੇ ਆ ਕੇ ਵਸਣ ਨਾਲ ਬੰਗਾ ਸ਼ਹਿਰ ਦਾ ਵਾਸਾ ਹੋਇਆ। ਇਥੇ ਬਾਬਾ ਗੁਲਾਮੀ ਸ਼ਾਹ ਦੀ ਜਗ੍ਹਾ ਵੀ ਮੌਜੂਦ ਹੈ। ਆਏ ਸਾਲ ਇਥੇ ਭਰਵਾਂ ਜੋੜ ਮੇਲਾ ਹੁੰਦਾ ਹੈ ਤੇ ਮੰਨੇ ਪ੍ਰਮੰਨੇ ਕਲਾਕਾਰ ਇਥੇ ਆ ਕੇ ਹਾਜ਼ਰੀ ਭਰਦੇ ਹਨ। ਗੁਰਦਾਸ ਮਾਨ, ਕੁਲੀਦਪ ਮਾਣਕ, ਸੁਰਿੰਦਰ ਛਿੰਦਾ ਤੇ ਹੋਰ ਵੀ ਪ੍ਰਸਿੱਧ ਕਲਾਕਾਰ ਇਥੇ ਪ੍ਰੋਗਰਾਮ ਪੇਸ਼ ਕਰ ਚੁੱਕੇ ਹਨ।

ਅਗਰ ਬੰਗਿਆਂ ਦੇ ਆਲੇ-ਦੁਆਲੇ ਦੇ ਕੁਝ ਕੁ ਪਿੰਡਾਂ ਦੀ ਗੱਲ ਕਰੀਏ ਤਾਂ ਬੰਗਿਆਂ ਦੇ ਇਲਾਕੇ ਦਾ ਇਤਿਹਾਸ ਹੋਰ ਵੀ ਡੂੰਘਾ ਹੋ ਜਾਂਦਾ ਹੈ। ਬੰਗਿਆਂ ਤੋਂ ਥੋੜਾ ਜਿਹਾ ਦੱਖਣ ਵੱਲ ਝਾਤੀ ਮਾਰੀਏ ਤਾਂ ਮਹਾਂਪੁਰਸ਼ਾਂ ਦਾ ਪਿੰਡ ਮਜਾਰਾ ਰਾਜਾ ਸਾਹਿਬ ਹੈ। ਜਿਥੇ ਮਹਾਂਪੁਰਸ਼ਾਂ ਦੇ ਨਾਂ 'ਤੇ ਗੁਰਦੁਆਰਾ ਤੇ ਗਰੀਬਾਂ ਦੇ ਮੁਫਤ ਇਲਾਜ ਵਾਸਤੇ ਹਸਪਤਾਲ ਚਲ ਰਿਹੈ। ਪ੍ਰਸਿਧ ਗੀਤਕਾਰ ਪਾਲ ਦਾ ਵੀ ਇਹੀ ਨਗਰ ਹੈ। ਇਸ ਦੇ ਨਾਲ ਹੀ ਅਗਲਾ ਪਿੰਡ ਪਹਿਲਵਾਨ ਦਾਰਾ ਸਿੰਘ ਦੇ ਉਸਤਾਦ ਪਹਿਲਵਾਨ ਹਰਬੰਸ ਸਿੰਘ ਦਾ ਪਿੰਡ ਰਾਏਪੁਰ ਡੱਬਾ ਹੈ ਜਿਥੋਂ ਅਨੇਕਾਂ ਤਕੜੇ ਤਕੜੇ ਪਹਿਲਵਾਨ ਅਤੇ ਪੀ.ਆਰ. ਸੌਂਧੀ ਵਰਗੇ ਅੰਤਰਰਾਸ਼ਟਰੀ ਕੋਚ ਪੈਦਾ ਹੋਏ ਹਨ। ਮਜਾਰਾ ਰਾਜਾ ਸਾਹਿਬ ਦੇ ਨਾਲ ਹੀ ਪਿੰਡ ਗੁਣਾਚੌਰ ਹੈ ਜਿਥੇ ਮਹਾਂਪੁਰਸ਼ਾਂ ਦੇ ਨਾਂ 'ਤੇ 'ਰਾਜਾ ਸਾਹਿਬ ਸਪੋਰਟਸ ਕਲੱਬ' ਚਲ ਰਿਹੈ, ਜਿੱਥੋਂ ਜਸਵੀਰ ਕਰਨਾਣਾ ਵਰਗੇ ਉਲੰਪੀਅਨ ਤਿਆਰ ਹੋਏ ਹਨ। ਪ੍ਰਸਿੱਧ ਗੀਤਕਾਰ ਜਸਵੀਰ ਦਾ ਪਿੰਡ ਵੀ ਗੁਣਾਚੌਰ ਹੈ।

ਅਗਰ ਬੰਗਿਆਂ ਦੇ ਅੱਡੇ ਵਿਚੀਂ ਸੋਤਰਾਂ ਵੱਲ ਨੂੰ ਜਾਈਏ ਤਾਂ ਪਿੰਡ ਸੋਤਰਾਂ ਦੇ ਕੋਲ ਹੀ ਛੇਵੇਂ ਪਾਤਸ਼ਾਹ ਦਾ ਗੁਰਦੁਆਰਾ ਹੈ ਜਿਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਨਿੰਮ ਦੀਆਂ ਦੋ ਦਾਤਣਾਂ ਗੱਡੀਆਂ ਸਨ। ਬੰਗਿਆਂ ਤੋਂ ਨਵਾਂਸ਼ਹਿਰ ਜਾਂਦਿਆਂ ਥੋੜਾ ਅੱਗੇ ਜਾ ਕੇ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਸ਼ਹੀਦ ਭਗਤ ਸਿੰਘ ਦਾ ਪਿੰਡ ਖਟਕੜ ਕਲਾਂ ਆ ਜਾਂਦਾ ਹੈ। ਬੁੱਤ ਦੇ ਨਾਲ ਹੀ ਬਾਬਾ ਜਵਾਹਰ ਸਿੰਘ ਝੰਡਾ ਵਾਲਿਆਂ ਦੇ ਅਸਥਾਨ ਦਾ ਗੇਟ ਬਣਿਆ ਹੋਇਐ। ਇਨ੍ਹਾਂ ਇਤਿਹਾਸਕ ਗੱਲਾਂ ਕਰਕੇ ਬੰਗਾ ਇਲਾਕਾ ਸੁਨਹਿਰੀ ਇਤਿਹਾਸ ਦੀ ਹਾਮੀ ਭਰਦੈ। ਗੁਰੂਆਂ, ਭਗਤਾਂ, ਪੀਰਾਂ-ਪੈਗੰਬਰਾਂ ਦੇ ਆਸ਼ੀਰਵਾਦ ਸਦਕਾ ਹੀ ਬੰਗਿਆਂ ਦੇ ਗੀਤਕਾਰਾਂ ਤੇ ਕਲਾਕਾਰਾਂ ਦਾ ਇਕ ਵੱਖਰਾ ਇਤਿਹਾਸ ਹੈ। ਜੇ ਗੀਤਕਾਰੀ ਦੀ ਗੱਲ ਕਰੀਏ ਤਾਂ ਪਾਲ ਮਜਾਰੇ ਵਾਲੇ ਦੇ ਸ਼ਾਗਿਰਦ ਰਾਮ ਸ਼ਰਨ ਜੋਸ਼ੀਲਾ ਦਾ ਨਾਂ ਆਉਂਦਾ ਹੈ। ਜਦੋਂ ਕਲਾਕਾਰੀ ਦੀ ਗੱਲ ਚਲਦੀ ਹੈ ਤਾਂ ਰੇਸ਼ਮ ਸਿੰਘ ਰੇਸ਼ਮ ਦਾ ਨਾਂ ਆਪਣੇ ਆਪ ਜ਼ੁਬਾਨ 'ਤੇ ਆ ਜਾਂਦਾ ਹੈ। ਰੇਸ਼ਮ ਸਿੰਘ ਦਾ ਜਨਮ ਤਾਂ ਭਾਵੇਂ ਖਟਕੜ ਖੁਰਦ ਹੋਇਆ ਪਰ ਉਹਨੂੰ ਕਿਹਾ ਬੰਗਿਆਂ ਵਾਲਾ ਰੇਸ਼ਮ ਸਿੰਘ ਜਾਂਦੈ। ਬੰਗਿਆਂ ਨੂੰ ਵੀ ਰੇਸ਼ਮ ਸਿੰਘ 'ਤੇ ਪੂਰਾ ਮਾਣ ਹੈ ਜਿਸ ਨੇ ਬਾਹਰਲੇ ਮੁਲਕਾਂ 'ਚ ਬੈਠੇ ਪੰਜਾਬੀਆਂ 'ਚ ਵਧੀਆ ਆਵਾਜ਼ ਸਦਕਾ ਗਾਇਕੀ ਦੀਆਂ ਧੁੰਮਾਂ ਪਾਈਆਂ। ਇਹ ਗੱਲ ਇਤਿਹਾਸਕ ਬਣ ਗਈ ਹੈ। ਜਦੋਂ ਵੀ ਬੰਗਿਆਂ ਦੀ ਗੀਤਕਾਰੀ ਜਾਂ ਗਾਇਕੀ ਦੀ ਗੱਲ ਚੱਲਿਆ ਕਰੇਗੀ ਤਾਂ ਰੇਸ਼ਮ ਸਿੰਘ ਦਾ ਨਾਂ ਬੜੇ ਮਾਣ ਨਾਲ ਲਿਆ ਜਾਇਆ ਕਰੇਗਾ। ਕਿਸੇ ਵੀ ਚੀਜ਼ ਦਾ ਇਤਿਹਾਸ ਸਿਰਜਣਾ ਬਹੁਤ ਮੁਸ਼ਕਲ ਹੁੰਦਾ ਹੈ।

ਖਟਕੜ ਖੁਰਦ ਵਿਚ ਪਿਤਾ ਲਹਿੰਬਰ ਸਿੰਘ ਵੜੈਚ ਅਤੇ ਮਾਤਾ ਨਛੱਤਰ ਕੌਰ ਵੜੈਚ ਦੇ ਘਰ ਪੈਦਾ ਹੋਏ ਰੇਸ਼ਮ ਸਿੰਘ ਨੂੰ ਸਰੀਰ ਫਿੱਟ ਰੱਖਣ ਤੇ ਗਾਇਕੀ ਦਾ ਬੇਹਿਸਾਬ ਸ਼ੌਕ ਸੀ। ਸਰੀਰ ਨੂੰ ਤਕੜਾ ਕਰਕੇ ਕਬੱਡੀ ਖੇਡੀ ਤੇ ਗਾਉਣ ਦੇ ਸ਼ੌਕ ਨੂੰ ਪਾਲਣ ਲਈ ਸਤਨਾਮ ਸਿੰਘ ਚੰਗਿਆੜਾ ਦੇ ਗਰੁਪ ਵਿਚ ਜਾ ਸ਼ਾਮਿਲ ਹੋਇਆ। ਅਨੇਕਾਂ ਧਾਰਮਿਕ ਤੇ ਤੱਤੇ-ਠੰਢੇ ਗੀਤ ਲਿਖਣ ਵਾਲੇ ਚੰਗਿਆੜੇ ਦੀਆਂ ਸਟੇਜਾਂ 'ਤੇ ਤੁਰਲੇ ਵਾਲੀ ਪੱਗ, ਤਿੱਲੇ ਵਾਲਾ ਨੋਕਦਾਰ ਖੁੱਸਾ, ਲੰਬਾ ਕੁੜਤਾ ਤੇ ਛੱਡਵਾਂ ਚਾਦਰਾ ਲਾ ਕੇ ਵਾਰਾਂ ਗਾਉਂਦਾ ਰੇਸ਼ਮ ਸਿੰਘ ਸਰੋਤਿਆਂ ਨੂੰ ਕੀਲ ਲੈਂਦਾ। ਜਦੋਂ ਊਧਮ ਸਿੰਘ ਦੀ ਵਾਰ ਗਾਉਂਦਾ ਤਾਂ ਪੰਡਾਲ 'ਚ ਸੰਨਾਟਾ ਛਾ ਜਾਂਦਾ। ਮੈਂ ਖੁਦ ਵੀ ਇਨ੍ਹਾਂ ਦੇ ਕਈ ਪ੍ਰੋਗਰਾਮ ਵੇਖੇ ਹਨ। ਪ੍ਰੋਗਰਾਮ ਦੀ ਸ਼ੁਰੂਆਤ "ਦਸ਼ਮੇਸ਼ ਪਿਤਾ ਸਿੱਖੀ ਦਾ ਮਹਿਲ ਬਣਾ ਚੱਲਿਆ, ਵਿਚ ਇੱਟਾਂ ਦੀ ਥਾਂ ਸੀਸ ਸਿੰਘਾਂ ਦੇ ਲਾ ਚੱਲਿਆ" ਵਰਗੇ ਧਾਰਮਿਕ ਗੀਤਾਂ ਨਾਲ ਕੀਤੀ ਜਾਂਦੀ। ਪੂਰੇ ਦਮ, ਜਲੌਅ ਤੇ ਹਿੱਕ ਦੇ ਜ਼ੋਰ ਨਾਲ ਗੀਤ ਗਾਉਂਦਾ ਰੇਸ਼ਮ ਸਟੇਜ 'ਤੇ ਰੰਗ ਬੰਨ੍ਹ ਦਿੰਦਾ। ਇਸ ਗਰੁਪ ਦੇ ਦੂਜੇ ਕਲਾਕਾਰ ਬਲਜੀਤ ਬਿੰਦੂ, ਚਰਨਜੀਤ ਚੰਨੀ, ਬਲਵੀਰ ਪਦਮ ਤੇ ਖੁਦ ਚੰਗਿਆੜਾ ਸਟੇਜ ਸੰਭਾਲਦਾ। ਬੰਗਾ-ਨਵਾਂਸ਼ਹਿਰ ਇਲਾਕੇ 'ਚ ਇਸ ਗਰੁਪ ਦੀ ਉਸ ਵੇਲੇ ਪੂਰੀ ਚੜ੍ਹਤ ਸੀ। ਇਹ ਉਹ ਯੁੱਗ ਸੀ ਜਦੋਂ ਪੱਥਰ ਦੇ ਤਵੇ, ਟੇਢੇ ਮੰਜਿਆਂ 'ਤੇ ਬੜੇ-ਬੜੇ ਲਾਊਡ ਸਪੀਕਰ ਰੱਖਣੇ ਤੇ ਰੇਹੜੀਆਂ ਜੋੜ ਕੇ ਸਟੇਜ ਬਣਾਈ ਜਾਂਦੀ ਸੀ। ਜਦੋਂ ਵੀ ਇਨ੍ਹਾਂ ਦੇ ਪ੍ਰੋਗਰਾਮ ਬਾਰੇ ਕਿਤੇ ਪਤਾ ਲੱਗਦਾ ਤਾਂ ਲੋਕਾਂ ਨੇ ਵੇਖਣ ਲਈ ਸਾਈਕਲਾਂ, ਸਕੂਟਰਾਂ, ਮੋਟਰ ਸਾਈਕਲਾਂ ਅਤੇ ਟਰੈਕਟਰਾਂ 'ਤੇ ਵਹੀਰਾਂ ਘੱਤ ਲੈਣੀਆਂ। ਉਦੋਂ ਲੋਕਾਂ ਵਲੋਂ ਕਲਾਕਾਰਾਂ ਨੂੰ ਬੜਾ ਇੱਜ਼ਤ ਮਾਣ ਦਿੱਤਾ ਜਾਂਦਾ ਸੀ। ਜੋ ਅੱਜ ਕੱਲ੍ਹ ਸਭ ਕੁਝ ਬਦਲ ਗਿਐ। ਅੱਜ ਦੀ ਤਾਰੀਖ 'ਚ ਧੂਮ-ਧੜੱਕੇ ਡੀ.ਜੇ. ਵਾਲਿਆਂ ਨੇ ਕਲਾਕਾਰਾਂ ਦੀ ਉਹ ਗੱਲ ਨਹੀਂ ਰਹਿਣ ਦਿੱਤੀ। ਪੈਲੇਸਾਂ ਵਿਚ ਹੁੰਦੇ ਵਿਆਹਾਂ ਨੇ ਸਟੇਜਾਂ ਤੇ ਗਾਉਣ ਵਾਲਿਆਂ ਦੀ ਕਦਰ ਘਟਾ ਦਿੱਤੀ ਹੈ। ਪਲੇਅ ਬੈਕ ਗਾਣਾ ਤਾਂ ਰੇਸ਼ਮ ਸਿੰਘ ਰੇਸ਼ਮ "ਹਾਲ ਸੱਜਣਾ ਦਾ ਪੁੱਛ ਲੈ" ਗਾ ਰਿਹਾ ਹੁੰਦੈ ਤੇ ਸਟੇਜ 'ਤੇ ਨਕਲੀ ਰੇਸ਼ਮ ਸਿੰਘ ਉਹਦੀ ਆਵਾਜ਼ ਨਾਲ ਮੂੰਹ ਹਿਲਾ ਰਿਹਾ ਹੁੰਦੈ। ਉਹ ਰੰਗ ਬਰੰਗੇ ਕੰਡੇਰਨੇ ਵਾਂਗ ਵਾਲ ਬਣਾ ਕੇ ਟਪੂਸੀਆਂ ਮਾਰਦਾ ਇਉਂ ਹੱਥ ਮਾਰ ਰਿਹਾ ਹੁੰਦੈ ਜਿਵੇਂ ਉਹਦੇ ਮੱਖ ਲੜਦੀ ਹੋਵੇ।

ਜ਼ਿੰਦਗੀ ਦੇ ਸਾਰੇ ਰੰਗ ਵੇਖਣ ਵਾਲੇ, ਨਸ਼ਿਆਂ ਵਗੈਰਾ ਤੋਂ ਦੂਰ, ਕਲਾ ਤੋਂ ਆਪਾ ਵਾਰਨ ਵਾਲੇ ਤੇ ਬੰਗਿਆਂ ਦੇ ਮਾਣ ਰੇਸ਼ਮ ਸਿੰਘ ਨੇ ਜ਼ਿੰਦਗੀ 'ਚ ਅਨੇਕਾਂ ਦੋਗਾਣੇ, ਧਾਰਮਿਕ ਗੀਤ ਤੇ ਯੋਧਿਆਂ ਸੂਰਬੀਰਾਂ ਦੀਆਂ ਵਾਰਾਂ ਗਾ ਕੇ ਆਪਣੇ ਨਾਂ ਦੀ ਛਾਪ ਛੱਡੀ। ਸੁਰ-ਤਾਲ ਕਾਇਮ ਰੱਖਦਿਆਂ ਮੁਕਾਬਲੇ ਦੀ ਮੰਡੀ 'ਚ ਹਮੇਸ਼ਾ ਅੱਗੇ ਵਧਣ ਦੀ ਕੋਸ਼ਿਸ਼ ਕੀਤੀ। ਕਦੇ ਵੀ ਕਿਸੇ ਨਾਲ ਈਰਖਾ ਜਾਂ ਵੈਰ ਵਿਰੋਧ ਦੀ ਭਾਵਨਾ ਨਹੀਂ ਰੱਖੀ। ਹਮੇਸ਼ਾ ਜ਼ਿੰਦਗੀ ਦੇ ਅਸੂਲਾਂ 'ਚ ਰਹਿਣ ਦੀ ਕੋਸ਼ਿਸ਼ ਕੀਤੀ। ਉਠ ਰਹੇ ਨਵੇਂ ਕਲਾਕਾਰਾਂ ਨੂੰ ਅੱਗੇ ਆਉਣ ਲਈ ਪਿਆਰ ਤੇ ਹੌਂਸਲਾ ਦੇਣ ਤੇ ਵੱਡੇ ਕਲਾਕਾਰਾਂ ਨੂੰ ਪੂਰਾ ਮਾਣ ਤਾਣ ਤੇ ਇੱਜ਼ਤ ਕਰਨੀ ਆਪਣਾ ਫਰਜ਼ ਸਮਝਿਐ। ਗਾਇਕੀ ਦੇ ਬਾਬਾ ਬੋਹੜ ਲਾਲ ਚੰਦ ਯਮਲਾ ਜੱਟ ਨਾਲ ਰੇਡੀਓ ਪ੍ਰੋਗਰਾਮ ਤੇ ਕਈ ਵਾਰ 'ਕੱਠੇ ਹੋਣ ਦਾ ਮੌਕਾ ਮਿਲਿਆ। ਉਹ ਯਾਦਾਂ ਹਮੇਸ਼ਾ ਯਾਦ ਨੇ ਜੋ ਹਮੇਸ਼ਾ ਨਾਲ ਰਹਿੰਦੀਆਂ ਹਨ।

34 ਸਾਲ ਗਾਉਣਾ ਕੋਈ ਮਾਮੂਲੀ ਗੱਲ ਨਹੀਂ ਆਪਣੇ ਆਪ ਵਿਚ ਇਕ ਮਿਸਾਲ ਬਣ ਜਾਂਦੀ ਹੈ। ਆਪਣੀ ਆਵਾਜ਼ ਨੂੰ ਸਾਂਭ ਰੱਖਣਾ ਬਹੁਤ ਔਖਾ ਹੈ। ਗਾਉਣਾ ਵੀ ਗਾਇਕੀ ਦਾ ਗਹਿਰਾ ਸਮੁੰਦਰ ਹੈ। ਰਾਤੋਂ ਰਾਤ ਅਮੀਰ ਬਣਨ ਦੇ ਚੱਕਰਾਂ 'ਚ ਕਈ ਨਵੇਂ ਗਾਇਕ ਬਿਨਾਂ ਤਪੱਸਿਆ, ਬਿਨਾਂ ਰਿਆਜ਼ ਕੀਤਿਆਂ ਹੀ ਗਾਇਕੀ ਦੀ ਟੀਸੀ 'ਤੇ ਪਹੁੰਚਣਾ ਚਾਹੁੰਦੇ ਹਨ। ਅਜਿਹੇ ਤੱਤ-ਭੜੱਤੇ ਗਾਇਕ ਹਵਾ ਵਾਂਗ ਆਉਂਦੇ ਤੇ 'ਨੇਰ੍ਹੀ ਵਾਂਗ ਚਲੇ ਜਾਂਦੇ ਹਨ। ਮੁਫਤ ਦੀ ਬੱਲੇ ਬੱਲੇ 'ਚ ਪੈ ਕੇ ਹਮੇਸ਼ਾ ਲਈ ਹਵਾ 'ਚ ਗੁਆਚ ਜਾਂਦੇ ਹਨ। ਕਲਾ 'ਚ ਸਥਾਪਤ ਹੋਣ ਲਈ ਕਈ-ਕਈ ਸਾਲ ਲੱਗ ਜਾਂਦੇ ਹਨ। ਜੇ ਇਹ ਪੁਰਾਣੇ ਕਲਾਕਾਰਾਂ ਦੀ ਇੱਜ਼ਤ ਕਰਨ ਤਾਂ ਨਵੇਂ ਗਾਇਕਾਂ ਦਾ ਕੱਦ ਬੁੱਤ ਹੋਰ ਉਚਾ ਹੋ ਜਾਂਦੈ। ਭੇਡੂ ਵਾਂਗ ਨੀਲੇ ਪੀਲੇ ਵਾਲ ਰੰਗ ਕੇ ਨਵੇਂ ਕਲਾਕਾਰਾਂ ਨੂੰ ਜੇ ਅਸੀਂ ਮਾਣ ਦੇ ਸਕਦੇ ਹਾਂ ਤਾਂ ਤੁਰਲੇ ਵਾਲੀਆਂ ਪੱਗਾਂ ਬੰਨ ਕੇ ਗਾਉਣ ਵਾਲੇ ਪੁਰਾਣੇ ਕਲਾਕਾਰਾਂ ਨੂੰ ਮਾਣ ਸਤਿਕਾਰ ਕਿਉਂ ਨਹੀਂ ਦੇ ਸਕਦੇ?

ਮਾਖਿਓਂ ਮਿੱਠੀ ਪੰਜਾਬੀ ਬੋਲੀ ਦੀ ਸੇਵਾ ਕਰਨ ਵਾਲੇ ਰੇਸ਼ਮ ਸਿੰਘ ਨੂੰ ਜ਼ਿੰਦਗੀ 'ਚ ਚੰਗੇ ਚੰਗੇ ਸੰਗੀਤਕਾਰਾਂ ਨਾਲ ਗਾਣੇ ਰਿਕਾਰਡ ਕਰਾਉਣ ਦਾ ਮੌਕਾ ਮਿਲਿਆ ਜਿਵੇਂ ਚਰਨਜੀਤ ਆਹੂਜਾ, ਐਚ ਐਮ ਸਿੰਘ, ਕੇ.ਐਸ. ਨਰੂਲਾ (ਹਿੰਦੀ ਤੇ ਪੰਜਾਬੀ ਗੀਤਾਂ ਦੀ ਪ੍ਰਸਿੱਧ ਗਾਇਕਾ ਜਸਪਿੰਦਰ ਨਰੂਲਾ ਦੇ ਪਿਤਾ) ਅਤੁਲ ਸ਼ਰਮਾ, ਵਰਿੰਦਰ ਬੱਚਨ ਤੇ ਸੁਰਿੰਦਰ ਬੱਚਨ।

ਇਸੇ ਗਰੁਪ ਨੇ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਪਹਾੜਾਂ ਵਿਚ ਜੇਜੋਂ, ਵੀਰਮਪੁਰ ਅਤੇ ਨਾਨੋਵਾਲ ਵਰਗੇ ਪਿੰਡਾਂ 'ਚ ਧਾਰਮਿਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਪ੍ਰੋਗਰਾਮਾਂ ਤੋਂ ਇਲਾਵਾ ਨਗਰ ਕੀਰਤਨਾਂ ਅਤੇ ਵਿਆਹਾਂ ਸ਼ਾਦੀਆਂ 'ਤੇ ਗਾ ਕੇ ਗਾਇਕੀ ਦਾ ਲੋਹਾ ਮਨਵਾਇਆ। ਜਦੋਂ ਕਦੇ ਪਿੰਡਾਂ ਦੇ ਧਾਰਮਿਕ ਪ੍ਰੋਗਰਾਮਾਂ ਜਾਂ ਨਗਰ ਕੀਰਤਨਾਂ 'ਤੇ ਜਾਣਾ ਤਾਂ ਪਿੰਡ ਵਾਸੀਆਂ ਨੇ 'ਕੱਠੇ ਹੋ ਕੇ ਮਾਣ ਤਾਣ ਕਰਨਾ ਤੇ ਆਓ ਭਗਤ ਵਿਚ ਕੋਈ ਕਸਰ ਨਾ ਛੱਡਣੀ।

ਦੂਜੇ ਕਲਾਕਾਰਾਂ ਵਾਂਗ ਰੇਸ਼ਮ ਸਿੰਘ ਨੇ ਵੀ ਲੁਧਿਆਣੇ ਦਫਤਰ ਖੋਲ੍ਹਿਆ। ਦੀਦਾਰ ਸੰਧੂ, ਸੁਰਿੰਦਰ ਛਿੰਦਾ, ਜਗਮੋਹਣ ਕੌਰ, ਕੇ. ਦੀਪ, ਅਮਰ ਚਮਕੀਲਾ, ਰੰਗੀਲਾ ਜੱਟ, ਕੁਲਦੀਪ ਪਾਰਸ ਤੇ ਸ਼ੀਤਲ ਸਿੰਘ ਸ਼ੀਤਲ ਹੁਰਾਂ ਦੇ ਦਫਤਰਾਂ ਵਿਚਾਲੇ ਰੇਸ਼ਮ ਦਾ ਦਫਤਰ ਹੁੰਦਾ ਸੀ। ਸਵਰਗੀ ਸ਼ੀਤਲ ਨਾਲ ਵੈਸੇ ਵੀ ਕਾਫੀ ਪਿਆਰ ਹੁੰਦਾ ਸੀ।

ਪਹਿਲੀ ਕੈਸੇਟ ਜਗਮੋਹਣ ਕੌਰ ਨਾਲ 'ਸੁਣ ਮੇਰੀ ਅੰਮੀਏ ਮੇਰੇ ਦਿਲ ਦੀ' ਰਿਕਾਰਡ ਕਰਵਾਈ ਗਈ।

1982 'ਚ ਚਰਨਜੀਤ ਆਹੂਜਾ ਦੇ ਸੰਗੀਤ ਵਿਚ "ਲੈ ਜਾ ਮੇਰੀ ਹਿੱਕ ਮਿਣ ਕੇ" ਰਿਦਮ ਕੰਪਨੀ ਵਲੋਂ ਰਿਕਾਰਡ ਹੋਈ। 1983 'ਚ ਐਚ ਐਮ ਵੀ ਕੰਪਨੀ ਵੱਲੋਂ "ਡਰੈਵਰਾਂ ਦੀ ਡਾਂਗ ਖੜਕੇ" ਚਰਨਜੀਤ ਆਹੂਜਾ ਦੇ ਸੰਗੀਤ ਵਿਚ ਢਾਲੀ ਗਈ। "ਅਮਲੀ ਦੀਆਂ ਸਕੀਮਾਂ" ਨੂੰ ਕੇ ਐਸ ਨਰੂਲਾ ਦੇ ਸੰਗੀਤ ਵਿਚ ਐਚ.ਐਮ.ਵੀ. ਕੰਪਨੀ ਨੇ ਪੇਸ਼ ਕੀਤਾ। ਅਨਰੀਕੋ ਕੰਪਨੀ ਵਲੋਂ ਦੋ ਤਵੇ ਰਿਕਾਰਡ ਹੋਏ। ਟੀ ਐਮ ਸੀ ਕੰਪਨੀ ਵਲੋਂ ਧਾਰਮਿਕ ਕੈਸੇਟ "ਬੇਗਮਪੁਰੇ ਦਾ ਵਾਸੀ" ਅਤੇ "ਬਿੱਲੋ ਗਿੱਧੇ ਵਿਚ ਨੱਚ" ਦੋਵੇਂ ਸੁਰਿੰਦਰ ਬੱਚਨ ਦੇ ਸੰਗੀਤ ਵਿਚ ਰਿਕਾਰਡ ਹੋਈਆਂ। "ਬੇਗਮਪੁਰੇ ਦਾ ਵਾਸੀ" ਕੈਸੇਟ ਦੀ ਮੰਗ ਪੰਜਾਬ ਵਿਚ ਹੁਣ ਵੀ ਹੋ ਰਹੀ ਹੈ।

"ਤੇਰੀਆਂ ਬੇਰੰਗ ਚਿੱਠੀਆਂ" ਤੇ ਧਾਰਮਿਕ "ਸਾਕੇ ਸਿੰਘਾਂ ਦੇ" ਦੋਵਾਂ ਨੂੰ ਸੁਰਿੰਦਰ ਬੱਚਨ ਨੇ ਸੰਗੀਤ ਦਿੱਤਾ।



ਰੇਸ਼ਮ ਸਿੰਘ ਰੇਸ਼ਮ ਦੀ ਇਕ ਪੁਰਾਣੀ ਤਸਵੀਰ

ਇਨ੍ਹਾਂ ਕੈਸੇਟਾਂ ਨੇ ਚੰਗੀ ਵਿਕਰੀ ਕੀਤੀ।

"ਲੱਕ ਮੇਰਾ ਰੇਸ਼ਮ ਦਾ" ਰਾਮ ਸ਼ਰਨ ਜੋਸ਼ੀਲਾ ਵਲੋਂ ਲਿਖੇ ਗੀਤਾਂ ਨੂੰ ਐਚ ਐਮ ਸਿੰਘ ਦੇ ਸੰਗੀਤ ਵਿਚ ਪਰੋਇਆ ਗਿਆ। ਜ਼ਹੀਰ ਅਹਿਮਦ ਦੀ ਕੰਪਨੀ ਦੇ ਉਦਘਾਟਨ ਸਮੇਂ ਇਸ ਕੈਸੇਟ ਦੀ ਪਹਿਲੀ ਰਿਕਾਰਡਿੰਗ ਸੀ।

ਸੰਗੀਤਕਾਰ ਕੁਲਜੀਤ ਵੱਲੋਂ "ਭੋਲੀ ਅਮਰੀਕਾ ਜਾਣੀ ਐ" ਪੇਸ਼ ਕੀਤੀ ਗਈ। ਜੱਸੀ ਬ੍ਰਦਰਜ਼ ਦੇ ਸੰਗੀਤ ਵਿਚ "ਚਿੱਠੀਆਂ ਚੋਰੀਉਂ ਪਾਵਾਂ" ਰਿਕਾਰਡ ਹੋਈ। "ਹਾਲ ਸੱਜਣਾਂ ਦਾ ਪੁਛ ਲੈ" ਤੇ "ਚਿੱਠੀ ਸੱਜਣ ਦੀ ਆਈ" ਦੋਵਾਂ ਨੂੰ ਅਤੁਲ ਸ਼ਰਮਾ ਦੇ ਸੰਗੀਤ 'ਚ ਢਾਲਿਆ ਗਿਆ।

ਗੁਰਦਾਸ ਮਾਨ ਤੇ ਮਾਣਕ ਨਾਲ ਜਗਰਾਵਾਂ ਤੇ ਮਜ਼ਾਰ ਰਾਜਾ ਸਾਹਿਬ 'ਕੱਠਿਆਂ ਨੇ ਪ੍ਰੋਗਰਾਮ ਕੀਤੇ ਤੇ ਇਕ ਸਾਲ ਬਠਿੰਡਾ ਤੇ ਹਿਸਾਰ ਵਲ ਪਰਮਿੰਦਰ ਸੰਧੂ ਨਾਲ ਕਈ ਪ੍ਰੋਗਰਾਮ ਕੀਤੇ। ਇਸ ਤੋਂ ਇਲਾਵਾ ਨਰਿੰਦਰ ਬੀਬਾ, ਜਗਮੋਹਣ ਕੌਰ, ਗੁਰਮੀਤ ਬਾਵਾ, ਸੁਰਿੰਦਰ ਛਿੰਦਾ, ਅਮਰ ਚਮਕੀਲਾ, ਦੀਦਾਰ ਸੰਧੂ ਵਰਗੇ ਨਾਮਵਰ ਫ਼ਨਕਾਰਾਂ ਨਾਲ ਸਟੇਜਾਂ 'ਤੇ ਸਾਥ ਮਾਨਣ ਦਾ ਮੌਕਾ ਮਿਲਿਆ। ਦੇਵ ਥਰੀਕਿਆਂ ਵਾਲਾ, ਚੰਨ ਗੁਰਾਇਆਂ ਵਾਲਾ, ਲਾਭ ਚਤਾਮਲੀ ਵਾਲਾ, ਰਣਧੀਰ ਸਿੰਘ ਨੂਰ, ਰਾਮ ਸ਼ਰਨ ਜੋਸ਼ੀਲਾ, ਪਾਲ ਧਮਾਈ ਵਾਲਾ, ਮਲਕੀਤ ਸਿੰਘ ਜੰਮੂ, ਬਲਵਿੰਦਰ ਭੌਰਾ, ਬਾਲੂ ਜੀਂਦੋਵਾਲੀਆ, ਸਤਨਾਮ ਸਿੰਘ ਚੰਗਿਆੜਾ, ਗਿੱਲ ਝਿੰਗੜਾਂ ਵਾਲਾ (ਕਬੱਡੀ ਖਿਡਾਰੀ ਭਿੰਦੀ ਝਿੰਗੜਾਂ ਵਾਲਾ), ਪਲਭੱਦਰ ਝਿੰਗੜਾਂ ਵਾਲਾ ਤੇ ਖੁਦ ਰੇਸ਼ਮ ਸਿੰਘ ਨੇ ਆਪਣੇ ਲਿਖੇ ਗੀਤ ਗਾਏ।

ਰੇਸ਼ਮ ਸਿੰਘ ਨੇ ਆਪਣੀ ਜ਼ਿੰਦਗੀ 'ਚ ਬਹੁਤ ਗਾਇਆ। ਗਾਇਆ ਵੀ ਪੂਰੀ ਰੂਹ ਤੇ ਠੁੱਕ ਨਾਲ। ਆਪਣੇ ਪ੍ਰਸ਼ੰਸਕਾਂ/ਚਹੇਤਿਆਂ ਨੂੰ ਹਮੇਸ਼ਾ ਆਪਣੇ ਦਿਲ 'ਚ ਵਸਾਈ ਰੱਖਿਆ। ਚੌਂਤੀ-ਪੈਂਤੀ ਸਾਲਾਂ ਤੋਂ ਲਗਾਤਾਰ ਤਵੇ ਤੇ ਕੈਸਿਟਾਂ ਰਿਕਾਰਡ ਕਰਾ ਕੇ ਆਪਣੇ ਪ੍ਰਸ਼ੰਸਕਾਂ ਦੀਆਂ ਝੋਲੀਆਂ ਭਰੀ ਜਾ ਰਿਹੈ। ਹੁਣੇ ਨਵੀਂ ਆਈ ਸੀ ਡੀ "ਸੋਹਣਿਓ ਗੁੱਡ ਮੌਰਨਿੰਗ" ਰਿਕਾਰਡ ਕਰਾ ਕੇ ਆਪਣੇ ਚਾਹੁਣ ਵਾਲਿਆਂ ਨੂੰ ਨਵਾਂ ਤੋਹਫਾ ਪੇਸ਼ ਕੀਤੈ। ਇਸ ਦੇ ਗੀਤਾਂ ਨੂੰ ਪ੍ਰਸ਼ੰਸਕਾਂ ਵਲੋਂ ਬਹੁਤ ਸਲਾਹਿਆ ਜਾ ਰਿਹੈ। ਉਦੋਂ ਤੋਂ ਲੈ ਕੇ ਅੱਜ ਤੱਕ ਰੇਸ਼ਮ ਸਿੰਘ ਨੇ ਪਿੱਛਾ ਮੁੜ ਕੇ ਨਹੀਂ ਵੇਖਿਆ, ਅੱਗੇ ਤੋਂ ਅੱਗੇ ਵੱਧਦਾ ਜਾ ਰਿਹੈ। ਐਤਕੀਂ ਦੇ 23 ਮਾਰਚ ਸ਼ਹੀਦ ਭਗਤ ਸਿੰਘ ਮੇਲੇ 'ਤੇ ਐਮ ਐਲ ਏ ਜਤਿੰਦਰ ਸਿੰਘ ਕਰੀਹਾ ਤੇ ਮੇਲੇ ਦੇ ਪ੍ਰਬੰਧਕਾਂ ਵੱਲੋਂ ਵਿਸ਼ੇਸ਼ ਤੌਰ 'ਤੇ ਰੇਸ਼ਮ ਸਿੰਘ ਨੂੰ ਸੱਦਾ ਦਿੱਤਾ ਗਿਆ। ਤੂੰਬੀ 'ਤੇ ਗੀਤ ਸੁਣਦੇ ਹੀ ਸਰੋਤਿਆਂ ਨੇ ਅਥਾਹ ਪਿਆਰ ਦੇ ਕੇ ਵਡਮੁੱਲਾ ਮਾਣ ਬਖਸ਼ਿਆ। ਇਕ ਘੰਟੇ ਦੇ ਪ੍ਰੋਗਰਾਮ 'ਚ ਸਰੋਤਿਆਂ ਦੀ ਰੂਹ ਖੁਸ਼ ਕੀਤੀ।

ਸਤਨਾਮ ਸਿੰਘ ਚੰਗਿਆੜਾ ਗਰੁਪ ਦੇ ਦੂਜੇ ਕਲਾਕਾਰ ਤਾਂ ਲਗਪਗ ਸਾਰੇ ਹੀ ਰੱਬ ਨੂੰ ਪਿਆਰੇ ਹੋ ਗਏ ਪਰ ਉਸ ਗਰੁਪ ਦੇ ਆਖਰੀ ਚਿਰਾਗ ਰੇਸ਼ਮ ਸਿੰਘ ਭਾਰਤ, ਇੰਗਲੈਂਡ, ਕੈਨੇਡਾ 'ਚ ਧੂੰਮਾਂ ਪਾਉਣ ਤੋਂ ਬਾਅਦ ਹੁਣ ਅਮਰੀਕਾ 'ਚ ਕਈ ਸਾਲਾਂ ਤੋਂ ਕਲਾਕਾਰੀ ਦਾ ਜਾਦੂ ਚਲਾ ਰਿਹੈ। ਹਰ ਸਾਲ ਪੰਜਾਬ ਜਾ ਕੇ ਪੁਰਾਣੇ ਗੀਤਕਾਰਾਂ, ਸੰਗੀਤਕਾਰਾਂ ਤੇ ਪੁਰਾਣੇ ਯਾਰਾਂ ਬੇਲੀਆਂ ਦਾ ਨਿੱਘ ਮਾਣਿਆ ਜਾਂਦੈ। ਗਰੀਬ-ਗੁਰਬੇ ਦੀ ਮਦਦ ਕਰਨ ਤੋਂ ਇਲਾਵਾ ਪਿੰਡ ਦੇ ਵਿਕਾਸ ਕੰਮਾਂ 'ਚ ਵੀ ਵੱਧ ਚੜ੍ਹ ਕੇ ਹਿੱਸਾ ਪਾਇਆ ਜਾਂਦੈ। ਯਾਰਾਂ ਦੋਸਤਾਂ ਦੀਆਂ ਮਹਿਫਲਾਂ ਅਤੇ ਹੋਰ ਪ੍ਰੋਗਰਾਮਾਂ 'ਤੇ ਤੂੰਬੀ ਦੀ ਟੁਣਕਾਰ ਦੇ ਜਲਵੇ ਹਾਲੇ ਵੀ ਵਿਖਾਏ ਜਾਂਦੇ ਹਨ। ਪ੍ਰੋ. ਮੋਹਨ ਸਿੰਘ ਮੇਲੇ 'ਤੇ ਜੱਸੋਵਾਲ ਦੇ ਸੱਦਾ ਪੱਤਰ ਤੇ ਪ੍ਰੋਗਰਾਮ ਪੇਸ਼ ਕਰਨ ਦਾ ਸੁਭਾਗ ਪ੍ਰਾਪਤ ਹੋਇਐ।

ਕਹਿੰਦੇ ਨੇ ਕਿਸੇ ਵੀ ਕਾਮਯਾਬ ਇਨਸਾਨ ਦੀ ਕਾਮਯਾਬੀ ਪਿੱਛੇ ਕਿਸੇ ਨਾ ਕਿਸੇ ਦਾ ਹੱਥ ਜ਼ਰੂਰ ਹੁੰਦੈ, ਖਾਸ ਕਰਕੇ ਔਰਤ ਦਾ। ਇਹ ਬਿਲਕੁਲ ਸੱਚ ਹੈ। ਰੇਸ਼ਮ ਸਿੰਘ ਦੀ ਕਾਮਯਾਬੀ ਪਿੱਛੇ ਉਹਦੀ ਘਰ ਵਾਲੀ ਬਲਵੀਰ ਕੌਰ ਦਾ ਹੌਂਸਲਾ ਤੇ ਸਹਿਯੋਗ ਹੈ। ਜਿਸ ਨੇ ਖੁਸ਼ੀਆਂ ਗਮੀਆਂ ਨੂੰ ਆਪਣੀ ਝੋਲੀ 'ਚ ਪਾ ਕੇ ਘਰੇਲੂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਭਾਇਐ। ਸਟੇਜ ਪ੍ਰੋਗਰਾਮਾਂ 'ਤੇ ਵੀ ਕਾਫੀ ਸਾਥ ਦਿੱਤਾ ਤੇ ਆਪਣੇ ਪਤੀ ਨੂੰ ਗਾਇਕੀ ਵੱਲ ਕਾਫੀ ਉਤਸ਼ਾਹਿਤ ਕੀਤਾ। ਨੇਕ ਇਨਸਾਨ ਰੇਸ਼ਮ ਸਿੰਘ ਰੇਸ਼ਮ ਦੇ ਜੀਵਨ ਸਾਥ ਨੂੰ ਬਲਵੀਰ ਕੌਰ ਆਪਣੇ ਧੰਨ ਭਾਗ ਸਮਝਦੀ ਹੈ। ਰੇਸ਼ਮ ਸਿੰਘ ਵੀ ਜ਼ਿੰਦਗੀ ਤੋਂ ਪੂਰਾ ਖੁਸ਼ ਹੈ। ਘਰ ਦੇ ਮਾਹੌਲ ਨੂੰ ਵੇਖਦੇ ਹੋਏ ਦੋਵੇਂ ਬੇਟੀਆਂ ਸੰਗੀਤ ਦਾ ਸ਼ੌਕ ਰੱਖਦੀਆਂ ਹਨ। ਰੇਸ਼ਮ ਦੀ ਵੱਡੀ ਬੇਟੀ ਤਜਿੰਦਰ ਕੌਰ ਹਾਰਮੋਨੀਅਮ ਵਜਾ ਲੈਂਦੀ ਹੈ ਤੇ ਸ਼ਬਦ ਗਾਇਨ ਦੀ ਮੁਹਾਰਤ ਰੱਖਦੀ ਹੈ।

ਪਿਤਾ ਦੀ ਮੌਤ ਤੋਂ ਬਾਅਦ ਸਰਬਣ ਪੁੱਤ ਰੇਸ਼ਮ ਸਿੰਘ ਰੇਸ਼ਮ ਨੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਮਾਤਾ, ਭੈਣ ਤੇ ਭਰਾਵਾਂ ਨੂੰ ਕਾਨੂੰਨੀ ਤੌਰ 'ਤੇ ਅਮਰੀਕਾ ਦੇ ਪੱਕੇ ਨਾਗਰਿਕ ਬਣਾ ਕੇ ਬੀਬਾ ਪੁੱਤ ਤੇ ਚੰਗਾ ਭਰਾ ਹੋਣ ਦਾ ਸਬੂਤ ਦਿਤਾ। ਰੇਸ਼ਮ ਸਿੰਘ ਰੇਸ਼ਮ ਇਸ ਵਕਤ ਕਾਰਟਰੇਟ, ਨਿਊ ਜਰਸੀ ਵਿਚ ਆਪਣੇ ਪਰਿਵਾਰ ਨਾਲ ਰਹਿੰਦਾ ਹੈ। ਉਸ ਨਾਲ ਸੰਪਰਕ ਫੋਨ 732-925-3444 'ਤੇ ਹੋ ਸਕਦਾ ਹੈ।



ਰੇਸ਼ਮ ਸਿੰਘ ਅਤੇ ਉਹਦੀ ਘਰ ਵਾਲੀ ਬਲਵੀਰ ਕੌਰ

# ਸੰਤ ਮੁਰਾਲੇਵਾਲਿਆਂ ਦੀ ਬਰਸੀ ਵੱਡੇ ਉਤਸ਼ਾਹ ਨਾਲ ਮਨਾਈ








**ਕਰਾਊਨ ਪੁਆਇੰਟ, ਇੰਡੀਆਨਾ (ਪੰਜਾਬ ਟਾਈਮਜ਼ ਬਿਊਰੋ):** ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 60ਵੀਂ ਬਰਸੀ ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਇੰਡੀਆਨਾ ਵਲੋਂ ਸਿੱਖ ਰਿਲੀਜੀਅਸ ਸੁਸਾਇਟੀ, ਇੰਡੀਆਨਾ ਦੇ ਸਹਿਯੋਗ ਨਾਲ ਲੰਘੇ ਐਤਵਾਰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਇਕ ਮੇਲੇ ਦੇ ਰੂਪ ਵਿਚ ਮਨਾਈ ਗਈ ਜਿਸ ਵਿਚ ਸ਼ਿਕਾਗੋ, ਮਿਲਵਾਕੀ, ਇੰਡੀਅਨਐਪੋਲਿਸ, ਡਿਟਰਾਇਟ, ਗਰੈਂਡ ਰੈਪਿਡਜ਼, ਲੈਨਸਿੰਗ ਅਤੇ ਹੋਰ ਦੂਰ ਦੁਰਾਡੇ ਤੋਂ ਸ਼ਰਧਾਲੂ ਸੰਗਤਾਂ ਹੁਮ ਹੁਮਾ ਕੇ ਸ਼ਾਮਲ ਹੋਈਆਂ।

ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਭਾਰੀ ਦੀਵਾਨ ਸਜਿਆ ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਹਰਪਾਲ ਸਿੰਘ ਨੇ ਸ਼ਬਦ ਕੀਰਤਨ ਰਾਹੀਂ ਦੀਵਾਨ ਦਾ ਅਰੰਭ ਕੀਤਾ। ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ



ਸਾਹਿਬ ਭਾਈ ਅਜੀਤ ਸਿੰਘ ਦੇ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਅਰੰਭ ਕੀਤਾ ਤਾਂ ਉਸ ਸਮੇਂ ਦੀਵਾਨ ਹਾਲ ਸੰਗਤਾਂ ਨਾਲ ਖਚਾਖਚ ਭਰਿਆ ਹੋਇਆ ਸੀ। ਭਾਈ ਅਮਰਜੀਤ ਸਿੰਘ ਸਾਊਥਬੈਂਡ ਅਤੇ ਇੰਡੀਆ ਤੋਂ ਆਏ ਭਾਈ ਬਲਕਾਰ ਸਿੰਘ ਮੁਲਤਾਨੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਅਨੰਦ ਨਾਲ ਸ਼ਰਸ਼ਾਰ ਕੀਤਾ। ਉਨ੍ਹਾਂ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀਆਂ ਪੰਥਕ



ਸੇਵਾਵਾਂ ਦਾ ਵੀ ਉਚੇਚਾ ਜ਼ਿਕਰ ਕੀਤਾ।

ਇਸ ਮੌਕੇ ਬੋਲਦਿਆਂ ਜਥੇਦਾਰ ਤਾਰਾ ਸਿੰਘ ਸੱਲ੍ਹਾਂ ਅਤੇ ਲਖਵੰਤ ਸਿੰਘ ਕੋਮਲ ਨੇ ਸੰਤ ਪ੍ਰੇਮ ਸਿੰਘ ਜੀ ਦੇ ਜੀਵਨ ਉਤੇ ਚਾਨਣਾ ਪਾਇਆ ਤੇ ਕਿਹਾ ਕਿ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਇਹੋ ਹੈ ਕਿ ਅਸੀਂ ਉਨ੍ਹਾਂ ਵਲੋਂ ਦਰਸਾਏ ਗਏ ਮਾਰਗ ਉਤੇ ਚਲਦਿਆਂ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹੀਏ। ਜਥੇਦਾਰ ਤਾਰਾ ਸਿੰਘ ਨੇ ਗੁਰਦੁਆਰਾ ਕਰਾਊਨ ਪੁਆਇੰਟ ਦੀ ਪ੍ਰਬੰਧਕ ਕਮੇਟੀ ਦਾ ਉਚੇਚਾ ਧੰਨਵਾਦ ਕੀਤਾ ਜਿਸ ਨੇ ਇਹ ਸਮਾਗਮ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਸਥਾਨ ਕੇਂਦਰੀ ਸਥਾਨ ਹੈ ਅਤੇ ਇਲੀਨਾਏ, ਇੰਡੀਆਨਾ ਤੇ ਵਿਸਕਾਨਸਿਨ ਦੀਆਂ ਸੰਗਤਾਂ ਨੂੰ ਵੱਖ ਵੱਖ ਥਾਂਈਂ ਬਰਸੀ ਮਨਾਉਣ ਦੀ ਥਾਂ ਇਸ ਥਾਂ ਇਕੱਠਿਆਂ ਬਰਸੀ ਸਮਾਗਮ ਕਰਨਾ ਚਾਹੀਦਾ ਹੈ।

ਗੁਰਦੁਆਰਾ ਕਰਾਊਨ ਪੁਆਇੰਟ ਦੇ ਐਗਜ਼ੈਕਟਿਵ ਸੈਕਟਰੀ ਅਤੇ ਹੁਣ ਪ੍ਰਧਾਨ ਬਣੇ ਸ. ਗੁਰਨਾਮ ਸਿੰਘ ਸਿੱਧੂ ਨੇ ਸੰਤ ਪ੍ਰੇਮ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸੰਤ ਪ੍ਰੇਮ ਸਿੰਘ ਸੁਸਾਇਟੀ ਦੇ ਸਾਰੇ ਮੈਂਬਰਾਂ ਦੇ ਉਤਸ਼ਾਹ ਦੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਸੰਤਾਂ ਪ੍ਰਤੀ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਂਦੇ ਹੋਏ ਆਪਣੀ ਇਕ ਇਕ ਬੁਰੀ ਆਦਤ ਛਡਣ ਦਾ ਪ੍ਰਣ ਲੈ ਕੇ ਘਰ ਜਾਈਏ। ਇਸ ਮੌਕੇ ਸ. ਬਲਦੇਵ ਸਿੰਘ ਸੱਲਾਂ, ਰਾਜਬੀਰ ਸਿੰਘ ਬੋਪਾਰਾਏ ਅਤੇ ਹੋਰ ਬੁਲਾਰਿਆਂ ਨੇ ਵੀ ਸੰਤ ਮੁਰਾਲੇਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਮੰਚ ਸੰਚਾਲਨ ਗੁਰੂਘਰ ਦੇ ਜੁਆਇੰਟ ਰਿਲੀਜੀਅਸ ਸੈਕਟਰੀ ਸ. ਸੁਰਜੀਤ ਸਿੰਘ ਗਿਲਜੀਆਂ ਨੇ ਬੜੇ ਹੀ ਸੁਚੱਜੇ ਢੰਗ ਨਾਲ ਕੀਤਾ, ਜਦੋਂਕਿ ਬਲਦੇਵ ਸਿੰਘ ਸਲ੍ਹਾਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਤੋਂ ਪਹਿਲਾਂ ਦੂਰੋਂ ਨੇੜਿਓਂ ਆਈਆਂ ਸੰਗਤਾਂ ਨੇ ਗਰਮ ਗਰਮ ਛੋਲੇ-ਟਿੱਕੀ, ਭਠੂਰਿਆਂ ਅਤੇ ਜਲੇਬੀਆਂ ਤੋਂ ਇਲਾਵਾ ਭਾਂਤ ਸੁਭਾਂਤੇ ਭੋਜ ਪਦਾਰਥਾਂ ਦੇ ਲੰਗਰ ਦਾ ਨਾਸ਼ਤਾ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਸੁਸਾਇਟੀ, ਇੰਡੀਆਨਾ ਦੇ ਮੈਂਬਰ ਪੀਲੇ ਰੰਗ ਦੀਆਂ ਕਮੀਜ਼ਾਂ ਵਿਚ ਆ ਰਹੀਆਂ ਸੰਗਤਾਂ ਦੀ ਸੇਵਾ ਵਿਚ ਕੋਈ ਕਸਰ ਬਾਕੀ ਨਹੀਂ ਸਨ ਛੱਡ ਰਹੇ। ਹਰ ਇਕ ਸ਼ਰਧਾਲੂ ਨੂੰ ਵਾਰ ਵਾਰ ਪੁੱਛਿਆ ਜਾ ਰਿਹਾ ਸੀ ਕਿ ਚਾਹ-ਪਾਣੀ ਛਕਿਆ ਕਿ ਨਹੀਂ। ਝੱਟ ਹੀ ਸੰਗਤਾਂ ਵਹੀਰਾਂ ਘੱਤ ਕੇ ਇਸ ਸਮਾਗਮ ਵਿਚ ਹਿੱਸਾ ਲੈਣ ਲਈ ਪਹੁੰਚਣੀਆਂ ਸ਼ੁਰੂ ਹੋ ਗਈਆਂ ਅਤੇ ਗੁਰੂ ਘਰ ਦਾ ਪਾਰਕਿੰਗ ਲਾਟ ਨੱਕੋ ਨੱਕ ਕਾਰਾਂ ਨਾਲ ਭਰ ਗਿਆ। ਦੂਰ ਦੂਰ ਤੱਕ ਕਾਰਾਂ ਹੀ ਕਾਰਾਂ ਨਜ਼ਰ ਆ ਰਹੀਆਂ ਸਨ।

ਹਾਲ ਦੇ ਬਾਹਰ ਲੱਗੇ ਚਾਹ-ਪਾਣੀ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੇ ਸਟਾਲ ਅਤੇ ਟੈਂਟ ਮੇਲੇ ਦਾ ਮਾਹੌਲ ਸਿਰਜ ਰਹੇ ਸਨ। ਪੰਮਾ ਸ਼ਿਕਾਗੋ ਵਾਲਾ ਆਪਣੀ ਪੂਰੀ ਕੈਟਰਿੰਗ ਟੀਮ ਨਾਲ



ਪਹੁੰਚਿਆ ਹੋਇਆ ਸੀ ਅਤੇ ਗਰਮਾ ਗਰਮ ਜਲੇਬੀਆਂ, ਠੰਡੇ ਫਾਲੂਦੇ ਵਾਲੀ ਕੁਲਫੀ ਅਤੇ ਹੋਰ ਪਕਵਾਨਾਂ ਨਾਲ ਸੰਗਤਾਂ ਦੀ ਸੇਵਾ ਕਰ ਰਿਹਾ ਸੀ। ਬੱਚਿਆਂ ਨੇ ਆਈਸਕ੍ਰੀਮ ਵਾਲੇ ਸਟਾਲ ਦੇ ਦੁਆਲੇ ਝੁਰਮਟ ਪਾਇਆ ਹੋਇਆ ਸੀ। ਇਹ ਸੇਵਾ ਮਨਦੀਪ ਸਿੰਘ ਮੁਲਤਾਨੀ ਨੇ ਆਪਣੇ ਜ਼ਿੰਮੇ ਲਈ ਹੋਈ ਸੀ। ਬਹੁਤ ਸਾਰੀਆਂ ਬੀਬੀਆਂ ਲੰਗਰ ਦੀ ਸੇਵਾ ਪੂਰੀ ਸ਼ਰਧਾ ਨਾਲ ਕਰ ਰਹੀਆਂ ਸਨ।

ਇਸ ਸਮਾਗਮ ਵਿਚ ਸ਼ਿਕਾਗੋ ਤੋਂ ਲਖਵੰਤ ਸਿੰਘ ਕੋਮਲ, ਡਾ. ਹਰਜਿੰਦਰ ਸਿੰਘ ਖਹਿਰਾ, ਗੁਲਜ਼ਾਰ ਸਿੰਘ ਮੁਲਤਾਨੀ ਅਤੇ ਹੋਰ ਬਹੁਤ ਸਾਰੇ



ਸੱਜਣ ਆਪੋ ਆਪਣੇ ਪਰਿਵਾਰ ਅਤੇ ਸਾਥੀ ਲੈ ਕੇ ਪਹੁੰਚੇ ਹੋਏ ਸਨ। ਸਾਊਥਬੈਂਡ, ਇੰਡੀਆਨਾ ਤੋਂ ਕਿਰਨਜੀਤ ਸਿੰਘ (ਕਿੱਟੂ) ਬਾਵਾ ਮਿਸ਼ਵਾਕਾ ਗੁਰੂ ਘਰ ਦੀ ਸੰਗਤ ਨੂੰ ਨਾਲ ਲੈ ਕੇ ਪਹੁੰਚੇ ਹੋਏ ਸਨ। ਮਿਸ਼ੀਗਨ ਤੋਂ ਪਾਲ ਖਲੀਲ ਅਤੇ ਸ. ਜੋਗਾ ਸਿੰਘ ਖਲੀਲ ਆਪਣੇ ਪਰਿਵਾਰਾਂ ਅਤੇ ਹੋਰ ਸੰਗਤ ਨਾਲ ਹਾਜ਼ਰੀਆਂ ਭਰ ਰਹੇ ਸਨ। ਇੰਡੀਅਨਐਪੋਲਿਸ ਤੋਂ ਜਥੇਦਾਰ ਬਲਦੇਵ ਸਿੰਘ ਸੱਲ੍ਹਾਂ ਵਿਸ਼ੇਸ਼ ਬੱਸ ਵਿਚ ਸੰਗਤ ਲੈ ਕੇ ਪਹੁੰਚੇ ਸਨ। ਲੈਨਸਿੰਗ ਮਿਸ਼ੀਗਨ ਤੋਂ ਵੀ ਬਹੁਤ ਸਾਰੀ ਸੰਗਤ ਬੱਸ ਲੈ ਕੇ ਪਹੁੰਚੀ ਹੋਈ ਸੀ।

ਇਸ ਸਮੁਚੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਸ. ਕੁਲਦੀਪ ਸਿੰਘ ਟਾਂਡਾ, ਇਕਬਾਲ ਸਿੰਘ ਮਿਆਣੀ, ਪ੍ਰਿਥਪਾਲ ਸਿੰਘ ਘੋਤੜਾ, ਲਖਵਿੰਦਰ ਸਿੰਘ ਲੱਕੀ, ਸਤਵਿੰਦਰ ਸਿੰਘ ਸੱਲ੍ਹਾਂ, ਬਲਦੇਵ ਸਿੰਘ ਸੱਲ੍ਹਾਂ, ਜਸਪਾਲ ਸਿੰਘ ਭੀਵਾਲ, ਸੁਰਜੀਤ ਸਿੰਘ ਗਿਲਜੀਆਂ, ਬਲਰਾਜ ਸਿੰਘ, ਸਿਕੰਦਰ ਸਿੰਘ ਬਿੱਟੂ, ਹਰਭਜਨ ਸਿੰਘ ਭੱਦਾਸ, ਜਸਬੀਰ ਸਿੰਘ ਪਾਲੀਆ, ਕਿਰਨਜੀਤ ਸਿੰਘ ਕਿੱਟੂ, ਬਲਵਿੰਦਰ ਸਿੰਘ ਵਿੱਕੀ, ਇੰਦਰਪਾਲ ਸਿੰਘ, ਹਰਮਨਦੀਪ ਸਿੰਘ ਡਿੰਪੀ ਅਤੇ ਜਸਵੀਰ ਸਿੰਘ ਪੇਲੀਆ (ਟੇਸਟ ਆਫ ਇੰਡੀਆ) ਨੇ ਅਣਥੱਕ ਮਿਹਨਤ ਕੀਤੀ।

ਬਾਰਿਸ਼ ਦੀ ਸ਼ੁਕਰਵਾਰ ਤੋਂ ਹੀ ਸੰਭਾਵਨਾ ਬਣੀ ਹੋਈ ਸੀ ਪਰ ਕਰੀਬ 4 ਵਜੇ ਤਕ ਚਲੇ ਪ੍ਰੋਗਰਾਮ ਵੇਲੇ ਤਕ ਮੌਸਮ ਖੁਸ਼ਕ ਰਿਹਾ ਪਰ ਜਿਉਂ ਹੀ ਸੰਗਤਾਂ ਨੇ ਘਰਾਂ ਨੂੰ ਜਾਣਾ ਸ਼ੁਰੂ ਕੀਤਾ, ਵਰਖਾ ਰਾਣੀ ਨੇ ਵੀ ਆਪਣਾ ਸਬਰ ਤੋੜ ਕੇ ਖੂਬ ਨਿਹਾਲ ਕੀਤਾ।








## ਅਮਿਤਾਭ-ਜਯਾ ਨੇ ਮਨਾਈ 37ਵੀਂ ਵਰ੍ਹੇਗੰਢ

**ਨਵੀਂ ਦਿੱਲੀ :** ਬਾਲੀਵੁਡ ਦੇ ਮਹਾਨਾਇਕ ਅਮਿਤਾਭ ਬੱਚਨ ਅਤੇ ਉਨ੍ਹਾਂ ਦੀ ਪਤਨੀ ਅਤੇ ਅਦਾਕਾਰਾ ਜਯਾ ਬੱਚਨ ਨੇ ਬੀਤੀ 3 ਜੂਨ ਨੂੰ ਅਪਣੇ ਵਿਆਹ ਦੀ 37ਵੀਂ ਵਰ੍ਹੇਗੰਢ ਮਨਾਈ। ਅਮਿਤਾਭ ਦੇ ਪੁੱਤਰ ਅਤੇ ਅਦਾਕਾਰ ਅਭਿਸ਼ੇਕ ਬੱਚਨ ਨੇ ਟਵਿਟਰ 'ਤੇ ਲਿਖਿਆ, 'ਮੇਰਾ ਮਾਂ-ਬਾਪ ਨੂੰ ਇਕੱਠੇ ਰਹਿੰਦਿਆਂ 37 ਸਾਲ ਹੋ ਗਏ ਹਨ। 3 ਜੂਨ ਨੂੰ ਉਨ੍ਹਾਂ ਦੀ ਵਰ੍ਹੇਗੰਢ ਹੈ।' ਟਵਿਟਰ ਰਾਹੀਂ ਕਈ ਲੋਕਾਂ ਨੇ ਉਨ੍ਹਾਂ ਨੂੰ ਵਧਾਈ ਭਰੇ ਸੰਦੇਸ਼ ਭੇਜੇ ਹਨ। ਮਧੁਰ ਭੰਡਾਰਕਰ,ਪ੍ਰੀਤੀ ਜ਼ਿੰਟਾ, ਸਿਕੰਦਰ ਖੇਰ, ਜੇਨੇਲਿਆ ਡਿਸੂਜਾ ਅਤੇ ਕਈ ਹੋਰਾਂ ਨੇ ਉਨ੍ਹਾਂ ਨੂੰ ਵਧਾਈ ਦਿਤੀ। ਅਮਿਤਾਭ ਨੇ ਟਵਿਟਰ 'ਤੇ ਵਧਾਈ ਸੰਦੇਸ਼ਾਂ ਦਾ ਜਵਾਬ ਦਿੰਦੇ ਹੋਏ ਲਿਖਿਆ ਕਿ ਜਿਨ੍ਹਾਂ ਲੋਕਾਂ ਨੇ ਸਾਡੀ ਵਿਆਹ ਦੀ ਵਰ੍ਹੇਗੰਢ 'ਤੇ ਸਾਨੂੰ ਸੰਦੇਸ਼ ਭੇਜੇ ਹਨ, ਮੈਂ ਉਨ੍ਹਾਂ ਨੂੰ ਜਯਾ ਅਤੇ ਅਪਣੇ ਵਲੋਂ ਉਨ੍ਹਾਂ ਦੇ ਪਿਆਰ ਅਤੇ ਖ਼ੁਸ਼ੀ ਲਈ ਧਨਵਾਦ ਕਰਦਾ ਹਾਂ। ਉਨ੍ਹਾਂ ਕਿਹਾ ਕਿ ਸਾਰੇ ਸੰਦੇਸ਼ਾਂ ਦਾ ਵੱਖ-ਵੱਖ ਜਵਾਬ ਦੇਣਾ ਤਾਂ ਮੁਸ਼ਕਲ ਹੈ ਇਸ ਲਈ ਮੈਂ ਸਾਰਿਆਂ ਦਾ ਹੀ ਧੰਨਵਾਦ ਕਰਦਾ ਹਾਂ। ਇਸ ਖ਼ਾਸ ਦਿਨ ਅਭਿਸ਼ੇਕ ਬੱਚਨ ਇਕ ਫ਼ਿਲਮ ਦੀ ਸ਼ੂਟਿੰਗ ਕਰਨ ਲਈ ਤੁਰਕੀ ਵਿਚ ਹਨ ਜਦਕਿ ਐਸ਼ਵਰਿਆ ਵੀ ਪੈਰਿਸ ਵਿਚ ਹੈ।



## ਹੁਣ ਚੇਤੇ ਆਉਂਦੀ ਏ ਮਾਂ ਨਰਗਿਸ ਦੱਤ-ਸੰਜੇ


**ਨਵੀਂ ਦਿੱਲੀ :** ਬੀਤੀ 1 ਜੂਨ ਨੂੰ ਸੰਜੇ ਦੱਤ ਨੇ ਅਪਣੀ ਮਾਂ ਨਰਗਿਸ ਦੱਤ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਯਾਦ ਕੀਤਾ। ਦੱਤ ਨੇ ਕਿਹਾ ਕਿ ਉਹ ਅਪਣੀ ਮਾਂ ਦੀ ਮੌਤ ਦੇ 29 ਸਾਲ ਬਾਅਦ ਵੀ ਉਨ੍ਹਾਂ ਨੂੰ ਕਾਫ਼ੀ ਯਾਦ ਕਰਦੇ ਹਨ। ਜ਼ਿਕਰਯੋਗ ਹੈ ਕਿ ਨਰਗਿਸ ਦੀ ਮੌਤ ਕੈਂਸਰ ਕਾਰਨ 1981 ਵਿਚ ਹੋ ਗਈ ਸੀ ਅਤੇ ਮੰਗਲਵਾਰ ਨੂੰ ਉਨ੍ਹਾਂ ਦਾ 81ਵਾਂ ਜਨਮ ਦਿਨ ਸੀ। ਟਵਿਟਰ 'ਤੇ ਸੰਜੇ ਦੱਤ ਨੇ ਲਿਖਿਆ ਹੈ ਕਿ ਮੇਰੀ ਮਾਂ 29 ਸਾਲ ਪਹਿਲਾਂ ਮੈਨੂੰ ਛੱਡ ਕੇ ਚਲੀ ਗਈ ਸੀ। ਮੈਂ ਰੱਬ ਨੂੰ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਮਿਲੇ। ਮੈਨੂੰ ਪਤਾ ਹੈ ਕਿ ਉਹ ਜਿਥੇ ਵੀ ਹੋਵੇਗੀ, ਉਹ ਖ਼ੁਸ਼ ਹੋਵੇਗੀ। ਨਰਗਿਸ ਨੇ 1935 ਵਿਚ ਪਹਿਲੀ ਵਾਰ ਬਾਲ ਕਲਾਕਾਰ ਦੇ ਤੌਰ 'ਤੇ ਤਲਾਸ਼-ਏ-ਹਕ ਤੋਂ ਅਪਣਾ ਫ਼ਿਲਮੀ ਕੈਰੀਅਰ ਸ਼ੁਰੂ ਕੀਤਾ ਸੀ। ਫ਼ਿਲਮ 'ਤਮੰਨਾ' ਤੋਂ ਉਨ੍ਹਾਂ ਨੂੰ ਇਕ ਅਦਾਕਾਰਾ ਦੇ ਤੌਰ 'ਤੇ ਪਛਾਣ ਮਿਲੀ। ਨਰਗਿਸ ਨੇ ਅਪਣੇ ਕੈਰੀਅਰ ਵਿਚ ਬਰਸਾਤ, ਅੰਦਾਜ਼, ਅਵਾਰਾ, ਦੀਦਾਰ, ਸ੍ਰੀ 420 ਅਤੇ ਚੋਰੀ-ਚੋਰੀ ਵਰਗੀਆ ਸਫ਼ਲ ਫ਼ਿਲਮਾਂ ਵਿਚ ਕੰਮ ਕੀਤਾ। ਉਨ੍ਹਾਂ ਨੂੰ ਅੱਜ ਵੀ ਆਸਕਰ ਐਵਾਰਡਾਂ ਲਈ ਨਾਮਜ਼ਦ ਫ਼ਿਲਮ 'ਮਦਰ ਇੰਡੀਆ' ਵਿਚ ਅਦਾਕਾਰੀ ਲਈ ਯਾਦ ਕੀਤਾ ਜਾਂਦਾ ਹੈ। ਇਹ ਫ਼ਿਲਮ 1957 ਵਿਚ ਬਣੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਸੁਨੀਲ ਦੱਤ ਨਾਲ ਵਿਆਹ ਕਰ ਲਿਆ ਸੀ।






## ਰਾਕੇਸ਼ ਰੌਸ਼ਨ 'ਤੇ ਧੋਖਾਧੜੀ ਦਾ ਕੇਸ ਦਰਜ

**ਪਟਨਾ :** ਪਟਨਾ ਦੀ ਇੱਕ ਅਦਾਲਤ 'ਚ ਫ਼ਿਲਮ ਡਿਸਟ੍ਰੀਬਿਊਟਰ ਨੇ ਕਾਇਟਸ ਫ਼ਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਰਾਕੇਸ਼ ਰੌਸ਼ਨ ਸਮੇਤ ਤਿੰਨ ਹੋਰਨਾਂ ਖਿਲਾਫ਼ ਧੋਖਾਧੜੀ ਦਾ ਇੱਕ ਮਾਮਲਾ ਦਰਜ ਕੀਤਾ ਹੈ। ਜਸਟਿਸ ਅਕਸ਼ੇ ਕੁਮਾਰ ਦੀ ਅਦਾਲਤ ਵਿਚ ਬੀਤੇ ਦਿਨੀਂ ਸ੍ਰੀ ਸ਼ਰੇਸ਼ਠਾ ਫ਼ਿਲਮ ਦੇ ਡਿਸਟ੍ਰੀਬਿਊਟਰ ਕੁਮਾਰ ਵਿਜੇ ਸਿੰਘ ਨੇ ਫ਼ਿਲਮ ਕਰਾਫਟ ਪ੍ਰੋਡਕਸ਼ਨ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਰਾਕੇਸ ਰੌਸ਼ਨ ਅਤੇ ਕੰਪਨੀ ਦੀ ਸਹਿ ਨਿਰਮਾਤਾ ਸੁਨੈਨਾ ਰੌਸ਼ਨ, ਰਿਲਾਂਇਸ ਬਿੱਗ ਇੰਟਰਟੇਨਮੈਂਟ ਪ੍ਰਾਈਵੇਟ ਲਿਮਟਿਡ ਦੇ ਸੀ ਈ ਓ ਸ਼ਿਲਾਸ਼ੀਸ ਸਰਕਾਰ ਅਤੇ ਕੰਪਨੀ ਦੇ ਸੀ ਸੀ ਓ ਕਮਲ ਮੀਰ ਚੰਦਾਨੀ ਖਿਲਾਫ਼ ਮਾਮਲਾ ਦਰਜ ਕੀਤਾ।



## ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਮੇਰੇ ਪੈਰਾਂ 'ਚ ਆ ਕੇ ਬੈਠਦੇ ਨੇ-ਬਾਬਾ ਰਾਮਦੇਵ

**ਬੇਤੀਆ :** ਵਿਵਾਦਤ ਬਿਆਨਾਂ ਕਾਰਨ ਹਮੇਸ਼ਾ ਚਰਚਾ ਵਿਚ ਰਹਿਣ ਵਾਲੇ ਯੋਗ ਗੁਰੂ ਬਾਬਾ ਰਾਮਦੇਵ ਦੀ ਜ਼ੁਬਾਨ ਮੁੜ ਫਿਸਲ ਗਈ ਹੈ। ਬਿਹਾਰ ਦੇ ਬੇਤੀਆ ਸ਼ਹਿਰ ਵਿਚ ਬਾਬਾ ਰਾਮਦੇਵ ਨੇ ਬੀਤੀ 6 ਜੂਨ ਨੂੰ ਇਕ ਭਰੀ ਸਭਾ ਦੌਰਾਨ ਕਿਹਾ ਕਿ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਸਾਰੇ ਉਨ੍ਹਾਂ ਦੇ ਪੈਰਾਂ ਵਿਚ ਆ ਕੇ ਬੈਠਦੇ ਹਨ। ਕੁਝ ਸਮਾਂ ਪਹਿਲਾਂ ਸਿਆਸੀ ਪਾਰਟੀ ਬਨਾਉਣ ਕਾਰਨ ਚਰਚਾ ਵਿਚ ਆਏ ਬਾਬਾ ਰਾਮਦੇਵ ਨੇ ਕਿਹਾ ਕਿ ਉਨ੍ਹਾਂ ਨੂੰ ਸਿਆਸੀ ਪਾਰਟੀ ਬਨਾਉਣ ਦੀ ਕੀ ਲੋੜ ਹੈ ਜਦੋਂ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵਰਗੇ ਉਚ ਆਗੂ ਵੀ ਉਨ੍ਹਾਂ ਦੇ ਕਦਮਾਂ ਵਿਚ ਬੈਠਦੇ ਹਨ। ਬਾਬਾ ਰਾਮਦੇਵ ਦੇ ਇਸ ਬਿਆਨ ਤੋਂ ਉਨ੍ਹਾਂ ਦਾ ਘੁਮੰਡ ਸਾਫ਼ ਝਲਕ ਰਿਹਾ ਸੀ। ਉਨ੍ਹਾਂ ਕਿਹਾ, "ਮੈਨੂੰ ਸਿਆਸੀ ਤਾਕਤ ਦੀ ਲੋੜ ਨਹੀਂ ਕਿਉਂਕਿ ਪ੍ਰਧਾਨ ਮੰਤਰੀ, ਮੁੱਖ ਮੰਤਰੀ ਅਤੇ ਪੂਰਾ ਸਿੰਘਾਸਨ ਹੀ ਮੇਰੇ ਪੈਰਾਂ ਵਿਚ ਆ ਕੇ ਬੈਠਦਾ ਹੈ। ਮੈਂ ਉਸ ਸਿੰਘਾਸਨ 'ਤੇ ਕਿਉਂ ਬੈਠਾਂ ਜੋ ਮੇਰੇ ਪੈਰਾਂ ਵਿਚ ਹੈ।" ਉਨ੍ਹਾਂ ਕਿਹਾ ਕਿ ਜਦੋਂ ਪਾਪ ਸਿਖ਼ਰਾਂ 'ਤੇ ਹੁੰਦਾ ਹੈ ਤਾਂ ਉਸ ਦਾ ਅੰਤ ਆਉਂਦਾ ਹੈ। ਹੁਣ ਭ੍ਰਿਸ਼ਟ ਆਗੂਆਂ ਦਾ ਵੀ ਅੰਤ ਹੋਣ ਵਾਲਾ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਇਮਾਨਦਾਰ, ਜ਼ੁੰਮੇਵਾਰ ਅਤੇ ਦੇਸ਼ ਭਗਤ ਵਿਅਕਤੀ ਹੀ ਸਿੰਘਾਸਨ 'ਤੇ ਬੈਠਣ।



## ਚੀਨ 'ਚ ਜੱਜਾਂ ਨੂੰ ਗੋਲੀਆਂ ਨਾਲ ਉਡਾਇਆ

**ਹਾਂਗ ਕਾਂਗ :** ਚੀਨ ਦੇ ਸ਼ਹਿਰ ਹੂਨਾਨ ਵਿਚ ਖਚਾ ਖਚ ਭਰੀ ਅਦਾਲਤ ਵਿਚ ਇਕ 46 ਸਾਲ ਦੇ ਚੀਨੇ ਨੇ ਤਿੰਨ ਜੱਜਾਂ ਨੂੰ ਗੋਲੀ ਮਾਰ ਦਿਤੀ ਅਤੇ ਨਾਲ ਬੈਠੇ ਤਿੰਨ ਸਟਾਫ਼ ਮੈਬਰਾਂ ਨੂੰ ਜ਼ਖਮੀ ਕਰ ਦਿਤਾ। ਇਸ ਤੋਂ ਬਾਅਦ ਅਦਾਲਤ ਵਿਚ ਹਫ਼ੜਾ ਦਫ਼ੜੀ ਮੱਚ ਗਈ। ਬਾਅਦ ਵਿਚ ਇਸ ਵਿਅਕਤੀ ਨੇ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਇਸ ਵਿਅਕਤੀ ਦਾ ਨਾਂ ਜੂ ਜੰਨ ਸੀ। ਇਸ ਦਾ ਘਰ ਵਾਲੀ ਨਾਲ ਤਲਾਕ ਹੋ ਚੁੱਕਿਆ ਸੀ ਪਰ ਜਾਇਦਾਦ ਦਾ ਮੁਕੱਦਮਾ ਚੱਲ ਰਿਹਾ ਸੀ। ਇਸ ਦੀ ਕੋਈ ਔਲਾਦ ਨਹੀਂ ਸੀ ਅਤੇ ਅਪਣੇ ਬੁੱਢੇ ਮਾਪਿਆਂ ਨਾਲ ਰਹਿ ਰਿਹਾ ਸੀ। ਇਹ ਅਪਣੀ ਪਤਨੀ ਨੂੰ ਜ਼ਮੀਨ ਵਿਚੋਂ ਹਿੱਸਾ ਨਹੀਂ ਸੀ ਦੇਣਾਂ ਚਾਹੁੰਦਾ। ਤਿੰਨ ਸਾਲ ਕੇਸ ਚਲਦੇ ਨੂੰ ਹੋ ਗਏ ਸਨ। ਹਰ ਰੋਜ਼ ਦੀਆਂ ਤਰੀਕਾਂ ਤੋਂ ਤੰਗ ਆ ਕੇ ਇਸ ਨੇ ਜੱਜਾਂ ਨੂੰ ਮਾਰਨ ਦੀ ਯੋਜਨਾ ਬਣਾਈ। ਇਹ ਦੋ ਪਿਸਤੌਲ ਤੇ ਇਕ ਆਟੋਮੈਟਿਕ ਰਾਈਫ਼ਲ ਲੈ ਕੇ ਇਹ ਆਖ ਕੇ ਦਾਖ਼ਲ ਹੋਇਆ ਕਿ ਇਨ੍ਹਾਂ ਹਥਿਆਰਾਂ ਦੀ ਜਾਂਚ ਕਰਵਾਉਣੀ ਹੈ।

## ਸਪੇਨੀ ਲੇਖਕ ਵਲੋਂ ਸਿੰਘਵੀ ਖਿਲਾਫ਼ ਮੁਕੱਦਮੇ ਦੀ ਧਮਕੀ

### ਲਾਲ ਸਾੜ੍ਹੀ ਵਿਵਾਦ

**ਨਵੀਂ ਦਿੱਲੀ :** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਜ਼ਿੰਦਗੀ ਸੰਬੰਧੀ ਕਥਿਤ ਤੌਰ 'ਤੇ ਕਾਲਪਨਿਕ ਵੇਰਵਿਆਂ ਭਰੀ, ਸਪੇਨੀ ਲੇਖਕ ਹਾਵੀਅਰ ਮੋਰੋ ਵਲੋਂ ਲਿਖੀ ਕਿਤਾਬ ਬਾਰੇ ਵਿਵਾਦ ਭਖਦਾ ਜਾ ਰਿਹਾ ਹੈ। ਲੇਖਕ ਨੇ ਸੋਨੀਆ ਦੇ ਵਕੀਲ ਅਭਿਸ਼ੇਕ ਸਿੰਘਵੀ ਉਤੇ ਮੁਕੱਦਮਾ ਕਰਨ ਦੀ ਧਮਕੀ ਦਿੱਤੀ ਹੈ ਅਤੇ ਕਿਹਾ ਹੈ ਕਿ ਭਾਰਤ ਵਿਚ ਕਿਤਾਬ ਪ੍ਰਕਾਸ਼ਿਤ ਕਰਨ ਲਈ ਉਸ ਨੂੰ ਕਿਸੇ ਦੀ ਮਨਜ਼ੂਰੀ ਨਹੀਂ ਚਾਹੀਦੀ। ਦੂਜੇ ਪਾਸੇ ਸਿੰਘਵੀ ਨੇ ਮੋਰੋ ਵਲੋਂ ਲਾਏ ਦੋਸ਼ਾਂ ਨੂੰ ਹਾਸੋਹੀਣਾ ਕਰਾਰ ਦਿੱਤਾ ਹੈ।

ਇਹ ਕਿਤਾਬ ਪਹਿਲਾਂ ਸਾਲ 2008 ਵਿਚ ਸਪੇਨੀ ਭਾਸ਼ਾ ਵਿਚ ਛਪੀ ਸੀ ਅਤੇ ਹੁਣ ਇਸਦਾ ਅੰਗਰੇਜੀ ਐਡੀਸ਼ਨ ਭਾਰਤ ਵਿਚ ਰਿਲੀਜ਼ ਲਈ ਤਿਆਰ ਹੈ। ਕਾਂਗਰਸ ਪ੍ਰਧਾਨ ਦੇ ਵਕੀਲ ਵਲੋਂ ਇਸ ਵਿਚ ਸ਼ਾਮਲ ਗੱਲਾਂ ਨੂੰ ਝੂਠ ਕਰਾਰ ਦੇਣ ਮਗਰੋਂ ਇਸ ਸੰਬੰਧੀ ਵਿਵਾਦ ਖੜ੍ਹਾ ਹੋ ਗਿਆ ਅਤੇ ਉਸ ਨੇ ਮੋਰੋ ਨੂੰ ਕਾਨੂੰਨੀ ਨੋਟਿਸ ਵੀ ਭੇਜਿਆ ਹੈ। ਸਿੰਘਵੀ ਉਤੇ ਪ੍ਰਕਾਸ਼ਕਾਂ ਨੂੰ ਧਮਕਾਉਣ ਦਾ ਦੋਸ਼ ਲਗਾਉਂਦਿਆਂ ਮੋਰੋ ਨੇ ਕਿਹਾ ਕਿ ਸਿੰਘਵੀ ਨੇ ਅੰਗਰੇਜ਼ੀ ਭਾਸ਼ਾ ਵਿਚ ਇਹ ਕਿਤਾਬ ਗੈਰ-ਕਾਨੂੰਨੀ ਢੰਗ ਨਾਲ ਹਾਸਲ ਕੀਤੀ ਹੈ। ਇਸ ਲਈ ਉਹ ਸਿੰਘਵੀ ਉਤੇ ਮੁਕੱਦਮਾ ਕਰਨ ਦੀ ਯੋਜਨਾ ਬਣਾ ਰਿਹਾ ਹੈ। ਮੇਰੋ ਨੇ ਦੱਸਿਆ ਕਿ ਕਾਂਗਰਸ ਪਾਰਟੀ ਨਹੀਂ ਸਗੋਂ ਵਕੀਲ ਅਭਿਸ਼ੇਕ ਸਿੰਘਵੀ ਉਸ ਨੂੰ ਡਰਾ ਰਿਹਾ ਹੈ। ਕਾਂਗਰਸ ਪਾਰਟੀ ਨਾਲ ਇਸ ਦਾ ਕੋਈ ਲੈਣਾ-ਦੇਣਾ ਨਹੀਂ। ਇਸ ਨਾਲ ਫਜ਼ੂਲ ਅਤੇ ਬੇਤੁਕਾ ਵਿਵਾਦ ਸ਼ੁਰੂ ਹੋ ਗਿਆ ਹੈ।

ਦੂਜੇ ਪਾਸੇ ਸ੍ਰੀ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਮੋਰੋ ਨੂੰ ਨੋਟਿਸ ਲਗਭਗ ਛੇ ਮਹੀਨੇ ਪਹਿਲਾਂ ਭੇਜਿਆ ਗਿਆ ਸੀ। ਇਸ ਸਬੰਧੀ ਮੋਰੋ ਦੀਆਂ ਟਿੱਪਣੀਆਂ ਹਾਸੋਹੀਣੀਆਂ ਹਨ। ਜਾਪਦਾ ਹੈ ਕਿ ਮੋਰੋ ਕਾਨੂੰਨ ਬਾਰੇ ਕੁਝ ਨਹੀਂ ਜਾਣਦਾ। ਸ੍ਰੀ ਸਿੰਘਵੀ ਮੁਤਾਬਕ ਉਹ ਤਾਂ ਸਿਰਫ ਵਕੀਲ ਹਨ ਅਤੇ ਨੋਟਿਸ ਸ੍ਰੀਮਤੀ ਗਾਂਧੀ ਵਲੋਂ ਹੀ ਭੇਜਿਆ ਗਿਆ ਹੈ।

ਸ੍ਰੀਮਤੀ ਗਾਂਧੀ ਦੇ ਜੀਵਨ ਦੇ ਕਥਿਤ ਕਾਲਪਨਿਕ ਵੇਰਵੇ ਵਾਲੀ ਇਸ ਕਿਤਾਬ ਵਿਚ ਉਨ੍ਹਾਂ ਦੇ ਜਨਮ ਸਥਾਨ ਇਟਲੀ, ਰਾਜੀਵ ਗਾਂਧੀ ਨਾਲ ਵਿਆਹ ਅਤੇ ਰਾਜੀਵ ਦੀ ਹੱਤਿਆ ਮਗਰੋਂ ਹੰਢਾਏ ਮਾੜੇ ਸਮੇਂ ਦਾ ਜ਼ਿਕਰ ਕੀਤਾ ਗਿਆ ਹੈ। ਹਾਵੀਅਰ ਮੋਰੋ ਮਸ਼ਹੂਰ ਕਿਤਾਬ 'ਫਾਈਵ ਪਾਸਟ ਮਿਡਨਾਈਟ' ਦਾ ਸਹਿ ਲੇਖਕ ਹੈ ਅਤੇ ਉਸ ਨੇ ਹੋਰ ਵੀ ਕਈ ਕਿਤਾਬਾਂ ਲਿਖੀਆਂ ਹਨ।

## ਭ੍ਰਿਸ਼ਟਾਚਾਰ ਦੇ ਦੋਸ਼ੀ ਪਰਵਾਸੀ ਭਾਰਤੀ ਨੂੰ ਕੈਦ

**ਲੰਡਨ :** ਬੀਤੀ 6 ਜੂਨ ਨੂੰ ਉਤਰ-ਪੱਛਮੀ ਇੰਗਲੈਂਡ ਦੇ ਸ਼ਰੋਪਸ਼ਾਇਰ ਵਿਚ ਲਰਨਿੰਗ ਐਂਡ ਸਕਿੱਲਜ਼ ਕੌਂਸਲ (ਐਲ.ਐਸ.ਸੀ.) ਰਾਹੀਂ ਜਹਾਜ਼ਾਂ ਦੇ ਰੱਸੇ ਆਦਿ ਬੰਨ੍ਹਣ ਦੀ ਸਿਖਲਾਈ ਦੇ ਠੇਕੇ ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਭਾਰਤੀ ਮੂਲ ਦੇ ਇਕ ਬਰਤਾਨਵੀ ਨਾਗਰਿਕ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸ਼ਲਿੰਦਰ ਸਿੰਘ ਸਿੱਧੂ (46) ਨਾਂ ਦਾ ਇਹ ਵਿਅਕਤੀ ਐਲ.ਐਸ.ਸੀ. ਦੇ ਸ਼ਰੋਪਸ਼ਾਇਰ ਵਿਚਲੇ ਦਫਤਰ ਵਿਚ ਮਾਰਕੀਟਿੰਗ ਕੋਆਰਡੀਨੇਟਰ ਵਜੋਂ ਕੰਮ ਕਰਦਾ ਸੀ। ਅਦਾਰੇ ਦੇ ਡਾਇਰੈਕਟਰ ਉਸ ਦੇ ਸਾਥੀ ਪਾਲ ਕੇਂਟ (46) ਨੂੰ ਸਾਢੇ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਇਸ ਤੋਂ ਇਲਾਵਾ ਇਸੇ ਕੰਪਨੀ ਵਿਚ ਕੰਮ ਕਰਦੇ ਜੌਹਨ ਸਟੂਆਰਟ ਫੋਰਡ (58) ਅਤੇ ਰੇਬੈਕਾ ਹੋਇਲ (46) ਨੂੰ ਕ੍ਰਮਵਾਰ ਦੋ ਅਤੇ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਬਰਮਿੰਘਮ ਕਰਾਊਨ ਕੋਰਟ ਵਿਚ ਸਿੱਧੂ ਨੇ ਭ੍ਰਿਸ਼ਟਾਚਾਰ ਰੋਕ ਐਕਟ 1906 ਤਹਿਤ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਦੋ ਮਾਮਲਿਆਂ ਵਿਚ ਗੁਨਾਹ ਕਬੂਲ ਲਿਆ ਸੀ, ਪਰ ਦੋ ਹੋਰ ਮਾਮਲਿਆਂ ਵਿਚ ਉਸ ਨੇ ਅਜਿਹਾ ਨਹੀਂ ਕੀਤਾ।

## ਵਿਧਾਨ ਪ੍ਰੀਸ਼ਦ ਲਈ ਬਿਨਾਂ ਮੁਕਾਬਲਾ ਚੁਣੀ ਗਈ ਮਾਇਆ

**ਲਖਨਊ :** ਉਤਰ ਪ੍ਰਦੇਸ਼ ਵਿਧਾਨ ਪ੍ਰੀਸ਼ਦ ਦੀਆਂ 13 ਸੀਟਾਂ ਲਈ 2 ਸਾਲ ਬਾਅਦ ਹੋਣ ਵਾਲੀ ਚੋਣ 'ਚ ਮੁੱਖ ਮੰਤਰੀ ਮਾਇਆਵਤੀ ਸਮੇਤ ਸਾਰੇ 13 ਮੈਂਬਰ ਬੀਤੀ 3 ਜੂਨ ਨੂੰ ਬਿਨਾਂ ਮੁਕਾਬਲਾ ਚੁਣੇ ਗਏ। ਨਾਮ ਵਾਪਸ ਲੈਣ ਦਾ ਵੀਰਵਾਰ ਅੰਤਿਮ ਦਿਨ ਸੀ। ਕਿਸੇ ਉਮੀਦਵਾਰ ਵਲੋਂ ਨਾਂ ਵਾਪਸ ਨਾ ਲੈਣ ਦੇ ਐਲਾਨ ਦੇ ਨਾਲ ਹੀ ਸਭ ਉਮੀਦਵਾਰਾਂ ਨੂੰ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤਾ ਗਿਆ। ਵਿਧਾਨ ਪ੍ਰੀਸ਼ਦ ਦੀਆਂ 13 ਸੀਟਾਂ ਲਈ 13 ਹੀ ਉਮੀਦਵਾਰਾਂ ਨੇ ਪਰਚੇ ਭਰੇ ਸਨ। ਇਹ ਸਾਰੇ 13 ਉਮੀਦਵਾਰ ਹੁਣ ਜਿੱਤ ਗਏ ਹਨ। ਜਿੱਤਣ ਵਾਲਿਆਂ 'ਚ ਭਾਜਪਾ ਦੇ ਹਿਰਦੇ ਨਰਾਇਣ ਅਤੇ ਕਾਂਗਰਸ ਦੇ ਨਸੀਬ ਵੀ ਸ਼ਾਮਿਲ ਹਨ। ਹੁਣ ਬਸਪਾ ਦੇ 100 ਮੈਂਬਰੀ ਵਿਧਾਨ ਪ੍ਰੀਸ਼ਦ 'ਚ 65 ਮੈਂਬਰ ਹੋ ਗਏ ਹਨ।

## ਹੈਲੀ ਨਾਲ ਬਣਾਏ ਸਨ ਸੈਕਸ ਸੰਬੰਧ-ਲੈਰੀ ਮਰਚੈਂਟ



### ਨਿੱਕੀ ਹੈਲੀ 'ਤੇ ਨਸਲੀ ਟਿੱਪਣੀ

**ਵਾਸ਼ਿੰਗਟਨ :** ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਅਤੇ ਬੌਬੀ ਜਿੰਦਲ ਪਿਛੋਂ ਭਾਰਤੀ ਮੂਲ ਦੇ ਕਿਸੇ ਹੋਰ ਵਿਅਕਤੀ ਵਲੋਂ ਅਮਰੀਕਾ ਦਾ ਗਵਰਨਰ ਬਣਨ ਦੀ ਇੱਛਾ ਰੱਖਣ ਵਾਲੀ ਰਿਪਬਲਿਕਨ ਪਾਰਟੀ ਦੀ ਉਮੀਦਵਾਰ ਨਿੱਕੀ ਹੈਲੀ 'ਤੇ ਇਕ ਸਿਆਸੀ ਪ੍ਰਚਾਰਕ ਨੇ ਗੰਭੀਰ ਦੋਸ਼ ਲਾਏ ਹਨ। ਉਸ ਦਾ ਕਹਿਣਾ ਹੈ ਕਿ ਉਸ ਨੇ ਹੈਲੀ ਨਾਲ ਇਕ ਰਾਤ ਬਿਤਾਈ ਹੈ। ਹੈਲੀ 'ਤੇ ਇਹ ਦੋਸ਼ ਦੱਖਣੀ ਕੈਰੋਲੀਨਾ ਦੀ ਮੰਨੀ-ਪ੍ਰਮੰਨੀ ਸ਼ਖਸੀਅਤ ਲੈਰੀ ਮਰਚੈਂਟ ਨੇ ਲਾਏ ਹਨ। ਮਰਚੈਂਟ ਨੇ ਸੀ.ਐਨ.ਐਨ. ਨੂੰ ਦਸਿਆ ਕਿ ਸਾਲਟਲੇਕ ਸਿਟੀ ਵਿਚ 2 ਸਾਲ ਪਹਿਲਾਂ ਇਕ ਸਕੂਲ ਦੇ ਸੰਮੇਲਨ ਦੌਰਾਨ ਉਸ ਨੇ ਹੈਲੀ ਨਾਲ ਸਿਰਫ ਇਕ ਰਾਤ ਲਈ ਸੈਕਸ ਸੰਬੰਧ ਬਣਾਏ ਸਨ। ਉਂਝ ਉਨ੍ਹਾਂ ਇਹ ਮੰਨਿਆ ਕਿ ਇਸ ਗੱਲ ਨੂੰ ਸਾਬਿਤ ਕਰਨ ਲਈ ਉਨ੍ਹਾਂ ਕੋਲ ਕੋਈ ਸਬੂਤ ਨਹੀਂ ਹੈ। ਦੂਜੇ ਪਾਸੇ ਹੈਲੀ ਨੇ ਇਸ ਗੱਲ ਨੂੰ ਇਕ ਸਿਰਿਓਂ ਰੱਦ ਕਰਦਿਆਂ ਕਿਹਾ ਕਿ ਇਹ ਇਕ ਹਾਰੇ ਹੋਏ ਉਮੀਦਵਾਰ ਦੇ ਸਲਾਹਕਾਰ ਵਲੋਂ ਦਿੱਤਾ ਗਿਆ ਗਲਤ ਅਤੇ ਅਤਿਅੰਤ ਨਫਰਤ ਭਰਿਆ ਬਿਆਨ ਹੈ। ਚੋਣਾਂ ਦੇ ਆਖਰੀ ਹਫਤੇ ਇਹ ਬਿਆਨ ਦੇਣਾ ਹੋਰ ਵੀ ਗਲਤ ਹੈ। ਹੈਲੀ ਦੀ ਚੋਣ ਮੁਹਿੰਮ ਦੇ ਪ੍ਰਬੰਧਕ ਟਿਮ ਨੇ ਬੀਤੇ ਹਫਤੇ ਵੀਰਵਾਰ ਵਾਲੇ ਦਿਨ ਇਥੇ ਕਿਹਾ ਕਿ ਜਿਵੇਂ-ਜਿਵੇਂ ਹੈਲੀ ਦੀ ਚੋਣ ਵਿਚ ਚੜ੍ਹ ਮਚ ਰਹੀ ਹੈ, ਤਿਵੇਂ ਤਿਵੇਂ ਉਨ੍ਹਾਂ ਦੇ ਵਿਰੋਧੀ ਹੇਠਲੇ ਦਰਜ ਦੇ ਬਿਆਨ ਜਾਰੀ ਕਰ ਰਹੇ ਹਨ। ਦੱਸਣਾ ਬਣਦਾ ਹੈ ਕਿ ਹੇਲੀ ਵੈਸੇ ਤਾਂ ਸਿੱਖ ਪਰਿਵਾਰ ਵਿਚ ਜਨਮੀ ਹੈ, ਪਰ ਉਹ ਆਪਣੇ ਆਪ ਨੂੰ ਮੈਥੇਡਿਸਟ (ਵੈਸਲੇ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਵਲੋਂ ਚਲਾਇਆ ਹੋਇਆ ਚਰਚ) ਦੱਸਦੀ ਹੈ। ਇਹ ਵਜ੍ਹਾ ਹੈ ਕਿ ਉਨ੍ਹਾਂ ਨੂੰ ਅਰਬ ਦੇਸ਼ਾਂ ਦੇ ਲੋਕਾਂ ਵਾਂਗ ਅਤੇ ਹੋਰ ਭਾਈਚਾਰਿਆਂ ਵਾਂਗ ਸਿਰ 'ਤੇ ਪਗੜੀ ਬੰਨਣ ਵਾਲੀ ਕਹਿ ਕੇ ਨਸਲੀ ਟਿੱਪਣੀ ਕੀਤੀ ਗਈ ਹੈ। ਨਸਲੀ ਟਿੱਪਣੀ ਕਰਨ ਵਾਲੇ ਸੈਨੇਟਰ ਨੌਟਸ ਦਾ ਕਹਿਣਾ ਸੀ ਕਿ ਸਾਡੇ ਵਾਈਟ ਹਾਊਸ ਵਿਚ ਪਹਿਲਾਂ ਤੋਂ ਹੀ ਇੱਕ ਪਗੜੀ ਬੰਨਣ ਵਾਲਾ ਮੌਜੂਦ ਹੈ, ਇਸ ਲਈ ਸਾਨੂੰ ਅਜਿਹੇ ਹੀ ਇੱਕ ਹੋਰ ਗਵਰਨਰ ਦੀ ਕੋਈ ਲੋੜ ਨਹੀਂ ਹੈ। ਇੱਕ ਰਿਪੋਰਟ ਮੁਤਾਬਕ ਨੌਟਸ ਨੇ ਨਿੱਕੀ ਹੈਲੀ ਦੇ ਮਾਤਾ-ਪਿਤਾ ਅਤੇ ਪਰਿਵਾਰ ਨੂੰ ਲੈ ਕੇ ਵੀ ਕੁਝ ਗੱਲਾਂ ਕਹੀਆਂ ਹਨ। ਹੈਲੀ ਦੇ ਪ੍ਰਚਾਰ ਮੁਹਿੰਮ ਦੇ ਪ੍ਰਬੰਧਕ ਟਿਮ ਪਿਅਰਸਨ ਦਾ ਕਹਿਣਾ ਹੈ ਕਿ ਨੌਟਸ ਨੇ ਅਜਿਹੀ ਟਿੱਪਣੀ ਕਰਕੇ ਰਾਜ ਨੂੰ ਸ਼ਰਮਸਾਰ ਕੀਤਾ ਹੈ ਅਤੇ ਵੋਟਾਂ ਪਾਉਣ ਵਾਲੀ ਸਾਊਥ ਕੈਰੋਲੀਨਾ ਦੀ ਜਨਤਾ ਉਨ੍ਹਾਂ ਨੂੰ ਇਹ ਗੱਲ ਸਾਫ਼ ਤੌਰ 'ਤੇ ਸਮਝਾ ਦੇਵੇਗੀ। ਹਾਲਾਂਕਿ ਨੌਟਸ ਦਾ ਕਹਿਣਾ ਹੈ ਕਿ ਉਨ੍ਹਾਂ ਵਲੋਂ ਬੋਲੇ ਗਏ ਸ਼ਬਦ ਗਲਤ ਸਨ ਅਤੇ ਉਹ ਆਪਣੀ ਇਸ ਟਿੱਪਣੀ 'ਤੇ ਅਫਸੋਸ ਪ੍ਰਗਟ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਮੇਰੀ ਟਿੱਪਣੀ ਓਬਾਮਾ ਅਤੇ ਹੈਲੀ ਬਾਰੇ ਮਜ਼ਾਕ ਕਰਨ ਲਈ ਸੀ।

## ਵਿਦੇਸ਼ੀ ਸਰਕਾਰਾਂ ਵਲੋਂ ਸੋਨੀਆ ਗਾਂਧੀ ਨੂੰ ਮਹਿੰਗੇ ਤੋਹਫੇ

**ਨਵੀਂ ਦਿੱਲੀ :** ਵਿਦੇਸ਼ੀ ਸਰਕਾਰਾਂ ਵੀ ਦੇਸ਼ ਦੇ ਆਗੂਆਂ ਦਾ ਅਸਰ ਰਸੂਖ਼ ਵੇਖ ਕੇ ਹੀ ਉਨ੍ਹਾਂ ਨੂੰ ਤੋਹਫ਼ੇ ਦਿੰਦੀਆਂ ਹਨ। ਪਿਛਲੇ ਪੰਜ ਸਾਲਾਂ ਦੌਰਾਨ ਸਰਕਾਰੀ ਦੌਰਿਆਂ 'ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲੇ ਤੋਹਫ਼ਿਆਂ ਦੀ ਔਸਤ ਕੀਮਤ ਜਿਥੇ 11,938 ਰੁਪਏ ਸੀ, ਉਥੇ ਹੀ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਨੂੰ ਮਿਲੇ ਤੋਹਫ਼ਿਆਂ ਦੀ ਔਸਤ ਕੀਮਤ 1.43 ਲੱਖ ਰੁਪਏ ਸੀ। ਇਹ ਜਾਣਕਾਰੀ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਵਿਦੇਸ਼ ਮੰਤਰਾਲੇ ਤੋਂ ਮਿਲੇ ਜਵਾਬ ਦੇ ਵਿਸ਼ਲੇਸ਼ਣ ਤੋਂ ਮਿਲੀ ਹੈ। ਡਾ. ਸਿੰਘ ਨੂੰ ਪਿਛਲੇ ਪੰਜ ਸਾਲਾਂ ਦੌਰਾਨ ਲਗਭਗ 21 ਲੱਖ ਰੁਪਏ ਦੇ 176 ਤੋਹਫ਼ੇ ਮਿਲੇ, ਉਥੇ ਸੋਨੀਆ ਗਾਂਧੀ ਨੂੰ ਮਿਲੇ ਪੰਜ ਤੋਹਫ਼ਿਆਂ ਦੀ ਕੀਮਤ 7.15 ਲੱਖ ਰੁਪਏ ਹੈ। ਸਰਕਾਰੀ ਵਫ਼ਦ ਦੇ ਮੈਂਬਰ ਵਜੋਂ ਵਿਦੇਸ਼ ਜਾਣ ਵਾਲੇ ਆਗੂਆਂ ਨੂੰ ਪੰਜ ਹਜ਼ਾਰ ਰੁਪਏ ਤੋਂ ਜ਼ਿਆਦਾ ਦੇ ਤੋਹਫ਼ੇ ਨੂੰ ਸਰਕਾਰੀ ਤੋਸ਼ੇਖ਼ਾਨੇ ਵਿਚ ਜਮ੍ਹਾਂ ਕਰਵਾਉਣਾ ਹੁੰਦਾ ਹੈ। ਇਨ੍ਹਾਂ ਪੰਜ ਸਾਲਾਂ ਵਿਚ ਸਰਕਾਰੀ ਵਫ਼ਦ ਦੇ ਮੈਂਬਰਾਂ ਨੇ ਕੁਲ 270 ਤੋਹਫ਼ੇ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕਰਵਾਏ। ਪ੍ਰਧਾਨ ਮੰਤਰੀ ਨੂੰ ਮਿਲੇ ਤੋਹਫ਼ਿਆਂ ਵਿਚ ਡਿਨਰ ਸੈੱਟ, ਦਰੀ, ਔਰਤਾਂ ਦੀ ਗੁੱਟ ਘੜੀ, ਦੁੱਧ ਰੱਖਣ ਵਾਲਾ ਭਾਂਡਾ, ਸ਼ਰਾਬ, ਬੱਕਰੀ ਦੀ ਮੂਰਤੀ, ਮਿਊਜ਼ਿਕ ਸਿਸਟਮ, ਗਲੇ ਦਾ ਹਾਰ, ਮੇਜ਼ 'ਤੇ ਰੱਖਣ ਵਾਲੀ ਘੜੀ, ਲੱਕੜ ਦੀ ਟਰੇਅ ਅਤੇ ਐਲ.ਸੀ.ਡੀ. ਟੀ.ਵੀ. ਸ਼ਾਮਲ ਹਨ। ਸੋਨੀਆ ਗਾਂਧੀ ਨੂੰ ਮਿਲੇ ਤੋਹਫ਼ਿਆਂ ਵਿਚ 1.90 ਲੱਖ ਰੁਪਏ ਦੀ ਕੀਮਤ ਦਾ ਸੋਨੇ ਦਾ ਹਾਰ, ਪੰਜ ਲੱਖ ਰੁਪਏ ਦਾ ਹਾਰ, ਕੁੰਡਲ, ਅੰਗੂਠੀ ਅਤੇ ਕੰਗਣ ਤੋਂ ਇਲਾਵਾ ਚਾਂਦੀ ਦਾ ਕੌਫ਼ੀ ਸੈੱਟ, ਸ਼ੀਸ਼ੇ ਦੇ ਬਕਸੇ ਵਿਚ ਬੰਦ ਕਿਸ਼ਤੀ ਦਾ ਮਾਡਲ ਅਤੇ ਪੇਂਟਿੰਗ ਸ਼ਾਮਲ ਹਨ।

ਵਿਦੇਸ਼ ਯਾਤਰਾ ਦੌਰਾਨ ਡਾ. ਮਨਮੋਹਨ ਸਿੰਘ ਨੂੰ ਇਕ ਦੇਸ਼ ਵਲੋਂ ਜ਼ੈਬਰੇ ਦੀ ਖੱਲ ਭੇਟ ਕੀਤੀ ਗਈ ਜਿਸ ਉਪਰ ਭਾਰਤ ਵਿਚ ਪਾਬੰਦੀ ਹੈ। ਇਸੇ ਤਰ੍ਹਾਂ ਸਾਬਕਾ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੂੰ ਹਾਥੀ ਦੰਦਾਂ ਵਾਲਾ ਬਕਸਾ ਭੇਟ ਕੀਤਾ ਗਿਆ ਪਰ ਹਾਥੀ ਦੰਦਾਂ ਨਾਲ ਬਣੀਆਂ ਵਸਤਾਂ ਉਪਰ ਵੀ ਦੇਸ਼ ਵਿਚ ਪਾਬੰਦੀ ਹੈ।



## ਯਾਤਰੀਆਂ ਨੂੰ ਕਾਮਰੇਡ ਨਾ ਕਹਿਣ ਦੇ ਹੁਕਮ

**ਪੇਇਚਿੰਗ :** ਮਾਓਵਾਦੀ ਦਾਰਸ਼ਨਿਕਤਾ ਤੋੜਨ ਦੇ ਯਤਨਾਂ ਤਹਿਤ ਪੇਇਚਿੰਗ ਦੇ ਬੱਸ ਸਟਾਫ ਨੂੰ ਅਪੀਲ ਕੀਤੀ ਗਈ ਹੈ ਕਿ ਯਾਤਰੀਆਂ ਨੂੰ 'ਕਾਮਰੇਡ' ਕਹਿ ਕੇ ਬੁਲਾਉਣ ਦੀ ਬਜਾਇ ਉਹ ਉਨ੍ਹਾਂ ਨੂੰ 'ਸਰ' ਜਾਂ 'ਮੈਡਮ' ਕਹਿ ਕੇ ਸੰਬੋਧਨ ਕਰਨ। ਆਪਣੀ ਦਫਤਰੀ ਭਾਸ਼ਾ 'ਚੋਂ 'ਕਾਮਰੇਡ' ਸ਼ਬਦ ਹਟਾਉਂਦਿਆਂ ਪੇਇਚਿੰਗ ਦੀ ਗਲੋਬਲ ਟਾਈਮਜ਼ ਬੱਸ ਕੰਪਨੀ ਨੇ ਕਿਹਾ ਕਿ ਇਹ ਸ਼ਬਦ ਹੁਣ ਸਮਾਂ ਵਿਹਾਅ ਚੁੱਕਾ ਹੈ ਅਤੇ ਕਈ ਵਾਰ ਇਸ ਦੇ ਸੰਬੋਧਨ ਵੇਲੇ ਹਾਸੋਹੀਣੀ ਸਥਿਤੀ ਬਣ ਜਾਂਦੀ ਹੈ। ਇਹ ਸ਼ਬਦ ਜਪਾਨੀਆਂ ਰਾਹੀਂ ਸੋਵੀਅਤ ਰੂਸ ਤੋਂ 1930 ਵਿਚ ਚੀਨ 'ਚ ਆਇਆ ਸੀ। ਇਸ ਦਾ ਅਨੁਵਾਦ ਦੋਉਸੀ ਕੀਤਾ ਸੀ ਜਿਸ ਦਾ ਅਰਥ ਵੀ ਇਕੋ ਸੀ। 1949 ਤੋਂ ਬਾਅਦ ਹਰ ਕੋਈ ਆਪਣੇ ਆਪ ਨੂੰ ਕ੍ਰਾਂਤੀਕਾਰੀ ਮੰਨਦਾ ਸੀ ਅਤੇ ਇਕ-ਦੂਜੇ ਨੂੰ 'ਕਾਮਰੇਡ' ਕਹਿ ਬੁਲਾਉਣ ਦਾ ਜ਼ੁਬਾਨੀ ਸੰਕੇਤ ਸੀ ਕਿ ਉਹ ਇਕੋ ਜਿਹੇ ਕ੍ਰਾਂਤੀਕਾਰੀ ਨਜ਼ਰੀਏ ਦੀ ਸਾਂਝ ਪਾ ਰਹੇ ਹਨ। 90ਵੇਂ ਦਹਾਕੇ ਦੇ ਸ਼ੁਰੂ ਵਿਚ ਇਹ ਚੁਟਕਲਾ ਬਣ ਗਿਆ ਕਿ ਇਕ ਪੁਲੀਸ ਅਫਸਰ ਜੇਬ ਕਤਰੇ ਨੂੰ ਫੜਦਾ ਹੈ ਅਤੇ ਕਹਿੰਦਾ ਹੈ, 'ਕਾਮਰੇਡ ਤੈਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ।'

# ਬਰਤਾਨੀਆ ਵਲੋਂ ਕੋਹਿਨੂਰ ਹੀਰਾ ਭਾਰਤ ਨੂੰ ਮੋੜਨ ਤੋਂ ਇਨਕਾਰ

**ਲੰਡਨ:** ਕੋਹਿਨੂਰ ਹੀਰਾ ਅਤੇ ਸੁਲਤਾਨਗੰਜ ਦੀ ਕਾਂਸੀ ਨਾਲ ਬਣੀ ਬੁੱਧ ਦੀ ਮੂਰਤੀ ਵਰਗੇ ਕਲਾ ਦੇ ਬਹੁਮੁੱਲੇ ਨਮੂਨੇ ਮੋੜਨ ਦੀ ਭਾਰਤ ਦੀ ਬੇਨਤੀ ਬ੍ਰਿਟੇਨ ਨੇ ਰੱਦ ਕਰ ਦਿੱਤੀ ਹੈ। ਕੋਹਿਨੂਰ ਹੀਰਾ ਅਤੇ ਹੋਰ ਕਲਾਕ੍ਰਿਤੀਆਂ ਨੂੰ ਭਾਰਤ ਤੋਂ ਬ੍ਰਿਟਿਸ਼ ਰਾਜ ਦੌਰਾਨ ਚੁਰਾਇਆ ਗਿਆ ਸੀ। ਬ੍ਰਿਟੇਨ ਨੇ ਇਕ ਕਾਨੂੰਨ ਦਾ ਹਵਾਲਾ ਦੇ ਕੇ ਭਾਰਤ ਦੀ ਬੇਨਤੀ ਨਾ-ਮਨਜ਼ੂਰ ਕਰ ਦਿੱਤੀ ਹੈ। ਵਿਦੇਸ਼ ਅਤੇ ਰਾਸ਼ਟਰਮੰਡਲ ਦਫਤਰ ਨੇ ਕਿਹਾ ਹੈ ਕਿ ਬ੍ਰਿਟੇਨ ਅਜਾਇਬਘਰ ਐਕਟ 1963 ਸਾਡੇ ਰਾਸ਼ਟਰੀ ਅਜਾਇਬ ਘਰਾਂ ਨੂੰ ਚੀਜ਼ਾਂ ਹਟਾਉਣ ਦੀ ਆਗਿਆ ਨਹੀਂ ਦਿੰਦਾ। ਭਾਰਤੀ ਪੁਰਾਤਤਵ ਸਰਵੇਖਣ ਦੇ ਡਾਇਰੈਕਟਰ ਜਨਰਲ ਗੌਤਮ ਸੇਨ ਗੁਪਤਾ ਦੀ ਇਕ ਅਪੀਲ ਦੇ ਜਵਾਬ ਵਿਚ ਵਿਦੇਸ਼ ਅਤੇ ਰਾਸ਼ਟਰਮੰਡਲ ਦਫਤਰ ਨੇ ਇਹ ਬਿਆਨ ਦਿੱਤਾ ਹੈ। ਓਧਰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਛੇਵੀਂ ਪੁਸ਼ਤ ਦੇ ਵਾਰਸ ਕੰਵਰ ਕਰਵਿੰਦਰਪਾਲ ਸਿੰਘ ਅਤੇ ਕੰਵਰ ਮੀਤ ਪਾਲ ਸਿੰਘ ਨੇ ਐਲਾਨ ਕੀਤਾ ਹੈ ਕਿ ਜੇਕਰ ਕੋਹਿਨੂਰ ਹੀਰਾ ਮਿਲਿਆ ਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਅਰਪਿਤ ਕਰਾਂਗੇ। ਕੋਹਿਨੂਰ ਹੀਰੇ ਵਰਗੀ ਅਨਮੋਲ ਵਸਤੂ ਨੂੰ ਸੁਸ਼ੋਭਿਤ ਕਰਨ ਲਈ ਢੁਕਵਾਂ ਤੇ ਸਹੀ ਸਥਾਨ ਸ੍ਰੀ ਹਰਿਮੰਦਰ ਸਾਹਿਬ ਹੀ ਹੋ ਸਕਦਾ ਹੈ।

ਪੰਜਾਬ ਦੇ ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਕਸਬਾ ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਵਸਿਆ ਇਹ ਸਿੱਖ ਘਰਾਣਾ ਮਹਾਰਾਜਾ ਸ਼ੇਰ ਸਿੰਘ ਦੇ ਵਾਰਸ ਕੰਵਰ ਕਰਵਿੰਦਰਪਾਲ ਸਿੰਘ ਅਤੇ ਕੰਵਰ ਮੀਤਪਾਲ ਸਿੰਘ ਨੇ ਅਟਾਰੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਕਈ ਸਾਲਾਂ ਤੋਂ ਕੋਹਿਨੂਰ ਹੀਰੇ ਦੀ ਪ੍ਰਾਪਤੀ ਲਈ ਯਤਨ ਕਰ ਰਹੇ ਹਨ ਅਤੇ ਹੁਣ ਯੂਨੈਸਕੋ ਦੀ ਸਹਾਇਤਾ ਨਾਲ ਪ੍ਰਾਪਤ ਕਰਨ ਲਈ ਯਤਨਸ਼ੀਲ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ 21 ਮਾਰਚ, 2001 ਨੂੰ ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈਥ ਨੂੰ ਪੱਤਰ ਲਿਖ ਕੇ ਕੋਹਿਨੂਰ ਹੀਰੇ ਦੀ ਮੰਗ ਕੀਤੀ ਸੀ, ਜਿਸ ਦੇ ਜਵਾਬ ਵਿਚ ਇੰਗਲੈਂਡ ਦੀ ਮਹਾਰਾਣੀ ਨੇ ਬਰਮਿੰਘਮ ਪੈਲੇਸ ਦੇ ਲੈਟਰ ਪੈਡ 'ਤੇ 5 ਅਪਰੈਲ, 2001 ਨੂੰ ਪੱਤਰ ਲਿਖ ਕੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਕੋਹਿਨੂਰ ਹੀਰੇ ਦੀ ਮੰਗ 'ਤੇ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ।

ਕੰਵਰ ਕਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਉਹ ਕੋਹਿਨੂਰ ਹੀਰੇ ਦੀ ਪ੍ਰਾਪਤੀ ਲਈ ਕਾਨੂੰਨੀ ਮਾਹਿਰਾਂ ਦੀ ਰਾਇ ਲੈ ਕੇ ਆਪਣਾ ਪੱਖ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਬਰਤਾਨਵੀ ਸਰਕਾਰ ਵਲੋਂ ਜ਼ਬਤ ਕੀਤੀ ਗਈ ਮਹਾਰਾਜਾ ਦੀ ਜਾਇਦਾਦ 'ਤੇ ਸਰਕਾਰ ਆਪਣਾ ਹੱਕ ਜਿਤਾ ਸਕਦੀ ਹੈ, ਪਰ ਕੋਹਿਨੂਰ ਹੀਰਾ ਮਹਾਰਾਜਾ ਦੇ ਵਾਰਸਾਂ ਨੂੰ ਹੀ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਹੀਰਾ ਵਾਰਸਾਂ ਨੂੰ ਹੀ ਮਿਲਦਾ ਹੈ ਤਾਂ ਉਹ ਇਸ ਨੂੰ ਸਿੱਖ ਕੌਮ ਦੀ ਮਲਕੀਅਤ ਸਮਝ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਪਿਤ ਕਰਨਗੇ। ਉਨ੍ਹਾਂ ਕਿਹਾ ਕਿ ਦੂਜੇ ਵਿਸ਼ਵ ਯੁੱਧ ਦੌਰਾਨ ਅਮਰੀਕਾ, ਇਟਲੀ ਅਤੇ ਮਿਸਰ ਦੀਆਂ ਲੁੱਟੀਆਂ ਹੋਈਆਂ ਕਲਾਕ੍ਰਿਤਾਂ ਉਨ੍ਹਾਂ ਨੂੰ ਵਾਪਸ ਕਰ ਚੁੱਕਾ ਹੈ। ਇਸ ਲਈ ਬਰਤਾਨਵੀਂ ਸਰਕਾਰ ਨੂੰ ਵੀ ਪੰਜਾਬ ਤੋਂ ਲੁੱਟਿਆ ਸਿੱਖ ਰਾਜ ਦਾ ਕੋਹਿਨੂਰ ਹੀਰਾ,



**'ਕੋਹਿਨੂਰ ਹੀਰਾ ਹਰਿਮੰਦਰ ਸਾਹਿਬ ਨੂੰ ਅਰਪਿਤ ਕਰਾਂਗੇ'**

ਖਾਲਸਾ ਦਰਬਾਰ ਦੇ ਤੋਸ਼ਾਖਾਨਾ ਵਿਚਲੇ ਬੇਸ਼ਕੀਮਤੀ ਹੀਰੇ-ਜਵਾਹਰਾਤ ਅਤੇ ਜ਼ੇਵਰਾਤ ਵਾਪਸ ਕਰਨੇ ਚਾਹੀਦੇ ਹਨ।

ਜ਼ਿਕਰਯੋਗ ਹੈ ਕਿ ਵਿਦੇਸ਼ਾਂ ਵਿਚ ਪਈਆਂ ਵਿਰਾਸਤੀ ਵਸਤਾਂ ਨੂੰ ਵਾਪਸ ਲਿਆਉਣ ਦਾ ਮਸਲਾ ਕੋਹਿਨੂਰ ਹੀਰੇ ਅਤੇ ਸੁਲਤਾਨਗੰਜ ਦੀ ਕਾਂਸੀ ਦੀ ਬੁੱਧ ਦੀ ਮੂਰਤੀ ਦੇ ਹਵਾਲੇ ਨਾਲ ਮੁੜ ਚਰਚਾ ਵਿਚ ਆਇਆ ਹੈ। ਕੋਹਿਨੂਰ ਹੀਰੇ, ਇਸ ਦੀ ਵਿਰਾਸਤ ਅਤੇ ਇਸ ਨੂੰ ਵਾਪਸ ਲਿਆਉਣ ਦਾ ਮੁੱਦਾ ਲਗਾਤਾਰ ਦਿਲਚਸਪੀ ਦਾ ਕੇਂਦਰ ਬਣਿਆ ਹੋਇਆ ਹੈ। ਯਾਦ ਰਹੇ ਅੰਗਰੇਜ਼ਾਂ ਨੇ ਜਦੋਂ ਪੰਜਾਬ ਨੂੰ ਆਪਣੇ ਸਾਮਰਾਜ ਵਿਚ ਮਿਲਾ ਲਿਆ ਸੀ ਤਾਂ 1852 ਵਿਚ ਦਲੀਪ ਸਿੰਘ ਨੂੰ ਕੋਹਿਨੂਰ ਹੀਰਾ ਇੰਗਲੈਂਡ ਦੀ ਮਹਾਰਾਣੀ ਨੂੰ ਭੇਟ ਕਰਨ ਲਈ ਮਜਬੂਰ ਕੀਤਾ ਗਿਆ ਸੀ। ਇਸ ਬੇਸ਼ਕੀਮਤੀ ਹੀਰੇ ਦਾ ਇਤਿਹਾਸ ਕਰੀਬ ਸਾਢੇ ਸੱਤ ਸੌ ਸਾਲਾ ਲੰਬਾ ਹੈ। ਇਹ ਹੀਰਾ ਜੰਗਾਂ-ਯੁੱਧਾਂ, ਖੂਨ-ਖਰਾਬੇ, ਲੁੱਟ-ਖਸੁੱਟ, ਧੋਖਾਧੜੀ ਅਤੇ ਸ਼ਾਨੋ-ਸ਼ੌਕਤ ਦਾ ਸਬੱਬ ਬਣਦਾ ਰਿਹਾ ਹੈ। ਇਸ ਦੀ ਮਲਕੀਅਤ ਬਦਲਦੀ ਰਹੀ ਹੈ। ਇਸੇ ਕਾਰਨ ਇਸ ਹੀਰੇ 'ਤੇ ਭਾਰਤ ਤੋਂ ਇਲਾਵਾ ਪਾਕਿਸਤਾਨ, ਇਰਾਨ ਅਤੇ ਅਫਗਾਨਿਸਤਾਨ ਨੇ ਵੀ ਕਈ ਵਾਰ ਹੱਕ ਜਤਾਇਆ ਹੈ। ਪਾਕਿਸਤਾਨ ਦੇ ਮਰਹੂਮ ਪ੍ਰਧਾਨ ਮੰਤਰੀ ਜ਼ੁਲਫੀਕਾਰ ਅਲੀ ਭੁੱਟੋ ਨੇ ਆਪਣੇ ਹਮਰੁਤਬਾ ਤੇ ਸਮਕਾਲੀ ਜੇਮਸ ਕੈਲੇਗਨ ਨੂੰ 1976 ਵਿਚ ਚਿੱਠੀ ਲਿਖ ਕੇ ਕੋਹਿਨੂਰ ਉੱਤੇ ਆਪਣਾ ਹੱਕ ਜਤਾਇਆ ਸੀ। ਭੁੱਟੋ ਦੀ ਦਲੀਲ ਸੀ ਕਿ ਕੋਹਿਨੂਰ ਹੀਰਾ ਜਿਸ ਥਾਂ ਤੋਂ ਇੰਗਲੈਂਡ ਦੀ ਮਹਾਰਾਣੀ ਕੋਲ ਗਿਆ, ਉਹ ਹੁਣ ਪਾਕਿਸਤਾਨ ਵਿਚ ਪੈਂਦਾ ਹੈ। ਭੁੱਟੋ ਨੇ ਇੰਗਲੈਂਡ ਦੀ ਨੈਤਿਕ ਜ਼ਿੰਮੇਵਾਰੀ ਯਾਦ ਕਰਵਾਉਂਦਿਆਂ ਦਲੀਲ ਦਿੱਤੀ ਸੀ ਕਿ ਇਹ ਹੀਰਾ ਵਾਪਸ ਕਰਕੇ ਇੰਗਲੈਂਡ ਇਹ ਸਾਬਤ ਕਰ ਸਕਦਾ ਹੈ ਕਿ ਉਸ ਨੇ ਆਪਣੇ ਲੁੱਟ-ਖਸੁੱਟ ਵਾਲੇ ਸਾਮਰਾਜਵਾਦੀ ਪਿਛੋਕੜ ਨੂੰ ਪਿੱਛੇ ਛੱਡ ਦਿੱਤਾ ਹੈ। ਇਸੇ ਤਰ੍ਹਾਂ ਭਾਰਤ ਵਿਚੋਂ ਬਹੁਤ ਸਾਰੇ ਵਿਅਕਤੀ ਨਿੱਜੀ ਤੌਰ 'ਤੇ ਇਸ ਹੀਰੇ ਨੂੰ ਵਾਪਸ ਲਿਆਉਣ ਲਈ ਤਰੱਦਦ ਕਰ ਚੁੱਕੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕਈ ਜਥੇਬੰਦੀਆਂ ਇਸ ਹੀਰੇ ਨੂੰ ਵਾਪਸ ਲਿਆਉਣ ਦੀ ਮੁਹਿੰਮ ਦਾ ਹਿੱਸਾ ਰਹੀਆਂ ਹਨ। ਇਸ ਮੁਹਿੰਮ ਵਿਚ ਭਾਰਤ ਦੇ ਪੁਰਾਤਤਵ ਮਹਿਕਮੇ ਦਾ ਸ਼ਾਮਲ ਹੋ ਜਾਣਾ ਸਵਾਗਤਯੋਗ ਹੈ। ਇਸ ਨਾਲ ਮੁਹਿੰਮ ਨੂੰ ਨਵਾਂ ਹੁਲਾਰਾ ਮਿਲੇਗਾ। ਵਿਰਾਸਤੀ ਵਸਤਾਂ 'ਤੇ ਵਿਦੇਸ਼ੀ ਕਬਜ਼ੇ ਜਾਂ ਮਲਕੀਅਤ ਦਾ ਮਸਲਾ ਲਗਭਗ ਉਨ੍ਹਾਂ ਸਾਰੇ ਮੁਲਕਾਂ ਨਾਲ ਜੁੜਿਆ ਹੋਇਆ ਹੈ ਜੋ ਕਦੇ ਵਿਦੇਸ਼ੀ ਸਾਮਰਾਜਵਾਦੀਆਂ ਦੇ ਗੁਲਾਮ ਰਹੇ ਹਨ। ਵੱਖ-ਵੱਖ ਦੇਸ਼ਾਂ ਦੀਆਂ ਬੇਸ਼ਕੀਮਤੀ ਵਿਰਾਸਤੀ ਵਸਤਾਂ ਨਾਲ ਸਾਮਰਾਜਵਾਦੀ ਮੁਲਕਾਂ ਦੇ ਜ਼ਖੀਰੇ ਭਰੇ ਪਏ ਹਨ। ਸਾਮਰਾਜੀ ਮੁਹਿੰਮਾਂ ਵਿਚ ਸ਼ਾਮਲ ਰਹੇ ਲੋਕਾਂ ਵਲੋਂ ਨਿੱਜੀ ਪੱਧਰ ਉੱਤੇ ਸਾਂਭੀਆਂ ਗਈਆਂ ਵਿਰਾਸਤੀ ਵਸਤਾਂ ਵਾਰ-ਵਾਰ ਵਿਵਾਦ ਦਾ ਸਬੱਬ ਬਣਦੀਆਂ ਰਹੀਆਂ ਹਨ। ਕਬਜ਼ਾਕਾਰ ਇਨ੍ਹਾਂ ਦੀ ਕੀਮਤ ਵੱਟਣਾ ਚਾਹੁੰਦੇ ਹਨ ਅਤੇ ਇਨ੍ਹਾਂ ਦੇ ਜੱਦੀ ਮੁਲਕ ਵਾਪਸੀ ਲਈ ਦਾਅਵੇ ਪੇਸ਼ ਕਰਦੇ ਹਨ। ਮਹਾਤਮਾ ਗਾਂਧੀ ਦੀਆਂ ਨਿੱਜੀ ਵਸਤਾਂ ਦੀ ਨਿਲਾਮੀ ਇਸ ਰੁਝਾਨ ਦੀ ਉਘੜਵੀਂ ਮਿਸਾਲ ਹੈ। ਭਾਰਤ ਦੀਆਂ ਬਹੁਤ ਸਾਰੀਆਂ ਵਿਰਾਸਤੀ ਵਸਤਾਂ ਬ੍ਰਿਟਿਸ਼ ਮਿਊਜ਼ੀਅਮ, ਬਰਮਿੰਘਮ ਮਿਊਜ਼ੀਅਮ ਐਂਡ ਆਰਟ ਗੈਲਰੀ ਅਤੇ ਇੰਗਲੈਂਡ ਦੇ ਸ਼ਾਹ ਜ਼ਖੀਰੇ ਵਿਚ ਪਈਆਂ ਹਨ। ਇਨ੍ਹਾਂ ਵਿਚ ਅਨੇਕਾਂ ਦਸਤਾਵੇਜ਼, ਗ੍ਰੰਥ ਅਤੇ ਇਤਿਹਾਸ ਦੇ ਵੱਖ-ਵੱਖ ਸਮਿਆਂ ਦੀ ਯਾਦ ਕਰਵਾਉਂਦੀਆਂ ਕਈ ਕਿਸਮ ਦੀਆਂ ਵਸਤਾਂ ਸ਼ਾਮਲ ਹਨ। ਇਨ੍ਹਾਂ ਦੀ ਵਾਪਸੀ ਲਈ ਕਈ ਪੱਧਰ 'ਤੇ ਉਪਰਾਲੇ ਕਰਨ ਦੀ ਲੋੜ ਹੈ।

## ਕੋਹਿਨੂਰ ਹੀਰਾ ਭਾਰਤ ਨੂੰ ਨਾ ਦੇਣਾ ਸਵਾਗਤਯੋਗ-ਮਾਨ

**ਅੰਮ੍ਰਿਤਸਰ :** "ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਦਿਨੀਂ ਬਰਤਾਨੀਆ ਹਕੂਮਤ ਨੂੰ ਮੀਡੀਏ ਰਾਹੀਂ ਅਪੀਲ ਕੀਤੀ ਸੀ ਕਿ ਸਿੱਖ ਕੌਮ ਦੀ ਅਮੁੱਲ ਇਤਿਹਾਸਿਕ ਨਿਸ਼ਾਨੀ ਕੋਹਿਨੂਰ ਹੀਰੇ ਨੂੰ ਹਿੰਦ ਹਕੂਮਤ ਨੂੰ ਬਿਲਕੁਲ ਨਾ ਸੌਂਪਿਆ ਜਾਵੇ ਕਿਉਂਕਿ ਇਸ ਉਤੇ ਕੇਵਲ ਸਿੱਖ ਕੌਮ ਦਾ ਹੱਕ ਹੈ ਅਤੇ ਇਹ ਸਿੱਖ ਕੌਮ ਨੂੰ ਹੀ ਵਾਪਸ ਕੀਤਾ ਜਾਵੇ। ਇਸ ਨੂੰ ਪ੍ਰਵਾਨ ਕਰਦੇ ਹੋਏ ਬਰਤਾਨੀਆ ਹਕੂਮਤ ਨੇ ਇਸ ਕੋਹੇਨੂਰ ਹੀਰੇ ਨੂੰ ਹਿੰਦ ਹਕੂਮਤ ਨੂੰ ਸੌਂਪਣ ਤੋਂ ਇਨਕਾਰ ਕਰਨ ਦਾ ਫੈਸਲਾ ਕੀਤਾ ਹੈ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਮੁੱਚੀ ਸਿੱਖ ਕੌਮ ਇਸ ਲਈ ਬਰਤਾਨੀਆ ਹਕੂਮਤ ਦਾ ਧੰਨਵਾਦ ਕਰਦੀ ਹੈ।" ਇਹ ਵਿਚਾਰ ਬੀਤੀ 5 ਜੂਨ ਨੂੰ ਸ. ਸਿਮਰਨਜੀਤ ਸਿੰਘ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਭਾਰਤ ਦੇ ਪੁਰਾਤਤਵ ਵਿਭਾਗ ਦੇ ਡਾਇਰੈਕਟਰ ਗੌਤਮ ਸੇਨ ਗੁਪਤਾ ਨੇ ਕੁਝ ਦਿਨ ਪਹਿਲਾਂ ਬਰਤਾਨੀਆ ਹਕੂਮਤ ਨੂੰ ਪੱਤਰ ਲਿਖਦੇ ਹੋਏ ਬ੍ਰਿਟਿਸ਼ ਮਿਊਜ਼ੀਅਮ 'ਦਾ ਰੋਇਲ ਕੁਲੈਕਸ਼ਨ ਬਰਮਿੰਘਮ ਮਿਊਜ਼ੀਅਮ ਐਂਡ ਆਰਟ ਗੈਲਰੀ' ਵਿਚ ਬੁੱਧ ਧਰਮ ਨਾਲ ਸੰਬੰਧਿਤ ਇਤਿਹਾਸਿਕ ਵਸਤਾਂ ਅਤੇ 'ਕੋਹਿਨੂਰ ਹੀਰੇ' ਦੀ ਮੰਗ ਕੀਤੀ ਸੀ।

ਸ. ਮਾਨ ਨੇ ਕੋਹਿਨੂਰ ਹੀਰੇ ਦੇ ਇਤਿਹਾਸ ਸੰਬੰਧੀ ਕਿਹਾ ਕਿ ਇਸਨੂੰ ਅਫਗਾਨਿਸਤਾਨ ਦੇ ਬਾਦਸ਼ਾਹ ਸ਼ਾਹ ਸੁਜਾ ਨੇ ਉਸ ਸਮੇਂ ਦੇ ਸਿੱਖ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਨੂੰ ਤੋਹਫੇ ਵਜੋਂ ਭੇਟ ਕੀਤਾ ਸੀ। ਜਦੋਂ ਮਹਾਰਾਜਾ ਦਲੀਪ ਸਿੰਘ ਨਾਬਾਲਗ ਸਨ, ਉਸ ਸਮੇਂ ਲਾਰਡ ਡਲਹੌਜ਼ੀ ਨੇ ਇਸਨੂੰ ਮਹਾਰਾਣੀ ਵਿਕਟੋਰੀਆ ਕੋਲ ਬਰਮਿੰਘਮ ਭੇਜ ਦਿੱਤਾ ਸੀ। ਉਦੋਂ ਤੋਂ ਹੀ ਇਹ ਹੀਰਾ ਉਪਰੋਕਤ ਮਿਊਜ਼ੀਅਮ ਵਿਚ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

# ਸਤਿੰਦਰ ਸਰਤਾਜ ਦੀਆਂ 'ਬੇਤੁਕੀਆਂ' ਅਤੇ ਸਾਡੇ ਆਲੋਚਕ

*ਕੁਝ ਹਫਤੇ ਪਹਿਲਾਂ 'ਸਤਿੰਦਰ ਸਰਤਾਜ ਦੀਆਂ ਬੇਤੁਕੀਆਂ' ਸਿਰਲੇਖ ਹੇਠ ਅਸੀਂ ਸੁਰਿੰਦਰ ਸੋਹਲ ਅਤੇ ਸਾਥੀਆਂ ਦਾ ਇਕ ਲੇਖ ਛਾਪਿਆ ਸੀ ਜਿਸ ਦੇ ਜਵਾਬ ਵਿਚ ਡਾ. ਹਨੀ ਸ਼ੇਰਗਿੱਲ ਹੋਰਾਂ ਦਾ ਆਲੋਚਨਾਤਮਕ ਲੇਖ ਵੀ ਅਸੀਂ ਛਾਪ ਚੁਕੇ ਹਾਂ। ਸੋਹਲ ਹੋਰਾਂ ਦਾ ਇਹ ਲੇਖ ਇੰਟਰਨੈਟ ਬਲਾਗ 'ਤੇ ਵੀ ਆ ਚੁਕਾ ਹੈ। ਇਸੇ ਬਹਿਸ ਨੂੰ ਜਾਰੀ ਰੱਖਦਿਆਂ ਡਾ. ਸ਼ੇਰਗਿੱਲ ਦੀ ਆਲੋਚਨਾ ਦੇ ਜਵਾਬ ਵਿਚ ਸੁਰਿੰਦਰ ਸੋਹਲ ਅਤੇ ਹਰਪਾਲ ਸਿੰਘ ਦਾ ਇਹ ਲੇਖ ਪਾਠਕਾਂ ਦੀ ਦਿਲਚਸਪੀ ਲਈ ਅਸੀਂ ਛਾਪ ਰਹੇ ਹਾਂ।-ਸੰਪਾਦਕ*

**ਹਰਪਾਲ ਸਿੰਘ ਭਿੰਡਰ-ਸੁਰਿੰਦਰ ਸੋਹਲ**

ਪੰਜਾਬ ਟਾਈਮਜ਼ ਵਿਚ ਛਪੇ ਸਾਡੇ ਲੇਖ 'ਸਤਿੰਦਰ ਸਰਤਾਜ ਦੀਆਂ ਬੇਤੁਕੀਆਂ', ਦੀ ਡਾ. ਹਨੀ ਸ਼ੇਰਗਿੱਲ ਨੇ ਇਕ ਵੱਡਾ ਖ਼ਤ ਲਿਖ ਕੇ ਆਲੋਚਨਾ ਕੀਤੀ ਹੈ। ਉਨ੍ਹਾਂ ਆਪਣੀ ਲਿਖਤ ਵਿਚ ਏਨੇ ਟਪਲੇ ਖਾਧੇ ਹਨ ਕਿ ਉਹ ਸਰਤਾਜ ਨੂੰ ਵੀ ਪਿੱਛੇ ਛੱਡ ਗਏ ਹਨ-'ਬੜੇ ਮੀਆਂ ਤੋ ਬੜੇ ਮੀਆਂ ਛੋਟੇ ਮੀਆਂ ਸੁਭਹਾਨ ਅੱਲਾ'। ਡਾ. ਸਾਹਿਬ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਪਹਿਲਾਂ ਇਹ ਦੱਸਣਾ ਬਹੁਤ ਜਰੂਰੀ ਹੈ ਕਿ ਸਾਨੂੰ ਇਹ ਲੇਖ ਕਿਉਂ ਲਿਖਣਾ ਪਿਆ ਕਿਉਂਕਿ ਇਸ ਦਾ ਸੰਬੰਧ ਡਾ. ਸਾਹਿਬ ਦੇ ਸਵਾਲਾਂ ਨਾਲ ਵੀ ਹੈ ਅਤੇ ਵਿਸ਼ੇ ਨਾਲ ਵੀ। ਅਸਲ ਵਿਚ ਅਸੀਂ ਪੰਜਾਬੀ ਗਾਇਕੀ ਬਾਰੇ ਕੋਈ ਸੰਜੀਦਾ ਬਹਿਸ ਛੇੜਨਾ ਚਾਹੁੰਦੇ ਸਾਂ ਪਰ ਸਾਡੇ ਕਈ ਆਲੋਚਕਾਂ ਨੂੰ ਲੱਗਿਆ ਕਿ ਅਸੀਂ ਸਰਤਾਜ ਦੀ ਗਾਇਕੀ ਦੀ ਵਿਰੋਧਤਾ ਕਰਕੇ ਲੱਚਰ ਗਾਇਕੀ ਦੇ ਹੱਕ ਵਿਚ ਭੁਗਤ ਰਹੇ ਹਾਂ। ਕੁਝ ਨੂੰ ਇਸ ਪਿੱਛੇ ਸਾਡੇ ਨਿੱਜੀ ਤੇ ਸੰਕੀਰਣ ਹਿੱਤ ਭਾਸੇ, ਕੁਝ ਨੂੰ ਇਹ ਕਿਸੇ ਖਾਸ ਮਕਸਦ ਤਹਿਤ ਸਿਰਫ਼ ਕਿੜਾਂ ਕੱਢਣ ਤੱਕ ਸੀਮਤ ਹੀ ਲੱਗਿਆ। ਇਹ ਸਭ ਕੁਝ ਬਹੁਤ ਕੁਦਰਤੀ ਸੀ, ਕਿਉਂਕਿ ਅੱਜ ਤੱਕ ਕਦੇ ਕਿਸੇ ਨੇ ਇਸ ਵਰਤਾਰੇ ਦੀ ਇਸ ਤਰ੍ਹਾਂ ਆਲੋਚਨਾ ਹੀ ਨਹੀਂ ਸੀ ਕੀਤੀ। ਅਸੀਂ ਅਖ਼ਬਾਰਾਂ ਜਾਂ ਮੈਗਜ਼ੀਨਾਂ ਵਿਚ ਪੰਜਾਬੀ ਗਾਇਕਾਂ ਦੀ ਉਸਤਤ ਦੇ ਸੋਹਲੇ, ਉਨ੍ਹਾਂ ਦੀ ਬੱਲੇ ਬੱਲੇ ਜਾਂ ਵਾਹ ਵਾਹ ਹੀ ਸੁਣਦੇ ਆਏ ਸਾਂ ਕਿ ਫਲਾਣੇ ਗਾਇਕ ਨੇ ਮੇਲਾ ਲੁੱਟ ਲਿਆ, ਲੋਕ ਝੂਮਣ ਲਾ ਦਿੱਤੇ ਜਾਂ ਫਲਾਣੇ ਨੇ ਨਵਾਂ ਇਤਿਹਾਸ ਰਚਿਆ। ਉਪਰੋਂ ਇਨਾਮਾਂ-ਸਨਮਾਨਾਂ ਤੇ ਮਸ਼ਹੂਰੀਆਂ ਦੀ ਏਨੀ ਘੜਮਸ ਕਿ ਯੋਗਤਾ, ਮਿਆਰ ਅਤੇ ਅਸਲੀਅਤ ਕਿਤੇ ਖੰਭ ਲਾ ਕੇ ਉਡ ਗਏ ਹਨ। ਸਰਤਾਜ ਦੇ ਹਵਾਲੇ ਰਾਹੀਂ ਅਸੀਂ ਇਸ ਸਾਰੇ ਵਰਤਾਰੇ ਨੂੰ ਸਮਝਣ ਅਤੇ ਪਰਖਣ ਲਈ ਇਕ ਦ੍ਰਿਸ਼ਟੀਕੋਣ ਦਿੱਤਾ ਸੀ। ਅਸੀਂ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਜੇ ਸੂਫ਼ੀ ਤੇ ਸੰਜੀਦਾ ਗਾਇਕ ਦਾ ਇਹ ਹਾਲ ਹੈ ਤਾਂ ਬਾਕੀ ਕਿੱਥੇ ਖੜ੍ਹਦੇ ਹਨ? ਸਾਡਾ ਸਵਾਲ ਸੀ, ਪੰਜਾਬੀ ਗਾਇਕੀ ਨੂੰ ਸੰਜੀਦਗੀ ਨਾਲ ਲੈਣ ਦਾ ਸਮਾਂ ਕਦੋਂ ਆਵੇਗਾ? ਕਾਸ਼! ਸਾਡੇ ਆਲੋਚਕਾਂ ਇਹ ਗੱਲ ਸਮਝ ਲਈ ਹੁੰਦੀ।

ਦੂਸਰਾ ਵੱਡਾ ਮੁੱਦਾ ਇਹ ਸੀ ਕਿ ਸਰਤਾਜ ਜੋ ਕੁਝ ਗਾ ਰਿਹਾ ਹੈ ਕੀ ਉਹ ਸੂਫ਼ੀ ਤੇ ਸੰਜੀਦਾ ਹੈ? ਕੀ ਇਸ ਨੂੰ ਸੁਰ ਤੇ ਸ਼ਾਇਰੀ ਦਾ ਸੁਮੇਲ ਕਿਹਾ ਜਾ ਸਕਦਾ ਹੈ? ਅਸੀਂ ਕਿਹਾ, ਕਿ ਨਹੀਂ ਇਹ ਸੂਫ਼ੀ ਤੇ ਸੰਜੀਦਾ ਗਾਇਕੀ ਨਹੀਂ ਸਗੋਂ ਇਸਦੇ ਨਾਂ 'ਤੇ ਧੱਬਾ ਹੈ। ਅਸੀਂ ਵੀ ਖ਼ੁਸ਼ਾਮਦੀ ਲੇਖਕਾਂ ਵਾਂਗੂੰ ਸਰਤਾਜ ਦੇ ਹੱਕ ਵਿਚ ਲਿਖ ਕੇ 'ਵਾਹ ਵਾਹ' ਖੱਟ ਸਕਦੇ ਸੀ, ਪਰ ਸੁਚੇਤ ਹੋ ਕੇ ਉਸਦੇ ਲੱਖਾਂ ਪ੍ਰਸ਼ੰਸਕਾਂ ਦੀ ਵਿਰੋਧਤਾ ਏਸੇ ਕਰਕੇ ਸਹੇੜੀ ਕਿ ਜੇ ਇਸ ਨੂੰ ਅੱਜ ਨਾ ਰੋਕਿਆ ਗਿਆ ਤਾਂ ਕਲਚਰਲ ਪ੍ਰੋਗਰਾਮਾਂ ਵਾਂਗੂੰ ਇਹ ਪਾਕੀਜ਼ ਥਾਂਵਾਂ ਵੀ ਨਾਪਾਕ ਹੋ ਜਾਣਗੀਆਂ। ਪੰਜਾਬੀ ਗਾਇਕੀ ਦੇ ਨਾਂ 'ਤੇ ਪਿਛਲੇ 2-3 ਦਹਾਕਿਆਂ ਤੋਂ ਪੰਜਾਬੀ ਸੱਭਿਆਚਾਰ, ਪੰਜਾਬੀ ਲੋਕਧਾਰਾ ਅਤੇ ਪੰਜਾਬੀ ਬੋਲੀ ਨਾਲ ਇੱਕ ਕੋਝਾ ਮਜ਼ਾਕ ਕੀਤਾ ਜਾ ਰਿਹਾ ਹੈ ਅਤੇ ਉਪਰੋਂ (ਇਹ ਕਹਿ ਕੇ ਕਿ ਫਲਾਣੇ ਬੜੇ ਮਾਣ ਨਾਲ ਪੇਸ਼ ਕਰਦੇ ਹਨ) ਦਾਅਵਾ ਇਹ ਕੀਤਾ ਜਾਂਦਾ ਹੈ ਕਿ ਅਸੀਂ 'ਪੰਜਾਬੀ ਸੱਭਿਆਚਾਰ' ਜਾਂ 'ਪੰਜਾਬੀ ਬੋਲੀ' ਦੀ ਸੇਵਾ ਕਰ ਰਹੇ ਹਾਂ। ਇਹ ਸੇਵਾ ਬਿਲਕੁਲ ਉਵੇਂ ਦੀ ਹੈ ਜਿਵੇਂ ਦੀ ਅਕਾਲੀ ਦਲ (ਬਾਦਲ) 'ਪੰਥ ਦੀ ਸੇਵਾ' ਦੇ ਨਾਂ 'ਤੇ ਕਰਦਾ ਹੈ। ਇਸ ਸਾਰੇ ਵਰਤਾਰੇ ਨੂੰ ਇੱਕ 'ਸੰਗੀਤਕ ਮਾਫ਼ੀਏ' ਦੀ ਨਿਆਈਂ ਚਲਾਇਆ ਜਾਂਦਾ ਹੈ। ਹਾਲ ਦੀ ਘੜੀ ਸਿਰਫ ਏਨਾ ਸਮਝਣਾ ਜਰੂਰੀ ਹੈ ਕਿ ਪੰਜਾਬੀ ਗਾਇਕੀ ਦੇ ਵਾਹੂ ਦੌਰ ਦਾ ਜੇ ਅੰਤ ਆਇਆ ਹੀ ਹੈ ਤਾਂ ਉਸ ਦਾ ਕੋਈ ਸਹੀ ਬਦਲ ਪੇਸ਼ ਹੋਣਾ ਚਾਹੀਦਾ ਹੈ। ਸਤਿੰਦਰ ਸਰਤਾਜ ਇਸਦਾ ਸਹੀ ਬਦਲ ਨਹੀਂ ਹੈ ਕਿਉਂਕਿ ਉਹ ਪੰਜਾਬੀ ਗਾਇਕੀ ਵਿਚ ਆਪਣੀ ਥਾਂ ਬਣਾਉਣ ਲਈ ਤਰਲੋਮੱਛੀ ਹੋ ਰਹੀ ਭੀੜ ਦਾ ਇੱਕ ਹਿੱਸਾ ਹੀ ਹੈ ਇਸ ਤੋਂ ਵੱਧ ਹੋਰ ਕੁਝ ਨਹੀਂ।

ਸੂਝਵਾਨ ਪੰਜਾਬੀਓ, ਅਸੀਂ ਗਾਇਕੀ ਦੀਆਂ ਕੁਝ ਪਵਿੱਤਰ ਥਾਂਵਾਂ ਨੂੰ ਬਚਾ ਕੇ ਰੱਖਣ ਦੀ ਇੱਕ ਸੱਦ ਲਾਈ ਸੀ, ਜਿਸ ਦਾ ਤੁਸੀਂ ਸਾਡੀ ਆਸ ਨਾਲੋਂ ਕਿਤੇ ਵੱਧ ਹੁੰਗਾਰਾ ਭਰਿਆ ਹੈ। ਜਿਥੇ ਇਸ ਨਾਲ ਅਸਾਨੂੰ ਅਥਾਹ ਬਲ ਮਿਲਿਆ ਉਥੇ ਵਿਰੋਧੀਆਂ ਦੀਆਂ ਗਾਲ਼ਾਂ ਨਾਲ ਕਿਤੇ ਵੱਧ ਸੰਤੁਸ਼ਟੀ ਮਿਲੀ (ਕਿ ਗੱਲ ਸਹੀ ਟਿਕਾਣੇ 'ਤੇ ਵੱਜੀ ਹੈ)। ਜੇ ਇਸ ਕੁਰੀਤੀ ਜਾਂ ਗ਼ਲਤ ਰਵਾਇਤ ਵਿਰੁਧ ਆਵਾਜ਼ ਨਾ ਉਠਾਉਂਦੇ ਤਾਂ ਆਉਂਦੇ ਦਸ ਕੁ ਸਾਲਾਂ ਵਿਚ ਇਹੋ ਜਿਹੀ (ਯਾਮੇ, ਪਜਾਮੇ ਤੇ ਆਲੂ ਵੇਚਣ ਵਾਲੀ) ਸੂਫ਼ੀ ਤੇ ਸੰਜੀਦਾ ਗਾਇਕੀ ਸਥਾਪਤ ਹੋ ਜਾਣੀ ਸੀ ਅਤੇ ਸਾਡੀ ਆਉਣ ਵਾਲੀ ਨਸਲ ਨੇ ਸਮਝਣਾ ਸੀ ਕਿ ਇਹੋ ਸੂਫ਼ੀ ਤੇ ਸੰਜੀਦਾ ਗਾਇਕੀ ਹੁੰਦੀ ਹੈ। ਜੇ ਇਸਨੂੰ ਨਾ ਰੋਕਦੇ ਤਾਂ ਇਹ ਦਾਗ਼ ਸਾਡੀ ਪੰਜਾਬੀਅਤ 'ਤੇ ਵੀ ਆਉਣਾ ਸੀ। ਪਰ ਸ਼ਾਬਾਸ਼ੇ ਪੰਜਾਬੀਅਤ ਦੇ ਉਨ੍ਹਾਂ ਸੱਚੇ ਮੁਦਈਆਂ ਦੇ ਜਿਨ੍ਹਾਂ ਨੇ ਆਪਣੇ ਵਪਾਰਕ ਹਿੱਤ, ਸਾਂਝਾਂ (ਮੂੰਹ-ਮੁਲਾਹਜੇ) ਤੇ ਸੁਰੱਖਿਆ ਦਾਅ 'ਤੇ ਲਾ ਕੇ ਆਪਣੀਆਂ ਅਖ਼ਬਾਰਾਂ, ਵੈਬਸਾਈਟਾਂ ਜਾਂ ਬਲੌਗਾਂ ਉਤੇ ਇਸ ਸੱਚ ਦੀ 'ਜਿੱਤ ਦਾ ਨਿਸ਼ਾਨ' ਝੰਡੇ ਵਾਂਗੂੰ ਉਚਾ ਕਰਕੇ ਗੱਡਿਆ ਅਤੇ ਇਸ ਆਵਾਜ਼ ਨੂੰ ਲੋਕਾਂ ਤੱਕ ਪਹੁੰਚਾਇਆ।

ਅਸੀਂ ਸਪੱਸ਼ਟ ਲਿਖਿਆ ਸੀ ਕਿ ਇਸ ਦਾ ਉਦੇਸ਼ ਸਿਰਫ਼ ਪੰਜਾਬੀ ਗਾਇਕੀ ਬਾਰੇ ਸੰਜੀਦਾ ਬਹਿਸ ਛੇੜਨਾ ਹੈ, ਪਰ ਸਾਡੇ ਅਲੋਚਕਾਂ ਨੇ ਸੰਜੀਦਾ ਬਹਿਸ ਤਾਂ ਕੀ ਛੇੜਨੀ ਸੀ, ਉਲਟਾ ਆਲੋਚਨਾ ਦੀ ਭਾਸ਼ਾ ਤੇ ਸਲੀਕਾ ਵੀ ਭੁੱਲ ਗਏ ਅਤੇ ਬਿਨਾ ਕਿਸੇ ਠੋਸ ਦਲੀਲ ਤੋਂ ਸਾਡੇ 'ਤੇ ਨਿੱਜੀ ਤੇ ਸੰਕੀਰਨ ਹਿੱਤ ਪਾਲਣ, ਕਿੜਾਂ ਕੱਢਣ, ਲੱਤਾਂ ਖਿੱਚਣ ਤੇ ਗੈਰਸੰਜੀਦਗੀ ਜਿਹੇ ਦੋਸ਼ ਲਾ ਦਿੱਤੇ। ਮਜ਼ੇਦਾਰ ਗੱਲ ਇਹ ਹੈ ਕਿ ਸਾਡੇ ਇਨ੍ਹਾਂ ਆਲੋਚਕਾਂ ਨੂੰ ਇਹ ਵੀ ਨਹੀਂ ਪਤਾ ਕਿ ਬਹਿਸ ਕਿਸ ਪ੍ਰਸੰਗ ਵਿਚ ਹੋ ਰਹੀ ਹੈ ਅਤੇ ਬਹਿਸ ਦੇ ਮੁੱਦੇ ਕੀ ਹਨ?

ਡਾ. ਹਨੀ ਸ਼ੇਰਗਿੱਲ ਨੇ ਸਾਡੇ ਮੁੱਦਿਆਂ ਨੂੰ ਬਹੁਤ ਹੀ ਹਲਕੇ ਅਤੇ ਘਟੀਆ ਅੰਦਾਜ਼ ਵਿਚ ਕੱਟਣ ਅਤੇ ਲੋਹੇ ਦੀ ਦੀਵਾਰ ਨੂੰ ਚਾਂਦੀ ਦੀ ਹਥੌੜੀ ਨਾਲ ਡੇਗਣ ਦੀ ਕੋਸ਼ਿਸ਼ ਕੀਤੀ ਹੈ। ਡਾ. ਸਾਹਿਬ ਇਕ ਬੰਨੇ ਤਾਂ ਇਹ ਕਹਿ ਰਹੇ ਹਨ ਕਿ ਸਾਡੀ ਆਲੋਚਨਾ ਪਾਇਦਾਰ ਨਹੀਂ, ਸਿਰਫ਼ ਕਿੜਾਂ ਕੱਢਣ ਲਈ ਹੈ ਪਰ ਦੂਜੇ ਪਾਸੇ ਸਾਡੇ ਵੱਡੇ ਮੁਦਿਆਂ ਨਾਲ ਸਹਿਮਤ ਹੋਣ ਤੋਂ ਬਿਨਾ ਉਨ੍ਹਾਂ ਕੋਲ ਕੋਈ ਹੋਰ ਚਾਰਾ ਵੀ ਨਹੀਂ। ਇਸ ਤੋਂ ਵੱਧ ਪਾਇਦਾਰੀ ਦਾ ਹੋਰ ਕੀ ਸਬੂਤ ਚਾਹੀਦਾ ਹੈ ਕਿ ਡਾ. ਹਨੀ ਸ਼ੇਰਗਿਲ ਵਰਗੇ ਸਾਡੀ ਲਿਖਤ ਦੇ ਕੱਟੜ ਵਿਰੋਧੀ ਵੀ ਸਾਡੀ ਆਲੋਚਨਾ ਦਾ ਲੋਹਾ ਮੰਨ ਰਹੇ ਹਨ। ਉਨ੍ਹਾਂ ਕੋਲ ਨਾ ਤਾਂ ਕਹਿਣ ਲਈ ਕੋਈ ਮੁੱਦਾ ਹੈ ਅਤੇ ਨਾ ਹੀ ਸਾਡੀਆਂ ਗੱਲਾਂ ਦੀ ਕੋਈ ਕਾਟ। ਉਹ ਏਨਾ ਛਟਪਟਾ ਰਹੇ ਹਨ ਕਿ ਉਨ੍ਹਾਂ ਨੂੰ ਕੋਈ ਰਾਹ ਲੱਭਦਾ ਨਜ਼ਰ ਨਹੀਂ ਆਉਂਦਾ ਅਤੇ ਏਸੇ ਕਸ਼ਮਕਸ਼ ਵਿਚ ਉਹ 10 ਵੱਡੇ ਟਪਲੇ ਖਾ ਗਏ। ਜਿਸ ਲੇਖਕ ਨੂੰ ਬਹਿਸ ਦੇ ਮੁੱਦਿਆਂ ਦਾ ਹੀ ਨਹੀਂ ਪਤਾ ਅਤੇ ਜੋ ਏਨੇ ਟਪਲੇ ਖਾ ਰਿਹਾ ਹੈ ਉਸ ਨਾਲ ਸੰਵਾਦ ਰਚਾਇਆ ਵੀ ਜਾਵੇ ਕਿ ਨਾ, ਇਹੀ ਸੋਚਦਿਆਂ ਅਸੀਂ ਕਈ ਦਿਨ ਲੰਘਾ ਦਿੱਤੇ। ਫਿਰ ਅਸੀਂ ਵਿਚਾਰਿਆ ਕਿ ਉਨ੍ਹਾਂ ਵੱਲੋਂ ਉਠਾਏ ਗਏ ਕੁਝ ਨੁਕਤੇ ਭੰਬਲਭੂਸਾ ਪੈਦਾ ਕਰ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਸਪੱਸ਼ਟ ਕਰਨਾ ਬਹੁਤ ਜਰੂਰੀ ਹੈ ਅਤੇ ਨਾਲੇ ਇਸੇ ਬਹਾਨੇ ਕੁਝ ਹੋਰ ਗੱਲਾਂ ਵੀ ਹੋਣਗੀਆਂ। ਜਿਵੇਂ ਕਹਿੰਦੇ ਨੇ:

ਚਾਂਦ ਕੇ ਸਾਥ ਕਈ ਦਰਦ ਪੁਰਾਨੇ ਨਿਕਲੇ।
ਕਿਤਨੇ ਗਮ ਥੇ ਜੋ ਤੇਰੇ ਗਮ ਕੇ ਬਹਾਨੇ ਨਿਕਲੇ।

ਜੋ ਕੁਝ ਅਸੀਂ ਹੁਣ ਕਹਿਣ ਜਾ ਰਹੇ ਹਾਂ ਉਸ ਦਾ ਸਿਹਰਾ ਡਾ. ਹਨੀ ਸ਼ੇਰਗਿੱਲ ਵਰਗੇ ਸਰਤਾਜ ਦੇ ਸਮਰਥਕਾਂ ਦੇ ਸਿਰ ਹੀ ਜਾਂਦਾ ਹੈ, ਨਹੀਂ ਤੇ ਅਸੀਂ ਆਪਣੀ ਗੱਲ ਖਤਮ ਕਰ ਦਿੱਤੀ ਸੀ। ਅਸੀਂ ਆਪਣੀ ਗੱਲ ਸਾਹਿਤਕ ਅਤੇ ਸੰਕੇਤਕ ਭਾਸ਼ਾ ਵਿਚ ਕਰਨ ਦੀ ਕੋਸ਼ਿਸ਼ ਕੀਤੀ ਸੀ ਜੋ ਉਨ੍ਹਾਂ ਨੂੰ ਬਿਲਕੁਲ ਸਮਝ ਨਹੀਂ ਪਈ। ਸੋ ਇਸ ਵਾਰ ਅਸੀਂ ਆਪਣਾ ਲਹਿਜ਼ਾ ਬਦਲ ਰਹੇ ਹਾਂ ਸ਼ਾਇਦ ਗੱਲ ਉਨ੍ਹਾਂ ਦੇ ਪੱਲੇ ਪੈ ਜਾਵੇ ਅਤੇ ਉਹ ਸ਼ਬਦ ਪ੍ਰਤੀ ਕਹੇ ਆਪਣੇ ਸ਼ਬਦ ਬਦਲ ਲੈਣ। ਜਿਵੇਂ ਮਨਮੋਹਨ ਆਲਮ ਕਹਿੰਦਾ ਹੈ:

ਬਦਲ ਲੇਤੇ ਅਗਰ ਹਮ ਲੋਗ
ਅੰਦਾਜ਼ੇ-ਬਿਆਂ ਅਪਨਾ,
ਤੋ ਮੁਮਕਿਨ ਥਾ ਕਿ ਵੋ
ਅਪਨਾ ਕਹਾ ਤਬਦੀਲ ਕਰ ਲੇਤੇ।

ਜੇ ਗੱਲ ਅਮੀਨ ਮਲਿਕ ਦੇ ਲਹਿਜੇ ਵਿਚ ਕਰਨੀ ਜਾਂ ਸਮਝਾਉਣੀ ਹੋਵੇ ਤਾਂ ਗੱਲ ਸਿਰਫ਼ ਏਨੀ ਸੀ ਕਿ ਸ਼ਾਇਰੀ ਦਾ ਝਾਟਾ ਪੁੱਟਿਆ ਜਾ ਰਿਹਾ ਸੀ, ਸੁਰਾਂ ਨਾਲ ਬਲਾਤਕਾਰ ਹੋ ਰਿਹਾ ਸੀ, ਸੂਫੀਅਤ ਦੇ ਸਿਰ ਵਿਚ ਖੇਹ ਪਾਈ ਜਾ ਰਹੀ ਸੀ, ਕੋਈ ਦਰਵੇਸ਼ਾਂ ਦੇ ਵਿਹੜੇ ਧੱਕੇ ਨਾਲ ਵੜ ਕੇ ਖਰਮਸਤੀਆਂ ਜਿਹੀਆਂ ਕਰ ਰਿਹਾ ਸੀ ਅਤੇ ਅਸੀਂ ਉਸਨੂੰ ਬਾਹਰ ਦਾ ਰਸਤਾ ਵਿਖਾਇਆ ਹੈ।

ਦੂਸਰੀ ਗੱਲ ਇਹ ਕਿ ਜੇ ਕੋਈ ਸਹਿੰਦਾ-ਸਹਿੰਦਾ, ਜਚਦਾ-ਮਿਚਦਾ, ਨਪਦਾ-ਤੁਲਦਾ, ਬਨਦਾ-ਸਰਦਾ ਖ਼ਿਤਾਬ ਸਤਿੰਦਰ ਸਰਤਾਜ ਨੂੰ ਦੇ ਦਿੰਦੇ ਤਾਂ ਸਹਿਆ ਜਾ ਸਕਦਾ ਸੀ। ਤਿੰਨ ਤੀਏ ਤੇਰਾਂ ਹੁੰਦੇ ਤਾਂ ਵੀ ਕੋਈ ਗੱਲ ਨਹੀਂ ਸੀ ਪਰ ਏਥੇ ਤਾਂ ਸੱਤੀਂ ਵੀਹੀਂ ਸੌ ਹੋਣ ਜਾ ਰਿਹਾ ਸੀ। ਕਾਂ ਨੂੰ ਕੋਇਲ ਕਹੀ ਜਾਂਦੇ ਤਾਂ ਹੋਊ-ਪਰ੍ਹੇ ਕੀਤਾ ਜਾ ਸਕਦਾ ਸੀ, ਪਰ ਇਹ ਤਾਂ ਕਾਂ ਦੇ ਮੱਥੇ 'ਤੇ ਸੁਰਖ਼ਾਬ ਦਾ ਖੰਭ ਲਾਉਣ 'ਤੇ ਤੁਲੇ ਹੋਏ ਸਨ। ਉਪਰੋਂ ਮੀਡੀਏ ਦੇ ਇਕ ਹਿੱਸੇ ਨੇ ਐਸੀ ਅੰਨ੍ਹੀ ਪਾਈ ਕਿ ਸਾਡੇ ਵਰਗੇ ਅੰਨ੍ਹਿਆਂ ਨੂੰ ਵੀ ਦਿਸਣ ਲਾ ਦਿੱਤਾ। ਸੁਰ, ਸ਼ਾਇਰੀ ਤੇ ਸੂਫ਼ੀਅਤ ਦਾ ਜਿਹੜਾ ਜਨਾਜ਼ਾ ਇਹ ਮੀਡੀਆ ਨਿੱਤ ਕੱਢਦਾ ਸੀ, ਉਸ ਨੂੰ ਵੇਖ ਸੁਣ ਕੇ ਜਿਹੜੀਆਂ ਹੂਕਾਂ ਕਿਸੇ ਸੁਹਿਰਦ ਮਨੁੱਖ ਦੇ ਅੰਦਰੋਂ ਉਠਦੀਆਂ ਹਨ, ਉਹੋ ਹੀ ਬਾਹਰ ਆਈਆਂ ਹਨ। ਉਂਜ ਸਾਡਾ ਸਰਤਾਜ ਜਾਂ ਉਸ ਨਾਲ ਸੰਬੰਧਤ ਕਿਸੇ ਵੀ ਵਿਅਕਤੀ ਵਿਸ਼ੇਸ਼ ਨਾਲ ਕੋਈ ਨਿਜੀ ਵੈਰ-ਵਿਰੋਧ ਜਾਂ ਰੰਜਿਸ਼ ਨਹੀਂ।

ਦੁਸ਼ਮਨ ਨਹੀਂ ਹੈਂ
ਸਿਰਫ਼ ਅਸੂਲੋਂ ਕੀ ਬਾਤ ਹੈ,
ਗ਼ਰ ਇਖ਼ਤਿਲਾਫ਼ ਉਨਸੇ
ਕੁਛ ਕਰ ਰਹੇ ਹੈਂ ਹਮ।

ਖ਼ਿਤਾਬ ਦੇਣ ਵਾਲਿਆਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਇਨ੍ਹਾਂ ਕੱਲ੍ਹ ਦੇ ਉਠੇ ਅਸਲੋਂ ਨਵੇਂ ਗਾਇਕ ਨੂੰ, ਜਿਸਨੇ ਆਪਣੀ ਗਾਇਕੀ ਦਾ ਪਹਿਲਾ ਕਦਮ ਵੀ ਸਹੀ ਟਿਕਾਣੇ 'ਤੇ ਨਹੀਂ ਰੱਖਿਆ, ਸੰਜੀਦਾ ਗਾਇਕ ਅਤੇ ਅੱਜ ਦਾ ਵਾਰਿਸ ਸ਼ਾਹ ਬਣਾ ਕੇ ਵੱਡੇ ਵੱਡੇ ਫ਼ਨਕਾਰਾਂ ਅਤੇ ਆਲਮ-ਫ਼ਾਜ਼ਲ ਬਜ਼ੁਰਗਾਂ ਦੀ ਐਨੀ ਹੱਤਕ ਕਿਉਂ ਕੀਤੀ ਹੈ? ਅਸਲੀ ਸੂਫ਼ੀ ਤੇ ਸੰਜੀਦਾ ਗਾਉਣ ਵਾਲੇ ਨਜ਼ਰਅੰਦਾਜ਼ ਕਿਉਂ ਹੋਏ। ਜੋ ਇਸ ਖ਼ਿਤਾਬ ਅਤੇ ਮਾਣ ਦੇ ਅਸਲੀ ਵਾਰਿਸ ਸਨ, ਉਹ ਖੂੰਜੇ ਕਿਉਂ ਲਾਏ? ਹੱਕੀ ਦਾ ਹੱਕ ਕਿਉਂ ਮਾਰਿਆ ਗਿਆ?

ਰੱਬ ਵਰਗੇ ਸਰੋਤਿਆਂ ਨੂੰ ਅਸੀਂ ਤਾਂ ਮਦਾਰੀ ਦਾ ਉਹ ਅਸਲੀ ਝੋਲਾ ਵੀ ਵਿਖਾਇਆ ਸੀ, ਜਿਸ ਵਿਚੋਂ ਇਹ ਝੁਰਲੂ ਨਿਕਲਿਆ, ਪਰ ਉਨ੍ਹਾਂ ਨੂੰ ਸ਼ਾਇਦ ਸਮਝ ਨਾ ਪਈ। ਉਹ ਉਸਦੀ ਡੁਗਡੁਗੀ 'ਤੇ ਏਨਾ ਮਸਤ ਹੋਏ ਕਿ ਉਨ੍ਹਾਂ 'ਤੇ 'ਅਜਬ ਆਲਮ ਤਾਰੀ' ਹੋ ਗਿਆ ਅਤੇ ਉਹ ਸੂਫ਼ੀ ਤੇ ਸੰਜੀਦਾ ਗਾਇਕੀ ਦੀ ਲਾਸ਼ ਸਾਹਮਣੇ ਕੀਰਨੇ ਪਾਉਣ ਦੀ ਬਜਾਏ 'ਸਟੈਂਡਿੰਗ ਓਵੇਸ਼ਨ' ਦੇ ਕੇ (ਖੜ੍ਹੇ ਹੋ ਕੇ ਤਾੜੀਆਂ ਮਾਰ ਕੇ) ਘਰੇ ਆ ਗਏ ਅਤੇ ਓਧਰ ਉਨ੍ਹਾਂ (ਪ੍ਰੋਮੋਟਰਾਂ) ਨੇ ਇਹ ਲਾਸ਼ ਮੋਢਿਆਂ 'ਤੇ ਚੱਕੀ ਤੇ ਜ਼ਨਾਜ਼ਾ ਕੱਢਣ ਲਈ ਅਗਲੇ ਸ਼ਹਿਰ ਤੁਰ ਪਏ। ਸਰੋਤਾ ਜੀ, ਇਹੋ ਕਹਿ ਕੇ ਤੁਹਾਨੂੰ ਸੱਦਿਆ ਸੀ ਨਾ ਕਿ ਆਓ ਤੁਹਾਨੂੰ ਸੂਫ਼ੀ ਤੇ ਸੰਜੀਦਾ ਗਾਇਕੀ ਸੁਣਾਈਏ। ਹੁਣ ਗਾਇਕ ਹੁਰੀਂ ਕਹਿ ਰਹੇ ਨੇ ਕਿ ਮੈਂ ਤੇ ਸੂਫ਼ੀ ਨਹੀਂ ਹਾਂ। ਫਿਰ ਤੁਹਾਡੇ ਨਾਲ ਦੁਪਹਿਰੇ ਦੀਵਾ ਬਾਲ ਕੇ ਡਾਕਾ ਕਿਉਂ ਮਾਰਿਆ ਗਿਆ? ਏਥੇ ਅਸੀਂ ਉਨ੍ਹਾਂ ਭੋਲੇ-ਭਾਲੇ ਸਰੋਤਿਆਂ ਅਤੇ ਕੁਝ ਕੁ ਸੁਹਿਰਦ ਪ੍ਰੋਮੋਟਰਾਂ ਨਾਲ ਦਿਲੀ ਹਮਦਰਦੀ ਪ੍ਰਗਟਾਉਂਦੇ ਹਾਂ ਜਿਹੜੇ ਅਚੇਤ ਹੀ ਇਸ 'ਸੰਗੀਤਕ ਛਲਾਵੇ' ਵਿਚ ਆ ਗਏ।



ਡਾ. ਹਨੀ ਜੀ, ਅਮਰਜੀਤ ਖੇਲਾ ਦੁਆਰਾ ਆਸਟਰੇਲੀਆ ਵਿਚ ਕੀਤੀ ਗਈ ਇਕ ਇੰਟਰਵਿਊ ਦਾ ਹਵਾਲਾ ਦਿੰਦਿਆਂ ਕਹਿੰਦੇ ਹਨ ਕਿ ਗਾਇਕ ਖੁਦ ਇਕਬਾਲ ਕਰਦਾ ਹੈ ਕਿ ਉਹ ਸੂਫ਼ੀ ਨਹੀਂ ਹੈ। ਤਾਂ ਫਿਰ ਡਾ. ਸਾਹਿਬ ਉਹ ਲੋਕ ਕੌਣ ਹਨ ਜੋ ਸਰਤਾਜ ਨੂੰ ਸੂਫ਼ੀ ਪ੍ਰੋਮੋਟ ਕਰ ਰਹੇ ਹਨ? ਸੁਚੇਤ ਜਾਂ ਅਚੇਤ ਤੁਸੀਂ ਉਨ੍ਹਾਂ ਲੋਕਾਂ ਨੂੰ ਨੰਗਿਆ ਕੀਤਾ ਹੈ, ਜੋ ਲੋਕਾਂ ਨਾਲ ਫ਼ਰੇਬ ਕਰ ਰਹੇ ਹਨ। ਅਸੀਂ ਤੁਹਾਡੇ ਧੰਨਵਾਦੀ ਹਾਂ, ਜਿਨ੍ਹਾਂ ਨੇ ਸਾਡੀ ਕਹੀ ਗੱਲ ਨੂੰ ਇਕ ਕਦਮ ਅੱਗੇ ਤੋਰਿਆ ਹੈ।

ਪਰ ਗੱਲ ਇੱਥੇ ਹੀ ਖ਼ਤਮ ਨਹੀਂ ਹੁੰਦੀ ਕਿਉਂਕਿ ਇਹ ਸਿਰਫ਼ ਤੁਹਾਡੇ ਆਪਣੇ ਵਿਚਾਰ ਹਨ। ਅਸੀਂ ਇਸ ਗੁਸਤਾਖੀ ਲਈ ਸਰਤਾਜ ਨੂੰ ਬਰੀ ਨਹੀਂ ਕਰਦੇ ਕਿਉਂਕਿ ਉਹ ਖੁਦ ਸੂਫ਼ੀ ਪ੍ਰਭਾਵ ਦੇਣ ਲਈ ਪੂਰਾ ਅਡੰਬਰ (ਭੇਖ ਅਤੇ ਪ੍ਰਵਚਨਾਂ ਦੁਆਰਾ) ਰਚਦਾ ਹੈ। ਇਸ ਗੱਲ ਨੂੰ ਪਾਖੰਡੀ ਸੰਤਾਂ ਦੇ ਸੰਦਰਭ ਵਿਚ ਰੱਖ ਕੇ ਸੌਖਿਆਂ ਸਮਝਿਆ ਜਾ ਸਕਦਾ ਹੈ, ਜੋ ਕਹਿੰਦੇ ਹਨ ਕਿ ਜੀ ਅਸੀਂ ਤਾਂ ਆਪਣੇ ਆਪ ਨੂੰ ਸੰਤ ਨਹੀਂ ਕਹਿੰਦੇ, ਸੰਗਤ ਹੀ ਕਹੀ ਜਾਂਦੀ ਹੈ, ਪਰ ਆਪ ਉਹ ਚੋਹਲ-ਮੋਹਲ ਵੀ ਉਹੀ ਕਰਦੇ ਹਨ, ਜੋ ਸੰਤ ਬਣਨ ਜਾਂ ਅਖਵਾਉਣ ਲਈ ਜ਼ਰੂਰੀ ਭਾਸਦੇ ਹਨ। ਭਲਾ ਕਿਉਂ ਨਹੀਂ ਸਰਤਾਜ ਆਪਣੇ ਪ੍ਰੋਮੋਟਰਾਂ ਨੂੰ ਰੋਕਦਾ, ਜੋ ਉਸਨੂੰ ਮੀਡੀਏ ਵਿਚ ਸੂਫ਼ੀ ਤੇ ਸੰਜੀਦਾ ਗਾਇਕ ਦੇ ਤੌਰ 'ਤੇ ਪੇਸ਼ ਕਰ ਰਹੇ ਹਨ। ਕਿਉਂ ਨਹੀਂ ਉਹ ਆਪਣੇ ਕੰਟਰੈਕਟ ਵਿਚ ਇਹ ਮਦ ਪਵਾਉਂਦਾ ਕਿ ਉਸਨੂੰ ਸੂਫ਼ੀ ਤੇ ਸੰਜੀਦਾ ਗਾਇਕ ਦੇ ਤੌਰ 'ਤੇ ਨਾ ਪ੍ਰਚਾਰਿਆ ਜਾਵੇ? ਜੇ ਫਿਰ ਵੀ ਕੋਈ ਏਦਾਂ ਕਰਨੋ ਨਾ ਹਟੇ ਤਾਂ ਉਸ 'ਤੇ ਕਾਨੂੰਨੀ ਕਾਰਵਾਈ ਕਰੇ। ਪਰ ਨਹੀਂ, ਉਹ ਇਸ ਤਰ੍ਹਾਂ ਕਿਉਂ ਕਰੇਗਾ? ਉਹ ਤਾਂ ਇਸ ਵਰਤਾਰੇ ਵਿਚ ਪੂਰਾ ਸ਼ਰੀਕ ਹੈ ਅਤੇ ਉਹ ਇਸ ਦੀ ਖੱਟੀ ਖਾ ਰਿਹਾ ਹੈ, ਜੋ ਵਾਕਿਆ ਹੀ 'ਖੱਟੀ' ਵੀ ਹੋ ਗਈ ਹੈ। ਡੇਢ ਦੋ ਸਾਲ ਪਹਿਲਾਂ ਯੂ ਟਿਊਬ 'ਤੇ ਪਈ ਇਸ ਇੰਟਰਵਿਊ ਨੂੰ ਕਿੰਨੇ ਲੋਕ ਦੇਖ ਚੁੱਕੇ ਹਨ? ਜਦੋਂ ਏਧਰ ਮੀਡੀਆ ਇਸ ਧਮੱਚੜ ਪਾਈ ਫਿਰਦਾ ਹੈ। ਪਰ ਡਾ. ਹਨੀ ਜੀ ਦੀ ਤਾਂ ਸ਼ਾਇਦ ਏਨੇ ਨਾਲ ਵੀ ਤਸੱਲੀ ਨਾ ਹੋਵੇ, ਇਸ ਲਈ ਅਸੀਂ ਉਨ੍ਹਾਂ ਲਈ ਇਕ ਪੁਖ਼ਤਾ ਸਬੂਤ ਪੇਸ਼ ਕਰਦੇ ਹਾਂ ਜਿਸ ਵਿਚ ਸਰਤਾਜ ਖੁਦ ਆਪਣੇ ਆਪ ਨੂੰ ਸੂਫ਼ੀ ਗਾਇਕ ਦੇ ਤੌਰ 'ਤੇ ਪੇਸ਼ ਕਰ ਰਿਹਾ ਹੈ।

ਸਤਿੰਦਰ ਸਰਤਾਜ ਹਾਲ ਹੀ ਵਿਚ (ਅਪਰੈਲ 2010) ਅਮਰੀਕਾ ਫੇਰੀ ਦੌਰਾਨ ਬੇ-ਏਰੀਏ ਤੋਂ ਬ੍ਰਾਡਕਾਸਟ ਹੁੰਦੇ ਰੇਡੀਓ 1170 ਏ ਐਮ ਉਤੇ ਸਿਮਰਨ ਨਾਲ ਰੂ-ਬ-ਰੂ ਪ੍ਰੋਗਰਾਮ ਵਿਚ ਪੇਸ਼ ਹੋਇਆ। ਉਸ ਗੱਲਬਾਤ ਦੇ ਕੁਝ ਅੰਸ਼ ਪੇਸ਼ ਹਨ:

"ਸਿਮਰਨ- ..ਸੂਫ਼ੀ ਗਾਇਕੀ ਵੱਲ ਤੁਸੀਂ

**ਵਿਚਾਰ-ਚਰਚਾ**

ਜਿਹੜਾ ਪਹਿਲਾ ਆਪਣਾ ਇਹ ਕਦਮ ਪੁੱਟਿਆ, ਇਹ ਬਹੁਤ ਹੀ ਯੂਨੀਕ ਹੈ ਔਰ ਬਹੁਤ ਹਟ ਕੇ ਹੈ। ਮੈਂ ਜਾਣਨਾ ਚਾਹਾਂਗੀ ਕਿ ਤੁਸੀਂ ਇਹ ਗਾਇਕੀ ਕਿਉਂ ਚੁਣੀ?

ਸਰਤਾਜ-ਦਰਅਸਲ ਜੀ ਮੇਰੀ ਜਿਹੜੀ ਐਜੂਕੇਸ਼ਨ ਐ, ਜਿਵੇਂ ਪੋਸਟ ਗ੍ਰੈਜੂਏਸ਼ਨ ਮੇਰੀ ਮਿਊਜ਼ਿਕ 'ਚ ਐ ਤੇ ਜਿਹੜੀ ਐਮ ਫਿਲ ਐ ਉਹ ਮੇਰੀ ਪੰਜਾਬ ਦੀ ਸੂਫ਼ੀ ਗਾਇਨ ਪਰੰਪਰਾ ਤੇ ਰਿਸਰਚ ਸੀ ਸੋ ਉਸ ਤੋਂ ਬਾਦ ਮੇਰੀ ਜਿਹੜੀ ਡਾਕਟਰੇਟ ਜਾਂ ਪੀ ਐਚ ਡੀ ਆ ਉਹ ਸੂਫ਼ੀ ਮਿਊਜ਼ਕ ਐਂਡ ਪੋਇਟਰੀ 'ਤੇ ਹੈ। ਸੋ ਇਸ ਕਰਕੇ ਐਜੂਕੇਸ਼ਨ ਦੌਰਾਨ ਜਦੋਂ ਬਹੁਤ ਸਾਰੇ ਸੂਫ਼ੀਆਨਾ ਸ਼ਾਇਰਾਂ ਨੂੰ ਪੜ੍ਹਨ ਦਾ ਮੌਕਾ ਮਿਲਿਆ, ਸੂਫ਼ੀ ਮੌਸੀਕੀਕਾਰਾਂ ਨੂੰ ਸੁਣਨ ਦਾ, ਉਨ੍ਹਾਂ ਦੇ ਰਾਗਾਂ ਨੂੰ ਜਾਂ ਉਨ੍ਹਾਂ ਦੇ ਸਾਜ਼ਾਂ ਨੂੰ ਸਮਝਣ ਦਾ ਮੌਕਾ ਮਿਲਿਆ। ਸੋ ਇਸ ਕਰਕੇ ਜਿਹੜੀ ਮੇਰੀ ਵਾਕਫ਼ੀਅਤ ਏਨਾ ਚੀਜ਼ਾਂ ਨਾਲ ਹੋਈ ਤੇ ਮੇਰਾ ਰੁਝਾਨ ਇਸ ਪਾਸੇ ਵਧਿਆ...।"

ਇਸ ਸਾਰੀ ਇੰਟਰਵਿਊ ਦੌਰਾਨ ਉਹ ਕਿਤੇ ਵੀ 'ਸੂਫ਼ੀ' ਹੋਣ ਦਾ ਖੰਡਨ ਨਹੀਂ ਕਰਦਾ, ਸਗੋਂ ਇਹ ਕਹਿ ਕੇ ਕਿ 'ਮੇਰਾ ਰੁਝਾਨ ਇਸ ਪਾਸੇ ਵਧਿਆ', ਉਹ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਉਹ ਸੂਫ਼ੀ ਗਾਇਕ ਹੈ। ਹੋਸਟ ਅਤੇ ਪ੍ਰੋਮੋਟਰ ਵੀ ਉਸਨੂੰ ਸੂਫ਼ੀ ਗਾਇਕ ਤੇ 'ਅੱਜ ਦਾ ਵਾਰਿਸ ਸ਼ਾਹ' ਵਜੋਂ ਪੇਸ਼ ਕਰਦੇ ਹਨ। ਇਹ ਰਿਕਾਰਡਿੰਗ ਅਰਬਨ ਦੇਸੀ ਰੇਡੀਓ ਡਾਟ ਕਾਮ 'ਤੇ ਪਈ ਹੈ। ਪਰ ਪਤਾ ਨਹੀਂ ਕਿਸ ਕਾਰਨ, ਇਸ ਦੇ ਕੁਝ ਹਿੱਸੇ ਕੱਟ ਦਿੱਤੇ ਗਏ ਹਨ, ਜਿਸ ਵਿਚ ਗਾਇਕ ਨੂੰ ਕੁਝ ਤਿੱਖੇ ਸਵਾਲ ਪੁੱਛੇ ਗਏ ਸਨ ਅਤੇ ਗਾਇਕ ਉਨ੍ਹਾਂ ਦੇ ਸਿੱਧੇ ਜਵਾਬ ਦੇਣ ਦੀ ਬਜਾਏ, ਜਿਵੇਂ ਅਸੀਂ ਆਪਣੇ ਲੇਖ ਵਿਚ ਲਿਖਿਆ ਸੀ, ਆਪਣੇ ਨਵੇਂ ਹੀ ਬਣਾਏ ਹੋਏ ਤਰੀਕੇ ਨਾਲ ਸ਼ੇਅਰੋ-ਸ਼ਾਇਰੀ ਵਿਚ ਰੋਲ ਕੇ ਸੁੱਟ ਦਿੰਦਾ ਹੈ। ਜੇ ਕਿਸੇ ਕਾਰਨ ਇਹ ਰਿਕਾਰਡਿੰਗ ਹਟਾ ਦਿੱਤੀ ਜਾਵੇ ਤਾਂ ਸਾਡੇ ਕੋਲੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਡਾ. ਹਨੀ ਸ਼ੇਰਗਿਲ ਇਸ ਗੱਲ ਨਾਲ ਤਾਂ ਸਹਿਜੇ ਹੀ ਸਹਿਮਤ ਹੋ ਜਾਣਗੇ ਕਿ ਨਵਾਂ ਬਿਆਨ ਜਾਂ ਨਵੀਂ ਲਿਖਤ ਪੁਰਾਣੀ ਨਾਲੋਂ ਜ਼ਿਆਦਾ ਪ੍ਰਮਾਣਿਤ ਮੰਨੀ ਜਾਂਦੀ ਹੈ ਫਿਰ ਗਾਇਕ ਦੀਆਂ ਸਾਰੀਆਂ ਮੁਲਾਕਾਤਾਂ ਦਾ ਅਧਿਐਨ ਕਰਨ ਦੀ ਕਿਸ ਨੂੰ ਜ਼ਰੂਰਤ ਹੈ?

ਹਨੀ ਜੀ ਨੇ ਲਿਖਿਆ-'ਲੇਖਕ ਸਰਤਾਜ ਦੇ ਇਕੋ ਗੀਤ (ਯਾਮਾ) ਨੂੰ ਲੈ ਕੇ ਉਸਨੂੰ ਭੰਡਦਾ ਨਜ਼ਰ ਆਉਂਦਾ ਹੈ।' ਵੈਸੇ ਤਾਂ ਪੰਜਾਬੀ ਸਾਹਿਤ ਵਿਚ ਕਿਸੇ ਲੇਖਕ ਦੀ ਇਕ ਰਚਨਾ ਨੂੰ ਲੈ ਕੇ ਆਲੋਚਨਾ ਕਰਨ ਦੀ ਪਰੰਪਰਾ ਬਹੁਤ ਪੁਰਾਣੀ ਹੈ। ਸ਼ਾਇਦ ਉਨ੍ਹਾਂ ਕਦੇ 'ਵਿਹਾਰਕ ਆਲੋਚਨਾ' ਦਾ ਨਾਮ ਸੁਣਿਆ ਹੋਵੇ। ਜੇ ਨਹੀਂ ਤਾਂ ਕਦੇ ਡਾ. ਹਰਿਭਜਨ ਸਿੰਘ ਦੀ ਪੁਸਤਕ 'ਰੂਪਕੀ' ਅਤੇ ਡਾ. ਦਵਿੰਦਰ ਕੌਰ ਦੀ ਪੁਸਤਕ 'ਸ਼ਬਦਾਂ ਦੇ ਆਰ ਪਾਰ' ਦੇ ਦਰਸ਼ਨ ਜ਼ਰੂਰ ਕਰ ਲੈਣ।

ਵੈਸੇ ਜਿਸ ਤੇਜੀ ਨਾਲ (ਗਾਇਕ ਇਕ ਇੰਟਰਵਿਊ ਵਿਚ ਕਹਿੰਦਾ ਹੈ-ਮੇਰੀ ਇਕ ਮਾੜੀ ਆਦਤ ਹੈ ਕਿ ਮੈਨੂੰ ਗੱਲ ਗੱਲ 'ਤੇ ਗੀਤ ਔੜ ਜਾਂਦਾ...।) ਸਰਤਾਜ ਆਪਣੇ ਗੀਤਾਂ ਜਾਂ ਮੁਲਾਕਾਤਾਂ

ਵਿਚ ਬੇਥਵੀਆਂ, ਯੱਬਲੀਆਂ ਜਾਂ ਬੇਤੁਕੀਆਂ ਮਾਰ ਰਿਹਾ ਹੈ, ਭਾਵੇਂ ਉਸ 'ਤੇ ਕੋਈ ਪੀ ਐਚ ਡੀ ਕਰ ਲਵੇ। ਪਰ ਫਿਰ ਵੀ ਅਸੀਂ ਉਨ੍ਹਾਂ ਦਾ ਇਹ ਇਤਰਾਜ਼ ਦੂਰ ਕਰਨ ਲਈ ਉਸਦੇ 'ਸੀਟੀ' ਵਾਲੇ ਅਤੇ ਕੁਝ ਹੋਰ ਗੀਤਾਂ ਦੀਆਂ ਕੁਝ ਸਤਰਾਂ ਦੀ ਚੀਰ ਫਾੜ ਜ਼ਰੂਰ ਕਰਾਂਗੇ। ਪਾਠਕ ਖ਼ੁਦ ਨਿਰਣਾ ਕਰਨ ਕਿ ਕੀ ਇਹ ਸੂਫ਼ੀ ਤੇ ਸੰਜੀਦਾ ਗਾਇਕੀ ਹੈ? ਗਾਇਕ ਅਨੁਸਾਰ ਇੱਕ ਸਹੇਲੀ ਦੂਸਰੀ ਸਹੇਲੀ ਨੂੰ ਮਸ਼ਵਰਾ ਦਿੰਦੀ ਹੈ:

ਹਸ ਕੇ ਨਾ ਬੋਲੀਂ ਬਹੁਤੇ ਨੈਣ ਨਾ ਮਿਲਾਵੀਂ
ਨਾਲੇ ਕਹਿ ਦਈਂ ਕਿ ਮੇਰਾ ਨਈਂ ਚਿੱਤ ਰਾਜ਼ੀ।
ਜੇ ਹਟਿਆ ਨਾ ਸੀਟੀ ਮਾਰਨੋ
ਫਿਰ ਆਖ ਦੀਂ ਕੰਜਰ ਦੇ ਨੂੰ ਭਾਜੀ

ਸੋਚਣ ਵਾਲੀ ਗੱਲ ਹੈ ਜੇ ਭਲਾ ਚਿੱਤ ਰਾਜ਼ੀ ਹੁੰਦਾ ਫਿਰ 'ਕੰਜਰ ਦੇ' ਦੇ ਨਾਲ ਤੁਰ ਪੈਂਦੀ? ਨਾਲੇ ਇਥੇ 'ਕੰਜਰ ਦੇ' ਭਾਵ ਕਿ ਮੁੰਡੇ ਦੇ ਪਿਉ ਦਾ ਕੀ ਕਸੂਰ? ਉਸਨੂੰ ਕੰਜਰ ਕਿਉਂ ਬਣਾ ਦਿੱਤਾ ਗਿਆ? ਜੇ ਮੁੰਡਾ ਭਾਜੀ ਹੈ ਤਾਂ ਫਿਰ ਇਹ 'ਕੰਜਰ' ਕੁੜੀ ਦਾ ਵੀ ਪਿਉ ਜਾਂ ਪਿਉਆਂ ਦੀ ਥਾਂ 'ਤੇ ਹੋਇਆ। ਸਭ ਤੋਂ ਵੱਡੀ ਗੱਲ ਇਹ ਕਿ ਕੀ ਇਹੋ ਜਿਹੇ ਲਫ਼ਜ਼ ਸੰਜੀਦਾ ਗਾਇਕੀ ਵਿਚ ਸ਼ੋਭਦੇ ਹਨ?

ਇਸ ਤੋਂ ਬਾਦ ਗਾਇਕ ਮੁੰਡੀਰ ਨੂੰ ਸਲਾਹ ਦਿੰਦਾ ਹੋਇਆ ਇਸ ਅਖੌਤੀ ਸੂਫ਼ੀ ਤੇ ਸੰਜੀਦਾ ਗਾਇਕੀ ਦੀਆਂ ਸਭ ਹੱਦਾਂ ਪਾਰ ਕਰ ਜਾਂਦਾ ਹੈ। ਗਾਇਕ ਆਸ਼ਕੀ ਦਾ ਨਵਾਂ ਫਾਰਮੂਲਾ ਸੁਝਾਉਂਦਾ ਹੈ, 'ਗੌਰ ਕਰਿਓ ਮਿੱਤਰੋ ਬਈ ਇਹ ਸਕੀਮ ਤੁਸੀਂ ਵੀ ਲਾ ਲਿਓ। ਸਬਜ਼ੀ ਵਾਲੇ ਨੂੰ ਕਹਿੰਦਾ ਉਚੀ ਹੋਕਾ ਲਾ ਓਇ'।

'ਸੂਫ਼ੀ ਗਾਇਕੀ ਦਾ ਅਨੰਦ ਮਾਣਦੇ ਮੰਤਰ-ਮੁਗਧ ਹੋਏ ਸਰੋਤਿਆਂ' ਵਿਚੋਂ ਆਵਾਜ਼ਾਂ ਆਉਂਦੀਆਂ ਹਨ-ਬੂਰਰਾ..।

ਫਿਰ ਗਾਇਕ ਵਿਆਖਿਆ ਕਰਦਾ ਹੈ-ਦੁਪਹਿਰੇ ਘਰ ਦੇ ਅੱਗੇ ਖੜ੍ਹ ਗਿਆ, ਸਬਜ਼ੀ ਵਾਲਾ ਆਇਆ। ਉਸਨੂੰ ਕਹਿੰਦਾ, ਚਪੇੜਾਂ ਪੈਣਗੀਆਂ ਉਥੇ ਖੜ੍ਹ ਜਾ ਮੂਹਰੇ, ਜਦ ਤੱਕ ਬਾਹਰ ਨਹੀਂ ਨਿਕਲਦੀ, ਉਥੇ ਹੀ ਹੋਕਾ ਦੇਈ ਜਾ।'

ਏਨੀ ਗੱਲ 'ਤੇ ਮੁੰਡੀਰ ਚੀਕਾਂ ਮਾਰਦੀ ਹੈ। (ਹਾਲਾਂਕਿ ਲਾਹਨਤਾਂ ਪਾਉਣੀਆਂ ਚਾਹੀਦੀਆਂ ਸਨ, ਕਿਉਂਕਿ ਗਾਇਕ ਸਬਜ਼ੀ ਵਾਲੇ ਨੂੰ ਬੰਦਾ ਹੀ ਨਹੀਂ ਸਮਝਦਾ। ਇਸ ਕਰਕੇ ਉਹ ਸਬਜ਼ੀ ਵਾਲੇ ਦੇ ਹੱਕ ਵਿਚ ਨਹੀਂ ਭੁਗਤਦਾ ਜਿਸਨੂੰ ਬੇਵਜ੍ਹਾ ਕੋਈ ਚਪੇੜਾਂ ਮਾਰਨ ਦਾ ਡਰਾਵਾ ਦੇ ਰਿਹਾ ਹੈ, ਸੜਕ-ਛਾਪ ਆਸ਼ਕ ਦੇ ਹੱਕ ਵਿਚ ਭੁਗਤ ਰਿਹਾ ਹੈ।) ਗਾਇਕ ਗਾਉਣਾ ਸ਼ੁਰੂ ਕਰਦਾ ਹੈ-

ਸਬਜ਼ੀ ਵਾਲੇ ਨੂੰ ਕਹਿੰਦਾ
ਉਚੀ ਹੋਕਾ ਲਾ ਓਇ
ਜਾ ਕੇ ਦਰਾਂ ਮੂਹਰੇ ਕਹਿ
ਕਿ ਲੈ ਲਓ ਆਲੂ
ਹਾਏ...।

ਫਿਰ ਗਾਇਕ ਆਪ ਹੀ ਕਹਿੰਦਾ ਹੈ-ਜ਼ੋਰ ਨਾਲ ਤਾੜੀ...।

'ਸੰਜੀਦਾ ਗਾਇਕੀ ਸੁਣਨ ਦੇ ਸ਼ੌਕੀਨ' 'ਰੱਬ ਵਰਗੇ ਸਰੋਤੇ' ਚੀਕਾਂ ਤੇ ਤਾੜੀਆਂ ਇਕੱਠੀਆਂ ਮਾਰਦੇ ਹਨ। ਗਾਇਕ ਬੇਸ਼ਰਮ ਹਾਸਾ ਹੱਸਦਾ ਹੈ, ਫਿਰ ਕਹਿੰਦਾ ਹੈ, 'ਮੈਂ ਬਾਕੀ ਗੱਲਾਂ ਦੱਸਦਾਂ ਕਿ ਇਹ ਸਕੀਮਾਂ ਮੇਰੀਆਂ ਨਹੀਂ ਹੈਗੀਆਂ, ਐਵੇਂ ਮੇਰੇ 'ਤੇ ਸ਼ੱਕ ਕਰੀ ਜਾਓ।'

ਸਪੱਸ਼ਟ ਹੈ ਕਿ ਇਹ ਅਜਿਹੀਆਂ ਘਟੀਆਂ ਗੱਲਾਂ ਹਨ, ਜਿਨ੍ਹਾਂ ਦੀ ਜ਼ਿੰਮੇਵਾਰੀ ਗਾਇਕ ਖ਼ੁਦ ਵੀ ਲੈਣਾ ਨਹੀਂ ਚਾਹੁੰਦਾ। ਦੂਸਰਾ ਪਹਿਲੂ ਇਹ ਵੀ ਹੈ ਕਿ ਜੇ ਸਕੀਮਾਂ ਤੇਰੀਆਂ ਨਹੀਂ ਤਾਂ ਕਿਸ ਦੀਆਂ ਹਨ? ਗਾਣਾ ਲਿਖਿਆ ਕਿਸ ਨੇ ਹੈ? ਗਾਣਾ ਗਾ ਕੌਣ ਰਿਹਾ ਹੈ? ਸਕੀਮ ਲਾਉਣ ਦੇ ਸੁਝਾਅ ਕੌਣ ਦੇ ਰਿਹਾ ਹੈ? ਫਿਰ ਗਾਉਣਾ ਸ਼ੁਰੂ ਕਰਦਾ ਹੈ-

ਸਬਜ਼ੀ ਵਾਲੇ ਨੂੰ ਕਹਿੰਦਾ
ਉਚੀ ਹੋਕਾ ਲਾ ਉਇ
ਜਾ ਕੇ ਦਰਾਂ ਮੂਹਰੇ ਕਹਿ
ਕਿ ਲੈ ਲਉ ਆਲੂ
ਮੈਂ ਨਿਕਲੀ ਤਾਂ ਸਾਹਮਣੇ ਖੜ੍ਹਾ
ਟੁੱਟ ਪੈਣੇ ਦਾ ਬੜਾ ਹੀ ਚਾਲੂ

ਆਲੂ, ਚਾਲੂ ਤੇ ਕੰਜਰ ਦੇ ਆਦਿ ਸ਼ਬਦ ਗੀਤ ਦੇ ਸੁਹਜ ਨੂੰ ਕਿੰਨੀ ਸੱਟ ਮਾਰਦੇ ਹਨ ਇਸ ਗੱਲ ਦਾ ਅਹਿਸਾਸ ਤਾਂ ਗਾਇਕ ਨੂੰ ਸ਼ਾਇਦ ਭੋਰਾ ਵੀ ਨਹੀਂ। ਗੀਤ ਦੇ ਬਾਕੀ ਬੰਦ ਵੀ ਇਸੇ ਪੱਧਰ ਦੇ ਹੀ ਹਨ, ਪਰ ਇਸੇ ਗਾਣੇ ਦੀ ਸੈਨ ਹੋਜ਼ੇ ਵਾਲੀ ਰਿਕਾਰਡਿੰਗ ਵਿਚ ਗਾਇਕ ਨੇ ਇਕ ਨਵਾਂ ਅੰਤਰਾ ਜੋੜ ਕੇ ਸੁਣਾਇਆ, ਜਿਸ ਨੂੰ ਸੁਣ ਕੇ ਕੋਈ ਵੀ ਸੰਜੀਦਾ ਸਰੋਤਾ ਸਿਰ ਫੜ੍ਹ ਕੇ ਬੈਠ ਸਕਦਾ ਹੈ। ਇਸ ਅੰਤਰੇ ਦੀ ਪਿੱਠ-ਭੂਮੀ ਦੀ ਵਿਆਖਿਆ ਗਾਇਕ ਇੰਜ ਕਰਦਾ ਹੈ-

"ਇਕ ਵਾਰੀ ਫਗਵਾੜੇ ਸਾਡੀ ਮਹਿਫਲ ਸੀ ਉਥੇ ਬੈਠੇ ਬੈਠੇ ਇਹ ਸ਼ਿਅਰ ਜੁੜ ਗਿਆ-

'ਓ ਕਿਸੇ ਨੂੰ ਤਾਂ ਨੇੜੇ ਪੈਂਦਾ ਸ਼ਹਿਰ ਫਗਵਾੜਾ, ਹਾਏ...।'

(ਅਜੇ ਕੋਈ ਗੱਲ ਪੂਰੀ ਹੋਈ ਨਹੀਂ, ਕੋਈ ਗੱਲ ਬਣੀ ਨਹੀਂ, ਪਰ 'ਸੁਰ ਤੇ ਸ਼ਾਇਰੀ ਦੇ ਸੁਚੱਜੇ ਸੁਮੇਲ, ਦਾ ਅਨੰਦ ਮਾਣਦੇ ਮੰਤਰ-ਮੁਗਧ ਹੋਏ ਸਰੋਤੇ ਬੱਕਰੇ ਬੁਲਾਉਂਦੇ ਹਨ, 'ਬੁੱਰਰਾ...।') ਗਾਇਕ ਸ਼ੁਰੂ ਕਰਦਾ ਹੈ-

ਅਤੇ ਕਿਸੇ ਨੂੰ ਪੈਂਦਾ ਏ ਨੇੜੇ ਬੰਗਾ
ਕਿ ਤਾਇਆ ਜੀ ਨੂੰ ਅੱਖਾਂ ਕੱਢਦਾ
ਓਨਾ ਹੱਥਾਂ ਵਿਚ ਖੇਡਦਾ ਸੀ ਨੰਗਾ।

ਗੀਤ ਦਾ ਪ੍ਰਸੰਗ-ਵਿਸ਼ਾ ਕਿੱਥੋਂ ਸ਼ੁਰੂ ਹੋਇਆ ਅਤੇ ਕਿੱਥੇ ਗਿਆ ਕੋਈ ਪਤਾ ਨਹੀਂ। ਇਥੇ ਤਾਇਆ ਜੀ ਨਾਂ ਦਾ ਪਾਤਰ ਗੀਤ ਵਿਚ ਕਿਥੋਂ ਆਇਆ? ਤੇ ਉਸਦਾ ਫਗਵਾੜਾ ਤੇ ਬੰਗੇ ਨਾਲ ਕੀ ਸੰਬੰਧ ਹੈ? ਸਰਤਾਜ ਜਾਣੇ ਜਾਂ ਡਾ. ਹਨੀ ਸ਼ੇਰਗਿੱਲ ਜਿਨ੍ਹਾਂ ਨੂੰ ਉਸਦੇ ਹਰ ਗੀਤ ਵਿਚ ਕੋਈ ਨਾ ਕੋਈ ਸੇਧ ਦੇਣ ਵਾਲੀ ਰਮਜ਼ ਛੁਪੀ ਦਿਸਦੀ ਹੈ। ਇਹ ਗੀਤ ਅਤੇ ਖ਼ੁਦ ਗਾਇਕ ਕੀ ਸੇਧ ਦਿੰਦਾ ਹੈ? ਪਾਠਕਾਂ 'ਤੇ ਛੱਡਦੇ ਹਾਂ।

ਪਰ ਇਥੇ ਅਸੀਂ ਉਸ ਰਿਪੋਰਟਰ ਨੂੰ ਇੱਕ ਗੱਲ ਜਰੂਰ ਪੁੱਛਣੀ ਚਾਹਾਂਗੇ, (ਜਿਹੜਾ ਇਸ ਗਾਇਕ ਦੀਆਂ ਸਿਫ਼ਤਾਂ ਦੇ ਪੁਲ਼ ਬੰਨਦਾ ਲਿਖਦਾ ਹੈ ਕਿ ਸਰਤਾਜ ਨੇ 'ਕਾਲਜ ਦੀਆਂ ਕੰਟੀਨਾਂ ਦੀ ਚੁਹਲ ਮੁਹਲ, ਮੋਬਾਇਲ ਫੋਨ ਨਾ ਚੁੱਕਣ-ਸੁਣਨ ਦੇ ਤਾਅਨੇ ਮੇਹਣੇ, ਬੱਸ ਅੱਡਿਆਂ ਉਤਲੀ ਹੌਲੀ ਕਿਸਮ ਦੀ ਆਸ਼ਕੀ ਦੇ ਸਸਤੇ ਜਿਹੇ ਕਿੱਸੇ-ਕਹਾਣੀਆਂ ਦਾ ਗੀਤ-ਸੰਗੀਤ ਉਤੇ ਭਾਰੂ ਹੋ ਜਾਣ ਨੂੰ ਅਸਿੱਧੀ ਅਤੇ ਅਣਐਲਾਨੀ ਚੁਣੌਤੀ ਖੜ੍ਹੀ ਕਰਦਿਆਂ ਮਿਆਰੀ ਪਹੁੰਚ' ਅਪਨਾਈ ਹੈ) ਕਿ ਭਾਈ ਸਾਹਿਬ ਤੁਹਾਡੇ ਇਸ ਚਹੇਤੇ ਗਾਇਕ ਨੇ ਇਸ ਗੀਤ ਰਾਹੀਂ ਸਾਰਿਆਂ ਨੂੰ ਅਜੇ ਪਿੱਛੇ ਛੱਡਿਆ ਕਿ ਨਹੀਂ? ਉਹ ਤਾਂ ਕਾਲਜ ਦੀਆਂ ਕੰਟੀਨਾਂ ਅਤੇ ਬੱਸ ਅੱਡਿਆਂ ਤੱਕ ਹੀ ਸੀਮਤ ਸਨ ਪਰ ਤੁਹਾਡਾ ਇਹ ਸੰਜੀਦਾ ਗਾਇਕ ਤਾਂ ਕੁੜੀ ਦੇ ਦਰਾਂ ਤੱਕ ਪਹੁੰਚ ਗਿਆ ਹੈ। ਵਾਕਿਆ ਹੀ ਇਸ ਗਾਇਕ ਨੇ ਦੂਸਰੇ ਗਾਇਕਾਂ ਲਈ ਅਣਐਲਾਨੀ ਚੁਣੌਤੀ ਖੜ੍ਹੀ ਕੀਤੀ ਹੈ! ਸਦਕੇ!

ਅਸੀਂ ਆਪਣੇ ਪਿਛਲੇ ਲੇਖ ਵਿਚ 'ਅਨੁਪ੍ਰਾਸ ਅਲੰਕਾਰ' ਦੀ ਉਦਾਹਰਣ ਦੇ ਕੇ ਦੱਸਿਆ ਸੀ ਕਿ ਗਾਇਕ ਕੁਝ ਗੱਲਾਂ ਸਿਰਫ਼ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਲਈ ਹੀ ਕਰੀ ਜਾਂਦਾ ਹੈ ਭਾਵੇਂ ਉਸਦਾ ਕੋਈ ਮਤਲਬ ਹੋਵੇ ਜਾਂ ਨਾ। ਅਸਲ ਵਿਚ ਗਾਇਕ ਇਹੋ ਜਿਹੀਆਂ ਯੱਬਲੀਆਂ ਥਾਂ ਪੁਰ ਥਾਂ ਮਾਰਦਾ ਹੈ। ਸਰਤਾਜ ਦੇ ਇਕ ਹੋਰ ਗੀਤ ਦੀਆਂ ਸਤਰਾਂ ਹਨ:

ਜੋ ਸਭ 'ਤੇ ਲਾਗੂ ਹੋ ਜਾਵੇ
ਓਹੀ ਗੱਲ ਹੁੰਦੀ ਠੀਕ।
ਇਥੇ ਕੋਈ ਕਿਸੇ ਤੋਂ ਘੱਟ ਨਹੀਂ
ਸਭ ਇਕ ਤੋਂ ਇਕ ਵਧੀਕ
ਫਿਰ ਵੀ ਅਮਰੀਕਾ ਦੇ ਨਾਂ 'ਤੇ
ਰੱਖਦੇ ਪੁੱਤ ਦਾ ਨਾਮ ਅਮਰੀਕ।

ਪਹਿਲੀ ਸਤਰ ਵਿਚ ਗਇਕ ਨੇ ਜਿਹੜਾ 'ਦਰਸ਼ਨ-ਸ਼ਾਸ਼ਤਰ' ਦਿੱਤਾ ਹੈ ਉਸਦੀ ਤਾਂ ਸਭਨੂੰ ਸਮਝ ਲੱਗ ਹੀ ਗਈ ਹੋਵੇਗੀ ਪਰ 'ਫਿਰ ਵੀ ਅਮਰੀਕਾ ਦੇ ਨਾਂ 'ਤੇ ਰੱਖਦੇ ਪੁੱਤ ਦਾ ਨਾਮ ਅਮਰੀਕ।' ਵਾਲੀ ਯੱਬਲੀ ਥੋੜੀ ਵਿਆਖਿਆ ਦੀ ਮੰਗ ਕਰਦੀ ਹੈ।

ਪੀ ਐਚ ਡੀ ਕਰ ਚੁਕੇ ਡਾ. ਸਰਤਾਜ ਨੂੰ ਇਹ ਪਤਾ ਨਹੀਂ ਹੈ ਕਿ 'ਅਮਰੀਕ' ਸ਼ਬਦ 'ਅੰਬਰੀਕ' ਤੋਂ ਬਣਿਆ ਹੈ, 'ਅਮਰੀਕਾ' ਤੋਂ ਨਹੀਂ। ਹਿੰਦੂ ਮਿਥਿਹਾਸ ਵਿਚ ਇਸ ਦਾ ਜ਼ਿਕਰ ਆਉਂਦਾ ਹੈ। ਲਿੰਗ ਪੁਰਾਣ ਵਿਚ ਇਸ ਨੂੰ ਅੰਬਰੀਸ਼ ਕਰਕੇ ਲਿਖਿਆ ਹੈ। ਈਸਾ ਦੇ ਜਨਮ ਤੋਂ ਵੀ ਹਜ਼ਾਰਾਂ ਸਾਲ ਪਹਿਲਾਂ ਲਿਖੇ ਗਏ ਇਨ੍ਹਾਂ ਪੁਰਾਣਾਂ ਵਿਚ ਜ਼ਿਕਰ ਇਹ ਸਾਬਤ ਕਰਦਾ ਹੈ ਕਿ ਇਹ ਤਾਂ ਭਾਰਤੀ ਨਾਮ ਹੈ। ਅਮਰੀਕਾ ਮੁਲਕ ਦੀ ਖੋਜ ਅਜੇ ਕੱਲ੍ਹ ਕੋਲੰਬਸ ਨੇ ਕੀਤੀ ਹੈ। ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਇਸ ਕਥਾ ਦਾ ਹਵਾਲਾ ਇਸ ਤਰ੍ਹਾਂ ਦਿੰਦੇ ਹਨ-

ਅੰਬਰੀਕ ਕਉ ਦੀਓ ਅਭੈ ਪਦ
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1105)

ਅੰਬਰੀਸ਼, ਅੰਬਰੀਕ ਨਾਂਵਾਂ ਤੋਂ ਹੁੰਦਾ ਹੋਇਆ ਇਹ ਸਬਦ ਭਾਈ ਗੁਰਦਾਸ ਜੀ ਦੇ ਸਮੇਂ ਤੱਕ ਆਪਣੇ ਅਜੋਕੇ ਰੂਪ ਤੱਕ ਪੁੱਜ ਚੁੱਕਾ ਸੀ ਜਦੋਂ ਅਜੇ ਪੰਜਾਬੀਆਂ ਨੇ ਅਮਰੀਕਾ ਦਾ ਸੁਪਨਾ ਵੀ ਨਹੀਂ ਸੀ ਲਿਆ। ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਲਿਖਦੇ ਹਨ-

ਮਾਰੀਦਾ ਅਮਰੀਕ ਛੁਡਾਇਆ॥

ਹਰ ਇੱਕ ਸ਼ਬਦ ਦਾ ਆਪਣਾ ਇੱਕ ਉਦਭਵ ਹੁੰਦਾ ਹੈ, ਆਪਣਾ ਇੱਕ ਰੂਟ ਹੁੰਦਾ ਹੈ ਪਰ ਸਰਤਾਜ ਵਲੋਂ ਵਰਤਿਆ ਗਿਆ 'ਅਮਰੀਕਾ' ਅੰਗਰੇਜ਼ੀ ਦੇ 'ਅਮੈਰਿਕਾ' ਦਾ ਤਤਭਵ ਰੂਪ ਹੈ, ਜੋ 'ਅਮਰੀਕ' ਕਦੇ ਵੀ ਨਹੀਂ ਬਣਦਾ। ਅਮਰੀਕ ਨਿਰੋਲ ਭਾਰਤੀ ਸ਼ਬਦ ਹੈ, ਜਿਸ ਦੀਆਂ ਆਪਣੀਆਂ ਜੜ੍ਹਾਂ ਹਨ, ਆਪਣੇ ਅਰਥ ਹਨ।

ਇੱਕ ਹੋਰ ਗੀਤ ਵਿਚ ਦੇਖੋ ਗਾਇਕ ਅਰਸ਼ ਤੋਂ ਫ਼ਰਸ਼ 'ਤੇ ਕਿਵੇਂ ਡਿੱਗਦਾ ਹੈ:

ਜਿੱਤ ਦੇ ਨਿਸ਼ਾਨ ਸਦਾ
ਲਾਏ ਜਾਂਦੇ ਝੰਡੇ ਨਾਲ।
ਪਹਿਲਾ ਵਾਰ ਕਲਮਾਂ ਦਾ
ਪਿੱਛੋਂ ਵਾਰ ਖੰਡੇ ਨਾਲ।...
ਪੀਣ ਵਾਲੇ ਪੀਣ ਦਾ
ਜੁਗਾੜ ਤਾਂ ਬਣਾ ਹੀ ਲੈਂਦੇ
ਅੰਡੇ ਨਾਲ ਗੰਡੇ ਨਾਲ
ਖਾਰੇ ਨਾਲ ਠੰਡੇ ਨਾਲ।

ਕਿੱਥੇ ਜਿੱਤ ਦਾ ਮਹਾਨ ਜਲਾਲ ਅਤੇ ਕਿੱਥੇ ਸ਼ਰਾਬ ਪੀਣ ਦਾ ਜੁਗਾੜ। 'ਚਾਰ ਹੀ ਤਰੀਕਿਆਂ', ਵਿਚਲੀ ਦਾਰਸ਼ਨਿਕ ਪੁਖ਼ਤਗੀ ਦੀ ਤਾਂ ਏਥੇ ਗੱਲ ਕਰਨੀ ਹੀ ਫ਼ਜ਼ੂਲ ਹੈ ਸਭ ਤੋਂ ਪਹਿਲਾਂ ਇਹ ਤਾਂ ਪਤਾ ਕਰੋ ਕਿ ਗਾਇਕ 'ਜਿੱਤ ਦੇ ਨਿਸ਼ਾਨ' ਲਾ ਕਿੱਥੇ-ਕਿੱਥੇ ਰਿਹਾ ਹੈ?

'ਬਿੱਲੋ' ਵਾਲੇ ਗਾਣੇ ਵਿਚ ਗਾਇਕ 'ਬਿੱਲੋ ਜੀ ਜਰਾ ਹਿੱਲੋ ਜੀ' ਗਾਉਂਦਿਆਂ ਬੈਠਾ ਬੈਠਾ ਹੀ ਸਾਇਰਾ ਬਾਨੋ ਬਣਿਆ ਇਹੋ ਜਿਹੀਆਂ ਹਰਕਤਾਂ ਕਰਨ ਲਗਦਾ ਹੈ ਕਿ ਵੇਖ ਕੇ ਨਾ ਤਾਂ ਹਾਸਾ ਆਉਂਦਾ ਹੈ ਤੇ ਨਾ ਰੋਣਾ, ਇਵੇਂ ਲਗਦਾ ਹੈ ਜਿਵੇਂ ਕਿਸੇ ਨਿਆਣੇ ਨੂੰ ਬਿਠਾ ਕੇ ਕੋਈ ਕੁਤਕੁਤਾਰੀਆਂ ਕੱਢ ਰਿਹਾ ਹੋਵੇ। ਵੀਡੀਓ ਵੇਖ ਕੇ ਸਰੀ ਤੋਂ ਗੁਰਮੇਲ ਬਦੇਸ਼ਾ ਦੀ ਸਾਡੇ ਲੇਖ ਬਾਰੇ ਟਿੱਪਣੀ ਯਾਦ ਆ ਗਈ ਕਿ "ਇਹ ਸੂਫ਼ੀ ਗਾਇਕ ਨਹੀਂ, ਸੂਫ਼ੀਆਨਾ ਗਾਇਕੀ ਦਾ ਅਧਰੰਗੀ-ਗਾਇਕ ਹੈ।"

ਇਹ ਕੁਝ ਗਿਣਤੀ ਦੇ ਨਮੂਨੇ ਹੀ ਦਿੱਤੇ ਹਨ, ਪਾਠਕ ਸਰਤਾਜ ਦੇ ਗੀਤਾਂ ਨੂੰ ਰਤਾ ਕੁ ਵੀ ਗ਼ੌਰ ਨਾਲ ਸੁਣਨ ਦੀ ਜ਼ਹਿਮਤ ਫਰਮਾਉਣ ਤਾਂ ਉਸਦੀ ਸ਼ਾਇਰੀ ਲੀਰਾਂ ਦੀ ਖਿੱਦੋ ਵਾਂਗ ਖਿਲਰਦੀ ਨਜ਼ਰ ਆਵੇਗੀ। ਵਿਸ਼ੇ ਨੂੰ ਧੁਰ ਤੱਕ ਨਾ ਨਿਭਾਉਣ ਦੀ ਤਾਂ ਜਿਵੇਂ ਇਸਨੇ ਸਹੁੰ ਖਾਧੀ ਹੋਵੇ।

ਮਹਿਜ਼ ਤੁਕਬੰਦੀ ਕੋਈ ਸਾਹਿਤ ਨਹੀਂ ਹੁੰਦਾ ਅਤੇ ਨਾ ਹੀ ਕੋਈ ਘਟਨਾ ਆਪਣੇ ਆਪ ਵਿਚ ਸਾਹਿਤ ਹੁੰਦੀ ਹੈ। ਕਲਾ ਦੇ ਸ਼ੀਸ਼ੇ ਵਿਚੋਂ ਲੰਘ ਕੇ ਕੋਈ ਘਟਨਾ, ਕਲਾਤਮਿਕ ਰਚਨਾ ਜਾਂ ਸਾਹਿਤਕ ਰਚਨਾ ਬਣਦੀ ਹੈ। ਕਵੀ ਜਦੋਂ ਘਟਨਾ ਨੂੰ ਰੁਪਾਂਤ੍ਰਿਤ ਕਰਦਾ ਹੈ ਤਾਂ ਉਹ ਆਪਣੇ ਹੁਨਰ ਅਤੇ ਆਪਣੀ ਪ੍ਰਤਿਭਾ ਦੇ ਨਾਲ, ਉਸ ਵਿਚ ਆਪਣਾ ਦ੍ਰਿਸ਼ਟੀਕੋਣ, ਉਦੇਸ਼ ਅਤੇ ਸੁਹਜ ਪੈਦਾ ਕਰਦਾ ਹੈ। ਪਰ ਆਪਣੇ ਇਸ ਗਾਇਕ ਦੇ ਗੀਤਾਂ ਵਿਚ ਕਾਵਿਕ ਜਾਂ ਸਾਹਿਤਕ ਪਹੁੰਚ ਨਾਂਹ ਦੇ ਬਰਾਬਰ ਹੈ ਜੋ ਘਟਨਾ ਦੀ ਸਿੱਧੀ ਸਿੱਧੀ ਤੁਕਬੰਦੀ ਕਰੀ ਜਾਂਦਾ ਹੈ। ਸ਼ਾਇਦ ਡਾ. ਹਨੀ ਨੂੰ ਪਤਾ ਹੋਵੇਗਾ ਕਿ ਪੁਰਾਤਨ ਆਯੁਰਵੈਦਿਕ ਗ੍ਰੰਥਾਂ ਵਿਚ ਦਵਾਈਆਂ ਦੇ ਨੁਸਖ਼ੇ ਵੀ ਤੁਕਬੰਦੀ ਵਿਚ ਲਿਖੇ ਮਿਲਦੇ ਹਨ ਪਰ ਉਨ੍ਹਾਂ ਨੂੰ ਕੋਈ ਕਵਿਤਾ ਨਹੀ ਕਹਿੰਦਾ। ਕਵਿਤਾ ਦੇ ਕੀ ਮਾਪ-ਦੰਡ ਹਨ ਉਹ ਆਪ ਕਵੀ ਹਨ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਕੋਈ ਉਨ੍ਹਾਂ ਵਰਗਾ ਕਵੀ ਇਨ੍ਹਾਂ ਤੁਕਬੰਦੀਆਂ ਨੂੰ ਵਧੀਆ ਗੀਤ ਦੱਸੀ ਜਾਂਦਾ ਹੈ।

ਡਾ. ਸ਼ੇਰਗਿੱਲ ਨੇ ਲਿਖਿਆ ਹੈ- 'ਮੈਨੂੰ ਨਹੀਂ ਲੱਗਦਾ ਕਿ ਸਰਤਾਜ ਨੇ ਕੋਈ ਅਜਿਹਾ ਗੀਤ ਗਾਇਆ ਹੋਵੇ ਜੋ ਅਸੀਂ ਆਪਣੀਆਂ ਮਾਂਵਾਂ-ਭੈਣਾਂ ਵਿਚ ਬੈਠ ਕੇ ਨਾ ਸੁਣ ਸਕਦੇ ਹੋਈਏ।' ਇਸ ਦਾ ਹਲਕਾ ਜਿਹਾ ਨਮੂਨਾ ਤਾਂ ਉਪਰ ਦੇਖ ਹੀ ਲਿਆ ਹੈ ਪਰ ਫਿਰ ਵੀ ਅਸੀਂ ਇਹ ਪੁੱਛਣਾ ਚਾਹੁੰਦੇ ਹਾਂ ਕਿ ਅਸੀਂ ਇਹ ਕਦੋਂ ਕਿਹਾ ਸੀ? ਜੋ ਗੱਲ ਅਸੀਂ ਕਹੀ ਹੀ ਨਹੀਂ, ਉਹ ਸਾਡੇ ਮੂੰਹ ਵਿਚ ਕਿਸ ਅਧਿਕਾਰ ਨਾਲ ਪਾਈ ਜਾ ਰਹੀ ਹੈ? ਹਾਂ ਅਸੀਂ ਉਸਦੇ ਕੁਝ ਗੀਤਾਂ ਦੇ ਆਧਾਰ 'ਤੇ ਇਹ ਗੱਲ ਕਹੀ ਹੈ ਅਤੇ ਹੁਣ ਵੀ ਕਹਿੰਦੇ ਹਾਂ ਕਿ ਇਹ ਸੂਫ਼ੀ ਜਾਂ ਸੰਜੀਦਾ ਗਾਇਕੀ ਨਹੀਂ।

ਇਸ ਤੋਂ ਅੱਗੇ ਉਨ੍ਹਾਂ ਨੇ 'ਡੂੰਘੀ ਸ਼ਾਇਰੀ' ਬਾਰੇ ਲੰਮਾ ਚੌੜਾ ਤਬਸਰਾ ਕਰਦਿਆਂ ਲਿਖਿਆ ਹੈ ਕਿ 'ਕੀ ਲੋੜ ਹੈ ਉਸ (ਸਰਤਾਜ) ਨੂੰ ਡੂੰਘੀ ਸ਼ਾਇਰੀ ਕਰਨ ਜਾਂ ਗਾਉਣ ਦੀ? ਜੋ ਆਮ ਲੋਕਾਂ ਦੇ ਪੱਲੇ ਨਾ ਪਵੇ?' ਅਸੀਂ ਇਹ ਕਹਿਣ ਦੀ ਗ਼ੁਸਤਾਖੀ ਤਾਂ ਨਹੀਂ ਕਰਦੇ ਕਿ ਡਾ. ਸ਼ੇਰਗਿੱਲ ਨੂੰ ਪੜ੍ਹਨਾ ਵੀ ਨਹੀਂ ਆਉਂਦਾ, ਪਰ ਇਕ ਗੁਜ਼ਾਰਿਸ਼ ਜ਼ਰੂਰ ਕਰਾਂਗੇ ਕਿ ਇਕ ਵਾਰ ਧਿਆਨ ਨਾਲ ਜ਼ਰੂਰ ਪੜ੍ਹਿਆ ਕਰੋ। ਭਲਾ ਸੰਜੀਦਾ ਗਾਇਕੀ ਕਿਸ ਬਲਾ ਦਾ ਨਾਂ ਹੈ? ਸੁਰ ਤੇ ਸ਼ਾਇਰੀ ਦਾ ਸੁਚੱਜਾ ਸੁਮੇਲ ਕਿਸ ਨੂੰ ਕਹਿੰਦੇ ਹਨ? ਜੇ ਉਹ ਸੂਫ਼ੀ ਤੇ ਸੰਜੀਦਾ ਗਾਇਕੀ ਦੇ ਤੌਰ 'ਤੇ ਪੇਸ਼ ਕੀਤਾ ਜਾਵੇਗਾ ਤਾਂ ਫਿਰ ਉਹ ਇਸ ਆਲੋਚਨਾ ਦਾ ਹੱਕਦਾਰ ਹੈ। ਉਸ ਦੀ ਜਿਆਦਾ ਆਲੋਚਨਾ 'ਅੱਜ ਦੇ ਵਾਰਿਸ ਸ਼ਾਹ' ਹੋਣ ਕਰਕੇ ਵੀ ਹੈ ਤੇ ਸੂਫ਼ੀ ਤੇ ਸੰਜੀਦਾ ਗਾਇਕ ਕਰਕੇ ਵੀ। ਹਨੀ ਜੀ ਤਾਂ ਕਹਿੰਦੇ ਹਨ ਕਿ ਡੂੰਘੀ ਸ਼ਾਇਰੀ ਨਹੀਂ ਕਰਨੀ ਚਾਹੀਦੀ, ਕੋਈ ਨਹੀਂ ਸੁਣਦਾ। ਪਰ ਸਰਤਾਜ ਨੂੰ ਤਾਂ ਪੁੱਛੋ ਉਹ ਕੀ ਕਹਿ ਰਿਹਾ ਹੈ। ਹੇਠ ਲਿਖੀਆਂ ਸਤਰ੍ਹਾਂ ਤੋਂ ਉਸਦੀ ਅਡੰਬਰੀ ਮਾਨਸਿਕਤਾ ਦੇ ਦਰਸ਼ਨ ਬਖ਼ੂਬੀ ਹੋ ਜਾਂਦੇ ਹਨ:

ਵਖਰਾ ਹੋ ਕੇ ਜੇਕਰ ਤੂੰ
ਨਾ ਦਿਖਿਆ ਦੁਨੀਆਂ ਤੋਂ।
ਜੇ ਸਰਤਾਜ ਨਾ ਤੂੰ ਕੁਝ
ਵਖਰਾ ਲਿਖਿਆ ਦੁਨੀਆਂ ਤੋਂ।
ਤਾਂ ਸ਼ਾਇਰੀ ਤੇਰੀ ਨਵੇਂ ਦੌਰ ਦੀ
ਮੋਢੀ ਨਹੀਂ ਹੋਣੀ।
ਹਸਤੀ ਵਧ ਤਾਂ ਜਾਵੇਗੀ,
ਪਰ ਓਡੀ ਨਹੀਂ ਹੋਣੀ।

ਡਾ. ਸਾਹਿਬ ਜੀ, ਭਲਾ ਸੂਫ਼ੀ ਤੇ ਸੰਜੀਦਾ ਗਾਇਕੀ ਦੇ ਸਰੋਤੇ ਆਮ ਹੁੰਦੇ ਹਨ ਕਿ ਖਾਸ, ਜਿਨ੍ਹਾਂ ਦੇ ਇਹ ਪੱਲੇ ਪੈਣੀ ਚਾਹੀਦੀ ਹੈ? ਇਸ ਤੋਂ ਅੱਗੇ ਤੁਸੀਂ ਕਵੀਆਂ ਦੀ ਖਿੱਲੀ ਉਡਾਈ ਹੈ। ਜੇ ਕਵੀ ਏਨੇ ਹੀ ਨਿਕੰਮੇ ਹਨ ਤਾਂ ਫਿਰ ਤੁਹਾਡੇ ਇਸ ਪੀ ਐਚ ਡੀ ਗਾਇਕ ਨੂੰ ਉਨ੍ਹਾਂ ਦੀਆਂ ਰਚਨਾਵਾਂ ਚੋਰੀ ਕਰਨ ਦੀ ਲੋੜ ਕਿਉਂ ਪੈਂਦੀ ਹੈ? ਤੁਹਾਡੀ ਇਹ ਪਹੁੰਚ ਦੇਖ ਕੇ ਡਾ. ਜਗਤਾਰ ਦਾ ਸ਼ਿਅਰ ਯਾਦ ਆ ਗਿਆ:

ਤੁਹਾਡੀ ਇਹ ਕੂਟਲਨੀਤੀ
ਤੁਹਾਨੂੰ ਹੀ ਮੁਬਾਰਕ ਹੈ,
ਹਵਾ ਦੇ ਆਸਰੇ ਉਡਣਾ,
ਹਵਾ ਨੂੰ ਹੀ ਬੁਰਾ ਕਹਿਣਾ।

ਉਨ੍ਹਾਂ ਲਿਖਿਆ ਹੈ ਕਿ ਲੇਖ ਵਿਚ ਲੇਖਕ ਖ਼ੁਦ ਲਿਖਦਾ ਹੈ ਕਿ ਸਰਤਾਜ ਦੀ ਗਾਇਕੀ ਲੋਕਾਂ ਨੂੰ ਬੰਨ੍ਹ ਲੈਂਦੀ ਹੈ। ਇਸਦਾ ਇਹੀ ਕਾਰਨ ਹੈ ਕਿ ਉਹ ਆਪਣੇ ਗੀਤਾਂ ਵਿਚ ਆਮ ਲੋਕਾਂ ਦੀਆਂ ਗੱਲਾਂ ਤੇ ਭਾਸ਼ਾ ਵਰਤਦਾ ਹੈ ਤਾਂ ਉਸਦੀਆਂ ਮਹਿਫ਼ਲਾਂ ਵਿਚ ਤਿਲ ਸੁਟਣ ਲਈ ਥਾਂ ਨਹੀਂ ਮਿਲਦੀ...। ਉਹ ਏਥੇ ਫਿਰ ਟਪਲਾ ਖਾ ਗਏ ਜਾਂ ਜਾਣ-ਬੁਝ ਕੇ ਸੱਚ ਲੁਕਾਉਣਾ ਚਾਹੁੰਦੇ ਹਨ, ਪਤਾ ਨਹੀਂ। ਸਰਤਾਜ ਦੀ ਗਾਇਕੀ ਲੋਕਾਂ ਨੂੰ ਬੰਨ੍ਹ ਲੈਂਦੀ ਹੈ, ਪਰ ਅਗਲੀਆਂ ਸਤਰਾਂ ਉਨ੍ਹਾਂ ਕਿਉਂ ਨਹੀਂ ਲਿਖੀਆਂ ਜਾਂ ਪੜ੍ਹੀਆਂ। ਪੂਰੀ ਗੱਲ ਇਸ ਤਰ੍ਹਾਂ ਹੈ:

'ਉਸਦੀ ਗਾਇਕੀ ਅਤੇ ਸ਼ਾਇਰੀ ਦਾ ਚਮਕਾਰਾ ਇਕ ਵਾਰ ਤਾਂ ਸਰੋਤੇ ਨੂੰ ਧੁਰ ਅੰਦਰ ਤੱਕ ਪ੍ਰਭਾਵਿਤ ਕਰ ਜਾਂਦਾ ਹੈ। ਪਰ ਇਹ ਚਮਕਾਰਾ ਖਾਲਿਸ ਸੋਨੇ ਦੀ ਚਮਕ ਦਾ ਨਹੀਂ, ਮੁਲੰਮੇ ਦਾ ਹੈ। ਸਾਡਾ ਮਕਸਦ ਸੋਨੇ ਦੀ ਚਮਕ ਅਤੇ ਮੁਲੰਮੇ ਦੀ ਚਮਕ ਵਿਚ ਅੰਤਰ ਕਰਨਾ ਹੀ ਹੈ। ਉਸਦੀ ਗਾਇਕੀ ਇਕ ਵਾਰ ਤਾਂ ਸਰੋਤੇ ਨੂੰ ਸੰਮੋਹਿਤ ਕਰਨ ਦੀ ਤਾਕਤ ਰੱਖਦੀ ਹੈ, ਪਰ ਜਦੋਂ ਸਰੋਤਾ ਰਤਾ ਕੁ ਸੁਚੇਤ ਹੋ ਕੇ ਉਸ ਸੰਮੋਹਨ 'ਚੋਂ ਬਾਹਰ ਆਉਂਦਾ ਹੈ ਤਾਂ ਉਸ ਅੱਗੇ ਸਤਿੰਦਰ ਸਰਤਾਜ ਦੀ ਗਾਇਕੀ ਤੇ ਸ਼ਾਇਰੀ ਦਾ ਖੋਖਲਾਪਨ ਝੱਟ ਜ਼ਾਹਰ ਹੋ ਜਾਂਦਾ ਹੈ।'

ਡਾ. ਹਨੀ ਸ਼ੇਰਗਿੱਲ ਨੇ ਵਪਾਰਕ ਕਾਮਯਾਬੀ ਨੂੰ ਪੈਮਾਨਾ ਬਣਾ ਕੇ ਆਮ ਪਬਲਿਕ ਦੇ ਤਰਕ ਨੂੰ ਵਰਤਿਆ ਹੈ। ਗੱਲ ਮਿਆਰ ਦੀ ਹੋ ਰਹੀ ਸੀ ਨਾ ਕਿ ਕਾਮਯਾਬੀ ਦੀ। ਮਸਲਾ ਭੀੜਾਂ ਜੁਟਾਉਣ ਦਾ ਨਹੀਂ ਅਤੇ ਨਾ ਸਾਡਾ ਇਸ ਨਾਲ ਕੋਈ ਵਾਸਤਾ ਹੈ। ਪਿੰਡਾਂ ਵਿਚ ਜਦੋਂ ਗਾਉਣ ਵਾਲੀ ਲਗਦੀ ਸੀ, ਕੋਠਿਆਂ ਦੇ ਬਨੇਰੇ ਤਾਂ ਉਦੋਂ ਵੀ ਭਰ ਜਾਂਦੇ ਸਨ। ਅਸੀਂ ਤੇ ਖ਼ੁਦ ਇਹ ਮੰਨ ਕੇ ਚੱਲੇ ਸੀ ਕਿ ਸਤਿੰਦਰ ਸਰਤਾਜ ਚਰਚਿਤ ਤਾਂ ਹੈ, ਪਰ ਚਰਚਿਤ ਹੋਣ ਅਤੇ ਮਿਆਰੀ ਹੋਣ ਵਿਚ ਬਹੁਤ ਫ਼ਰਕ ਹੈ। ਚਰਚਿਤ ਤਾਂ ਕਿਸੇ ਜ਼ਮਾਨੇ ਵਿਚ ਚਮਕੀਲਾ ਵੀ ਬਹੁਤ ਰਿਹਾ ਹੈ। ਇਹ ਕੋਈ ਮਿਆਰ ਦਾ ਮਾਪ-ਦੰਡ ਨਹੀਂ।

ਅੱਗੇ ਹਨੀ ਜੀ ਨੇ ਕੁਝ ਗਾਣਿਆ ਦਾ ਨਾਂ ਲੈ ਕੇ ਕਿਹਾ ਹੈ ਕਿ ਗਾਇਕ ਨੇ ਕਿੰਨੇ ਹੀ ਗਾਣੇ ਵਧੀਆ ਗਾਏ ਹਨ। ਡਾ. ਸਾਹਿਬ ਨੂੰ ਸ਼ਾਇਦ ਪਤਾ ਨਹੀ ਕਿ ਚੰਗੇ ਜਾਂ ਧਾਰਮਿਕ ਗੀਤ ਤਾਂ ਤਕਰੀਬਨ ਸਾਰੇ ਹੀ ਗਾਇਕਾਂ ਨੇ ਗਾਏ ਹਨ। ਚਮਕੀਲੇ ਦਾ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ' ਅਤੇ ਕਈ ਹੋਰ ਚੰਗੇ ਗੀਤ ਸਰੋਤਿਆਂ ਦੇ ਧੁਰ ਅੰਦਰ ਵਸੇ ਹੋਏ ਹਨ। ਇਸ ਹਿਸਾਬ ਨਾਲ ਤਾਂ ਫਿਰ ਕਿਸੇ ਦੀ ਵੀ ਆਲੋਚਨਾ ਨਹੀਂ ਹੋ ਸਕਦੀ। ਪਰ ਫਿਰ ਵੀ ਉਹ ਸ਼ਾਇਦ ਲੇਖ ਦੀਆਂ ਉਹ ਸਤਰਾਂ ਭੁੱਲ ਗਏ ਜਿੱਥੇ ਅਸੀਂ ਉਸ ਵਲੋਂ ਵਾਰਿਸ ਦੀ ਹੀਰ ਮੋਹ ਲੈਣੇ ਅੰਦਾਜ਼ ਵਿਚ ਗਾਉਣ ਦੀ ਗੱਲ ਕੀਤੀ ਹੈ। ਬਾਕੀ ਚੰਗੇ ਗੀਤਾਂ ਬਾਰੇ ਅਸੀਂ ਕਿਵੇਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਇਹ ਉਸਦੇ ਮੌਲਿਕ ਗੀਤ ਹਨ, ਜਦੋਂ ਉਸ 'ਤੇ ਚੁਫੇਰਿਓਂ ਕਥਿਤ ਚੋਰੀ ਦੇ ਇਲਜ਼ਾਮ ਲੱਗ ਰਹੇ ਹਨ (ਉਸਤਾਦ ਦਾਮਨ, ਗੁਰਚਰਨ ਰਾਮਪੁਰੀ, ਤਰਲੋਕ ਜੱਜ ਆਦਿ) ਜਦੋਂ ਬੰਦਾ ਇਕ ਕਥਿਤ ਚੋਰੀ ਕਰਦਾ ਹੈ ਤਾਂ ਉਸਦੀ ਹਰ ਚੀਜ਼ ਸ਼ੱਕ ਦੇ ਘੇਰੇ ਵਿਚ ਆ ਜਾਂਦੀ ਹੈ। ਹਾਂ, ਉਸਦੀਆਂ ਮੁਲਾਕਾਤਾਂ ਅਤੇ ਉਸ ਵਲੋਂ ਗੀਤਾਂ ਵਿਚ ਮਾਰੀਆਂ ਜਾਂਦੀਆਂ ਬੇਥੱਵੀਆਂ ਦੇ ਆਧਾਰ 'ਤੇ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ 'ਯਾਮਾ' ਅਤੇ 'ਸੀਟੀ' ਵਰਗੇ ਗੀਤਾਂ ਦਾ ਰਚੈਤਾ ਡਾ. ਸਤਿੰਦਰ ਸਰਤਾਜ ਹੀ ਹੋ ਸਕਦਾ ਹੈ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਬੰਦਾ ਚੋਰੀ ਦੇ ਇਲਜ਼ਾਮਾਂ ਤੋਂ ਬਾਦ ਕਿਹੋ-ਜਿਹੀ ਪਹੁੰਚ ਅਪਨਾਉਂਦਾ ਹੈ। ਜਿਸ ਬੰਦੇ ਦੀ ਚੋਰੀ ਹੋਈ ਹੈ, ਉਹ ਵਿਚਾਰਾ ਇੰਡੀਆ ਬੈਠਾ ਦੁਹਾਈ ਪਾ ਰਿਹਾ ਹੈ ਅਤੇ ਏਧਰ ਇਹ ਚਹੇਤਾ ਗਾਇਕ ਬੜੀ ਢੀਠਤਾਈ ਨਾਲ ਮਹਿਫਲਾਂ ਵਿਚ 'ਕੋਈ ਸਜ ਬੈਠਾ ਮਹਾਰਾਜ ਦੀ ਤਰ੍ਹਾਂ' ਗਾਉਣ ਵਿਚ ਮਸਤ ਹੈ, ਜਿਵੇਂ ਕੋਈ ਗੱਲ ਹੋਈ ਹੀ ਨਹੀਂ ਹੁੰਦੀ। ਇਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਅੱਜਕੱਲ ਇਹ ਧੰਦਾ ਕਰੋੜਾਂ ਅਰਬਾਂ ਤੱਕ ਪੁੱਜ ਚੁੱਕਾ ਹੈ ਇਸ ਲਈ ਇਹ ਚੋਰੀ ਮਾਇਕ ਤੌਰ 'ਤੇ ਵੀ ਕੋਈ ਮਾਇਨੇ ਰੱਖਦੀ ਹੈ। ਡਾ. ਸ਼ੇਰਗਿੱਲ ਜਿਸ ਪ੍ਰਬੰਧ ਵਿਚ ਰਹਿ ਰਹੇ ਹਨ ਇਥੇ ਜਦੋਂ ਕਿਸੇ 'ਤੇ ਕੋਈ ਮਾੜਾ ਜਿਹਾ ਇਲਜ਼ਾਮ ਵੀ ਲਗਦਾ ਹੈ ਤਾਂ ਉਹ ਝੱਟ ਅਸਤੀਫ਼ਾ ਦੇ ਕੇ ਉਸਦੀ ਮੁਆਫ਼ੀ ਮੰਗਦਾ ਹੈ ਜਾਂ ਇਲਜ਼ਾਮਾਂ ਦਾ ਸਾਹਮਣਾ ਕਰਦਾ ਹੈ। ਪਰ ਆਪਣਾ ਇਹ ਗਾਇਕ ਜੋ ਸੂਫੀਅਤ ਤੋਂ ਅਥਾਹ ਪ੍ਰਭਾਵਿਤ ਹੋਣ ਦਾ ਦਾਅਵਾ ਕਰਦਾ ਹੈ, 'ਘੋਗੜ-ਵੱਟਾ' ਬਣ ਕੇ ਭਾਰਤੀ ਸਿਆਸਤਦਾਨਾਂ ਨੂੰ ਵੀ ਮਾਤ ਪਾ ਰਿਹਾ ਹੈ। ਵਿਚੋਲੇ ਤਰਲੋਕ ਜੱਜ ਨਾਲ ਝੂਠੇ ਹੀ ਸਮਝੌਤੇ ਹੋਣ ਦੀਆਂ ਅਫਵਾਹਾਂ ਅਖ਼ਬਾਰਾਂ ਵਿਚ ਫੈਲਾ ਰਹੇ ਹਨ ਜਦੋਂ ਕਿ ਅਜਿਹੀਆਂ ਅਫਵਾਹਨੁਮਾ ਖ਼ਬਰਾਂ ਆਉਣ ਤੋਂ ਬਾਦ ਤਰਲੋਕ ਜੱਜ ਨੇ ਪੰਜਾਬੀ ਆਰਸੀ ਬਲੌਗ 'ਤੇ ਚਿੱਠੀ ਲਿਖੀ ਹੈ ਕਿ ਮੇਰਾ ਕੋਈ ਸਮਝੌਤਾ ਨਹੀਂ ਹੋਇਆ। ਕੌਣ ਛਪਵਾ ਰਿਹਾ ਹੈ ਇਹ ਖ਼ਬਰਾਂ? ਸਰਤਾਜ ਇਸ ਦਾ ਖੰਡਨ ਕਿਉਂ ਨਹੀਂ ਕਰਦਾ? ਸਮਝੌਤਾ ਹੋਇਆ

*(ਬਾਕੀ ਸਫਾ 22 'ਤੇ)*

## *'ਮਾਂ ਦਾ ਦੀਨਾ' ਕੋਈ ਗਾਲ ਹੈ ਜਾਂ ਨਹੀਂ?*

ਅਸੀਂ ਇਸ ਦੀ ਤਹਿ ਤੱਕ ਜਾਣ ਲਈ ਪੰਜਾਬੀ ਦੇ ਸਿਰਕੱਢ ਤੇ ਬੇਬਾਕ ਲੇਖਕ, ਜਿਸ ਨੂੰ ਵਰਿਆਮ ਸੰਧੂ ਨੇ ਪੰਜਾਬੀ ਲਫਜ਼ਾਂ ਦੀ ਬੈਂਕ ਕਿਹਾ ਸੀ, ਆਮੀਨ ਮਲਿਕ ਨੂੰ ਲੰਡਨ ਫੋਨ 'ਤੇ ਪੁੱਛਿਆ, 'ਮਲਿਕ ਸਾਹਿਬ, 'ਮਾਂ ਦੇ ਦੀਨੇ' ਗਾਲ਼ ਹੁੰਦੀ ਹੈ ਕਿ ਕੁਝ ਹੋਰ?'

ਮਲਿਕ ਸਾਹਿਬ ਕਹਿਣ ਲੱਗੇ, 'ਕਿਉਂ ਕੀ ਗੱਲ ਹੋਈ?'

ਅਸੀਂ ਕਿਹਾ, 'ਮਲਿਕ ਸਾਹਿਬ ਇਕ ਡਾਕਟਰ ਸਾਹਿਬ ਨੇ, ਉਹ ਕਹਿੰਦੇ ਨੇ 'ਮਾਂ ਦਾ ਦੀਨਾ' ਗਾਲ਼ ਨਹੀਂ ਹੁੰਦੀ, ਇਸ ਦਾ ਮਤਲਬ ਮਾਂ ਦਾ ਸ਼ੇਰ ਬੱਗਾ ਜਾਂ ਮਾਂ ਦਾ ਗੱਭਰੂ ਪੁੱਤ ਹੈ।'

ਅਮੀਨ ਮਲਿਕ ਕਹਿਣ ਲੱਗੇ, 'ਉਹਨੂੰ...ਕਹੀਂ ਕਿ ਇਹ ਗੱਲ ਕਿਸੇ ਪਾਕਿਸਤਾਨੀ ਨੂੰ ਕਹਿ ਕੇ ਵੇਖੇ। ਜੇ ਭੂੰਜੇ ਲੰਮਿਆਂ ਪਾ ਕੇ ਛਿੱਤਰ ਨਾ ਮਾਰੇ ਤਾਂ ਮੈਨੂੰ ਕਿਹੋ। ਇਕੱਲਾ ਮਾਂ ਦਾ ਦੀਨਾ ਹੀ ਨਹੀਂ 'ਭੈਣ ਦਾ ਦੀਨਾ' ਵੀ ਹੁੰਦੈ ਅਤੇ ਗਾਲ਼ ਉਰਦੂ ਵਾਲੇ ਵੀ 'ਮਾਂ ਕਾ ਦੀਨਾ' ਅਤੇ 'ਭੈਣ ਕਾ ਦੀਨਾ' ਕਹਿ ਕੇ ਕੱਢਦੇ ਹਨ। ਇਹ ਲਫਜ਼ ਚੰਗੇ ਨਹੀਂ ਹਨ।'

ਮਲਿਕ ਸਾਹਿਬ ਫਿਰ ਕਹਿਣ ਲੱਗੇ, 'ਓਇ ਤੁਹਾਡੀ ਅਕਲ ਨੂੰ ਕੀ ਹੋ ਗਿਆ?'

ਮੈਂ ਕਿਹਾ, 'ਮਲਿਕ ਸਾਹਿਬ ਅਕਲ ਨੂੰ ਮਾੜਾ ਜਿਹਾ ਠੇਡਾ ਲੱਗਿਆ ਸੀ।'

ਕਹਿਣ ਲੱਗੇ, 'ਠੇਡਾ ਨਹੀਓਂ।'

ਮੈਂ ਕਿਹਾ, 'ਹੋਰ ਕੀ ਐ?'

ਕਹਿੰਦੇ, ਓਇ ਹਰਪਾਲ ਹੁਣ ਤੂੰ ਮੇਰੇ ਤੋਂ ਗੰਨੇ 'ਚੋਂ ਰਸ ਜ਼ਰੂਰ ਕਢਾਉਣਾ ਈ?'

'ਜੇ ਹੁਣ ਲੱਗੇ ਓ ਤਾਂ ਕੱਢ ਹੀ ਦਿਉ?'

ਫਿਰ ਜਿਹੜਾ ਰਸ ਅਮੀਨ ਮਲਿਕ ਨੇ ਕੱਢਿਆ, ਉਹ ਸਾਡੀ ਕਲਮ ਏਥੇ ਚੁਆ ਨਹੀਂ ਸਕਦੀ। ਜੇ 'ਮਾਂ ਦਾ ਦੀਨਾ' ਮਾਂ ਦਾ ਸ਼ੇਰ ਬੱਗਾ ਪੁੱਤ ਹੈ ਤਾਂ 'ਭੈਣ ਦੇ ਦੀਨੇ' ਦਾ ਕੀ ਕਰਾਂਗੇ। ਭੈਣ ਦੇ ਸ਼ੇਰ ਬੱਗੇ ਪੁੱਤ ਤਾਂ ਕਦੇ ਸੁਣਿਆ ਨਹੀਂ। ਕੁਝ ਗੱਲਾਂ ਸਾਹਿਤਕ ਜਾਂ ਸੰਕੇਤਕ ਭਾਸ਼ਾ ਵਿਚ ਹੀ ਸੋਹਣੀਆਂ ਲੱਗਦੀਆਂ ਹਨ, ਜੇ ਉਨ੍ਹਾਂ ਨੂੰ ਖੋਲ੍ਹਣ ਲੱਗ ਪਈਏ ਤਾਂ ਉਹ ਕੋਝੀਆਂ ਹੋ ਜਾਂਦੀਆਂ ਹਨ।

# ਸਰਤਾਜ

*(ਪਿਛਲੇ ਸਫੇ ਤੋਂ ਜਾਰੀ)*

ਨਹੀਂ, ਪਰ ਲੋਕਾਂ ਨੂੰ ਗੁੰਮਰਾਹ ਕੌਣ ਕਰ ਜਾਂ ਕਰਵਾ ਰਿਹਾ ਹੈ?

ਇਸ ਤੋਂ ਅੱਗੇ ਇਕ ਬੜਾ ਹੀ ਅਹਿਮ ਨੁਕਤਾ ਸੀ 'ਸਰਪੇਚ' ਦਾ, ਜਿਸ ਮਸਲੇ 'ਤੇ ਉਨ੍ਹਾਂ ਨੂੰ ਹਾਸਾ ਆ ਰਿਹਾ ਹੈ, ਸਾਨੂੰ ਉਸ 'ਤੇ ਰੋਣ ਆ ਰਿਹਾ ਹੈ। ਸਿੱਖ ਦਾ ਦਸਤਾਰ ਨਾਲ ਕੀ ਰਿਸ਼ਤਾ ਹੈ? ਦੱਸਣ ਦੀ ਲੋੜ ਨਹੀਂ। ਭਾਵੇਂ ਕਿ ਦਸਤਾਰ ਇਕ ਕਲਚਰਲ ਚੀਜ਼ ਹੈ, ਪਰ ਸਿੱਖ ਲਈ ਇਹ ਕਲਚਰਲ ਨਾਲੋਂ ਕਿਤੇ ਵੱਧ ਧਾਰਮਿਕ ਹੈ। ਸਿੱਖ ਇਸ ਨੂੰ ਗੁਰੂ ਦੀ ਬਖਸ਼ਿਸ਼ ਸਮਝਦਾ ਹੈ। ਸਿੱਖ ਲਈ ਇਹ ਕੇਵਲ ਇਕ ਕਪੜੇ ਦਾ ਟੁਕੜਾ ਨਹੀਂ, ਜਿਸ 'ਤੇ ਕੋਈ ਸ਼ੋਅ-ਕੇਸ ਵਾਂਗੂੰ ਚੀਜ਼ਾਂ ਟੰਗੀ ਫਿਰੇ। ਇਹ ਤਾਂ ਦੁਨੀਆਂ ਦੇ ਮਾਣ-ਮੱਤੇ ਤਾਜਾਂ ਤੋਂ ਵੀ ਵਧ ਕੇ ਹੈ ਤੇ ਸਰਤਾਜ ਬੇਗਾਨਾ 'ਸਰਪੇਚ' ਇਸ 'ਤੇ ਟੰਗੀ ਫਿਰਦਾ ਹੈ। ਉਨ੍ਹਾਂ ਨੂੰ ਸਾਡੀ ਇਹ ਗੱਲ ਤੰਗਦਿਲੀ ਦੀ ਨਿਸ਼ਾਨੀ ਜਾਪਦੀ ਹੈ। ਆਪਣੇ ਧਰਮ, ਆਪਣੇ ਕਲਚਰ, ਆਪਣੀ ਬੋਲੀ, ਆਪਣੀ ਪਹਿਚਾਣ ਨੂੰ ਕਿਸੇ ਵੱਡੀ ਚੀਜ਼ ਵਿਚ ਜਜ਼ਬ ਕਰੀ ਜਾਣਾ ਫਰਾਖਦਿਲੀ ਨਹੀਂ, ਬੀਮਾਰ ਮਾਨਸਿਕਤਾ ਹੁੰਦੀ ਹੈ। ਸਰਤਾਜ 'ਸਰਪੇਚ' ਬਾਰੇ ਕਹਿੰਦਾ ਹੈ:

'ਮੇਰਾ ਜ਼ਾਤੀ ਵੀ, ਕਹਿੰਦੇ ਹੁੰਦੇ ਹਨ ਕਿ ਇੰਟਰੈਸਟ ਹੁੰਦਾ ਹੈ ਕਿਸੇ ਚੀਜ਼ ਵਿਚ। ਇਸਲਾਮੀ ਕਲਚਰ ਦੇ ਵਿਚ, ਉਥੇ ਦੇ ਲਿਬਾਸ ਦੇ ਵਿਚ ਮੇਰੀ ਖ਼ਾਸ ਦਿਲਚਸਪੀ ਹੈ। ਇਹ ਇਕ ਇਰਾਨੀ ਓਰਨਾਮੈਂਟ ਐ ਇਸਨੂੰ ਕਹਿੰਦੇ ਨੇ ਸਰਪੇਚ। ਜਿਹੜੇ ਇਰਾਨ ਦੇ ਲੋਕ ਦਸਤਾਰ ਸਜਾਉਂਦੇ ਨੇ, ਉਹ ਵੀ ਜਦੋਂ ਕੋਈ ਖੁਸ਼ੀ ਦਾ ਵਾਇਸ ਜਾਂ ਮੌਕਾ ਹੁੰਦਾ ਹੈ, ਉਹ ਇਸ ਤਰ੍ਹਾਂ ਦੀਆਂ ਚੀਜ਼ਾਂ ਗਹਿਣਿਆਂ ਦੇ ਤੌਰ 'ਤੇ ਇਸਤੇਮਾਲ ਕਰਦੇ ਨੇ।'

ਇਹ ਗੱਲਾਂ ਉਹ ਸ਼ਖ਼ਸ ਕਹਿ ਰਿਹਾ ਹੈ, ਜਿਸ ਨੂੰ 'ਖੁਸ਼ਬੂ ਪੰਜਾਬ ਦੀ' ਜਾਂ 'ਪੰਜਾਬੀ ਦਾ ਵਾਰਿਸ' ਕਿਹਾ ਜਾ ਰਿਹਾ ਹੈ। ਭਲਾ ਇਹ ਖੁਸ਼ਬੂ ਪੰਜਾਬ ਦੀ ਫੈਲਾ ਰਿਹਾ ਹੈ ਕਿ ਇਰਾਨ ਦੀ? ਜਿਹੜਾ ਸ਼ਖ਼ਸ ਇਕ ਨਾਇਕ (ਆਈਕੋਨ) ਦੇ ਤੌਰ 'ਤੇ ਪੇਸ਼ ਹੋ ਰਿਹਾ ਹੋਵੇ ਜਾਂ ਕੀਤਾ ਜਾ ਰਿਹਾ ਹੋਵੇ ਤਾਂ ਫਿਰ ਉਸ ਦੀ ਹਰ ਇਕ ਚੀਜ਼ 'ਚੋਂ ਉਸਦੇ ਸੱਭਿਆਚਾਰ ਦੀ ਖੁਸ਼ਬੂ ਆਉਣੀ ਚਾਹੀਦੀ ਹੈ ਕਿਉਂਕਿ ਉਹ ਇਸ ਦੀ ਪ੍ਰਤੀਨਿਧਤਾ ਕਰ ਰਿਹਾ ਹੁੰਦਾ ਹੈ।

ਡਾ. ਹਨੀ ਸ਼ੇਰਗਿਲ ਦੀ ਪੁਸਤਕ 'ਉਧਾਰੇ ਲਏ ਪਰਾਂ ਦੀ ਦਾਸਤਾਨ' ਦੇ ਪੰਨਾ 117 'ਤੇ ਛਪੀ ਉਨ੍ਹਾਂ ਦੀ ਗ਼ਜ਼ਲ ਦਾ ਇਕ ਸ਼ਿਅਰ ਯਾਦ ਆ ਰਿਹਾ ਹੈ-

ਵਿਰਸਾ ਅਮੀਰ ਅਸੀਂ
ਆਪਣਾ ਗੁਆ ਲਿਆ,
ਡਾਲਰਾਂ ਦੇ ਨਾਲ ਭਾਵੇਂ
ਝੋਲੇ ਲਏ ਭਰ ਨੇ।

ਉਨ੍ਹਾਂ ਦਾ ਇਹ ਸ਼ਿਅਰ ਸਪੱਸ਼ਟ ਕਰਦਾ ਹੈ ਕਿ ਉਨ੍ਹਾਂ ਨੂੰ ਗੁਆਚ ਰਹੇ ਆਪਣੇ ਵਿਰਸੇ ਦਾ ਫ਼ਿਕਰ ਹੈ, ਪਰ ਜਦੋਂ ਕੋਈ ਵਾਲ ਖਿਲਾਰ ਕੇ, ਪਗੜੀ 'ਤੇ ਬਿਗਾਨੇ ਸਭਿਆਚਾਰ ਨਾਲ ਸੰਬੰਧਤ ਸ਼ੈਅ ਬੰਨ੍ਹ ਕੇ ਪੰਜਾਬੀ ਵਿਰਸੇ, ਸਭਿਆਚਾਰ ਦੀਆਂ ਧੱਜੀਆਂ ਉਡਾਉਂਦਾ ਹੈ ਤਾਂ ਉਹ ਉਸ ਨਾਲ ਜਾ ਖੜ੍ਹਦੇ ਹਨ। ਸਾਡੇ ਖਿਆਲ ਵਿਚ ਪਹਿਲਾਂ ਉਨ੍ਹਾਂ ਨੂੰ ਸੋਚ ਸਮਝ ਕੇ ਫ਼ੈਸਲਾ ਕਰ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਕਿਧਰ ਖੜ੍ਹਨਾ ਹੈ? ਦੂਸਰੇ ਸ਼ਬਦਾਂ ਵਿਚ ਜਾਂ ਤਾਂ ਉਹ ਹੁਣ ਗ਼ਲਤ ਪੈਂਤੜਾ ਲੈ ਰਹੇ ਹਨ ਜਾਂ ਉਨ੍ਹਾਂ ਦੇ ਸ਼ਿਅਰ ਵਿਚ 'ਆਪਣੇ ਅਮੀਰ ਵਿਰਸੇ' ਪ੍ਰਤੀ ਪੇਸ਼ ਹੋਇਆ ਫਿਕਰ ਖੋਖਲਾ ਹੈ, ਦਿਖਾਵਾ ਹੈ, ਬਨਾਵਟੀ ਹੈ।

ਉਂਜ ਵੀ ਡਾ. ਸ਼ੇਰਗਿਲ ਨੂੰ ਸਾਬਤਕਦਮੀਂ ਤੁਰਨ ਦਾ ਵਲ਼ ਸ਼ਾਇਦ ਆਇਆ ਹੀ ਨਹੀਂ। ਉਹ ਗੱਲ ਕਰਦੇ ਹਨ, ਫਿਰ ਉਨ੍ਹਾਂ ਨੂੰ ਲੱਗਦਾ ਹੈ, ਸ਼ਾਇਦ ਗ਼ਲਤ ਕਹਿ ਰਹੇ ਹੋਣ, ਫਿਰ ਪੈਂਤੜਾ ਬਦਲਦੇ ਹਨ। ਉਦਾਹਰਣ ਵਜੋਂ ਹਰਭਜਨ ਸਿੰਘ ਬੈਂਸ ਦਾ ਜ਼ਿਕਰ ਕਰਨ ਵੇਲੇ ਉਨ੍ਹਾਂ ਦਾ ਡੋਲਦਾ ਆਤਮਵਿਸ਼ਵਾਸ ਦੇਖਿਆ ਜਾ ਸਕਦਾ ਹੈ। ਪਹਿਲਾਂ ਕਹਿੰਦੇ ਹਨ:

'ਹਰਭਜਨ ਸਿੰਘ ਬੈਂਸ ਆਖਦੇ ਨੇ ਕਿ ਸਰਤਾਜ ਨੂੰ ਨਾ ਤਾਂ ਗਾਉਣਾ ਆਉਂਦਾ ਹੈ ਤੇ ਨਾ ਹੀ ਲਿਖਣਾ। ਬੈਂਸ ਸਾਹਿਬ ਨੇ ਅਜਿਹਾ ਕਿਹਾ ਹੋਵੇਗਾ, ਲਗਦਾ ਤਾਂ ਨਹੀਂ।'

ਫਿਰ ਉਨ੍ਹਾਂ ਨੂੰ ਆਪਣੇ 'ਲਗਦਾ ਨਾ ਹੋਣ' 'ਤੇ ਸ਼ੱਕ ਪੈਂਦਾ ਹੈ। ਝੱਟ ਗੱਲ ਬਦਲਦੇ ਹੋਏ ਆਖਦੇ ਹਨ, 'ਸ਼ਾਇਦ ਸੋਹਲ ਸਾਹਿਬ ਨਾਲ ਕੋਈ ਨਿੱਜੀ ਸਾਂਝ ਹੋਵੇ। ਕੀ ਪਤਾ ਚਲਦਾ ਅੱਜ ਕੱਲ...?'

ਉਹ ਨੁਕਤਾ ਫੜ੍ਹਨ ਦੀ ਕੋਸ਼ਿਸ਼ ਤਾਂ ਕਰਦੇ ਹਨ, ਪਰ ਨੁਕਤਾ ਉਨ੍ਹਾਂ ਦੇ ਹੱਥੋਂ ਮਛਲੀ ਵਾਂਗ ਤਿਲਕ ਕੇ ਅਹੁ ਜਾਂਦਾ ਹੈ। ਆਪਣੀ ਗੱਲ ਨੂੰ ਡਾ. ਸਾਹਿਬ ਆਪ ਹੀ ਕੱਟ ਜਾਂਦੇ ਹਨ। ਵਿਚੇ ਹੀ ਕਹੀ ਜਾ ਰਹੇ ਹਨ ਕਿ ਸੁਰਿੰਦਰ ਸੋਹਲ ਆਪਣੇ ਲੇਖ ਵਿਚ ਕਵਿਤਾ ਦੀ ਡੂੰਘੀ ਜਾਣਕਾਰੀ ਦਿੰਦੇ ਹਨ। ਵਿਚੇ ਹੀ ਕਹੀ ਜਾ ਰਹੇ ਹਨ 'ਸੋਹਲ ਸਾਹਿਬ ਫਜ਼ੂਲ ਦੀਆਂ ਗੱਲਾਂ ਛੱਡ ਕੇ ਇਸ ਵਿਸ਼ੇ (ਚੋਰੀ ਵਾਲੇ) 'ਤੇ ਵਿਸਥਾਰ ਨਾਲ ਚਰਚਾ ਕਰਦੇ।

ਸਵੈ-ਵਿਰੋਧੀ ਹੋਣਾ ਹਨੀ ਜੀ ਦਾ ਖ਼ਾਸ 'ਗੁਣ' ਹੈ, ਪਰ ਅਫਸੋਸ ਇਹ 'ਗੁਣ' ਕਿਸੇ ਵੀ ਕਲਾ ਅਤੇ ਕਿਸੇ ਵੀ ਕਲਾ ਦੀ ਆਲੋਚਨਾ ਲਈ ਸਿਰਫ ਨੁਕਸਾਨਦੇਹ ਹੀ ਹੋ ਸਕਦਾ ਹੈ। ਡਾ. ਸਾਹਿਬ ਨੇ ਗਿੱਟੇ ਨਾਲ ਬੰਨਣ ਵਾਲੀ ਚੀਜ਼ ਨੂੰ ਪੱਗ ਤੱਕ ਪਹੁੰਚਾ ਕੇ ਊਚ ਨੀਚ ਦਾ ਭੇਦ-ਭਾਵ ਮਿਟਾਉਣ ਵਾਲਾ ਜਿਹੜਾ ਅਲੋਕਾਰ ਸਿਧਾਂਤ ਪੇਸ਼ ਕੀਤਾ ਹੈ, ਉਸ 'ਤੇ ਸਾਨੂੰ ਉਨ੍ਹਾਂ ਦੇ ਪੜ੍ਹੇ ਲਿਖੇ ਡਾਕਟਰ ਹੋਣ 'ਤੇ ਹਾਸਾ ਮੱਲੋਮੱਲੀ ਜਰੂਰ ਆਇਆ ਹੈ। ਸ਼ੁਕਰ ਹੈ ਉਨ੍ਹਾਂ ਊਚ-ਨੀਚ ਦਾ ਭੇਦ-ਭਾਵ (ਚੰਗੀ ਤਰ੍ਹਾਂ) ਮਿਟਾਉਂਦਿਆਂ ਗਿੱਟੇ ਤੋਂ ਥੱਲੇ ਪੈਰਾਂ ਦੀਆਂ ਜੁਤੀਆਂ ਚੁੱਕ ਕੇ ਸਿਰ 'ਤੇ ਰੱਖਣ ਦੀ ਗੱਲ ਨਹੀਂ ਕਰ ਦਿੱਤੀ। ਵੈਸੇ ਜਿਸ ਅੰਦਾਜ਼ ਨਾਲ ਉਨ੍ਹਾਂ ਨੇ ਊਚ-ਨੀਚ ਦਾ ਭੇਦ ਭਾਵ ਮਿਟਾਉਣ ਦੀ ਗੱਲ ਕੀਤੀ ਹੈ, ਇਕਵਿੰਦਰ ਸਿੰਘ ਦਾ ਸ਼ਿਅਰ ਅਜਿਹੀ ਸਥਿਤੀ 'ਤੇ ਬਹੁਤ ਫਿੱਟ ਬੈਠਦਾ ਹੈ:

ਊਚ ਨੀਚ ਵਾਲਾ ਫਾਸਲਾ
ਮਿਟਾਉਣ ਲੱਗ ਪਏ।
ਲੋਕ ਕੋਠੀਆਂ 'ਤੇ ਝੁੱਗੀਆਂ
ਬਣਾਉਣ ਲੱਗ ਪਏ।

ਡਾ. ਸਾਹਿਬ ਨੇ ਇਸ ਤੋਂ ਅੱਗੇ ਜਿਸ ਤਰ੍ਹਾਂ 'ਕੌਮ' ਦੀ ਵਿਆਖਿਆ ਕੀਤੀ ਹੈ ਉਸ ਤੋਂ ਸਪੱਸ਼ਟ ਪਤਾ ਲਗਦਾ ਹੈ ਕਿ ਨਾ ਤਾਂ ਉਨ੍ਹਾਂ ਦੀ ਸਿੱਖ ਫਲਸਫੇ, ਪੰਜਾਬੀ ਸਭਿਆਚਾਰ, ਪੰਜਾਬੀ ਸਾਹਿਤ ਦੇ ਇਤਿਹਾਸ 'ਤੇ ਕੋਈ ਪਕੜ ਹੈ ਤੇ ਨਾ ਹੀ ਉਨ੍ਹਾਂ ਇਸ ਬਾਰੇ ਕੋਈ ਅਧਿਐਨ ਕੀਤਾ ਹੈ। ਸਾਂਝੀਵਾਲਤਾ ਦੇ ਨਾਮ ਥੱਲੇ ਆਪਣਾ ਵਿਰਸਾ ਤਬਾਹ ਕਰਵਾ ਲੈਣਾ ਧਰਮ ਨਹੀਂ ਹੁੰਦਾ। ਇਹ ਇੱਕ ਬਹੁਤ ਹੀ ਅਹਿਮ ਤੇ ਸੂਖਮ ਮੁੱਦਾ ਹੈ, ਜਿਸ 'ਤੇ ਇਕ ਪੂਰਾ ਲੇਖ ਲਿਖਿਆ ਜਾ ਸਕਦਾ ਹੈ, ਪਰ ਅਜੇ ਅਸੀਂ ਸਿਰਫ਼ ਸਤਿੰਦਰ ਸਰਤਾਜ ਦੀਆਂ ਬੇਤੁਕੀਆਂ ਤੱਕ ਹੀ ਸੀਮਤ ਰਹਿਣਾ ਚਾਹੁੰਦੇ ਹਾਂ।



ਡਾ. ਹਨੀ ਜੀ ਨੇ ਲਿਖਿਆ ਕਿ ਅਸੀਂ ਵਿਦਿਆਰਥੀ ਜੀਵਨ ਦੀ ਆਰਥਿਕ ਮੰਦਹਾਲੀ ਦਾ ਵਰਨਣ ਕਰਦਿਆਂ ਇਸਦੇ ਅਰਥ ਤੋੜ-ਮਰੋੜ ਕੇ ਪੇਸ਼ ਕੀਤੇ ਹਨ। ਉਹ ਏਥੇ ਫਿਰ ਟਪਲਾ ਖਾ ਗਏ। ਅਸੀਂ ਤਾਂ ਗਾਇਕ ਦੇ ਵਿਚਾਰਾਂ ਦੀ ਸਗੋਂ ਦਰੁਸਤੀ ਕੀਤੀ ਹੈ ਕਿ ਜਿਸ ਵਿਦਿਆਰਥੀ ਕੋਲ ਬੂਟ ਲੈਣ ਲਈ ਪੈਸੇ ਨਹੀਂ ਹੁੰਦੇ ਉਹ ਬੁਲਟ ਲੈਣ ਦੀ ਨਹੀਂ ਸਗੋਂ ਫੀਸਾਂ ਬਾਬਤ ਸੋਚਦਾ ਹੈ। ਇਸ ਵਿਚ ਵਿਦਿਆਰਥੀ ਜੀਵਨ ਦੀ ਆਰਥਿਕ ਮਜ਼ਬੂਤੀ ਦੀ ਗੱਲ ਅਸੀਂ ਕਰ ਰਹੇ ਹਾਂ ਜਾਂ ਗਾਇਕ, ਜਿਹੜਾ ਬੂਟਾਂ ਤੋਂ ਸਿੱਧਾ ਬੁਲਟ 'ਤੇ ਜਾ ਪਹੁੰਚਦਾ ਹੈ।

ਡਾ. ਹਨੀ ਸ਼ੇਰਗਿੱਲ ਨੇ ਲਿਖਿਆ ਹੈ, 'ਨਾ ਹੀ ਉਹ (ਸਰਤਾਜ) ਸੁਰਾਂ ਤੋਂ ਬਾਹਰ ਹੋ ਕੇ ਗਾਉਂਦਾ ਹੈ।' ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਉਨ੍ਹਾਂ ਨੇ ਏਨਾ ਵੱਡਾ ਦਾਅਵਾ ਕਿਸ ਆਧਾਰ 'ਤੇ ਕੀਤਾ ਹੈ ਜਾਂ ਉਨ੍ਹਾਂ ਨੂੰ ਕਿਵੇਂ ਪਤਾ ਹੈ ਕਿ ਉਹ ਸੁਰਾਂ ਤੋਂ ਬਾਹਰ ਨਹੀਂ ਹੁੰਦਾ? ਉਨ੍ਹਾਂ ਦੀ ਇਹ ਸਤਰ ਪੜ੍ਹਨ ਤੋਂ ਬਾਦ ਅਸੀਂ ਸੰਗੀਤ ਦੇ ਕੁਝ ਉਸਤਾਦਾਂ ਦੀ ਰਾਇ ਲੈਣੀ ਜ਼ਰੂਰੀ ਸਮਝੀ ਤਾਂ ਅਸੀਂ ਪ੍ਰੋ. ਪਰਮਜੀਤ ਸਿੰਘ ਨੂੰ ਫੋਨ ਲਾਇਆ। ਉਹ ਅੱਜ ਕੱਲ੍ਹ ਮਿਸੀਸਾਗਾ (ਕੈਨੇਡਾ) ਵਿਚ ਰਹਿ ਕੇ ਸੰਗੀਤ ਦੀ ਸਿਖਿਆ ਦੇ ਰਹੇ ਹਨ। ਪ੍ਰੋ. ਸਾਹਿਬ ਦਾ ਪਿਛੋਕੜ ਸੰਗੀਤ ਦੇ ਪਟਿਆਲਾ ਘਰਾਣੇ ਨਾਲ ਹੈ ਅਤੇ ਉਨ੍ਹਾਂ ਨੂੰ ਸੰਗੀਤ ਗੁੜ੍ਹਤੀ ਵਿਚ ਮਿਲਿਆ ਹੈ। ਸਰਤਾਜ ਬਾਰੇ ਗੱਲ ਕਰਦਿਆਂ ਉਨ੍ਹਾਂ ਇਕ ਲਾਇਨ ਵਿਚ ਹੀ ਸਾਰਾ ਕੰਮ ਮੁਕਾ ਦਿੱਤਾ ਕਿ He is not a singer but a mere performer. ਭਾਵ ਕਿ ਉਹ ਗਾਇਕ ਨਹੀਂ ਮਹਿਜ਼ ਇੱਕ ਪ੍ਰਦਰਸ਼ਕ ਹੈ। ਅਸੀਂ ਪੁੱਛਿਆ ਕਿ ਉਸਨੇ ਪੀ ਐਚ ਡੀ ਕੀਤੀ ਹੋਈ ਹੈ। ਪ੍ਰੋ. ਸਾਹਿਬ ਨੇ ਕਿਹਾ, 'ਜਿੰਨੀਆਂ ਫੇਕ (ਨਕਲੀ) ਪੀ ਐਚ ਡੀਆਂ ਸਾਡੇ ਹੋ ਰਹੀਆਂ ਹਨ, ਸਾਰੀ ਦੁਨੀਆਂ ਵਿਚ ਕਿਤੇ ਨਹੀਂ ਹੋਈਆਂ ਹੋਣੀਆਂ। ਮੈਂ ਉਨ੍ਹਾਂ ਲੋਕਾਂ ਨੂੰ ਵੀ ਜਾਣਦਾ ਹਾਂ ਜਿਨ੍ਹਾਂ ਨੂੰ ਤਾਨਪੁਰਾ ਸਿੱਧਾ ਫੜ੍ਹ ਕੇ 'ਸਾ ਰੇ ਗਾ ਮਾ' ਵੀ ਕਹਿਣਾ ਨਹੀਂ ਆਉਂਦਾ।' ਉਨ੍ਹਾਂ ਦੱਸਿਆ ਕਿ ਸੰਗੀਤ ਦੀ ਪੀ ਐਚ ਡੀ ਇੱਕ ਬਹੁਤ ਵੱਡਾ ਭੁਲੇਖਾ ਹੈ ਕਿਉਂਕਿ ਪੀ ਐਚ ਡੀ ਦਾ ਸੰਬੰਧ ਥਿਊਰੀ ਨਾਲ ਹੈ ਜਦੋਂ ਕਿ ਸੰਗੀਤ ਪ੍ਰੈਕਟੀਕਲ ਦਾ ਵਿਸ਼ਾ ਹੈ। ਇਸ ਤੋਂ ਬਾਦ ਉਨ੍ਹਾਂ ਇਸ ਮੰਡੀ ਦੇ ਡੂੰਘੇ ਭੇਦ ਖੋਲ੍ਹਦਿਆਂ ਦੱਸਿਆ ਕਿ ਕੁਝ ਸਾਲ ਪਹਿਲਾਂ ਸੰਗੀਤ ਦਾ ਇਕ ਦਲਾਲ ਮੇਰੇ ਕੋਲ ਆ ਕੇ ਕਹਿਣਾ ਲੱਗਾ, 'ਪ੍ਰੋ. ਸਾਹਿਬ ਤੁਹਾਡੇ ਵਰਗਾ ਗਾਇਕ ਪੂਰੇ ਨਾਰਥ ਅਮੈਰਿਕਾ ਵਿਚ ਨਹੀਂ ਹੈ, ਜੇ ਤੁਸੀਂ ਦਾੜ੍ਹੀ ਕਟਵਾ ਦਿਓ ਤਾਂ ਮੈਂ ਤੁਹਾਨੂੰ ਪ੍ਰੋਮੋਟ ਕਰ ਸਕਦਾ ਹਾਂ।' ਪ੍ਰੋ. ਸਾਹਿਬ ਨੇ ਦੱਸਿਆ ਕਿ ਉਦੋਂ ਮੇਰੀ ਆਰਥਿਕ ਹਾਲਤ ਨਵਾਂ ਨਵਾਂ ਕਨੇਡਾ ਆਉਣ ਕਰਕੇ ਬਹੁਤੀ ਚੰਗੀ ਨਹੀਂ ਸੀ, ਪਰ ਮੈਂ ਉਸ ਨੂੰ ਕਿਹਾ ਕਿ ਮੈਂ ਉਹੋ ਜਿਹਾ ਥੁੱਕ ਕਦੇ ਨਹੀਂ ਚੱਟਿਆ। ਤੁਸੀਂ ਕਿਸੇ ਹੋਰ ਨੂੰ ਲੱਭੋ। ਪ੍ਰੋ. ਪਰਮਜੀਤ ਸਿੰਘ ਹੋਰਾਂ ਦਾ ਜਵਾਬ ਸੁਣ ਕੇ ਸਾਨੂੰ ਆਰਿਫ਼ ਗੋਬਿੰਦਪੁਰੀ ਦਾ ਇਹ ਸ਼ਿਅਰ ਯਾਦ ਆ ਗਿਆ:

ਖੁਆ ਕਾਂਵਾਂ ਨੂੰ ਜੇਕਰ ਗੰਦ
ਰਿਸ਼ਵਤ ਦਾ ਖੁਆਉਣਾ ਏਂ,
ਕਿ ਹੰਸਾਂ ਨੂੰ ਨਹੀਂ ਹੁੰਦੀ,
ਇਹ ਗੰਦਗੀ ਖਾਣ ਦੀ ਆਦਤ।

ਫਿਰ ਸਾਨੂੰ ਕਹਿਣ ਲੱਗੇ, ਦੇਖਿਉ ਕਿਤੇ ਸਾਡੇ ਵਰਗੇ ਲੋਕਾਂ ਨੂੰ ਕਦੇ ਤਰਸ ਦੇ ਪਾਤਰ ਨਾ ਬਣਾ ਦਿਉ। ਅਸੀਂ ਬਹੁਤ ਅਮੀਰ ਹਾਂ। ਰੱਬ ਨੇ ਸਾਨੂੰ ਇਬਾਦਤ ਵਰਗੀ ਕਲਾ ਦੀ ਦਾਤ ਦਿੱਤੀ ਹੈ। ਅਸੀਂ ਤਾਂ ਮਾਲਾ-ਮਾਲ ਹੋਏ ਪਏ ਹਾਂ। ਤੇ ਸੱਚ ਜਾਣਿਓਂ ਪ੍ਰੋ. ਸਾਹਿਬ ਦੀ ਇਹ ਗੱਲ ਸੁਣਨ ਤੋਂ ਬਾਦ ਅਸੀਂ ਆਪਣੀ ਇਸ ਲਿਖਤ ਵਿਚੋਂ ਕੁਝ ਸਤਰਾਂ ਕੱਢ ਦਿੱਤੀਆਂ।

ਅਸੀਂ ਚਾਹੁੰਦੇ ਹਾਂ ਕਿ ਸੂਝਵਾਨ ਪਾਠਕ, ਸੰਗੀਤ ਦੇ ਉਸਤਾਦਾਂ ਦੀ ਖ਼ੁਦ ਰਾਇ ਲੈਣ ਕਿ ਸਰਤਾਜ ਸੰਗੀਤ ਦੀ ਦੁਨੀਆਂ ਵਿਚ ਕਿੱਥੇ ਖੜ੍ਹਦਾ ਹੈ? 10 ਦੀ ਸਕੇਲ ਵਿਚ ਉਸਦਾ ਕੀ ਥਾਂ ਹੈ? ਅਸੀਂ ਇਕ ਵਾਰ ਫੇਰ ਯਾਦ ਕਰਵਾ ਦੇਈਏ ਕਿ ਇਹ ਗੱਲਾਂ ਉਸ ਗਾਇਕ ਲਈ ਹੋ ਰਹੀਆਂ ਹਨ ਜਿਸਨੂੰ ਸੁਰ ਤੇ ਸ਼ਾਇਰੀ ਦਾ ਸੁਮੇਲ ਕਿਹਾ ਜਾਂਦਾ ਹੈ, ਜਿਸ ਨੇ ਐਮ ਏ ਅਤੇ ਪੀ ਐਚ ਡੀ ਸੰਗੀਤ ਦੇ ਖੇਤਰ ਵਿਚ ਕੀਤੀ ਹੈ ਅਤੇ ਜਿਹੜਾ ਯੂਨੀਵਰਸਿਟੀ ਵਿਚ ਪੜ੍ਹਾ ਰਿਹਾ ਹੈ ਕਿਸੇ 'ਨੁੱਲੋਵਾਲੀਏ' ਗਾਇਕ ਲਈ ਨਹੀਂ।

ਡਾ. ਸ਼ੇਰਗਿੱਲ ਨੇ ਇੱਕ ਗੱਲ ਹੋਰ ਬੜੀ ਕਮਾਲ ਦੀ ਕਹੀ ਹੈ ਕਿ 'ਉਸਨੂੰ ਸਮਝਾ ਕੇ ਮਾਫ਼ ਕੀਤਾ ਜਾ ਸਕਦਾ ਹੈ।' ਸਮਝਣ-ਸਮਝਾਉਣ ਦੀ ਇਕ ਸਟੇਜ ਹੁੰਦੀ ਹੈ। ਜਿਸ ਨੇ ਸੂਫੀਵਾਦ 'ਤੇ ਪੀ ਐਚ ਡੀ ਕੀਤੀ ਹੋਵੇ, ਪਰਸ਼ੀਅਨ ਭਾਸ਼ਾ ਦੇ ਡਿਪਲੋਮਾ 'ਚ ਗੋਲਡ ਮੈਡਲ ਪ੍ਰਾਪਤ ਕੀਤਾ ਹੋਵੇ, ਅਨੇਕਾਂ ਮਾਣ-ਸਨਮਾਨ ਹਾਸਿਲ ਕੀਤੇ ਹੋਣ, ਉਹ ਸਾਡੇ ਵਰਗਿਆਂ ਦੀ ਸਲਾਹ ਨਹੀਂ ਆਪਣੇ ਪ੍ਰੋਮੋਟਰਾਂ ਦੀ ਗੱਲ ਮੰਨੇਗਾ, ਜਿਨ੍ਹਾਂ ਨੇ ਉਸ 'ਤੇ ਲੱਖਾਂ ਰੁਪਏ ਲਾਏ ਹਨ। ਵੈਸੇ ਸਾਨੂੰ ਏਨੀ ਕੁ ਸੂਝ ਜ਼ਰੂਰ ਹੈ ਕਿ ਕਿੱਥੇ ਸਲਾਹ ਚੱਲ ਸਕਦੀ ਹੈ ਤੇ ਕਿੱਥੇ ਨਹੀਂ।

ਸਭ ਤੋਂ ਪਹਿਲਾਂ ਅਸੀਂ ਇਹ ਸਲਾਹ ਦਿੰਦੇ ਹਾਂ ਕਿ ਡਾ. ਸ਼ੇਰਗਿੱਲ ਪੰਜਾਬੀ ਕਲਚਰ ਦੇ ਨਾਂ 'ਤੇ ਗੰਦ ਪਾਉਣ ਵਾਲਿਆਂ ਨੂੰ ਸਮਝਾ ਕੇ ਵੇਖ ਲੈਣ। ਉਨ੍ਹਾਂ ਨੂੰ ਇਸ ਸਮਝਾਉਣ ਵਾਲੀ ਸਲਾਹ ਦਾ ਪਤਾ ਲੱਗ ਜਾਵੇਗਾ ਕਿ ਇਹ ਕਿੰਨੀ ਕੁ ਕਾਰਗਰ ਹੈ। ਜੇ ਉਹ ਕਾਮਯਾਬ ਹੋ ਗਏ ਤਾਂ ਫਿਰ ਉਨ੍ਹਾਂ ਦੀਆਂ ਸੇਵਾਵਾਂ ਹੋਰਨਾਂ ਖੇਤਰਾਂ ਵਿਚ ਜਿਵੇਂ ਪਾਖੰਡੀ ਬਾਬੇ, ਭ੍ਰਿਸ਼ਟ ਸਿਆਸਤਦਾਨ, ਪੰਜਾਬੀ ਫ਼ਿਲਮਾਂ ਦੇ ਬੇਹੂਦਾ ਐਕਟਰਾਂ ਆਦਿ ਲਈ ਵੀ ਲਈਆਂ ਜਾ ਸਕਦੀਆਂ ਹਨ। ਵਾਹ! ਕਿੰਨਾ ਖ਼ੂਬਸੂਰਤ ਖਿਆਲ ਹੈ। ਸਸਤਾ, ਸੁੰਦਰ ਤੇ ਟਿਕਾਊ! 'ਦਿਲ ਕੇ ਖ਼ੁਸ਼ ਰਖਨੇ ਕੋ ਗ਼ਾਲਿਬ ਯੇ ਖ਼ਿਆਲ ਅੱਛਾ ਹੈ'। ਅਸੀਂ ਆਸ ਕਰਦੇ ਹਾਂ ਕਿ ਉਨ੍ਹਾਂ ਹੁਣ ਤੱਕ ਸਰਤਾਜ ਨੂੰ ਸਮਝਾ ਕੇ ਉਸਦੇ ਵਾਲ਼ ਤਾਂ ਬੰਨ੍ਹਾ ਹੀ ਦਿੱਤੇ ਹੋਣਗੇ।

ਸਤਿੰਦਰ ਸਰਤਾਜ ਦੇ ਕੈਲੀਫੋਰਨੀਆ ਦੇ ਬੇ-ਏਰੀਏ ਵਿਚ ਹੋਏ ਇਕ ਸ਼ੋਅ ਦੀ ਬੜੀ ਕਸੀਦਾ ਕੱਢ ਰਿਪੋਰਟ ਲਿਖਣ ਵਾਲੇ ਇਕ ਰਿਪੋਰਟਰ ਨੂੰ ਪੁੱਛਿਆ, 'ਭਾਈ ਸਾਹਿਬ ਤੁਸੀਂ ਆਪਣੀ ਰਿਪੋਰਟ ਵਿਚ ਸਤਿੰਦਰ ਸਰਤਾਜ ਨੂੰ ਇਕ ਸੂਫ਼ੀ ਗਾਇਕ ਕਿਸ ਬਿਨਾਅ 'ਤੇ ਲਿਖਿਆ ਹੈ?' ਉਹ ਕਹਿਣਾ ਲੱਗਾ, 'ਮੈਂ ਤਾਂ ਸਿਰਫ ਆਪਣੀ ਰਿਪੋਰਟ ਨੂੰ ਚਮਕਾਉਣ ਲਈ ਹੀ ਲਿਖਿਆ ਸੀ।' ਸੁਣ ਕੇ ਡਾਢੀ ਨਿਰਾਸ਼ਾ ਹੋਈ। ਦੁੱਖ ਇਸ ਗੱਲ ਦਾ ਨਹੀਂ ਕਿ ਉਸ ਨੇ ਉਤਰ ਕੀ ਦਿੱਤਾ, ਦੁੱਖ ਇਸ ਗੱਲ ਦਾ ਸੀ ਕਿ ਉਤਰ ਕੌਣ ਦੇ ਰਿਹਾ ਹੈ? ਸਾਡਾ ਇਹ ਸੂਝਵਾਨ ਸੱਜਣ ਆਪਣੀ ਗੱਲਬਾਤ ਵਿਚ ਅਜੋਕੀ ਪੱਤਰਕਾਰੀ ਨੂੰ ਨਾਂਵਾਂ ਤੇ ਥਾਂਵਾਂ ਦੀ ਪੱਤਰਕਾਰੀ ਦੱਸਦਾ ਹੋਇਆ 'ਫੋਟੋ ਮਾਫੀਆ' ਤੋਂ ਕਾਫੀ ਖਫ਼ਾ ਹੁੰਦਾ ਰਹਿੰਦਾ ਹੈ।

ਇੱਕ ਹੋਰ ਲੇਖਕ ਹਰਮੇਲ ਪਰੀਤ ਨੇ 'ਕਿਸ ਦੇ ਹੱਕ ਵਿਚ ਭੁਗਤ ਰਹੇ ਨੇ ਸਤਿੰਦਰ ਦੇ ਅਲੋਚਕ' ਦੇ ਨਾਂ ਹੇਠ ਇੱਕ ਲੇਖ ਲਿਖਿਆ ਸੀ ਜਿਸ ਦਾ ਅਸੀਂ ਜਵਾਬ ਦੇਣਾ ਵੀ ਜਰੂਰੀ ਨਹੀਂ ਸਮਝਿਆ। ਜਿਵੇਂ ਸਾਡੇ ਗਾਇਕ ਬਿਨਾਂ ਗਾਉਣਾ ਆਉਣ ਤੋਂ ਗਾ ਸਕਦੇ ਹਨ, ਸ਼ਾਇਰ ਸ਼ਾਇਰੀ ਕਰ ਸਕਦੇ ਹਨ, ਇਸੇ ਤਰ੍ਹਾਂ ਹੀ ਸਾਡੇ ਲੇਖਕ ਬਿਨਾਂ ਮੁੱਦਿਆਂ ਦੀ ਸਮਝ ਤੋਂ ਜਾਂ ਬਿਨਾਂ ਧਿਆਨ ਨਾਲ ਪੜ੍ਹਨ ਤੋਂ, ਲਿਖ ਵੀ ਸਕਦੇ ਹਨ ਜਿਸਦੀ ਤਾਜ਼ਾ ਮਿਸਾਲ ਹਰਮੇਲ ਪਰੀਤ ਜੀ ਅਤੇ ਡਾ. ਹਨੀ ਸ਼ੇਰਗਿੱਲ ਹਨ। ਹਰਮੇਲ ਜੀ ਨੂੰ ਸਲਾਹ ਹੈ ਕਿ ਉਹ ਧਿਆਨ ਨਾਲ ਪੜ੍ਹਨ ਕਿ ਉਨ੍ਹਾਂ ਦੇ ਸਵਾਲ ਦਾ ਜਵਾਬ ਸਾਡੇ ਲੇਖ ਦੇ ਵਿਚ ਹੀ ਹੈ। ਭਲਾ ਜੇ ਸੰਗੀਤ ਦੇ ਉਸਤਾਦ, ਅਲੋਚਨਾ ਲਈ ਅੱਗੇ ਆਉਣ (ਜਿਵੇਂ ਅਸੀਂ ਕਿਹਾ ਸੀ) ਤਾਂ ਪਹਿਲੇ ਬੁੱਲੇ ਕਿਹੜੇ ਗਾਇਕ ਉਡਣਗੇ? ਸਰਤਾਜ ਨੂੰ ਸੂਫ਼ੀ ਅਤੇ ਵਾਰਸ ਸ਼ਾਹ ਵਜੋਂ ਸਥਾਪਤ ਕਰਨ ਵਿਚ ਜਨਾਬ ਦਾ ਵੀ ਕਾਫੀ ਯੋਗਦਾਨ ਹੈ। ਉਨ੍ਹਾਂ ਦੀ ਖ਼ੁਸ਼ਾਮਦੀ ਪਹੁੰਚ ਦਾ ਇੱਕ ਨਮੂਨਾ ਦੇਖੋ, '(ਸਰਤਾਜ) ਸੱਚਮੁੱਚ ਸਰਤਾਜੀ ਗੁਣਾਂ ਦਾ ਮਾਲਕ ਹੈ'(ਜੋ ਅਸੀਂ ਵੇਖ ਹੀ ਲਿਆ ਹੈ)। ਫਿਰ ਅੱਗੇ ਲਿਖਦੇ ਹਨ, 'ਸੂਫ਼ੀ ਅੰਦਾਜ਼ ਵਿਚ ਵਾਰਿਸ ਸ਼ਾਹ ਵਾਲੀ ਵੇਸ਼ਭੂਸ਼ਾ ਵਿਚ ਸਜਿਆ ਸਤਿੰਦਰ ਸੱਚੀਂ-ਮੁੱਚੀਂ ਵਾਰਿਸ ਦਾ 'ਵਾਰਿਸ' ਲੱਗਿਆ। ਉਸ ਕੋਲ ਗੁਰਦਾਸ ਮਾਨ ਵਾਂਗ ਸ਼ਾਇਰੀ ਨਾਲ, ਗੱਲਾਂ ਵਿਚੋਂ ਗੱਲ ਫੜ੍ਹਨ ਦੀ ਜੁਗਤ ਵੀ ਹੈ ਤੇ ਹੰਸ ਰਾਜ ਹੰਸ ਵਾਂਗ ਸੂਫ਼ੀਆਨਾ ਪ੍ਰਭਾਵ ਸਿਰਜਣ ਦੀ ਸਲਾਹੀਅਤ ਵੀ। ਸਗੋਂ ਕਈ ਵਾਰ ਤਾਂ ਉਹ ਇਨ੍ਹਾਂ ਦੋਹਾਂ ਤੋਂ ਅਗਾਂਹ ਲੰਘਦਾ ਨਜ਼ਰ ਆਉਂਦੈ।' ਪਰ ਅਗਲੇ ਹੀ ਲੇਖ ਵਿਚ ਇਹ ਲੇਖਕ ਆਪਣਾ ਪੈਂਤੜਾ ਬਦਲ ਜਾਂਦਾ ਹੈ ਅਤੇ ਇੱਕ ਵਾਰ ਵੀ ਸਰਤਾਜ ਨੂੰ ਸੂਫ਼ੀ ਤੇ ਵਾਰਸ ਸ਼ਾਹ ਨਹੀਂ ਲਿਖਦਾ। ਪਰ ਫਿਰ ਵੀ ਸਾਡੀ ਆਲੋਚਨਾ ਕਰੀ ਜਾਂਦਾ ਹੈ ਜਦੋਂ ਕਿ ਉਸਨੂੰ ਇਸ ਕੁਫ਼ਰ ਬਦਲੇ ਖ਼ੁਦ ਆਪਣੀ ਆਲੋਚਨਾ ਕਰਨੀ ਚਾਹੀਦੀ ਸੀ।

ਸਾਡੇ ਆਲੋਚਕਾਂ ਨੂੰ ਲੱਗਦਾ ਹੈ ਪਤੰਗਬਾਜ਼ੀ ਦਾ ਕਾਫੀ ਸ਼ੌਕ ਹੈ। ਇਕ ਲਿਖਦਾ ਹੈ, 'ਕੁਝ ਹਲਕੇ...ਇਸ ਨੌਜਵਾਨ ਗਾਇਕ ਦੀ ਦਿਨੋ ਦਿਨ ਉਚ ਅਸਮਾਨੀ ਚੜ੍ਹਦੀ ਜਾ ਰਹੀ ਗੁੱਡੀ ਦੀ ਡੋਰ ਕੱਟਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਨ।' ਦੂਜਾ ਲਿਖਦਾ ਹੈ, 'ਇੰਜ ਮਹਿਸੂਸ ਹੋਇਆ ਜਿਵੇਂ ਕੋਈ ਕਿਸੇ ਦੀ ਅਸਮਾਨੀ ਉਡ ਰਹੀ ਪਤੰਗ ਗਾਟੀ ਪਾ ਕੇ ਹੇਠਾਂ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਹੋਵੇ।' ਇਤਫ਼ਾਕ ਵੇਖੋ ਦੋਵੇਂ ਨੇੜੇ ਨੇੜੇ ਜੁੜਵੇਂ ਸ਼ਹਿਰਾਂ 'ਚ ਵਸਦੇ ਹਨ। ਸ਼ਬਦਾਂ ਦਾ ਸੁਭਾਅ, ਲੈ, ਤਾਲ ਇੰਜ ਮਿਲਦੇ ਹਨ, ਜਿਵੇਂ ਕਿਸੇ ਇਕ ਦੀ ਰੂਹ ਦੂਸਰੇ ਅੰਦਰ ਸਾਡੀ ਆਲੋਚਨਾ ਕਰਨ ਲਈ ਪਰਵੇਸ਼ ਕਰ ਗਈ ਹੋਵੇ। ਆਲੋਚਕ ਜੀ, ਅਸੀਂ ਗਾਟੀ ਨਹੀਂ ਪਾਈ। ਹਾਂ, ਪਰ ਜੇ ਤੁਹਾਡੀ ਪਤੰਗਬਾਜ਼ੀ ਦੀ ਭਾਸ਼ਾ ਵਿਚ ਉਤਰ ਦੇਣਾ ਹੋਵੇ ਤਾਂ ਝੂਠ ਦੀ ਡੋਰ 'ਤੇ ਪੀ ਐਚ ਡੀ ਦਾ ਮਾਜ਼ਾ ਲਗਾ ਕੇ ਪੈਸੇ ਦੇ ਕੋਠੇ ਚੜ੍ਹ ਕੇ (ਹਜ਼ਾਰਾਂ ਡਾਲਰ ਐਡਾਂ 'ਤੇ ਲਗਾਏ ਗਏ) ਇਸ ਨਕਲੀ ਸੂਫ਼ੀ ਤੇ ਅਸੰਜੀਦਾ ਗਾਇਕੀ ਦੀ ਉਚੀ ਉਡ ਰਹੀ ਗੁੱਡੀ ਨੂੰ ਅਸੀਂ ਆਪਣੇ ਸਾਰਥਕ ਮੁੱਦਿਆਂ ਦੀ ਡੋਰ 'ਤੇ ਦਲੀਲ ਦਾ ਮਾਜ਼ਾ ਲਗਾ ਕੇ, ਅਸਲੀਅਤ ਦੇ ਬੁਰਜ 'ਤੇ ਚੜ੍ਹ ਕੇ ਸੱਚ ਦੀ ਗੁੱਡੀ ਨਾਲ ਉਪਰੋਂ ਪੇਚਾ ਜ਼ਰੂਰ ਸੁਟਿਆ ਹੈ। ਹੁਣ ਇਹ ਫ਼ੈਸਲਾ ਸੰਗੀਤ ਦੇ ਅਸਲੀ ਵਾਰਸਾਂ ਨੇ ਕਰਨਾ ਹੈ ਕਿ ਇਸ ਨਕਲੀ ਸੂਫ਼ੀਅਤ ਦੀ ਗੁੱਡੀ 'ਬੋ ਕਾਟੋ' ਹੋਈ ਕਿ ਨਹੀਂ?

ਅੰਤ ਵਿਚ ਜੋ ਗੱਲਾਂ ਸਰਤਾਜ ਬਾਰੇ ਆਸ ਬਨ੍ਹਾਉਂਦੀਆਂ ਹਨ, ਉਹ ਹਨ ਉਸਦਾ ਕਿਤਾਬਾਂ ਪੜ੍ਹਨ ਦਾ ਸ਼ੌਕ (ਜਿਵੇਂ ਉਹ ਕਹਿੰਦਾ ਹੈ) ਅਤੇ ਦੂਸਰਾ ਉਸਦੇ ਗਲੇ ਵਿਚਲੀ ਮਿਠਾਸ। ਜੇ ਉਹ ਆਪਣੀ ਸੁਰ ਤੇ ਸ਼ਾਇਰੀ ਨੂੰ ਵੱਡੇ ਬੰਦਿਆਂ ਦੀ ਸੰਗਤ ਵਿਚ ਸਾਧ ਲਵੇ ਅਤੇ ਸਸਤੀ ਸ਼ੁਹਰਤ ਤੋਂ ਕਿਨਾਰਾ ਕਰ ਲਵੇ ਤਾਂ ਭਵਿੱਖ ਜ਼ਰੂਰ ਉਸਦਾ ਹੋਵੇਗਾ। ਇਹ ਫ਼ੈਸਲਾ ਸਰਤਾਜ ਨੇ ਕਰਨਾ ਹੈ ਕਿ ਉਸਨੇ ਯਾਮ੍ਹੇ ਨੂੰ ਕਿੱਕਾਂ ਮਾਰਨੀਆਂ ਹਨ ਕਿ ਅਸਲੀ ਸੂਫ਼ੀ ਗਾਇਕੀ ਨਾਲ ਰੂਹਾਂ ਨੂੰ 'ਥੱਈਆ ਥੱਈਆ' ਕਰਕੇ ਨਚਾਉਣਾ ਹੈ। ਆਖਰੀ ਸੁਨੇਹਾ ਸਰਤਾਜ ਦੇ ਸੁਪੋਰਟਰਾਂ ਨੂੰ ਕਿ ਅਗਰ ਕੋਈ ਵੀ ਸਰਤਾਜ ਦੇ ਗਾਏ ਗੀਤ ਦੀਆਂ ਇਨ੍ਹਾਂ ਸਤਰਾਂ 'ਤੇ ਅਮਲ ਕਰ ਲਵੇ ਤਾਂ ਕਲਾ, ਕਲਾਕਾਰ, ਕਲਾ-ਆਲੋਚਨਾ ਦਾ ਬਹੁਤ ਭਲਾ ਹੋ ਸਕਦਾ ਹੈ, ਬਸ਼ਰਤੇ ਕਿ ਕਹਿਣ ਲਈ ਤਜਰਬੇ ਵਾਲੀ ਗੱਲ ਜ਼ਰੂਰ ਹੋਵੇ।

ਜੇ ਕੋਈ ਦੱਸੇ ਗੱਲ ਤਜਰਬੇ ਵਾਲੀ
ਤਾਂ ਸੁਣ ਲਈਏ ਗਲ ਨਾ ਪਈਏ।

## ਪੋਸਟ ਸਕ੍ਰਿਪਟ

-ਅਸੀਂ ਅਮਰੀਕ ਸਿੰਘ ਨੂੰ ਪੁੱਛਿਆ ਕਿ ਜਿਨ੍ਹਾਂ ਨੇ ਕਦੇ ਹਾਰਮੋਨੀਅਮ 'ਤੇ ਉਂਗਲ ਰੱਖ ਕੇ 'ਪੂੰ' ਵੀ ਨਹੀਂ ਕੀਤਾ ਹੁੰਦਾ (ਭਾਵ ਕਿ ਜਿਨ੍ਹਾਂ ਨੂੰ ਸੰਗੀਤ ਦਾ ਕੋਈ ਗਿਆਨ ਨਹੀਂ) ਉਹ ਕਿਵੇਂ ਕਹਿ ਦਿੰਦੇ ਨੇ ਕਿ ਫਲਾਣਾ ਗਾਇਕ ਬਹੁਤ ਸੁਰੀਲਾ ਜਾਂ ਬਹੁਤ ਵਧੀਆ ਹੈ?

ਅਮਰੀਕ ਸਿੰਘ ਕਹਿਣ ਲੱਗਾ ਇਨ੍ਹਾਂ ਨੂੰ ਏਨੀ ਕੁ ਜਾਣਕਾਰੀ ਹੁੰਦੀ ਹੈ, ਜਿੰਨੀ ਕੁ ਉਸ ਮੁੰਡੇ ਨੂੰ ਸੀ ਜਿਸਨੂੰ ਵੇਖਣ ਵਾਲਿਆਂ ਨੇ ਪੁੱਛਿਆ, ਕਾਕਾ ਤੈਨੂੰ ਟਰੈਕਟਰ ਟਰੁਕਟਰ ਚਲਾਉਣਾ ਆਉਂਦਾ? ਮੁੰਡਾ ਕਹਿੰਦਾ, ਹਾਂ, ਮੈਂ ਟਰੈਕਟਰ ਦੀ 'ਪੀਂ' ਵਜਾ ਲੈਨਾਂ। ਇਹੋ ਜਿਹੀ 'ਪੀਂ' ਵਜਾਉਣ ਵਾਲੇ ਅੱਜ ਕੱਲ ਸਾਰੇ ਖੇਤਰਾਂ ਵਿਚ ਮਿਲ ਜਾਣਗੇ ਸਗੋਂ ਸਭ ਦੇ ਅੱਗੇ ਅੱਗੇ ਹੀ ਇਹ ਫਿਰ ਰਹੇ ਨੇ।

-ਹਰਜੀਤ ਕਾਰਟਰੇਟ ਵਾਲੇ ਨੂੰ ਪੁੱਛਿਆ ਭਾਈ ਤੂੰ ਸਰਤਾਜ ਦੀ ਕੈਸਿਟ ਕਿਉਂ ਖਰੀਦੀ ਸੀ? ਉਹ ਕਹਿਣ ਲੱਗਾ, ਮੈਨੂੰ ਇਹ ਕਿਹਾ ਗਿਆ ਸੀ ਕਿ ਸਤਿੰਦਰ ਸਰਤਾਜ ਇੱਕ ਸੂਫ਼ੀ ਗਾਇਕ ਹੈ। ਜੇ ਕਿਸੇ ਨੂੰ ਸੋਨੇ ਦੀ ਥਾਂ ਝਾਲ ਫਿਰਿਆ ਪਿੱਤਲ ਮਿਲੇਗਾ ਤਾਂ ਫਿਰ ਉਹ ਰੌਲਾ ਤਾਂ ਪਾਏਗਾ ਹੀ।

-ਡੀ ਏ ਵੀ ਕਾਲਜ ਨਕੋਦਰ ਦੇ ਪ੍ਰੋਫੈਸਰ ਅਤੇ ਪੰਜਾਬੀ ਲੇਖਕ ਡਾ. ਤੇਜਿੰਦਰ ਵਿਰਲੀ ਨੇ ਕਿਹਾ, 'ਸਰਤਾਜ ਨੇ ਤਾਂ ਪੀ ਐਚ ਡੀ ਦੇ ਜਲੌਅ ਨੂੰ ਹੀ ਖਤਮ ਕਰ ਦਿੱਤਾ ਹੈ। ਇਹਨੇ ਤਾਂ ਪ੍ਰੋਫੈਸਰੀ ਹੀ ਰੋਲ ਕੇ ਰੱਖ ਦਿੱਤੀ ਐ। ਲੋਕੀਂ ਗੱਲਾਂ ਕਰਦੇ ਐ ਬਈ ਯੂਨੀਵਰਸਿਟੀਆਂ ਵਿਚ ਇਹੋ ਜਿਹਾ ਹਲਕਾ, ਵਿਅਰਥ, ਬੇਮਾਇਨੀ ਲਿਖਣ ਵਾਲਿਆਂ ਨੂੰ ਰੱਖਿਆ ਜਾਂਦੈ। ਇਹ ਨਿਆਣਿਆਂ ਨੂੰ ਕਿਹੜੇ ਉਚੇ ਮਿਆਰ ਸਥਾਪਤ ਕਰਨ ਦੀ ਪੜ੍ਹਾਈ ਕਰਾਉਣਗੇ?'

-ਜਸਵੰਤ ਸ਼ਾਦ ਨੂੰ ਪੁੱਛਿਆ, 'ਯਾਰ ਡਾ. ਹਨੀ ਸ਼ੇਰਗਿੱਲ ਨੂੰ ਸਾਡੇ ਲੇਖ ਦੀ ਸਮਝ ਕਿਉਂ ਨਹੀਂ ਆਈ?' ਸ਼ਾਦ ਨੇ ਆਪਣੀ ਤਿਰਛੀ ਨਜ਼ਰ ਮਾਰਦਿਆਂ ਕਿਹਾ, ਸਮਝ ਮੈਨੂੰ ਵੀ ਨਹੀਂ ਆਈ ਕਿ ਡਾ. ਹਨੀ ਸ਼ੇਰਗਿੱਲ ਨੂੰ ਸਮਝ ਕਿਉਂ ਨਹੀਂ ਆਈ!!

(ਅਸੀਂ ਧੰਨਵਾਦੀ ਹਾਂ ਗੁਰਜੀਤ ਕੌਰ, ਬੇਟਾਊਨ (ਟੈਕਸਸ) ਦੇ ਜਿਨ੍ਹਾਂ ਨੇ ਸਾਡੇ ਲੇਖ ਨੂੰ ਨਾ ਕੇਵਲ ਧਿਆਨ ਨਾਲ ਪੜ੍ਹਿਆ ਹੀ ਸਗੋਂ ਉਸ ਵਿਚਲੇ ਇੱਕ ਇੱਕ ਸ਼ਬਦ ਦੀ ਧੜਕਣ ਨੂੰ ਮਹਿਸੂਸ ਵੀ ਕੀਤਾ ਅਤੇ ਫਿਰ ਲਿਖਿਆ ਵੀ। ਉਨ੍ਹਾਂ ਦਾ ਇਹ ਖ਼ਤ ਪੰਜਾਬ ਟਾਈਮਜ਼ ਦੀ ਵੈਬਸਾਈਟ (punjabtimesusa.com) ਉਤੇ 5 ਜੂਨ, 2010 ਦੇ ਅੰਕ ਵਿਚ ਪੜ੍ਹਿਆ ਜਾ ਸਕਦਾ ਹੈ।)

ਗੱਲੀਂ-ਬਾਤੀਂ

# ਜਿਹੜਾ ਘਰ ਬੈਠਾ ਉਹਨੂੰ ਫੜਿਆ ਈ ਨੀ



ਐਸ. ਅਸ਼ੋਕ ਭੌਰਾ
ਫੋਨ:510-277-2592

*ਜਿਹੜੇ ਤੁਹਾਨੂੰ ਹੱਥ ਮਿਲਾ ਕੇ ਕਹਿੰਦੇ ਨੇ "ਚਲੋ ਸਵਰਗਾਂ ਨੂੰ ਲੈ ਕੇ ਚਲੀਏ" ਉਹ ਆਪ ਇਸ ਸੰਸਾਰ ਨੂੰ ਅਲਵਿਦਾ ਕਹਿਣ ਨੂੰ ਤਿਆਰ ਨਹੀਂ। ਲਗਦਾ ਨਹੀਂ ਕਿ ਰੱਬ ਹੁਣ ਫੱਕਰਾਂ ਦੀਆਂ ਕੁੱਲੀਆਂ ਵਿਚ ਨਹੀਂ ਰਹਿੰਦਾ, ਕਿਉਂਕਿ ਬਾਣੇ ਨਾਲ ਵੀ ਨਫਰਤ ਇਸ ਕਰਕੇ ਹੋਣ ਲੱਗੀ ਹੈ ਕਿਉਂਕਿ ਇਹਦੇ ਹੇਠਾਂ ਸਾਧ ਨਹੀਂ...ਵੀ ਹਨ। ਮਨ ਦੀ ਮੌਜ ਲੱਭ ਕੇ ਕਿਥੋਂ ਲਿਆਈਏ ਇਹ ਤਾਂ ਸਮਾਂ ਉਦਾਸੀਆਂ, ਫਿਕਰਾਂ ਤੇ ਚਿੰਤਾਵਾਂ 'ਚ ਫਸ ਗਿਆ ਹੈ। ਅਸਲ ਵਿਚ ਅੰਦਰੋਂ ਅਮੀਰੀ ਨੂੰ ਅਧਰੰਗ ਵੀ ਹੁੰਦਾ ਜਾ ਰਿਹਾ ਹੈ। ਜੇ ਅਮੀਰੀ ਦੀ ਪਰਿਭਾਸ਼ਾ ਜਾਨਣੀ ਹੈ ਤਾਂ ਇਹੋ ਕਹਿ ਸਕਦੇ ਹਾਂ ਕਿ ਜੇ ਕਿਸੇ ਕੋਲ ਸੌ ਰੁਪਈਆ ਹੋਵੇ ਤਾਂ ਉਹ ਨਿਮਰਤਾ 'ਚ ਕਹਿਣਾ ਚਾਹੇ ਮੈਂ ਤਾਂ ਰੁਪਈਏ ਦੇ ਹਾਣ ਦਾ ਨਹੀਂ ਤੇ ਰੁਪਈਏ ਵਾਲਾ ਮੋਢਿਆਂ ਦੇ ਉਪਰ ਦੀ ਥੁੱਕੇ, "ਬੈਂਕ ਨੱਕੋ-ਨੱਕ ਭਰੀ ਪਈ ਐ।" ਤਾਂ ਸ਼ਰੀਫ ਤੇ ਫੁਕਰੇ 'ਚ ਅੰਤਰ ਸਪੱਸ਼ਟ ਹੋ ਹੀ ਜਾਂਦਾ ਹੈ। ਧਰਮ ਹੀ ਗਿਆਨ ਦੇਂਦਾ ਹੈ ਕਿ ਰਾਹ ਅੱਡੋ ਅੱਡ ਨੇ ਪਰ ਜਾਣਾ ਇਕ ਥਾਂ ਹੈ। ਸਾਰਿਆਂ ਦਾ ਮਾਲਕ ਇਕ ਹੈ, ਜੱਗ ਵਿਚ ਰੱਬ ਦੇ ਬਣਾਏ ਬੰਦੇ ਇਕੋ ਜਿਹੇ-ਨੱਕ, ਕੰਨ, ਅੱਖ, ਮੁਖ ਇਕ ਪ੍ਰਕਾਰ ਦਾ...ਤਾਂ ਫਿਰ ਉਚਿਆਂ ਧਰਮਾਂ ਦੇ ਵੱਡਿਆਂ ਠੇਕੇਦਾਰਾਂ ਨੇ ਧਰਮ ਦੀ ਆੜ 'ਚ ਗਰੀਬਾਂ ਲਈ ਕੀ ਲਿਖਿਆ ਹੈ? ਜ਼ਰਾ ਗਹੁ ਨਾਲ ਵੇਖੋ...ਲੋਕਾਂ ਦੇ ਨਿਵਾਸ ਪਿੰਡੋਂ ਬਾਹਰ ਹੋਣੇ ਚਾਹੀਦੇ ਹਨ। ਇਨ੍ਹਾਂ ਦੇ ਨਖਿੱਧ ਭਾਂਡੇ ਹੋਣ, ਕੁੱਤੇ, ਗਧੇ ਇਨ੍ਹਾਂ ਦੀ ਧਨ ਸੰਪਤੀ ਹੋਣ, ਫਟੇ ਪੁਰਾਣੇ ਕੱਪੜੇ ਹੰਢਾਉਣ ਲਈ ਦਿੱਤੇ ਜਾਣ, ਟੁੱਟੇ-ਫੁੱਟੇ ਭਾਂਡੇ ਰੋਟੀ ਪਕਾਉਣ ਵਾਸਤੇ ਹੋਣ, ਲੋਹੇ ਦੇ ਕੜ੍ਹੇ ਛੱਲੇ ਆਦਿ ਗਹਿਣੇ ਹੋਣ। ਜਦੋਂ ਕੋਈ ਧਰਮ ਸਬੰਧੀ ਅਨੁਸ਼ਠਾਨ ਜਾਂ ਯੋਗ ਕੰਮ ਹੁੰਦਾ ਹੋਵੇ ਤਾਂ ਇਨ੍ਹਾਂ ਲੋਕਾਂ ਦੇ ਦਰਸ਼ਨ ਕਰਨ ਦੀ ਮਨਾਹੀ ਹੈ। ਇਨ੍ਹਾਂ ਦੇ ਵਿਆਹ ਤੇ ਹੋਰ ਵਿਹਾਰਕ ਕੰਮ ਇਨ੍ਹਾਂ ਦੀ ਜਾਤ ਤੱਕ ਸੀਮਤ ਹੋਣੇ ਚਾਹੀਦੇ ਹਨ। ਜੇ ਇਨ੍ਹਾਂ ਨੂੰ ਅੰਨ ਦਾਨ ਦੇਣਾ ਹੋਵੇ ਤਾਂ ਹੱਥੀਂ ਨਹੀਂ ਕਿਸੇ ਭਾਂਡੇ 'ਚ ਰੱਖ ਕੇ, ਕਿਸੇ ਨੌਕਰ ਦੇ ਹੱਥੀਂ ਦੇਣਾ ਚਾਹੀਦੈ... ਨੂੰ ਪਿੰਡਾਂ 'ਚ ਫਿਰਨ ਦੀ ਚੰਗੇ ਵਿਚਾਰ ਸੁਣਨ ਤੇ ਪੜ੍ਹਨ ਦੀ ਆਗਿਆ ਨਹੀਂ।' ਇਹ ਹੈ ਮਨੂੰ ਸਿਮ੍ਰਤੀ ਦੇ ਸਲੋਕ 51 ਤੋਂ 54 ਦੀ ਵਿਆਖਿਆ। ਫਿਰ ਕਿਵੇਂ ਨਹੀਂ ਕਹਿ ਸਕਦੇ ਕਿ ਜਿਹੜੇ ਮਾਣ ਨਾਲ ਕਹਿੰਦੇ ਨੇ ਹਿੰਦੋਸਤਾਨ ਹਮਾਰਾ ਉਨ੍ਹਾਂ ਨੇ ਮਾੜੇ ਨੂੰ ਢਾਹ ਢਾਹ ਕੇ ਨਹੀਂ ਮਾਰਿਆ? ਤੇ ਰੱਬ ਜੇ ਕਿਤੇ ਮਨੁੱਖ ਦੇ ਜਾਮੇ 'ਚ ਹੁੰਦਾ ਤਾਂ ਇਨ੍ਹਾਂ ਦੇ ਗੋਡਿਆਂ ਕੋਲੋਂ ਹੀ ਲੱਭਣਾ ਸੀ। ਸੱਚ ਨਹੀਂ ਕਿ ਰੱਬ ਉਨ੍ਹਾਂ ਦਾ ਹੀ ਵਪਾਰ ਹੈ ਜਿਹੜੇ ਵਪਾਰੀ ਹੀ ਰਹੇ ਹਨ ਤੇ ਰਹਿਣਗੇ ਵੀ ਕਿਉਂਕਿ ਝੂਠ ਨੇ ਝਗੜਨਾ ਹੀ ਸਿਖਾਇਆ ਹੈ।*

ਜਦੋਂ ਦਾ ਮਨੁੱਖ ਧਰਤੀ ਨਾਲ ਧੱਕਾ ਕਰਨ ਲੱਗ ਪਿਆ ਹੈ ਉਹਨੇ ਧੱਕੇ ਖਾਣ ਲਈ ਆਪ ਹੀ ਟੋਆ ਪੁੱਟ ਲਿਆ ਹੈ। ਜਦੋਂ ਦਾ ਰੱਬ ਠੇਕੇਦਾਰਾਂ ਨੇ ਧਰਮ ਦੀ ਆੜ ਹੇਠ ਆਪਣੇ ਕਬਜ਼ੇ 'ਚ ਹੋਣ ਦਾ ਦਾਅਵਾ ਪੇਸ਼ ਕਰ ਦਿੱਤਾ ਹੈ, ਇਹ ਮਾੜੇ-ਧੀੜੇ ਤੋਂ ਹੋਰ ਵੀ ਦੂਰ ਹੋ ਗਿਆ ਲਗਦਾ ਹੈ। ਜੇ ਕਿਸੇ ਗਰੀਬ ਨੂੰ ਪੁੱਛੋ ਕਿ ਰੱਬ ਕੌਣ ਹੈ ਤਾਂ ਉਹ ਬਿਨਾਂ ਦੇਰ ਕੀਤਿਆਂ, ਜੁਆਬ ਦੇਵੇਗਾ ਜਿਹੜਾ ਉਹਨੂੰ ਖਾਣ ਲਈ ਰੋਟੀ ਤੇ ਪਹਿਨਣ ਲਈ ਬਸਤਰ ਦੇ ਦੇਵੇ। ਵੱਡੇ ਤੇ ਅਮੀਰ ਬੰਦੇ ਸੋਚਦੇ ਨੇ ਰੱਬ ਦਾ ਕੀ ਹੈ ਧਨ ਦੇ ਜ਼ੋਰ ਨਾਲ ਇਸ ਨੂੰ ਕਿਤੇ ਵੀ ਟੱਕਰਿਆ ਜਾ ਸਕਦਾ ਹੈ।

ਜਿਹੜੇ ਲੋਕ ਚੁਰਾਸੀ ਲੱਖ ਜੂਨ ਦਾ ਡਰ, ਤੇਤੀ ਕਰੋੜ ਦੇਵੀ-ਦੇਵਤਿਆਂ ਦਾ ਭੈਅ ਤੇ ਸਵਰਗ ਤੇ ਨਰਕ ਵਿਚਕਾਰਲੀ ਕੰਧ ਢਾਹੁਣ ਦੇ ਗੁਰ ਦੱਸ ਕੇ ਭੋਲੇ ਲੋਕਾਂ ਨੂੰ ਅਗਲੇ ਜਨਮ ਦੇ ਗਧੀ-ਗੇੜ ਵਿਚ ਪਾ ਕੇ, ਆਪ ਇਸ ਜਨਮ ਵਿਚ ਐਸ਼ੋ-ਇਸ਼ਰਤ ਦੇ ਲੱਡੂ ਦੋਵੇਂ ਹੱਥਾਂ ਵਿਚ ਭੋਰ ਰਹੇ ਨੇ, ਜਿਹੜੇ ਬੰਦੇ ਸ਼ਰਾਬ ਦੀ ਬੋਤਲ ਤੇ ਮੁਰਗੇ ਦੀਆਂ ਲੱਤਾਂ ਨੂੰ ਆਨੰਦ ਦੀ ਸਿਖਰ ਵਾਲੀ ਅਵਸਥਾ ਸਮਝਦੇ ਹਨ, ਉਨ੍ਹਾਂ ਦੀ ਮਨੋਸਥਿਤੀ ਬਾਰੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਦਿਮਾਗੀ ਦੀਵਾਲੀਏਪਲਨ ਅਤੇ ਜ਼ਿਹਨੀ ਤੌਰ 'ਤੇ ਰੋਗੀ ਹੋਣ ਦੇ ਹਾਲਾਤ ਨੂੰ ਸਿਰਫ ਲੁਕਾਉਣ ਦਾ ਅਸਫਲ ਯਤਨ ਕਰ ਰਹੇ ਹਨ। ਬਹੁਤ ਸਾਰੇ ਲੋਕਾਂ ਕੋਲ ਪੈਸਾ ਤਾਂ ਆਇਆ ਪਰ ਅਮੀਰੀ ਨਹੀਂ ਆਈ ਤੇ ਉਜਾੜ ਦੇ ਸਰਕੜੇ ਵਿਚ ਹੱਥ ਫਸਾ ਲਿਆ ਤਾਂ ਸਮਝ ਲਵੋ ਇਨ੍ਹਾਂ ਦੀ ਅਕਲ ਵਿਚ ਅੰਧਰਾਤੇ ਦਾ ਕਿਲ ਠੁਕ ਗਿਆ। ਪੈਸਾ ਜ਼ਿੰਦਗੀ ਦੀ ਲੋੜ ਹੈ ਪਰ ਕਿਸੇ ਹੱਦ ਤੀਕਰ। ਜਿਥੋਂ ਪੈਸੇ ਦੀ ਹੱਦ ਮੁੱਕਦੀ ਹੈ, ਉਥੋਂ ਅਕਲ ਦੀ ਸਰਹੱਦ ਸ਼ੁਰੂ ਹੁੰਦੀ ਹੈ। ਜੇ ਧਾਰਮਿਕ ਬੰਦਿਆਂ 'ਤੇ ਕੁਲੱਛਣੇ ਇਲਜ਼ਾਮ ਲੱਗ ਰਹੇ ਨੇ, ਜੇ ਭਗਵਿਆਂ 'ਤੇ ਦਾਗ ਪੈ ਰਹੇ ਨੇ, ਜੇ ਧਰਮ ਅਸਥਾਨਾਂ 'ਤੇ ਸੇਵਾ ਦੇ ਨਾਂ ਹੇਠ ਕਬਜ਼ੇ ਲਈ ਬੰਦੂਕਾਂ, ਤਲਵਾਰਾਂ ਤਣ ਰਹੀਆਂ ਹਨ ਤਾਂ ਲਗਦਾ ਨਹੀਂ ਰੱਬ ਦੇ ਨਾਂ 'ਤੇ ਹੋਰ ਗੋਰਖ ਧੰਦਾ ਕਿਹੋ ਜਿਹਾ ਹੋ ਸਕਦਾ ਹੈ?

ਪ੍ਰੋ. ਮੋਹਨ ਸਿੰਘ ਨੇ ਇਹ ਸਤਰਾਂ ਤਾਂ ਪਤਾ ਨਹੀਂ ਕੀ ਸੋਚ ਕੇ ਲਿਖੀਆਂ ਹੋਣਗੀਆਂ ਪਰ ਅੱਜ ਦੇ ਯੁੱਗ ਵਿਚ ਇਨ੍ਹਾਂ ਦੀ ਮਹੱਤਤਾ ਵਧ ਗਈ ਹੈ,

ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖ ਧੰਦਾ
ਖੋਲ੍ਹਣ ਲੱਗਿਆਂ ਪੇਚ ਇਸ ਦੇ
ਕਾਫ਼ਰ ਹੋ ਜਾਏ ਬੰਦਾ।

ਰੱਬ ਨੂੰ ਆਪਣੇ ਨੇੜੇ ਸਮਝਣ ਵਾਲਿਆਂ ਜਿੰਨੀਆਂ ਠੱਗੀਆਂ ਮਾਰੀਆਂ ਨੇ, ਜੇ ਫਿਰ ਕਿਤੇ ਰੱਬ ਹੋਇਆ ਤਾਂ ਇਨ੍ਹਾਂ ਦੀ ਤਾਂ ਖੈਰ ਨਹੀਂ। ਬਹੁਤ ਸਾਰੇ ਬੰਦਿਆਂ ਨੇ ਨਿਹੱਕ ਦੀ ਕਮਾਈ ਨੂੰ ਹੱਕ ਦੀ ਕਮਾਈ 'ਚ ਬਦਲਣ ਲਈ ਪੁੰਨ ਦੀਆਂ ਫਲੀਆਂ ਰੱਬ ਦੇ ਨਾਂ ਤੇ ਵੰਡਣ ਦੀ ਗੁਸਤਾਖੀ ਕੀਤੀ ਹੈ। ਭਾਵੇਂ ਉਹ ਜਾਣਦੇ ਨੇ ਕਿ ਕਦੇ ਪਾਪ ਲੁਕੋਇਆਂ ਲੁਕਦੇ ਨਾ...ਪਰ ਫਿਰ ਵੀ ਅੰਦਰੋਂ ਕਾਲੇ ਬਾਹਰੋਂ ਚਿੱਟੇ ਜਗਰਾਤਾ ਜਾਂ ਅਖੰਡ ਪਾਠ ਕਰਵਾ ਕੇ ਪਾਪ ਦੀ ਖੱਟੀ ਤੋਂ ਸੇਵਾ ਮੁਕਤ ਹੋ ਜਾਣ ਦਾ ਢਕਵੰਜ ਮਚਾਈ ਜਾਂਦੇ ਨੇ। ਨਿਦਾ ਫਾਜ਼ਲੀ ਉਰਦੂ ਦੇ ਇਕ ਵੱਡੇ ਸ਼ਾਇਰ ਹੋਏ ਨੇ, ਉਨ੍ਹਾਂ ਲਿਖਿਆ ਹੈ ਕਿ ਇਕ ਬੰਦਾ ਰੋਜ਼ਾਨਾ ਸਵੇਰੇ ਸ਼ਾਮ ਮਸਜਿਦ ਜਾਂਦਾ ਸੀ ਤੇ ਜਦੋਂ ਸਰੀਰ ਬੁੱਢਾ ਹੋ ਕੇ ਹੰਭ ਗਿਆ ਤਾਂ ਕਿਸੇ ਨੇ ਪੁੱਛਿਆ ਹੁਣ ਕਿਵੇਂ ਗੱਲ ਬਣਦੀ ਐ? ਤਾਂ ਉਹਦਾ ਜੁਆਬ ਸੀ:

ਘਰ ਸੇ ਤੋ ਦੂਰ ਹੈ
ਮਸਜਿਦ ਕਾ ਰਾਸਤਾ
ਚਲੋ ਕਿਸੀ ਰੋਤੇ ਹੂਏ
ਬੱਚੇ ਕੋ ਹਸਾਇਆ ਜਾਏ

ਰੱਜ ਤੇ ਸੰਤੁਸ਼ਟੀ ਜਦੋਂ ਤੱਕ ਅੰਦਰੋਂ ਨਹੀਂ ਮਿਲਦੇ ਚੰਚਲ ਮਨ ਤਣਾਓ ਨਾਲ ਕਿੱਕਲੀ ਖੇਡਦਾ ਰਹੇਗਾ। ਅਸਲ ਵਿਚ ਬੰਦਾ ਉਮਰ ਵਿਚ ਜਦੋਂ ਸੱਠਵਿਆਂ ਦਾ ਬਾਰਡਰ ਲੰਘਦਾ ਹੈ ਤਾਂ ਉਹ ਰੱਬ ਨੂੰ ਲੱਭਣ ਲਈ ਹੱਥ-ਪੱਲਾ ਮਾਰਨਾ ਅਰੰਭ ਕਰਦਾ ਹੈ। ਮਾਲਾ ਕੋਲ ਰੱਖਣ ਲੱਗ ਪੈਂਦਾ ਹੈ, ਪੁੰਨ ਤੇ ਪਾਪ ਵਿਚਲਾ ਗਿਆਨ ਚੇਤੇ ਕਰਨ ਲਗਦਾ ਹੈ ਕਿਉਂਕਿ ਜ਼ਿੰਦਗੀ ਦੇ ਟੇਸ਼ਨ 'ਤੇ ਮੌਤ ਦੀ ਟ੍ਰੇਨ ਆਉਣ ਦੀਆਂ ਬੱਤੀਆਂ ਜਗਣ ਲੱਗ ਪੈਂਦੀਆਂ ਹਨ। ਦਯਾ ਸਿੰਘ ਨੇ ਜ਼ਿੰਦਗੀ ਬਿਲਾਸ 'ਚ ਡਰਦੀ ਰੱਬ ਰੱਬ ਕਰਦੀ ਵਾਲੀ ਸਥਿਤੀ 'ਤੇ ਇਕ ਵਰ੍ਹੇ ਦਾ ਜ਼ਿਕਰ ਕੀਤਾ ਹੈ:

ਹੋ ਗਈ ਉਮਰ ਅਠਾਨਵੇਂ ਬਰਸ ਦੀ
ਅੰਤ ਕਾਲ ਦਾ ਨੇੜਾ ਈ
ਬਹੁਤ ਚਿਰਾਂ ਦਾ ਤੁਰਿਆ ਜਾਨੀ
ਡੁੱਬਣ ਵਾਲਾ ਬੇੜਾ ਈ
ਥੋੜ੍ਹੇ ਰਹਿੰਦੇ ਜਾਣ ਦਮ ਬਾਕੀ
ਹੋ ਗਿਆ ਖ਼ਤਮ ਨਵੇੜਾ ਈ
ਪੰਜ ਤੱਤਾਂ ਦਾ ਬਣਿਆ ਪਿਆਰੇ
ਉਜੜਨ ਵਾਲਾ ਖੇੜਾ ਈ
ਦਯਾ ਸਿੰਘ ਬੰਦ ਹੋਵਣ ਵਾਲਾ
ਦਮ ਚਰਖੇ ਦਾ ਗੇੜਾ ਈ

ਵੇਖਿਆ ਜਾਵੇ ਤਾਂ ਪਖੰਡ ਤੇ ਵਿਖਾਵੇ ਦਾ ਜਮੂਰਾ ਮੋਢਿਆਂ 'ਤੇ ਬੈਠ ਗਿਆ ਹੈ ਤੇ ਸ਼ਰਧਾ ਤਕਰੀਬਨ ਗੁੰਮ ਹੀ ਹੋ ਗਈ ਹੈ। ਚੈਨ ਤੇ ਇਕਾਗਰਤਾ ਜਿਸ ਮਨੁੱਖ ਦੇ ਅੰਦਰੋਂ ਰੁਸ ਕੇ ਬੈਠ ਗਏ ਹੋਣ ਉਹ ਆਪ ਨਹੀਂ ਸੁਣ ਰਿਹਾ ਰੱਬ ਦਾ ਪਾਠ ਰੱਬ ਨੂੰ ਹੀ ਸੁਣਾਉਣ ਦੇ ਚਾਅ ਵਿਚ ਭੁੱਲਾਂ ਬਖਸ਼ਾਉਣ ਤੇ ਖੁਸ਼ੀਆਂ ਮਨਾਉਣ ਵਿਚ ਜਗਤ ਤਮਾਸ਼ੇ ਦਾ ਇਕ ਪਾਤਰ ਬਣ ਰਿਹਾ ਹੈ। ਪੈਸਾ ਕੋਲ ਹੋਵੇ ਤਾਂ ਕਿਸੇ ਗਰੀਬ ਦੀ ਧੀ ਦਾ ਡੋਲਾ ਤੋਰ ਦਿੱਤਾ ਹੋਵੇ ਜਾਂ ਫਿਰ ਕਿਸੇ ਲੋੜਵੰਦ ਬਿਮਾਰ ਨੂੰ ਦਵਾਈ ਦਾ ਬੰਦੋਬਸਤ ਕਰ ਦਿੱਤਾ ਹੋਵੇ ਤਾਂ ਸਵਰਗ ਨੂੰ ਜਾਣ ਵਾਲੀ ਕਰਵਾਈ ਜਾ ਰਹੀ ਰਿਜ਼ਰਵੇਸ਼ਨ ਵਿਚ ਤਰਜੀਹ ਮਿਲ ਸਕਦੀ ਹੈ ਪਰ ਇਸ ਘਟਨਾ ਵਲ ਗੌਰ ਕਰਿਓ ਰਿਜ਼ਰਵੇਸ਼ਨ ਮਿਲੇਗੀ ਜਾਂ ਰੱਬ ਰੱਦ ਕਰ ਦੇਵੇਗਾ।

ਸਾਡੇ ਪਿੰਡਾਂ ਵਲ ਇਕ ਐਨ.ਆਰ.ਆਈ. ਨੇ ਤਿੰਨ ਮੰਜ਼ਲੀ ਕੋਠੀ 'ਚ ਪ੍ਰਵੇਸ਼ ਕਰਨ ਲਈ ਤੇ ਪੋਤੇ ਦਾ ਜਨਮ ਦਿਨ ਮਨਾਉਣ ਲਈ ਅਖੰਡ ਪਾਠ ਕਰਵਾਇਆ। ਤੀਜੇ ਦਿਨ ਭੋਗ ਪੈਣ ਉਪਰੰਤ ਗਾਉਣ ਵਾਲੇ ਦਾ ਅਖਾੜਾ ਲੱਗਿਆ ਤੇ ਖੂਬ ਦਾਰੂ ਸਿੱਕਾ ਵੀ ਚੱਲਿਆ। ਕੋਠੀ ਤੋਂ ਤਿੰਨ ਚਾਰ ਘਰ ਛੱਡ ਕੇ ਇਕ ਗਰੀਬ ਦਿਹਾੜੀਦਾਰ ਪਰਿਵਾਰ ਦੀ ਮਾਂ ਬਹੁਤ ਬਿਮਾਰ ਪਈ ਸੀ। ਜਦੋਂ ਆਥਣੇ ਫਿਰ ਵੱਡੇ ਵੱਡੇ ਸਪੀਕਰਾਂ 'ਚ ਉਚੀ ਉਚੀ ਗਾਣੇ ਵੱਜਣ ਲੱਗੇ, ਭੰਗੜਾ ਪੈਣ ਲੱਗਾ ਤਾਂ ਮਰਨ ਕੰਢੇ ਪਈ ਬੁੱਢੀ ਠਾਕਰੀ ਨੇ ਪੁੱਤਾਂ ਨੂੰ ਤਰਲਾ ਕੀਤਾ ਕਿ ਰੱਬ ਦੇ ਵਾਸਤੇ ਥੋੜ੍ਹੀ ਆਵਾਜ਼ ਘੱਟ ਕਰਵਾ ਦਿਓ। ਵਿਚਾਰੀ ਠਾਕਰੀ ਮੌਤ ਦੀ ਆਖਰੀ ਘੜੀਆਂ ਗਿਣ ਰਹੀ ਸੀ। ਪੈਂਦੇ ਖੌਰੂ 'ਚ ਇਕ ਪੁੱਤ ਨੇ ਜਾ ਕੇ ਜਸ਼ਨ 'ਚ ਡੁੱਬੇ ਰੱਬ ਦੇ ਬੰਦਿਆਂ ਨੂੰ ਰੱਬ ਦਾ ਵਾਸਤਾ ਪਾ ਕੇ ਤਰਲਾ ਕੀਤਾ ਕਿ ਥੋੜ੍ਹੀ ਆਵਾਜ਼ ਘੱਟ ਕਰ ਲਓ ਸਾਡੀ ਮਾਂ ਆਖਰੀ ਦਮਾਂ 'ਤੇ ਹੈ। ਨੇੜੇ ਬੈਠਾ ਡਾਲਰਾਂ ਪੌਂਡਾਂ 'ਚ ਪੁਲਿਸ ਦੇ ਢਿੱਡ ਵਰਗਾ ਫੁੱਲਿਆ ਉਨ੍ਹਾਂ ਦਾ ਬਜ਼ੁਰਗ ਪੁੱਛਣ ਲੱਗਾ ਕਿ ਕੌਣ ਐ? ਇਹ ਸਾਲਾ ਕੀ ਕਹਿੰਦਾ।

ਭਾਈਆ ਸਾਲਾ ਆਹੰਦਾ ਅਖੇ ਮਾਂ ਮਰਨ ਵਾਲੀ ਹੈ ਆਵਾਜ਼ ਘੱਟ ਕਰ ਲਓ। ਦੋ ਸਾਲੀਂ ਅਸੀਂ ਆਏ ਹਾਂ ਰੰਗ 'ਚ ਭੰਗ ਪਾਉਣ ਡਹਿਆ। ਇਹ ਹਸਪਤਾਲ ਹੈ ਕਿ ਅਸੀਂ ਤੁਹਾਡੀ ਬੁੱਢੀ ਨੂੰ ਦਵਾਈ ਦੇਣੀ ਐ। ਮਾਰੋ ਸਾਲੇ ਦੇ ਚਾਰ।

ਤੇ ਕਰਤਾਰੇ ਦਾ ਪੁੱਤ ਰਾਮਚੰਦ ਚਪੇੜਾਂ ਖਾ ਕੇ ਬਾਂਦਰ ਦੇ ਬੂਥੇ ਵਰਗਾ ਲਾਲ ਬੂਥਾ ਲੈ ਕੇ ਬੇਰੰਗ ਲਿਫਾਫੇ ਵਾਂਗ ਘਰ ਮੁੜ ਆਇਆ।

ਤੇ ਭਾਣਾ ਵਰਤ ਗਿਆ। ਵਿਚਾਰੀ ਠਾਕਰੀ ਰੱਬ ਨੂੰ ਪਿਆਰੀ ਹੋ ਗਈ। ਵੱਡਿਆਂ ਦਾ ਉਹੀ ਵੱਡਾ ਬੁੱਢਾ ਸਵੇਰੇ ਹਮਦਰਦੀ ਨਾਲ ਠਾਕਰੀ ਦੇ ਘਰ ਜਾ ਕੇ ਕਹਿਣ ਲੱਗਾ, "ਸਹੁਰੀ ਦੇ ਮੂਰਖ ਨੇ ਸਾਡੇ ਨਿਆਣੇ। ਐਵੇਂ ਪੀਤੀ ਖਾਧੀ 'ਚ ਲਾਲ ਹੋ ਗਏ। ਰਾਮ ਚੰਦਾ ਆਹ ਲੈ ਪੰਜ ਸੌ ਠਾਕਰੀ ਲਈ। ਬਾਲਣ ਦੀਆਂ ਚਾਰ ਫਾੜਾਂ ਲੈ ਆ।"

ਤੇ ਗਰੀਬੀ ਦਾ ਭੰਨਿਆ ਰਾਮ ਚੰਦ ਡਾਂਗ ਮਾਰਨ ਨੂੰ ਤਾਂ ਰਿਹਾ। ਪੁਠੀ ਚਪੇੜ ਜ਼ਰੂਰ ਮਾਰ ਗਿਆ।

ਤੁਸੀਂ ਅਗਲੇ ਸਾਲ ਵੀ ਅਖੰਡ ਪਾਠ ਹੀ ਕਰਵਾਉਣਾ ਹੀ ਹੋਣਾ ਤੇ ਪੋਤੇ ਦਾ ਜਨਮ ਦਿਨ ਵੀ ਮਨਾਉਗੇ। ਇਹ ਪੰਜ ਸੌ ਵੀ ਅਗਲੇ ਸਾਲ ਵਾਲੇ ਰੱਬ ਦੇ ਖਾਤੇ ਵਿਚ ਪਾ ਦਿਓ। ਤੇ ਸਮਝ ਨਹੀਂ ਪੈਂਦੀ ਕਿ ਅਖੰਡ ਪਾਠ ਲੱਗੂਗਾ ਵੀ ਜਾਂ ਨਹੀਂ। ਤੇ ਰੱਬ ਦੇ ਨਾਂ 'ਤੇ ਪੈਸੇ ਵਾਲਿਆਂ ਨੇ ਗਰੀਬ ਦਾ ਮਜ਼ਾਕ ਉਡਾਇਆ ਸੀ ਜਾਂ ਪਾਪ ਦਾ ਦਲੀਆ ਦਲ ਸੁੱਟਿਆ ਸੀ।

ਦੂਰੋਂ ਨੇੜਿਉਂ ਇੰਗਲੈਂਡ ਵਸਦਾ ਜਦੋਂ ਵੀ ਸਾਡਾ ਰਿਸ਼ਤੇਦਾਰ ਪੰਜਾਬ ਆਵੇ ਤਾਂ ਮੇਰੀ ਪਤਨੀ ਨੂੰ ਕਿਹਾ ਕਰੇ ਕਿ ਤੁਹਾਨੂੰ ਦੋਵਾਂ ਨੂੰ ਨਾਮ ਦਾਨ ਲੈ ਕੇ ਦੇਣਾ। ਉਂਜ ਜਿਸ ਡੇਰੇ ਤੋਂ ਉਹ ਨਾਮ ਦਾਨ ਲੈ ਕੇ ਦੇਣ ਦੀ ਗੱਲ ਕਰਦਾ ਸੀ, ਸੁੱਖ ਨਾਲ ਉਸ ਡੇਰੇ ਵਿਚ ਮੈਂ ਕਈ ਵਾਰ ਜਾ ਕੇ ਆਇਆ ਸਾਂ। ਉਨ੍ਹਾਂ ਦਾ ਧਰਮ ਪ੍ਰਚਾਰ ਵੀ ਸੁਣ ਲਿਆ ਤੇ ਸਾਹਿਤ ਵੀ ਚੰਗਾ ਪੜ੍ਹ ਲਿਆ ਸੀ। ਇਕ ਦਿਨ ਉਹ ਤੜਕੇ 4 ਵਜੇ ਗੱਡੀ ਲੈ ਆਇਆ। ਉਹਦੇ ਨਾਲ ਸਾਡੇ ਇਕ ਗੁਆਂਢੀ ਮੀਆਂ-ਬੀਵੀ ਵੀ ਸਨ ਤੇ ਧਿੰਗੋਜ਼ੋਰੀ ਸਾਨੂੰ ਵੀ ਦੋਵਾਂ ਨੂੰ ਨਾਲ ਹੀ ਲੈ ਕੇ ਤੁਰਿਆ। ਦਿੱਲੀ ਦੇ ਰੇਲਵੇ ਸਟੇਸ਼ਨ ਵਾਂਗ ਧਕਮ-ਧੱਕਾ ਤੇ ਡੱਡੂ-ਛੜੱਪੇ ਵਾਂਗ ਸਵੇਰੇ 7 ਵਜੇ ਲਾਈਨ 'ਚ ਲੱਗਿਆਂ ਦੀ ਸ਼ਾਮ ਨੂੰ 5 ਵਜੇ ਵਾਰੀ ਆਈ। ਮਹਾਰਾਜ ਤੋਂ ਨਾਮ ਦੀ ਬਖਸ਼ਿਸ਼ ਹੋਣ ਤੋਂ ਪਹਿਲਾਂ ਉਨ੍ਹਾਂ ਦੇ ਸੇਵਾਦਾਰ ਪੂਰੀ ਛਾਣਬੀਣ ਕਰਦੇ। ਸਾਡੇ ਆਲੇ ਦੁਆਲੇ ਬੈਠੇ ਲੋਕ ਗੱਲਾਂ ਕਰਦੇ "ਬਸ ਇਹ ਜਾਣੀ-ਜਾਣ ਨੇ, ਜਿਹੜਾ ਇਥੋਂ ਪਾਸ ਹੋ ਗਿਆ, ਭਾਗਾਂ ਵਾਲਾ ਈਂ ਐ"। ਮੇਰੀ ਘਰ ਵਾਲੀ ਵਾਹਿਗੁਰੂ ਵਾਹਿਗੁਰੂ ਵਧ ਕਹੇ।

ਸਾਥੋਂ ਪਹਿਲਾਂ ਸਾਡੇ ਗੁਆਂਢੀ ਦੀ ਵਾਰੀ ਆਈ। ਦਸ-ਪੰਦਰਾਂ ਕੁ ਮਿੰਟਾਂ ਦੀ ਪੁੱਛਗਿੱਛ ਤੋਂ ਬਾਅਦ ਉਹ ਖੁਸ਼ ਨਜ਼ਰੀਂ ਆਏ ਇਮਤਿਹਾਨ 'ਚੋਂ ਪਾਸ ਹੋ ਗਏ ਲੱਗਦੇ ਸਨ। ਉਨ੍ਹਾਂ ਨੂੰ ਉਸ ਰਸਤੇ ਤੋਰ ਦਿੱਤਾ ਜਿਥੇ ਨਾਮ ਦਾਨ ਦੀ ਬਖਸ਼ਿਸ਼ ਹੋਣੀ ਸੀ।

ਵਾਰੀ ਸਾਡੀ ਦੋਵਾਂ ਦੀ ਆ ਗਈ। ਸੇਵਾਦਾਰ ਨੇ ਪਹਿਲਾ ਸਵਾਲ ਕੀਤਾ, ਅੱਜ ਕੱਲ੍ਹ ਕੀ ਕੰਮ ਧੰਦਾ ਕਰਦੇ ਹੋ? ਉਂਜ ਸਕੂਲ ਅਧਿਆਪਕ ਹਾਂ, ਛੁੱਟੀ 'ਤੇ ਹਾਂ ਤੇ ਅੱਜ ਕੱਲ੍ਹ ਲੰਡਨ ਇਕ ਗੁਰਬਾਣੀ ਰੇਡੀਓ ਚੈਨਲ 'ਤੇ ਹੋਸਟ ਵਜੋਂ ਕੰਮ ਕਰਦਾਂ। ਮਾਸ ਕਿੰਨਾ ਕੁ ਚਿਰ ਹੋ ਗਿਆ ਖਾਧੇ ਨੂੰ? ਦੋ ਕੁ ਮਹੀਨੇ ਹੋ ਗਏ। ਦਾਰੂ ਕਦੋਂ ਦੀ ਪੀਤੀ ਹੋਈ ਐ? ਰਾਤੀਂ ਪੀਤੀ ਸੀ।

ਸਤਿਸੰਗ ਕਿੰਨੇ ਕੁ ਸੁਣੇ ਨੇ? 15-20 ਹੀ। ਭਗਤਾ ਹਾਲੇ ਤੇਰੀ ਕਿਸਮਤ 'ਚ ਨਹੀਂ, ਹੋਰ ਸਤਿਸੰਗ ਸੁਣ ਤੇ ਜਦੋਂ ਸਾਲ ਕੁ ਖਾਧੀ ਪੀਤੀ ਨੂੰ ਹੋ ਜਾਏ ਤਾਂ ਫਿਰ ਆਵੀਂ। ਮਹਾਰਾਜ ਕਿਰਪਾ ਕਰਨਗੇ। ਜਿਹੜਾ ਮੈਥੋਂ ਮੋਹਰੇ ਬੰਦ ਗਿਆ ਉਹ ਕਿਵੇਂ ਪਾਸ ਹੋ ਗਿਆ? ਬੈਂਕ 'ਚ ਕਲਰਕ ਲੱਗਾ ਹੋਇਆ ਡੇਢ ਸਾਲ ਤੋਂ, ਕੁਝ ਨਹੀਂ ਖਾਧਾ ਪੀਤਾ। ਵਿਚਾਰੇ ਦੀ ਲਗਨ ਤੇ ਨਿਹਚਾ ਸੀ ਨਾਮ ਦਾਨ ਲੈਣ ਤੇ ਗੁਰੂ ਵਾਲਾ ਬਣਨ ਦੀ।

ਮਨ ਵਿਚ ਸੋਚਿਆ ਗੱਲਾਂ ਹੀ ਨੇ। ਪਤਾ ਪੁਤਾ ਇਹਨੂੰ ਵੀ ਨਹੀਂ ਕੁਝ। ਮੈਂ ਉਹਨੂੰ ਕਿਹਾ ਇਹ ਸਾਡੇ ਪਿੰਡ ਦਾ ਤਰਲੋਕ ਐ ਤੌੜੇ ਜਿੱਡਾ ਢਿੱਡ ਵੇਖ ਕੇ ਇਹ ਅੰਦਾਜ਼ਾ ਨਹੀਂ ਲੱਗਾ ਕਿ ਇਹ ਪੁਲਿਸ 'ਚ ਹੌਲਦਾਰ ਹੈ ਹੁਸ਼ਿਆਰਪੁਰ। ਪੂਰੀ ਲੀਟਰ ਲਾਹਨ ਪੀਂਦਾ ਰੋਜ਼ ਤੇ ਸਾਬਤਾ ਮੁਰਗਾ ਚੱਬਦਾ। ਰਾਤੀਂ ਮੇਰੇ ਨਾਲ ਪੈਗ ਲਾ ਕੇ ਆਇਆ। ਸੱਦੋ ਤਾਂ ਇਹਨੂੰ ਪੁੱਛੋ ਮੇਰੇ ਸਾਹਮਣੇ ਕਿਹੜੀ ਪਤੰਦਰ ਪੰਜਾਬ ਐਂਡ ਸਿੰਧ ਬੈਂਕ ਵਿਚ ਲੱਗਿਆ ਹੈ। ਉਹਦੇ ਘਰ ਵਾਲੀ ਮੈਨੂੰ ਦਿਲ 'ਚ ਮਣ ਮਣ ਪੱਕੀਆਂ ਗਾਲਾਂ ਕੱਢਦੀ ਹੋਊ। ਕਿਉਂਕਿ ਸਾਡੇ ਆਲੀ ਪਾਪਾਂ ਲੱਦੀ ਗੱਡੀ ਦੀ ਟਿਕਟ ਫਿਰ ਉਨ੍ਹਾਂ ਨੂੰ ਵੀ ਕੱਢ ਕੇ ਫੜਾ ਦਿੱਤੀ ਸੀ। ਮੈਨੂੰ ਇਸ ਗੱਲ ਦਾ ਦੁੱਖ ਨਹੀਂ ਸੀ ਕਿ ਸਾਡੀਆਂ ਝੋਲੀਆਂ 'ਨਾਮ ਦਾਨ' ਬਿਨਾਂ ਸੱਖਣੀਆਂ ਸਨ। ਖੁਸ਼ੀ ਇਸ ਗੱਲ ਦੀ ਸੀ ਕਿ ਇਹ ਵੀ ਟਾਟਾ ਦੀਆਂ ਗੱਡੀਆਂ ਵਾਂਗ ਨਾਂ ਹੀ ਵੇਚੀ ਜਾਂਦੇ ਨੇ।

ਆਖਰੀ ਸਵਾਲ ਮੈਂ ਉਸ ਸੇਵਾਦਾਰ ਨੂੰ ਕੀਤਾ ਕਿ ਜਿਹੜੇ ਪੰਜ ਸ਼ਬਦ ਤੁਸੀਂ ਨਾਮ ਦਾਨ ਦੇ ਦੱਸਦੇ ਹੋ। ਉਹ ਤਾਂ ਮੈਨੂੰ ਵੀ ਆਉਂਦੇ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ। ਭਗਤਾ ਗੁਰੂ ਬਿਨਾਂ ਬਾਹਰੋ ਬਾਹਰ ਰੱਬ ਨਹੀਂ ਮਿਲਦਾ। ਅਤੇ ਥੋਨੂੰ ਸੈਂਟਰ ਵਾਂਗੂ ਵੱਧ ਅਧਿਕਾਰ ਸਿੱਧਿਆਂ ਹੀ ਦਿੱਤੇ ਹੋਏ ਨੇ। ਮੈਂ ਹੱਸਦਿਆਂ ਉਹਦਾ ਧੰਨਵਾਦ ਕੀਤਾ ਤੇ ਨਾਲੇ ਹੌਲਦਾਰ ਦੀ ਬਾਂਹ ਖਿੱਚ ਲਈ। ਆਪਣੇ ਰਿਸ਼ਤੇਦਾਰ ਨੂੰ ਪੁੱਛਿਆ, ਜੇ ਇਨ੍ਹਾਂ ਧਰਮੀ ਬੰਦਿਆਂ ਨੂੰ ਪਤਾ ਹੈ ਕਿ ਕੌਣ ਸੱਚ ਬੋਲਦਾ ਤੇ ਕੌਣ ਝੂਠ ਫਿਰ ਇਹ ਵੀ ਐਵੇਂ ਪਾਟੇ ਤੰਬੂ 'ਚ ਬਾਂਸ ਫਸਾਈ ਜਾਂਦੇ ਨੇ। ਉਹ ਕਹੇ ਤੁਹਾਡੇ ਮੁਕੱਦਰ 'ਚ ਹਾਲੇ ਨਾਮ ਦਾਨ ਨਹੀਂ। ਤੇ ਹੌਲਦਾਰ ਨੇ ਜਲੰਧਰ ਨਹੀਂ ਟੱਪਣ ਦਿੱਤਾ ਜਦੋਂ ਬੋਤਲ ਲੈ ਲਈ। ਨਾਮ ਦਾਨ ਲੈ ਕੇ ਕੀ ਕਰਦਾ? ਸੁਭਾਵਿਕ ਪੁੱਛਿਆ ਤਾਂ ਉਹ ਪੁਲਸੀਆ ਬੋਲੀ 'ਚ ਖਚਰੀ ਹਾਸੀ ਹੱਸਦਿਆਂ ਕਹਿਣ ਲੱਗਾ। ਫੇਰ ਕਿਤੇ ਸਾਲਾ ਮੂੰਹ ਨੂੰ ਕਰਫਿਊ ਲਾ ਲੈਣਾ ਸੀ?

ਕੁਝ ਮਹੀਨਿਆਂ ਬਾਅਦ ਪਤਾ ਲੱਗਾ ਕਿ ਉਸੇ ਡੇਰੇ ਦੇ ਮਹਾਰਾਜ ਬੀਬਾ ਜੀ ਬਰਮਿੰਘਮ ਆਏ ਹੋਏ ਨੇ। ਜਿਵੇਂ ਉਤਸੁਕਤਾ ਹੁੰਦੀ ਏ ਜਾਣਨ ਦੀ ਕਿ ਜ਼ਰਦਾਰੀ ਭੁੱਟੋ ਬਿਨਾਂ ਕਿਵੇਂ ਰਹਿੰਦਾ ਹੋਊ? ਓਬਾਮਾ ਕਿਵੇਂ ਸੌਂਦਾ ਹੋਊ? ਮਨਮੋਹਨ ਸਿੰਘ ਕੀ ਖਾਂਦਾ ਹੋਊ? ਲਾਦੇਨ ਕਿਵੇਂ ਲੁਕਦਾ ਹੋਊ? ਤੇ ਅਸੀਂ ਵੀ ਦੋ ਤਿੰਨ ਜਣੇ ਬਰਮਿੰਘਮ ਦੇ ਸਕੂਲ ਦੀ ਇਕ ਗਰਾਉਂਡ ਵਿਚ ਦੇਖਣ ਚਲੇ ਗਏ ਕਿ ਬਾਬਾ ਜੀ ਕਿਵੇਂ ਥਾਲੀ ਲਾਉਂਦੇ ਹੋਣਗੇ ਤੇ ਫਿਰ ਸੁਣੋ ਸਿੱਧੇ ਪ੍ਰਸਾਰਨ ਦੀ ਭਾਸ਼ਾ ਰੱਬ ਰੂਪ ਮਹਾਰਾਜ ਦੀ ਜ਼ਬਾਨੀ ਜਦੋਂ ਉਹ ਆਖੇ:

ਸਾਲਿਆ ਬਾਹਾਂ ਟੁੱਟੀਆਂ ਨੇ ਥਾਲ ਨਹੀਂ ਚੁੱਕ ਹੁੰਦਾ...

ਹੈਂ ਤੇਰੀ ਬੇੜੀ ਬਹਿ ਗਈ ਸਰਵਿਸ ਹੀ ਖਰਾਬ ਕਰਤੀ...

ਹਟ ਪਾਸੇ ਟਿਡਿਆ ਜਿਹਾ ਮੈਨੂੰ ਖੇਡਣ ਦੇ ਸੈਂਟਰ।...

ਬਹਿ ਕੇ ਚੁੱਕ, ਬਹਿ ਕੇ ਚੁੱਕ ਪਤੰਦਰਾ...

ਗੋਡਣੀਆਂ ਲੁਆ ਦਿੱਤੀਆਂ ਸਾਡੀਆਂ ਤੇ ਇਉਂ ਮਹਾਂਪੁਰਸ਼-ਪੁਰਸ਼ਾਂ ਨਾਲ ਖੇਡਦਿਆਂ ਵੇਖ ਕੇ ਲਗਦਾ ਨਹੀਂ ਸੀ ਕਿ ਇਨ੍ਹਾਂ ਨੂੰ ਸਵਰਗ ਅਤੇ ਨਰਕ ਵਿਚਲਾ ਅੰਤਰ ਪਤਾ ਹੋਵੇਗਾ। ਉਸ ਹੌਲਦਾਰ ਦਾ ਪੁੱਤ ਪਿਛਲੇ ਲੰਬੇ ਸਮੇਂ ਤੋਂ ਕੈਨੇਡਾ ਰਹਿੰਦਾ ਹੈ ਤੇ ਉਹ ਆਏ ਸਾਲ ਪਿੰਡ ਦੀ ਇਕ ਗਰੀਬ ਕੁੜੀ ਦੀ ਸ਼ਾਦੀ ਦਾ ਸਾਰਾ ਖਰਚ ਆਪਣੇ ਸਿਰ ਚੁੱਕਦਾ ਹੈ।

ਹੌਲਦਾਰ ਭਾਵੇਂ ਪਿੰਡ 'ਚ ਘੁੱਟ ਲਾ ਕੇ ਘੁੰਮੇ ਤਾਂ ਵੀ ਲੋਕ ਆਹੰਦੇ ਨੇ ਬੜਾ ਦਾਨੀ ਸੱਜਣ ਐ ਤਿਰਲੋਕਾ। ਕੋਈ ਜਦੋਂ ਬਾਬਾ ਕਿਤੇ ਮਹਿੰਗੀ ਕਾਰ 'ਚ ਲੰਘਦਾ ਦਿਸੇ ਤਾਂ ਬੁੱਲ ਨਾ ਵੀ ਹਿੱਲਣ ਦਿਲ ਜ਼ਰੂਰ ਲੁੱਡੀਆਂ ਪਾਉਂਦਾ ਕਿ ਪਖੰਡ ਦੀ ਧੂੜ ਉਡਦੀ ਜਾ ਰਹੀ ਏ। ਜੇ ਮੰਨਦੇ ਹੋ ਕਿ ਮਨ ਮੰਦਰ ਹੈ ਤੇ ਸਭ ਕੁਝ ਅੰਦਰ ਹੈ ਤਾਂ ਸਾਈਂ ਬੁੱਲ੍ਹੇ ਸ਼ਾਹ ਦੀਆਂ ਇਹ ਸਤਰਾਂ ਕਿ:

ਪੜ੍ਹ ਪੜ੍ਹ ਆਲਮ ਫਾਜ਼ਲ ਹੋਇਐ
ਕਦੇ ਆਪਣੇ ਆਪ ਨੂੰ ਪੜ੍ਹਿਆ ਈ ਨਹੀਂ
ਭੱਜ ਭੱਜ ਅੰਦਰ ਮਸੀਤੀ ਵੜ੍ਹਦੈਂ
ਕਦੇ ਆਪਣੇ ਅੰਦਰ ਵੜ੍ਹਿਆ ਈ ਨਹੀਂ
ਬੁੱਲ੍ਹੇ ਸ਼ਾਹ ਅਸਮਾਨੀਂ ਉਡਦੀਆਂ ਫੜ੍ਹਦੈਂ
ਜਿਹੜਾ ਘਰ ਬੈਠਾ ਉਹਨੂੰ ਫੜਿਆ ਈ ਨਹੀਂ

ਤੋਂ ਐ ਨਹੀਂ ਲੱਗਦਾ ਕਿ ਮੜ੍ਹੀਆਂ 'ਤੇ ਦੀਵੇ ਬੁੱਝ ਵੀ ਜਾਣ ਤਾਂ ਕੋਈ ਗੱਲ ਨਹੀਂ। ਗੱਲ ਅੰਦਰ ਚਾਨਣ ਹੋਣ ਦੀ ਹੈ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### *ਹਰਿਆਣਾ ਦੇ ਤਾਲਿਬਾਨ!*

ਕਿੱਡਾ ਖਾਪ ਪੰਚਾਇਤਾਂ ਦਾ ਪਵੇ ਰੌਲਾ, ਆ ਗਈ ਗੁੰਡਿਆਂ ਹੱਥ ਕਮਾਨ ਦੇਖੋ।
ਦੁਨੀਆਂ ਚੰਦ 'ਤੇ ਚੜ੍ਹਨ ਨੂੰ ਫਿਰੇ ਸਾਰੀ, ਨਵਾਂ ਪਿੰਡਾਂ 'ਚ ਵਿਧੀ-ਵਿਧਾਨ ਦੇਖੋ।
ਰਿਹਾ ਘੜੀਆਂ ਅਦਾਲਤਾਂ ਦਾ ਖੌਫ ਕਿੱਥੇ, ਲਿਆ ਗੋਡਿਆਂ ਹੇਠ ਭਗਵਾਨ ਦੇਖੋ।
ਕਿੱਲੀ ਟੰਗ ਕੇ ਕੜੇ-ਕਾਨੂੰਨ ਸਾਰੇ, ਰਿਹੈ ਕੁਫਰ ਦਾ ਉਸਰ ਮਕਾਨ ਦੇਖੋ।
ਮੜੀ-ਮੁੱਛ ਨਾ ਪਾਵੰਦਾ ਮਰਦ ਰੌਲਾ, ਚੜ੍ਹਿਆ ਸਿਰ ਨੂੰ ਕਿਵੇਂ ਗੁਮਾਨ ਦੇਖੋ।
ਮਿਰਾਜਪੁਰ ਹਰਿਆਣੇ ਦੇ ਵਿਚ ਸੁਣਿਐ, ਹੋਇਆ ਮਾੜੇ ਦਾ ਜਿਊਣਾ ਵਿਰਾਨ ਦੇਖੋ।
ਟਕੂਏ, ਤ੍ਰਿਸੂਲ, ਤਲਵਾਰਾਂ ਨੇ ਲਿਸ਼ਕ ਰਹੀਆਂ, ਪਰਾਂ ਲੱਜ ਦੀ ਸੁੱਟੀ ਮਿਆਨ ਦੇਖੋ।
ਘਰ ਫੂਕ'ਤੇ ਮਾੜੇ ਗਰੀਬੜਿਆਂ ਦੇ, ਹਾਲੇ ਚੁੱਪ ਨੀਂ ਹੋਇਆ ਸ਼ੈਤਾਨ ਦੇਖੋ।
ਊਚ-ਨੀਚ ਦਾ ਭੇਦ ਨਹੀਂ ਮਿਟਣ ਵਾਲਾ, ਬੰਦਾ ਬੰਦੇ ਤੋਂ ਹੁੰਦਾ ਵਿਰਾਨ ਦੇਖੋ।
ਵਸੀਵਾਂ ਲੀਡਰ ਕੋਈ ਟੱਪਜੂ ਕਿਵੇਂ ਸਾਡਾ, ਅਫਸਰਸ਼ਾਹੀ ਦੀ ਬੰਦ ਜ਼ੁਬਾਨ ਦੇਖੋ।
ਜਾਤ, ਧਰਮ ਤੇ ਕਾਇਦੇ-ਕਾਨੂੰਨ ਸਾਡੇ, ਕਿਵੇਂ ਗਊਆਂ ਨੂੰ ਘੂਰਦੇ ਸਾਨ੍ਹ ਦੇਖੋ।
ਜਾਰੀ ਆਪਣੇ ਮੁਲਕ ਵਿਚ ਹੋਣ ਲੱਗ ਪਏ, ਤਾਲਿਬਾਨ ਤੋਂ ਵੱਡੇ ਫੁਰਮਾਨ ਦੇਖੋ।

# ਭਗਤ ਸਿੰਘ ਦੀ ਤਸਵੀਰ ਬਾਰੇ ਭੁਲੇਖੇ-ਗੁਲਜ਼ਾਰ ਸੰਧੂ ਦੇ ਸ਼ਬਦਾਂ 'ਚ

**ਸਵਾਲ:** ਸ਼ਹੀਦ ਭਗਤ ਸਿੰਘ ਨਾਲ ਇਕ ਤਸਵੀਰ ਵਿਚ ਤੁਹਾਡੀ ਜੀਵਨ-ਸਾਥਣ ਦੇ ਦਾਦਾ ਜੀ ਗੋਪਾਲ ਸਿੰਘ ਪਨੂੰ ਦਿਖਾਈ ਦਿੰਦੇ ਹਨ। ਇਸ ਤਸਵੀਰ ਬਾਰੇ ਕਈ ਭੁਲੇਖੇ ਵੀ ਹਨ। ਸੱਚ ਕੀ ਹੈ?

**ਜਵਾਬ :** ਇਹ ਤਸਵੀਰ 1927 ਦੀ ਹੈ, ਲਾਹੌਰ ਸਟੇਸ਼ਨ ਦੇ ਥਾਣੇ ਦੀ। ਭਗਤ ਸਿੰਘ ਨੂੰ ਦੁਸਹਿਰਾ ਬੰਬ ਕੇਸ ਦੇ ਸੰਬੰਧ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਘਟਨਾ 25 ਅਕਤੂਬਰ 1926 ਨੂੰ ਵਾਪਰੀ ਸੀ। ਗ੍ਰਿਫ਼ਤਾਰੀ 29 ਮਈ, 1972 ਦੀ ਹੈ। ਮੇਰੀ ਪਤਨੀ ਸੁਰਜੀਤ ਕੌਰ ਦੇ ਬਾਪੂ ਜੀ (ਉਹ ਆਪਣੇ ਦਾਦਾ ਜੀ ਨੂੰ ਇਹੀਓ ਆਖਦੇ ਹਨ) ਸੀ. ਆਈ. ਡੀ. ਅਧਿਕਾਰੀ ਸਨ। ਸਪੱਸ਼ਟ ਹੈ ਕਿ ਤਸਵੀਰ ਉਨ੍ਹਾਂ ਦੇ ਕਹਿਣ 'ਤੇ ਮੁਲਜ਼ਮ ਦੀ ਪਛਾਣ ਲਈ ਖਿੱਚੀ ਗਈ ਸੀ ਤਾਂ ਕਿ ਭਵਿੱਖ ਵਿਚ ਲੋੜ ਪੈਣ 'ਤੇ ਪੁਲਿਸ ਦੇ ਕੰਮ ਆ ਸਕੇ। ਜਿਸ ਪਾਸੇ ਤੋਂ ਤਸਵੀਰ ਖਿੱਚੀ ਗਈ ਹੈ, ਉਸ ਪਾਸੇ ਇਕ ਖਾਲੀ ਕੁਰਸੀ ਪਈ ਹੈ, ਜਿਹੜੀ ਥਾਣੇ ਦੇ ਕਿਸੇ ਹੋਰ ਅਧਿਕਾਰੀ ਦੀ ਹੋ ਸਕਦੀ ਹੈ। ਹੋ ਸਕਦਾ ਹੈ ਤਸਵੀਰ ਖਿੱਚਣ ਵਾਲਾ ਓਹੀਓ ਹੋਵੇ। ਏਸ ਤਰ੍ਹਾਂ ਦੀ ਤਸਵੀਰ ਦੀਆਂ ਕਈ ਕਾਪੀਆਂ ਕੱਢ ਕੇ ਰੱਖਣਾ ਪੁਲਿਸ ਵਾਲਿਆਂ ਦੀ ਕਾਰਗੁਜ਼ਾਰੀ ਦਾ ਹਿੱਸਾ ਸੀ ਤੇ ਅੱਜ ਵੀ ਹੈ।

ਸੁਰਜੀਤ ਨੇ ਇਹ ਤਸਵੀਰ ਪਹਿਲੀ ਵਾਰ 1952 ਵਿਚ ਤੱਕੀ ਸੀ। ਉਸ ਵਰ੍ਹੇ ਉਸਦੇ ਪਾਪਾ ਹਰਬੰਸ ਸਿੰਘ ਪਨੂੰ ਸਰਦਾਰ ਨਗਰ (ਯੂ. ਪੀ.) ਵਿਚ ਅਕਾਲ ਚਲਾਣਾ ਕਰ ਗਏ ਸਨ। ਜਿਥੇ ਮਜੀਠੀਆ ਪਰਿਵਾਰ ਦੀ ਖੰਡ ਮਿੱਲ ਹੁੰਦੀ ਸੀ। ਮਜੀਠੀਆ ਦੇ ਵਡੇਰੇ ਸੂਰਤ ਸਿੰਘ ਨੂੰ ਗੋਪਾਲ ਸਿੰਘ ਦੀ ਭੂਆ ਵਿਆਹੀ ਹੋਈ ਸੀ। ਉਨ੍ਹਾਂ ਨੇ ਆਪਣੇ ਦਾਮਾਦ ਤੇ ਅੰਮ੍ਰਿਤਾ ਸ਼ੇਰਗਿੱਲ ਦੇ ਪਤੀ ਵਿਕਟਰ ਨੂੰ ਮਿੱਲ ਦਾ ਡਾਕਟਰ ਲਾਇਆ ਹੋਇਆ ਸੀ ਤੇ ਗੋਪਾਲ ਸਿੰਘ ਦੇ ਪੁੱਤਰ ਹਰਬੰਸ ਸਿੰਘ ਪਨੂੰ ਨੂੰ ਆਪਣਾ ਕਾਨੂੰਨੀ ਸਲਾਹਕਾਰ। 1952 ਵਿਚ ਪਾਪਾ ਦਾ ਸਰਦਾਰ ਨਗਰ ਵਾਲਾ ਸਮਾਨ ਨੁਸ਼ਹਿਰਾ ਪਹੁੰਚਿਆ ਤਾਂ ਸੁਰਜੀਤ ਦੇ ਦੱਸਣ ਅਨੁਸਾਰ ਇਸ ਵਿਚ ਬਹੁਤ ਕੁਝ ਸੀ। ਸਰਟੀਫਿਕੇਟ, ਸਨਦਾਂ ਤੇ ਇਕ ਡੱਬੀ, ਜਿਸ ਦੇ ਦੋ ਖਾਨਿਆਂ ਵਿਚੋਂ ਇਕ ਵੱਡੇ ਡੱਕੇ ਨੂੰ ਜੋੜਿਆਂ ਚੌਲ ਦਾ ਦਾਣਾ ਸੀ, ਜਿਸ 'ਤੇ ਗੋਪਾਲ ਸਿੰਘ ਲਿਖ ਕੇ ਰੱਖਿਆ ਸੀ ਤੇ ਦੂਜੇ ਵਿਚ ਇਸਨੂੰ ਪੜ੍ਹਨ ਲਈ ਵੱਡਦਰਸ਼ੀ ਸ਼ੀਸ਼ਾ।

ਤਸਵੀਰ 'ਖਾਸ' ਸੀ ਇਹ ਤਾਂ ਪਤਾ ਸੀ ਪਰ ਉਮਰ ਦੇ ਉਸ ਪੜਾਅ 'ਤੇ ਉਸ ਦੀ ਇਤਿਹਾਸਕ ਮਹੱਤਤਾ ਦਾ ਕਿਸੇ ਨੂੰ ਵੀ ਅਹਿਸਾਸ ਨਹੀਂ ਸੀ। ਪਾਪਾ ਜੀ ਦੇ ਦੋ ਵਿਆਹਾਂ ਤੋਂ 11 ਬੱਚੇ ਸਨ। ਪਾਪਾ ਦਾ ਸਮਾਨ ਸਾਰਿਆਂ ਦਾ ਸਾਂਝਾ ਸੀ ਅਤੇ ਘਰ ਦੇ



*ਇਹ ਤਸਵੀਰ ਭਗਤ ਸਿੰਘ ਨਾਲ ਗੱਲਬਾਤ ਕਰਦੇ ਵਿਖਾਈ ਦੇ ਰਹੇ ਸ. ਗੋਪਾਲ ਸਿੰਘ ਪਨੂੰ ਦੀ ਹੈ, ਜੋ ਪੰਜਾਬੀ ਕਹਾਣੀਕਾਰ ਗੁਲਜ਼ਾਰ ਸੰਧੂ ਦੀ ਪਤਨੀ ਸੁਰਜੀਤ ਕੌਰ ਦੇ ਦਾਦਾ ਜੀ ਸਨ। ਪੰਜਾਬੀ ਮੈਗਜ਼ੀਨ 'ਹੁਣ' 'ਚ ਛਪੀ ਇਕ ਇੰਟਰਵਿਊ 'ਚ ਗੁਲਜ਼ਾਰ ਸੰਧੂ ਨੇ ਇਸ ਬਾਰੇ ਕੀਤੇ ਸਵਾਲ ਦਾ ਜਵਾਬ ਇਉਂ ਦਿੱਤਾ। -ਸੰਪਾਦਕ*

ਕੋਨੇ ਵਿਚ ਖੁੱਲ੍ਹਾ ਪਿਆ ਸੀ। ਕਿਹੜੇ ਵੇਲੇ ਘਰੋਂ ਉਸ ਸਾਮਾਨ ਵਿਚੋਂ ਉਹ ਤਸਵੀਰ ਇਧਰ-ਉਧਰ ਹੋ ਗਈ, ਪਤਾ ਹੀ ਨਾ ਲੱਗਾ।

ਜਦੋਂ ਭਗਤ ਸਿੰਘ ਦੇ ਛੋਟੇ ਭਰਾ ਕੁਲਤਾਰ ਸਿੰਘ ਅਕਾਲ ਚਲਾਣੇ ਤੋਂ ਥੋੜ੍ਹੇ ਦਿਨ ਪਹਿਲਾਂ ਪੀ. ਜੀ. ਆਈ. ਚੰਡੀਗੜ੍ਹ ਦਾਖਲ ਸਨ ਤਾਂ ਅਸੀਂ ਉਨ੍ਹਾਂ ਨੂੰ ਦੇਖਣ ਤੇ ਮਿਲਣ ਗਏ ਸਾਂ। ਇਹ ਜਾਣਦਿਆਂ ਸਾਰ ਕਿ ਅਸੀਂ ਕੌਣ ਹਾਂ, ਕੁਲਤਾਰ ਸਿੰਘ ਜੀ ਸਾਨੂੰ ਬੜੇ ਹੀ ਪਿਆਰ ਨਾਲ ਮਿਲੇ ਸਨ। ਉਨ੍ਹਾਂ ਨੇ ਇਸ ਤਸਵੀਰ ਦੀ ਕਾਪੀ ਆਪਣੇ ਘਰਦਿਆਂ ਕੋਲ ਪਹੁੰਚਣ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਸੀ। ਫੇਰ ਵੀ ਸਾਡੇ ਮਨ ਦੀ ਧੁਖਧੁਖੀ ਉਦੋਂ ਤਕ ਖ਼ਤਮ ਨਹੀਂ ਹੋਈ ਜਦੋਂ ਸ. ਮਾਲਵਿੰਦਰਜੀਤ ਸਿੰਘ ਵੜੈਚ ਨੇ ਮਾਸਕ ਰਸਾਲੇ ਕੌਮੀ ਲਹਿਰ ਦਾ ਮਾਰਚ 1972 ਵਾਲਾ ਅੰਕ ਨਹੀਂ ਦਿਖਾਇਆ। ਇਹ ਤਸਵੀਰ ਉਸ ਵਿਚ ਛਪੀ ਹੋਈ ਸੀ ਤੇ ਇਸ ਦੇ ਥੱਲੇ ਲਿਖਿਆ ਹੋਇਆ ਸੀ, ''ਫਾਂਸੀ ਤੋਂ ਕੁਝ ਚਿਰ ਬਾਅਦ ਕਿਸੇ ਈਮਾਨਦਾਰ ਪੁਲਿਸ ਅਫ਼ਸਰ ਨੇ ਇਹ ਫੋਟੋ ਸ਼ਹੀਦ ਦੇ ਘਰ ਵਾਲਿਆਂ ਦੇ ਹਵਾਲੇ ਕਰ ਦਿੱਤੀ।'' ਇਹ ਅਫ਼ਸਰ ਬਾਪੂ ਜੀ ਗੋਪਾਲ ਸਿੰਘ ਹੀ ਹੋ ਸਕਦੇ ਸਨ, ਜਿਨ੍ਹਾਂ ਨੇ ਇਹ ਤਸਵੀਰ ਆਪਣੇ ਅਰਦਲੀ ਇੰਦਰ ਸਿੰਘ ਦੇ ਹੱਥ ਸ੍ਰੀ ਕਿਸ਼ਨ ਸਿੰਘ ਦੇ ਘਰ ਭੇਜੀ ਹੋਵੇਗੀ।

ਅਸਲ ਵਿਚ ਗੋਪਾਲ ਸਿੰਘ ਵਰਗੇ ਉਹ ਬੰਦੇ ਵੀ ਜਿਨ੍ਹਾਂ ਨੂੰ ਬਰਤਾਨਵੀ ਸਰਕਾਰ ਨੇ ਆਪਣੀ ਸਹਾਇਤਾ ਲਈ ਭਰਤੀ ਕੀਤਾ ਸੀ, ਅੰਦਰਲੇ ਮਨੋਂ ਆਪਣੇ ਦੇਸ਼ਵਾਸੀਆਂ ਦੇ ਹਿਤ ਵਿਚ ਭੁਗਤਦੇ ਸਨ। ਜਦੋਂ ਗੋਰੇ ਹਾਕਮ ਭਗਤ ਸਿੰਘ ਨੂੰ ਕਿਸੇ ਵੀ ਕੀਮਤ 'ਤੇ ਛੱਡਣ ਲਈ ਤਿਆਰ ਨਹੀਂ ਸਨ ਤਾਂ 4 ਜੁਲਾਈ, 1927 ਨੂੰ ਉਨ੍ਹਾਂ ਦੇ ਪਿਤਾ ਸ੍ਰੀ ਕ੍ਰਿਸ਼ਨ ਸਿੰਘ ਕੋਲੋਂ 60 ਹਜ਼ਾਰ ਰੁਪਏ ਦੀ ਜ਼ਮਾਨਤ ਮੰਗੀ ਗਈ ਸੀ। ਭਗਤ ਸਿੰਘ ਦੀ ਭਤੀਜੀ ਵੀਰੇਂਦਰ ਸੰਧੂ ਅਨੁਸਾਰ ਜ਼ਮਾਨਤ ਦੇ ਅੱਧੇ ਪੈਸੇ ਸ. ਕਿਸ਼ਨ ਸਿੰਘ ਦੇ ਮਿੱਤਰ ਤੇ ਹਮਦਰਦ ਵਕੀਲ ਦੁਨੀ ਚੰਦ ਨੇ ਖੁਦ ਜੁਟਾਏ ਸਨ ਤੇ ਬਾਕੀ ਦੇ ਅੱਧੇ ਦੌਲਤ ਰਾਮ ਨਾਂ ਦੇ ਉਸ ਅਮੀਰ ਨੇ ਜਿਹੜਾ ਕਹਿਣ ਨੂੰ ਸਦਾ ਗੋਰੀ ਸਰਕਾਰ ਦਾ ਪੱਖ ਪੂਰਦਾ ਸੀ ਪਰ ਉਸਦੀ ਜ਼ਮੀਰ ਨੇ ਉਸਨੂੰ ਭਗਤ ਸਿੰਘ ਦੇ ਹੱਕ ਵਿਚ ਭੁਗਤਣ ਲਈ ਮਜਬੂਰ ਕਰ ਦਿੱਤਾ। ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਨੂੰ ਏਨੀ ਵੱਡੀ ਜ਼ਮਾਨਤ ਦੇ ਕੇ ਪੁੱਤਰ ਛੁਡਾਉਣ ਦਾ ਏਨਾ ਗੁੱਸਾ ਸੀ ਕਿ ਉਸਨੇ ਘਰ ਆਏ ਪੁੱਤਰ ਨੂੰ ਖੂੰਡੇ ਨਾਲ ਕੁੱਟਿਆ ਸੀ। ਪਿਤਾ ਕੀ ਜਾਣਦਾ ਸੀ ਕਿ ਇਕ ਦਿਨ ਉਸਦਾ ਇਹੀ ਪੁੱਤਰ ਦੁਨੀਆਂ ਭਰ ਵਿਚ ਸ਼ਹੀਦੇ ਆਜ਼ਮ ਵਜੋਂ ਜਾਣਿਆ ਜਾਵੇਗਾ ਤੇ ਪਾਕਿਸਤਾਨ ਵਾਲੇ ਉਸਨੂੰ ਦੁੱਲਾ ਭੱਟੀ ਕਹਿ ਕੇ ਚੇਤੇ ਕਰਨਗੇ। ਜੇ ਦੁੱਲੇ ਨੇ ਅਕਬਰ ਦੇ ਰਾਜਕਾਲ ਵਿਚ ਏਨੀ ਸ਼ਕਤੀਸ਼ਾਲੀ ਹਕੂਮਤ ਨਾਲ ਟੱਕਰ ਲਈ ਸੀ ਤਾਂ ਭਗਤ ਸਿੰਘ ਨੇ ਉਸ ਹਕੂਮਤ ਨਾਲ ਜਿਸ ਦੀ ਧਰਤੀ 'ਤੋਂ ਸੂਰਜ ਦਾ ਅਲੋਪ ਹੋਣਾ ਸੰਭਵ ਨਹੀਂ ਸੀ। ਬਰਤਾਨੀਆ ਸਰਕਾਰ ਦੇ ਸੀ. ਆਈ. ਡੀ. ਅਧਿਕਾਰੀ ਤੇ ਮੇਰੇ ਸਹੁਰੇ ਪਰਿਵਾਰ ਦੇ ਸਨਮਾਨਯੋਗ 'ਬਾਪੂ ਜੀ' ਵਲੋਂ ਪੁਲਸੀਆ ਲੋੜਾਂ ਨੂੰ ਮੁੱਖ ਰੱਖ ਕੇ ਖਿੱਚੀ ਗਈ ਤਸਵੀਰ ਦੇ ਵਡਮੁੱਲੀ ਹੋਣ ਦਾ ਅਹਿਸਾਸ ਸਾਨੂੰ ਉਸ ਦਿਨ ਵੀ ਹੋਇਆ ਜਦੋਂ ਅਸੀਂ ਪਿਛਲੇ ਸਾਲ ਭਾਰਤੀ ਸੁਪਰੀਮ ਕੋਰਟ ਦੇ ਵਿਹੜੇ ਵਿਚ ਲੱਗੀ ਭਗਤ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਨੁਮਾਇਸ਼ ਵੇਖੀ। ਪ੍ਰਬੰਧਕਾਂ ਨੇ ਨੁਮਾਇਸ਼ ਵਿਚ ਸਕੂਲੀ ਵਰਦੀ ਵਾਲੀ ਉਹ ਕੁੜਤੀ ਵੀ ਸੰਭਾਲ ਕੇ ਰੱਖੀ ਹੋਈ ਸੀ, ਜਿਸ ਦੇ ਕਾਲਜ ਦੇ ਇਕ ਪਾਸੇ ਧੋਬੀ ਨੇ BS (ਯਾਨੀ ਭਗਤ ਸਿੰਘ) ਲਿਖ ਛੱਡਿਆ ਸੀ। ਭਗਤ ਸਿੰਘ ਦੀ ਕੁੜਤੀ ਨੂੰ ਨੁਮਾਇਸ਼ ਵਿਚ ਮਿਲਿਆ ਆਦਰ ਤੱਕ ਕੇ ਆਪ ਮੁਹਾਰੇ ਮੇਰੇ ਮੂੰਹੋਂ ਨਿਕਲ ਗਿਆ ਸੀ :

ਸ਼ਹੀਦੋਂ ਕੀ ਚਿਤਾਓਂ ਪਰ, ਲਗੇਂਗੇ ਹਰ ਬਰਸ ਮੇਲੇ,
ਵਤਨ ਪੇ ਮਿਟਨੇ ਵਾਲੋਂ ਕਾ, ਯਹੀ ਬਾਕੀ ਨਿਸ਼ਾਂ ਹੋਗਾ।

ਤਸਵੀਰ ਬਾਰੇ ਭੁਲੇਖਾ ਪਾਉਣ ਵਾਲਾ ਕਾਮਰੇਡ ਮਿਲਖਾ ਸਿੰਘ ਨਿੱਝਰ ਸੀ। ਆਪਾਂ ਸ਼ਹੀਦ ਦੇ ਪਰਿਵਾਰਕ ਮੈਂਬਰਾਂ ਤੇ ਇਤਿਹਾਸਕਾਰ ਵੜੈਚ ਦੀ ਸੁਣੀਏ। ਵੜੈਚ ਦੀ ਪੁਸਤਕ 'ਭਗਤ ਸਿੰਘ-ਦੀ ਇੰਟਰਨਲ ਰਿਬੈਲ' ਭਾਰਤ ਸਰਕਾਰ ਦੇ ਪਬਲੀਕੇਸ਼ਨ ਡਵੀਜ਼ਨ ਨੇ ਪ੍ਰਕਾਸ਼ਤ ਕੀਤੀ ਹੈ। ਵੀਰੇਂਦਰ ਸੰਧੂ ਦੀ 'ਯੁਗ ਦ੍ਰਸ਼ਟਾ ਭਗਤ ਸਿੰਘ' ਰਾਜਪਾਲ ਐਂਡ ਸਨਜ਼ ਦਿੱਲੀ ਨੇ ਛਾਪੀ ਹੈ। ਦੋਵੇਂ ਇਤਿਹਾਸਕ ਪੁਸਤਕਾਂ 2007 ਵਿਚ ਛਪੀਆਂ ਹਨ, ਸ਼ਹੀਦ ਦੀ ਜਨਮ ਸ਼ਤਾਬਦੀ ਦੇ ਪ੍ਰਸੰਗ ਵਿਚ। ਵੜੈਚ ਹੁਰਾਂ ਦਾ ਦਾਅਵਾ ਹੈ ਕਿ ਇਹ ਤਸਵੀਰ ਬੰਬਈ ਤੋਂ ਛਪਦੇ ਬਲਿਟਜ਼ ਦੇ 26 ਮਾਰਚ, 1949 ਦੇ ਅੰਕ ਵਿਚ ਵੀ ਛਪੀ ਸੀ। ਉਸ ਅੰਕ ਦੀ ਕਾਪੀ ਪ੍ਰਾਪਤ ਕਰਨ ਦਾ ਅਮਲ ਜਾਰੀ ਹੈ। ਨਿਸਚੇ ਹੀ ਕਾਮਰੇਡ ਦਾ ਦਾਅਵਾ ਨਿਰਮੂਲ ਹੈ।

## ਭਗਤ ਸਿੰਘ ਤੇ ਜੋਸ਼ ਦੀ ਮੁਲਾਕਾਤ ਦਾ ਸੱਚ

ਉਤੇ ਭਗਤ ਸਿੰਘ ਤੇ ਮੈਂ ਪੈ ਗਏ। ਉਹ ਸਵੇਰ ਦੇ ਚਾਰ ਵਜੇ ਤੋਂ ਕੁਝ ਪਹਿਲਾਂ ਉਠੇ ਅਤੇ ਜਾਣ ਲਈ ਤਿਆਰ ਹੋ ਗਏ।''

ਇਸ ਲਿਖਤ ਵਿਚ ਕਿਧਰੇ ਵੀ ਇਹ ਪਤਾ ਨਹੀਂ ਲੱਗਦਾ ਕਿ ਭਗਤ ਸਿੰਘ ਐਨਾ ਜੋਖ਼ਮ ਉਠਾ ਕੇ ਕਿਹੜੇ ਕੰਮ ਜੋਸ਼ ਕੋਲ ਪਹੁੰਚਿਆ ਸੀ। ਜੇਕਰ ਇਹ ਮੰਨ ਲਿਆ ਜਾਵੇ ਕਿ ਭਗਤ ਸਿੰਘ ਆਪਣੇ ਐਕਸ਼ਨਾਂ 'ਤੇ ਥਾਪੜਾ ਲੈਣ ਲਈ ਜੋਸ਼ ਕੋਲ ਪਹੁੰਚਿਆ ਹੋਵੇਗਾ ਤਾਂ ਇਹ ਵੀ ਮੰਨਣਯੋਗ ਨਹੀਂ ਕਿਉਂਕਿ ਉਸ ਨੂੰ ਪਹਿਲਾਂ ਹੀ ਪਤਾ ਹੈ ਕਿ ਜੋਸ਼ ਅਤੇ ਉਨ੍ਹਾਂ ਦੇ ਸਿਧਾਂਤਕ ਤੇ ਸਿਆਸੀ ਰਾਹ ਅਲੱਗ-ਅਲੱਗ ਹਨ। ਜੋਸ਼ ਵਿਅਕਤੀਗਤ ਕਤਲਾਂ ਦੇ ਹੱਕ ਵਿਚ ਨਹੀਂ ਹੈ। ਕਿਰਤੀ ਗਰੁਪ ਦੀ ਲਾਈਨ ਮਜ਼ਦੂਰਾਂ, ਕਿਸਾਨਾਂ ਨੂੰ ਆਰਥਿਕ ਮੰਗਾਂ ਦੁਆਲੇ ਲਾਮਬੰਦ ਕਰਨ ਦੀ ਹੈ। ਸਾਂਡਰਸ ਦੇ ਕਤਲ ਤੋਂ ਇਕ ਦਿਨ ਪਹਿਲਾਂ ਹੀ 16 ਦਸੰਬਰ ਨੂੰ ਜੋਸ਼ ਹੋਰਾਂ ਨੇ ਅੰਮ੍ਰਿਤਸਰ ਵਿਚ ਕਾਕੋਰੀ ਦੇ ਸ਼ਹੀਦਾਂ ਦਾ ਸ਼ਹੀਦੀ ਦਿਨ ਮਨਾਇਆ ਸੀ, ਜਿਥੇ ਜੋਸ਼ ਨੇ ਆਪਣੀ ਤਕਰੀਰ ਵਿਚ ਸਪੱਸ਼ਟ ਕਿਹਾ ਸੀ: ''ਕਾਕੋਰੀ ਵਾਲਿਆਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਕਾਜ਼ ਲਈ ਧਨ ਜਮ੍ਹਾਂ ਕਰਨ ਵਾਸਤੇ ਡਾਕਾ ਮਾਰਿਆ। ਇਨ੍ਹਾਂ ਵਿਚੋਂ ਚਾਰ ਨੂੰ ਫਾਂਸੀ ਲੱਗੀ ਹੈ ਕਿਉਂਕਿ ਉਹ ਐਕਸ਼ਨ ਦੇ ਆਗੂ ਸਨ। ਕੁਝ ਨੂੰ ਉਮਰ ਕੈਦ ਦੀ ਸਜ਼ਾ ਹੋਈ ਹੈ। ਜਦੋਂ ਅਸੀਂ ਮੀਟਿੰਗ ਦੇ ਪ੍ਰਚਾਰ ਲਈ ਇਸ਼ਤਿਹਾਰ ਕੱਢਿਆ ਤਾਂ ਕੁਝ ਦੋਸਤਾਂ ਨੇ ਕਿਹਾ, ''ਤੁਸੀਂ ਵੀ ਉਸੇ ਰਾਹ ਵਲ ਜਾ ਰਹੇ ਹੋ। ਪਰ ਮੈਂ ਤੁਹਾਨੂੰ ਸਾਫ ਕਹਿ ਦੇਣਾ ਚਾਹੁੰਦਾ ਹਾਂ ਕਿ ਸਾਡੀ ਨੌਜਵਾਨ ਭਾਰਤ ਸਭਾ ਦਹਿਸ਼ਤਗਰਦੀ ਵਿਚ ਯਕੀਨ ਨਹੀਂ ਰੱਖਦੀ। ਅਸੀਂ ਜਾਣਦੇ ਹਾਂ ਕਿ ਵਿਅਕਤੀਗਤ ਦਹਿਸ਼ਤਪਸੰਦੀ ਦੁਨੀਆਂ 'ਚ ਕਿਸੇ ਥਾਂ ਕਾਮਯਾਬ ਨਹੀਂ ਹੋਈ।'' ਕੀ ਭਗਤ ਸਿੰਘ ਨੂੰ ਜੋਸ਼ ਦੇ ਇਨ੍ਹਾਂ ਵਿਚਾਰਾਂ ਦਾ ਪਤਾ ਨਹੀਂ ਸੀ? ਜਿਸ ਸਥਿਤੀ ਵਿਚ ਭਗਤ ਸਿੰਘ ਹੋਰੀਂ ਫਸੇ ਹੋਏ ਸਨ, ਉਸ ਸਥਿਤੀ ਵਿਚ ਵਿਅਕਤੀ ਉਥੇ ਹੀ ਜਾ ਸਕਦਾ ਹੈ ਜਿਥੇ ਜਾਂ ਤਾਂ ਉਸਨੂੰ ਉਸਦੇ ਐਕਸ਼ਨ ਲਈ ਨੈਤਿਕ ਬਲ ਮਿਲਦਾ ਹੋਵੇ ਜਾਂ ਕੋਈ ਹੋਰ ਮਦਦ ਮਿਲਦੀ ਹੋਵੇ। ਜੋਸ਼ ਅਨੁਸਾਰ ਜੇਕਰ ਭਗਤ ਸਿੰਘ ਇਹ ਆਖਦਾ ਹੈ ਕਿ ਅੰਗਰੇਜ਼ਾਂ ਨੇ ਡਰ ਕੇ ਇੰਗਲੈਂਡ ਲਈ ਸੀਟਾਂ ਬੁੱਕ ਕਰਵਾ ਲਈਆਂ ਹਨ ਤਾਂ ਉਸ ਨੂੰ ਐਡੀ ਛੇਤੀ ਇਹ ਕਿਵੇਂ ਪਤਾ ਲੱਗ ਗਿਆ? ਜੇਕਰ ਇਕ ਛੋਟੇ ਪੁਲਿਸ ਅਫ਼ਸਰ ਦੇ ਕਤਲ ਬਾਰੇ ਭਗਤ ਸਿੰਘ ਦੀ ਇਹ ਸਮਝ ਹੈ ਤਾਂ ਇਹ ਸਮਝ ਬਹੁਤ ਹੀ ਬਚਗਾਨਾ ਹੈ।

ਇਹ ਇਕ ਪ੍ਰਮਾਣਤ ਤੱਥ ਹੈ ਕਿ ਭਗਤ ਸਿੰਘ ਹੋਰੀਂ ਦੁਰਗਾ ਭਾਬੀ ਦੀ ਮਦਦ ਨਾਲ ਕਲਕੱਤੇ ਪਹੁੰਚੇ ਸਨ। ਉਨ੍ਹਾਂ ਲਾਹੌਰ ਤੋਂ ਗੱਡੀ ਫੜੀ ਸੀ ਪਰ ਜੋਸ਼ ਅਨੁਸਾਰ ਉਹ 17 ਦਸੰਬਰ ਦੀ ਰਾਤ ਉਸ ਕੋਲ ਸਨ ਤੇ 18 ਦਸੰਬਰ ਦੀ ਸਵੇਰ ਨੂੰ ਹੀ ਉਹ ਲਾਹੌਰ ਪਹੁੰਚ ਸਕਦੇ ਹਨ ਜਿਥੇ ਚੱਪੇ ਚੱਪੇ 'ਤੇ ਉਨ੍ਹਾਂ ਦੀ ਭਾਲ ਹੋ ਰਹੀ ਸੀ ਪਰ ਉਹ ਮੁੜ ਲਾਹੌਰ ਕੀ ਕਰਨ ਆਏ ਸਨ? ਦੁਰਗਾ ਭਾਬੀ ਨੂੰ ਤਾਂ ਅੰਮ੍ਰਿਤਸਰ ਵੀ ਮੰਗਵਾਇਆ ਜਾ ਸਕਦਾ ਸੀ?

ਜੇਕਰ ਇਸ ਐਕਸ਼ਨ ਵਿਚ ਚੰਦਰ ਸ਼ੇਖਰ ਆਜ਼ਾਦ ਨਾ ਹੁੰਦਾ ਤਾਂ ਮੰਨਿਆ ਜਾ ਸਕਦਾ ਸੀ ਕਿ ਭਗਤ ਸਿੰਘ ਤੇ ਸੁਖਦੇਵ ਦਾ ਪਹਿਲਾ ਐਕਸ਼ਨ ਸੀ। ਉਨ੍ਹਾਂ ਕੋਲੋਂ ਗਲਤੀਆਂ ਹੋ ਗਈਆਂ ਹੋਣਗੀਆਂ। ਉਹ ਅੰਮ੍ਰਿਤਸਰ ਚਲੇ ਗਏ ਹੋਣਗੇ ਪਰ ਚੰਦਰ ਸ਼ੇਖਰ ਕੋਲ ਤਾਂ ਰੂਪੋਸ਼ੀ ਜੀਵਨ ਦਾ ਲੰਬਾ ਅਨੁਭਵ ਹੈ। ਉਸ ਨੂੰ ਤਾਂ ਪਤਾ ਹੈ ਕਿ ਐਕਸ਼ਨਾਂ ਤੋਂ ਬਾਅਦ ਬਚਾਓ ਕਿਵੇਂ ਕਰਨਾ ਹੈ। ਉਹ ਅਣਗਹਿਲੀ ਕਿਵੇਂ ਕਰਨ ਦੇ ਦੇਵੇਗਾ?

ਕਾਮਰੇਡ ਸੋਹਣ ਸਿੰਘ ਜੋਸ਼, ਭਗਤ ਸਿੰਘ ਨਾਲ ਦੂਜੀ ਮੁਲਾਕਾਤ 24 ਦਸੰਬਰ ਨੂੰ ਕਲਕੱਤੇ ਹੋਈ ਦੱਸਦਾ ਹੈ, ਜਿਥੇ ਉਹ ਮਜ਼ਦੂਰ ਕਿਸਾਨ ਕਾਨਫਰੰਸ ਦੀ ਪ੍ਰਧਾਨਗੀ ਕਰਨ ਲਈ ਗਿਆ ਸੀ, ਪਰ ਜਿਵੇਂ ਭਗਤ ਸਿੰਘ ਇਕ ਆਮ ਨਾਈ ਦੀ ਦੁਕਾਨ ਵਿਚ ਬੁਲਾ ਕੇ ਜੋਸ਼ ਨੂੰ ਮਿਲਿਆ ਤੇ ਉਸ ਨਾਲ ਸਿਆਸੀ ਗੱਲਾਂ ਕੀਤੀਆਂ, ਉਹ ਉਸ ਦੀਆਂ ਬਚਗਾਨਾ ਹਰਕਤਾਂ ਲੱਗਦੀਆਂ ਹਨ। ਇਹ ਗੱਲਾਂ ਉਭਾਰ ਕੇ ਜੋਸ਼ ਭਗਤ ਸਿੰਘ ਦਾ ਕਿਹੜਾ ਨਕਸ਼ਾ ਬਣਾਉਣਾ ਚਾਹੁੰਦਾ ਹੈ? ਪਰ ਦੁਰਗਾ ਭਾਬੀ ਕਹਿੰਦੀ ਹੈ ਕਲਕੱਤੇ ਭਗਤ ਸਿੰਘ ਰਾਤ ਨੂੰ ਬਾਹਰ ਨਿਕਲਦਾ ਸੀ। ਦਿਨੇ ਵੀ ਦਵਾਈ ਵਾਲੀ ਸ਼ੀਸ਼ੀ ਲੈ ਕੇ ਪਿਆ ਰਹਿੰਦਾ ਸੀ। ਫੇਰ ਨਾਈ ਦੀ ਦੁਕਾਨ 'ਤੇ ਕਦੋਂ ਗਿਆ? ਕਾਮਰੇਡ ਸੋਹਣ ਸਿੰਘ ਜੋਸ਼ ਆਪਣੇ ਆਪ ਨੂੰ ਭਗਤ ਸਿੰਘ ਦੇ ਸਾਂਡਰਸ ਵਾਲੇ ਕਾਂਡ ਨਾਲ ਜੋੜ ਕੇ ਸਵੈ-ਪ੍ਰਸ਼ੰਸਾ ਹਾਸਲ ਕਰਨੀ ਚਾਹੁੰਦਾ ਹੈ, ਜਿਸ ਦਾ ਉਹ ਉਮਰ ਭਰ ਸ਼ਿਕਾਰ ਰਿਹਾ। ਤੱਥ ਸੱਚਾਈ ਹੋਰ ਬਿਆਨ ਕਰਦੇ ਹਨ। ਪਰ ਦੁੱਖ ਇਸ ਗੱਲ ਦਾ ਹੈ ਕਿ ਉਸ ਦੇ ਇਸ ਝੂਠ ਦਾ ਨਿਤਾਰਾ ਕਿਸੇ ਖੋਜੀ ਨੇ ਨਹੀਂ ਕੀਤਾ। ਉਸ ਦੀ ਇਸ ਲਿਖਤ ਦਾ ਉਤਾਰਾ ਪੰਜਾਬੀ 'ਚ ਕਰਨ ਵਾਲੇ ਡਾ. ਪ੍ਰੇਮ ਸਿੰਘ ਤੇ ਗੁਰਬਚਨ ਸਿੰਘ ਭੁੱਲਰ ਨੇ ਵੀ ਤੱਥਾਂ ਵਲ ਧਿਆਨ ਨਹੀਂ ਦਿੱਤਾ। ਇਸ ਦਾ ਕਾਰਨ ਕਮਿਊਨਿਸਟ ਕਲਚਰ 'ਚ ਲੱਭਿਆ ਜਾ ਸਕਦਾ ਹੈ, ਜਿਸ ਵਿਚ ਲੀਡਰਸ਼ਿਪ ਦੀ ਆਲੋਚਨਾ ਕਰਨੀ ਉਨ੍ਹਾਂ ਦੇ ਕਹੇ, ਲਿਖੇ 'ਤੇ ਸ਼ੰਕਾ ਪ੍ਰਗਟ ਕਰਨੀ ਘੋਰ ਜੁਰਮ ਹੈ। ਖੁਦ ਕਾਮਰੇਡ ਜੋਸ਼ ਦਾ ਸਮੁੱਚਾ ਜੀਵਨ ਕੇਂਦਰੀ ਲੀਡਰਸ਼ਿਪ ਪ੍ਰਤੀ ਅੰਧ ਸ਼ਰਧਾ ਤੇ ਪਾਰਟੀ ਦੇ 'ਸਾਊ ਪੁੱਤ' ਦਾ ਸਿੱਕੇਬੰਦ ਨਮੂਨਾ ਹੈ।

## ਸ਼ਹੀਦ ਭਗਤ ਸਿੰਘ ਤੇ ਕਾਮਰੇਡ ਸੋਹਣ ਸਿੰਘ ਜੋਸ਼

ਸਿੰਘ ਨੂੰ ਸੁਖਦੇਵ ਦੇ ਮੂੰਹੋਂ ਇਥੋਂ ਤੱਕ ਦੋਸ਼ੀ ਠਹਿਰਾ ਦਿੱਤਾ ਹੈ ਕਿ ਉਹ ਭਗਤ ਸਿੰਘ ਨੂੰ ਕਹਿੰਦਾ ਹੈ, ''ਤੂੰ ਇਨਕਲਾਬ ਦੇ ਕਿਸੇ ਕੰਮ ਨਹੀਂ ਆਵੇਂਗਾ ਕਿਉਂਕਿ ਤੂੰ ਇਕ ਔਰਤ ਦੀ ਪਕੜ ਵਿਚ ਹੈਂ।'' ਨਈਅਰ ਨੇ ਲਿਖਿਆ ਹੈ ਕਿ ਉਸ ਦਾ ਇਸ਼ਾਰਾ ਦੁਰਗਾ ਭਾਬੀ ਵਲ ਸੀ। ਸ੍ਰੀ ਰਾਹੀ ਦਾ ਲਿਖਣਾ ਹੈ ਕਿ ਭਗਤ ਸਿੰਘ ਤੇ ਸੁਖਦੇਵ ਨੂੰ ਜੋਸ਼ ਤਕ ਐਡਾ ਕੀ ਜ਼ਰੂਰੀ ਕੰਮ ਸੀ ਕਿ ਉਨ੍ਹਾਂ ਨੂੰ ਅੰਮ੍ਰਿਤਸਰ ਵਲ ਮੂੰਹ ਕਰਨਾ ਪਿਆ? ਸਾਫ ਜ਼ਾਹਰ ਹੈ ਕਿ ਭਗਤ ਸਿੰਘ ਤੇ ਸੁਖਦੇਵ ਲਾਹੌਰ ਤੋਂ ਦੂਰ ਚਲੇ ਜਾਣਾ ਚਾਹੁੰਦੇ ਸਨ ਤਾਂ ਜੋ ਗ੍ਰਿਫਤਾਰੀ ਤੋਂ ਬਚ ਜਾਣ।

ਉਹ ਜਾ ਵੀ ਕਿਸੇ ਵਿਸ਼ਵਾਸਪਾਤਰ ਕੋਲ ਹੀ ਸਕਦੇ ਹਨ, ਜਿਸ ਨਾਲ ਵਿਚਾਰਾਂ ਦੀ ਸਾਂਝ ਹੋਵੇ। ਜੋਸ਼ ਕੋਲ ਉਨ੍ਹਾਂ ਦਾ ਜਾਣਾ ਕੁਦਰਤੀ ਸੀ, ਭਾਵੇਂ ਇਹ ਪੁਲਿਸ ਦੇ ਹੱਥ ਆਉਣ ਤੋਂ ਬਚਣ ਲਈ ਥੋੜ੍ਹੇ ਚਿਰ ਲਈ ਸੀ। ਸ੍ਰੀ ਜੋਸ਼ ਨੂੰ ਭਗਤ ਸਿੰਘ ਨਾਲ ਇਸ ਮੁਲਾਕਾਤ ਦੀ ਕਹਾਣੀ ਘੜਨ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਰਾਜਨੀਤੀ ਵਿਚ ਅਤੇ ਉਮਰ ਦੇ ਪੱਖੋਂ ਵੀ ਉਸ ਸਮੇਂ ਜੋਸ਼ ਉਸ ਨਾਲੋਂ ਵਡੇਰੀ ਹੈਸੀਅਤ ਰੱਖਦਾ ਸੀ।



ਭਗਤ ਸਿੰਘ ਤੇ ਸੁਖਦੇਵ ਵਲੋਂ ਲਾਹੌਰ ਤੋਂ ਨਿਕਲ ਕੇ ਅੰਮ੍ਰਿਤਸਰ ਆਉਣਾ ਅਤੇ ਫੇਰ ਲਾਹੌਰ ਤੋਂ ਕਲਕੱਤੇ ਲਈ ਰੇਲ ਉਤੇ ਸਵਾਰ ਹੋਣਾ ਸੋਚੀ-ਸਮਝੀ ਯੋਜਨਾ ਦਾ ਹਿੱਸਾ ਸੀ। ਇਸ ਸਫਰ ਨੂੰ ਪੁਲਿਸ ਦੀ ਨਜ਼ਰ ਤੋਂ ਬਚਾਉਣ ਲਈ ਦੁਰਗਾ ਭਾਬੀ ਤੇ ਉਸ ਦੇ ਬੇਟੇ ਨੂੰ ਨਾਲ ਲੈਣਾ ਜ਼ਰੂਰੀ ਸੀ। ਇਸ ਵਿਚ ਉਹ ਪੂਰੀ ਤਰ੍ਹਾਂ ਸਫਲ ਰਹੇ ਅਤੇ ਕਲਕੱਤੇ ਜਾਣ ਵਿਚ ਭਗਤ ਸਿੰਘ ਦਾ ਉਦੇਸ਼ ਕਿਸਾਨ-ਮਜ਼ਦੂਰ ਕਾਨਫਰੰਸ ਨੂੰ ਵਾਚਣਾ ਸੀ, ਜਿਸ ਦੀ ਪ੍ਰਧਾਨਗੀ ਜੋਸ਼ ਨੇ ਕਰਨੀ ਸੀ।

ਇਹ ਸਾਬਤ ਕਰਨ ਲਈ ਕਿ ਭਗਤ ਸਿੰਘ ਤੇ ਸੁਖਦੇਵ, ਜੋਸ਼ ਕੋਲ ਗਏ ਹੀ ਨਹੀਂ, ਸ੍ਰੀ ਰਾਹੀ ਉਨ੍ਹਾਂ ਦੇ ਆਪਸੀ ਸਿਧਾਂਤਕ ਅਤੇ ਰਾਜਸੀ ਮਤਭੇਦਾਂ ਦਾ ਜ਼ਿਕਰ ਕਰਦਾ ਹੈ, ਜਿਨ੍ਹਾਂ ਦਾ ਭਗਤ ਸਿੰਘ ਨੂੰ ਪਹਿਲਾਂ ਹੀ ਪਤਾ ਸੀ। ਪਰ ਸ੍ਰੀ ਰਾਹੀ ਇਹ ਸਮਝਣ ਤੋਂ ਅਸਮਰਥ ਹੈ ਕਿ ਮਤਭੇਦਾਂ ਦੇ ਬਾਵਜੂਦ ਇਨਕਲਾਬੀ ਹੋਣ ਦੇ ਨਾਤੇ ਦੋਵੇਂ ਧਿਰਾਂ ਸਾਮਰਾਜ ਦੇ ਵਿਰੋਧ ਵਿਚ ਦ੍ਰਿੜ੍ਹ ਸਨ। ਸ੍ਰੀ ਰਾਹੀ ਨੇ ਜੋਸ਼ ਦੀ ਹੈਸੀਅਤ ਨੂੰ ਨੀਵਾਂ ਵਿਖਾਉਣ ਦਾ ਯਤਨ ਕੀਤਾ ਹੈ ਪਰ ਉਹ ਇਸ ਠੋਸ ਰਾਜਸੀ ਹਕੀਕਤ ਵਲ ਧਿਆਨ ਨਹੀਂ ਦਿੰਦਾ ਕਿ ਭਗਤ ਸਿੰਘ, ਰਾਜਗੁਰ ਅਤੇ ਸੁਖਦੇਵ ਨੂੰ ਫਾਂਸੀ ਦਿੱਤੇ ਜਾਣ ਤੋਂ ਅਗਲੇ ਦਿਨ ਜੋਸ਼ ਨੇ ਆਪਣੇ ਸਾਥੀਆਂ ਤੇ ਆਪਣੇ ਵਲੋਂ ਮੇਰਠ ਦੀ ਇਕ ਆਦਲਤ ਸਾਹਮਣੇ ਬਿਆਨ ਦਿੰਦਿਆਂ, ਜਿਥੇ ਉਨ੍ਹਾਂ ਵਿਰੁਧ ਸਾਜ਼ਿਸ਼ ਕੇਸ ਚੱਲ ਰਿਹਾ ਸੀ, ਫਾਂਸੀ ਦੀ ਕਾਰਵਾਈ ਦੀ ਇਨ੍ਹਾਂ ਸ਼ਬਦਾਂ ਵਿਚ ਨਿਖੇਧੀ ਕੀਤੀ ਸੀ:

''ਅਸੀਂ ਅੱਜ ਵਹਿਸ਼ਿਆਨਾ ਫਾਂਸੀ ਦੇ ਸੋਗੀ ਪਰਛਾਵੇਂ ਹੇਠ ਅਦਾਲਤ ਵਿਚ ਹਾਜ਼ਰ ਹੋਏ ਹਾਂ। ਸਾਥੀ ਭਗਤ ਸਿੰਘ, ਸਾਥੀ ਰਾਜਗੁਰੂ, ਸਾਥੀ ਸੁਖਦੇਵ ਨੂੰ ਫਾਂਸੀ, ਅਸਲ ਵਿਚ ਬੇਰਹਿਮੀ ਨਾਲ ਕੀਤਾ ਗਿਆ ਕਤਲ ਹੈ। ਇਹ ਸਾਮਰਾਜੀ ਇਨਸਾਫ ਦਾ ਇਕ ਅਤਿਅੰਤ ਵਹਿਸ਼ੀਆਨਾ ਨਮੂਨਾ ਹੈ। ਇਹ ਚਿੱਟੀ ਦਹਿਸ਼ਤ ਦੀ ਇਕ ਬੁਜ਼ਦਿਲਾਨਾ ਕਾਰਵਾਈ ਹੈ। ਇਹ ਬਹਾਦਰ ਲੋਕ ਬਰਤਾਨਵੀ ਸਾਮਰਾਜਵਾਦ ਦੇ ਜ਼ਾਲਮਾਨਾ ਜਬਰ ਦਾ ਸ਼ਿਕਾਰ ਹੋਏ ਹਨ, ਜੀਹਦੇ ਵਿਰੁਧ ਬਗ਼ਾਵਤ ਕਰਨ ਦਾ ਇਨ੍ਹਾਂ ਨੇ ਹੌਸਲਾ ਵਿਖਾਇਆ।

''ਅਸੀਂ ਉਨ੍ਹਾਂ ਦਾ ਭਾਰਤ ਦੇ ਕੌਮੀ ਇਨਕਲਾਬ ਦੇ ਕਾਜ਼ ਦੇ ਸ਼ਹੀਦਾਂ ਵਜੋਂ ਸਤਿਕਾਰ ਕਰਦੇ ਹਾਂ...।''

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

# ਕੋਸ਼ਕਾਰਾਂ ਦੇ ਹਮਸਫਰ

ਚੱਕਵੇਂ ਚੁਲ੍ਹੇ ਦੀ ਹੋਣੀ ਭੁਗਤ ਰਿਹਾ ਸਾਡਾ ਕੋਸ਼ਕਾਰੀ ਵਿਭਾਗ ਪੰਜਾਬ ਯੂਨੀਵਰਸਿਟੀ ਦੇ ਛੇ ਨੰਬਰ ਹੋਸਟਲ ਦੀ ਤਿਆਸਵੀਂ ਮੰਜ਼ਿਲ 'ਤੇ ਇੱਲ ਦੇ ਆਲ੍ਹਣੇ ਵਾਂਗ ਟੰਗਿਆ ਪਿਆ ਸੀ। ਜਦ ਇਸ ਨੂੰ ਏਥੋਂ ਲਾਹ ਕੇ ਪੁਰਾਣੇ ਪੱਤਰਵਿਹਾਰ ਵਿਭਾਗ ਦੀ ਇਮਾਰਤ ਵਿਚ ਭੇਜ ਦਿੱਤਾ ਗਿਆ ਤਾਂ ਇਸਦਾ ਢਾਂਚਾ ਭਾਵੇਂ ਸਾਨੂੰ ਸਕੂਲਨੁਮਾ ਤੇ ਉਜੜਿਆ ਜਿਹਾ ਲੱਗਾ, ਪਰ ਫਿਰ ਵੀ ਸਾਡੇ ਸਵੈਮਾਣ ਨੂੰ ਕੁਝ ਪੱਠੇ ਪੈ ਗਏ। ਸਾਡੇ ਲਈ ਯੂਨੀਵਰਸਿਟੀ ਦੀ ਮੁਖਧਾਰਾ ਵਿਚ ਅੱਗੇ ਧੁਸਣ ਲਈ ਇਹ ਪਹਿਲਾ ਪੈਰ ਧਰਾਵਾ ਸੀ। ਮੁਖਧਾਰਾ ਦੇ ਥੋੜੇ ਰਾਜਸੀ ਸੰਕੇਤਾਰਥ ਵੀ ਹਨ ਜਿਨ੍ਹਾਂ ਦਾ ਸਾਡੀਆਂ ਨੌਕਰੀਆਂ ਦੀ ਅਨਿਸਚਤਤਾ ਨਾਲ ਗਹਿਰਾ ਸੰਬੰਧ ਸੀ। ਏਥੇ ਸਾਨੂੰ ਚਾਰ ਵੱਡੇ ਕਮਰੇ ਮਿਲ ਗਏ- ਦੋ ਕੋਸ਼ਕਾਰਾਂ ਲਈ, ਇਕ ਡਾ. ਅਤਰ ਸਿੰਘ ਤੇ ਇਕ ਸਹਾਇਕ ਅਮਲੇ ਲਈ। ਅਸੀਂ ਸ਼ੁਕਰ ਕੀਤਾ ਕਿ ਡਾ. ਅਤਰ ਸਿੰਘ ਤੇ ਕਲਰਕਾਂ ਦੇ ਕਮਰੇ ਸਾਡੇ ਤੋਂ ਏਨੇ ਦੂਰ ਸਨ ਕਿ ਨਿੱਤ ਸਾਡੇ ਮੱਥੇ ਨਹੀਂ ਸੀ ਲੱਗ ਸਕਦੇ। ਅਸੀਂ ਸਾਰੇ ਜਾਣਦੇ ਸਾਂ ਕਿ ਸਾਹਿਬ ਦੀ ਅਗਾੜੀ ਤੋਂ ਪਰੇ ਰਹਿਣਾ ਹੀ ਚੰਗਾ ਹੁੰਦਾ ਹੈ। ਥੋੜੇ ਚਿਰ ਪਿੱਛੋਂ ਹੀ ਅਸੀਂ ਆਪਣੇ ਨਾਲ ਲਗਦਾ ਇਕ ਖਾਲੀ ਕਮਰਾ ਮੱਲ ਲਿਆ ਤੇ ਇਸ ਵਿਚ ਟਾਈਪਿਸਟ ਬੈਠਾ ਦਿਤੇ। ਡਾ. ਅਤਰ ਸਿੰਘ ਕਿਸੇ ਨੂੰ ਤੰਗ ਕਰਨ ਵਾਲੇ ਬੌਸ ਨਹੀਂ ਸਨ ਤੇ ਸੱਚੀ ਗੱਲ ਤਾਂ ਇਹ ਹੈ ਕਿ ਉਹ ਆਪ ਕੋਸ਼ਕਾਰੀ ਦਾ ਅਮਲੀ ਕੰਮ ਕੁਝ ਨਹੀਂ ਸੀ ਕਰਦੇ। ਸ਼ੁਰੂ ਵਿਚ ਕੁਝ ਕੀਤਾ ਹੋਵੇਗਾ ਪਰ ਬਾਅਦ ਵਿਚ ਤਾਂ ਦੂਜਿਆਂ ਤੇ ਦਬਕਾ ਮਾਰਨ ਵਾਲੀ ਬੌਸਗੀਰੀ ਹੀ ਰਹਿ ਗਈ ਸੀ। ਇਹ ਕੰਮ ਉਨ੍ਹਾਂ ਦੇ ਸੁਭਾਅ ਦੇ ਹੀ ਅਨੁਕੂਲ ਨਹੀਂ ਸੀ। ਸਾਹਿਤ ਦੇ ਰਸੀਏ ਭਾਸ਼ਾ ਦੀਆਂ ਬਰੀਕੀਆਂ ਉਧੇੜਨ ਵਿਚ ਬਹੁਤ ਔਖ ਮਹਿਸੂਸ ਕਰਦੇ ਹਨ। ਤੇ ਜੇ ਤੁਹਾਡੇ ਕੋਲ ਕੰਮ ਕਰਨ ਲਈ ਹੇਠਾਂ ਬੰਦੇ ਮਿਲੇ ਹੋਏ ਹੋਣ ਤਾਂ ਫਿਰ ਇਸ ਖਲਜਗਣ ਵਿਚ ਆਪ ਪੈਣ ਦੀ ਕੀ ਲੋੜ ਸੀ?

ਹਾਂ, ਡਾਕਟਰ ਸਾਹਿਬ ਇਕ ਹੋਰ ਸਮਾਨਅੰਤਰ ਸ਼ੌਕ ਜ਼ਰੂਰ ਫ਼ਰਮਾਉਂਦੇ ਸਨ। ਉਹ ਇਕ ਮਹਿਲਾ ਨੂੰ ਪੀ ਐਚ ਡੀ ਕਰਵਾ ਰਹੇ ਸਨ ਜੋ ਆਪਣੀ ਰਿਹਾਇਸ਼ ਵਿਚ ਇਕੱਲੀ ਰਹਿੰਦੀ ਸੀ। ਬਜਾਏ ਇਸ ਗੱਲ ਦੇ ਕਿ ਉਹ ਮਹਿਲਾ ਡਾਕਟਰ ਸਾਹਿਬ ਕੋਲ ਅਗਵਾਈ ਲੈਣ ਆਵੇ, ਡਾਕਟਰ ਸਾਹਿਬ ਖੁਦ ਉਸ ਦੀ ਰਿਹਾਇਸ਼ 'ਤੇ ਆਪਣੀਆਂ ਸੇਵਾਵਾਂ ਅਰਪਣ ਕਰਨ ਜਾਂਦੇ ਸਨ। ਡਾਕਟਰ ਸਾਹਿਬ ਨੂੰ ਸਵੇਰੇ ਸਵੇਰੇ ਇਸ ਮਹਿਲਾ ਤੱਕ ਪਹੁੰਚਾਉਣ ਦੀ ਡਿਊਟੀ ਸਾਡੇ ਵਿਚੋਂ ਕਿਸੇ ਨਾ ਕਿਸੇ ਸਕੂਟਰ ਵਾਲੇ ਦੇ ਸਿਰ ਲਗਦੀ ਸੀ। ਦੁਪਹਿਰ ਨੂੰ ਆਉਣ ਲੱਗਿਆਂ ਜਾਂ ਉਹ ਰਿਕਸ਼ਾ ਫੜ ਲੈਂਦੇ ਸਨ ਜਾਂ ਫਿਰ ਫੋਨ ਕਰਕੇ ਕਿਸੇ ਸਕੂਟਰ ਵਾਲੇ ਨੂੰ ਸੱਦ ਲੈਂਦੇ। ਇਕ ਵਾਰੀ ਸਾਡੇ 'ਚੋਂ ਕਿਸੇ ਜਣੇ ਦਾ ਇਸ ਕੰਮ ਲਈ ਪਹਿਲੀ ਵਾਰੀ ਗੁਣਾ ਪਿਆ। ਜਦ ਡਾਕਟਰ ਸਾਹਿਬ ਸਕੂਟਰ ਤੋਂ ਉਤਰ ਕੇ ਟਿਕਾਣੇ ਵੱਲ ਵਧਣ ਲੱਗੇ ਤਾਂ ਛੱਡਣ ਵਾਲੇ ਨੂੰ ਆਖ ਦਿੱਤਾ ਕਿ ਮੈਂ ਠਹਿਰ ਕੇ ਅਵਾਂਗਾ। ਉਹ ਭੋਲੇ ਨਾਥ ਡਾਕਟਰ ਸਾਹਿਬ ਨੂੰ ਉਥੇ ਹੀ ਉਡੀਕਦਾ ਰਿਹਾ। ਜਦ ਚਾਰ ਕੁ ਘੰਟਿਆਂ ਬਾਅਦ ਡਾਕਟਰ ਸਾਹਿਬ ਬਾਹਰ ਆਏ ਤਾਂ ਉਸਨੂੰ ਉਥੇ ਹੀ ਦੇਖ ਕੇ ਹੜਬੜਾ ਗਏ, "ਤੂੰ ਦਫ਼ਤਰ ਜਾ ਕੇ ਕੰਮ ਕਰਦਾ, ਏਥੇ ਕੀ ਕਰਦਾ ਰਿਹੈਂ?" ਅਤਰ ਸਿੰਘ ਨੇ ਆਪ ਸਾਈਕਲ ਤੋਂ ਸਿਵਾ ਕਦੇ ਕੁਝ ਨਹੀਂ ਸੀ ਚਲਾਇਆ। ਉਨ੍ਹਾਂ ਜ਼ਿੰਦਗੀ ਭਰ ਸਕੂਟਰ ਤਾਂ ਕੀ ਕਾਰ ਨਹੀਂ ਸੀ ਰੱਖੀ। ਸ਼ਾਇਦ ਇਸੇ ਲਈ ਉਨ੍ਹਾਂ ਨੇ ਸ਼ੁਰੂ ਵਿਚ ਕੋਸ਼ਕਾਰੀ ਵਿਭਾਗ ਲਈ ਆਪਣੀ ਕੋਠੀ ਦਾ 'ਸਾਰਾ ਗਰਾਜ ਹਵਾਲੇ ਕੀਤਾ' ਸੀ।

ਸਾਡੇ ਵਿਭਾਗ ਵਿਚ ਹਰ ਕੋਈ ਭਾਸ਼ਾ ਦੇ ਕਿਸੇ ਨਾ ਕਿਸੇ ਪੱਖ ਦਾ ਮਾਹਿਰ ਸੀ ਤੇ ਪੰਜਾਬ ਦੀਆਂ ਸਾਰੀਆਂ ਮੁਖ ਉਪਬੋਲੀਆਂ ਦੇ ਪ੍ਰਤੀਨਿਧ ਸਾਡੇ ਵਿਚ ਸ਼ਾਮਿਲ ਸਨ। ਸਭ ਤੋਂ ਟੁੱਟਾ ਹੋਇਆ ਪਰ ਸ਼ਾਹਾਨਾ ਰੁਚੀਆਂ ਵਾਲਾ ਬਖਸ਼ੀਸ਼ ਸਿੰਘ ਸੀ। ਇਸ ਨਾਮ ਤੋਂ ਤਾਂ ਮੜਾਸਾ ਮਾਰੀ ਪੱਠਿਆਂ ਦੀ ਭਰੀ ਚੁੱਕੀ ਆਉਂਦੇ ਜੱਟ ਦਾ ਬਿੰਬ ਉਭਰਦਾ ਹੈ। ਪਰ ਸੱਚਾਈ ਇਹ ਹੈ ਕਿ ਇਸ ਤੋਂ ਖੂਬਸੂਰਤ, ਬਾਂਕਾ ਤੇ ਸਲੀਕੇ ਵਾਲਾ ਸਰਦਾਰ ਮੈਂ ਅਜੇ ਤੱਕ ਨਹੀਂ ਦੇਖਿਆ। ਉਹ ਅੰਗਰੇਜ਼ੀ ਤੇ ਪੰਜਾਬੀ ਦੀ ਐਮ.ਏ. ਸੀ। ਉਸ ਕੋਲ ਮਾਝੀ ਦਾ ਅਥਾਹ ਖ਼ਜ਼ਾਨਾ ਸੀ ਪਰ ਉਹ ਆਪਣੇ ਸ਼ਬਦ ਪੋਲੇ ਜਿਹੇ ਹੀ ਛੱਡਦਾ ਸੀ। ਮਹਿਲਾਵਾਂ ਵਾਲੇ ਚੱਕਰਾਂ ਦੇ ਮਾਮਲੇ 'ਚ ਇਹ ਡਾ. ਅਤਰ ਸਿੰਘ ਨੂੰ ਵੀ ਮਾਤ ਪਾਉਂਦਾ ਸੀ। ਪਰ ਗੇੜੀ ਵਾਸਤੇ ਉਸ ਕੋਲ ਆਪਣਾ ਟੁੱਟੜ ਜਿਹਾ ਲੰਬਰੇਟਾ ਸੀ। ਇਕ ਵਾਰੀ ਚੰਡੀਗੜ੍ਹ ਵਿਚ ਆਈ ਇਕ ਪੰਜਾਬੀ ਫਿਲਮ ਐਕਟਰੈਸ ਇਸ ਦੇ ਗੇੜ ਵਿਚ ਆ ਗਈ। ਉਹ ਇਸ ਦੇ ਨਾਲ ਇਸ ਦੀ 15 ਸੈਕਟਰ ਵਾਲੀ ਰਿਹਾਇਸ਼ ਵਿਚ ਕਈ ਹਫ਼ਤੇ ਰਹੀ ਪਰ ਗਵਾਂਢੀਆਂ ਨੂੰ ਇਸ ਗੱਲ ਦੀ ਭਿਣਕ ਤੱਕ ਨਾ ਪਈ। ਇਕ ਦਿਨ ਬਖਸ਼ੀਸ਼ ਸਿੰਘ ਮਾਰਕਿਟ ਵਿਚੋਂ ਚਿਕਨ ਲੈ ਆਇਆ ਤੇ ਐਕਟਰੈਸ ਨੂੰ ਕਿਹਾ ਕਿ ਇਸਨੂੰ ਕਿਚਨ ਵਿਚ ਜਾ ਕੇ ਧੋ ਸਵਾਰ ਲਵੇ, ਫਿਰ ਮੈਂ ਬਣਾਵਾਂਗਾ। ਇਸ ਦੌਰਾਨ ਉਹ ਆਪ ਵਿਸਕੀ ਦਾ ਪੈਗ ਬਣਾਉਣ ਲੱਗ ਪਿਆ। ਐਕਟਰੈਸ ਵਿਚਾਰੀ ਨੇ ਜ਼ਿੰਦਗੀ ਭਰ ਕਦੇ ਕਿਚਨ ਵਿਚ ਪੈਰ ਪਾ ਕੇ ਨਹੀਂ ਸੀ ਦੇਖਿਆ, ਚਿਕਨ ਧੋਣ ਦਾ ਉਸਨੂੰ ਕੀ ਪਤਾ। ਉਸਨੇ ਚਿਕਨ ਨੂੰ ਸਾਬਣ ਨਾਲ ਝੱਗੋ ਝੱਗ ਕਰਕੇ ਖੂਬ ਧੋ ਸੁੱਟਿਆ। ਜਦ ਬਣਿਆ ਚਿਕਨ ਖਾਧਾ ਗਿਆ ਤਾਂ ਮੂੰਹ 'ਚ ਸਾਬਣ ਦਾ ਲਿਸਲਿਸਾ ਸੁਆਦ ਆਵੇ। ਭੇਤ ਖੁਲ੍ਹਣ 'ਤੇ ਸਾਡੇ ਟੁੱਟੇ ਆਸ਼ਕ ਨੂੰ ਰੈਸਟੋਰੈਂਟ ਵਿਚੋਂ ਖਾਣਾ ਮੰਗਵਾਉਣ ਲਈ ਜੇਬ ਢਿਲੀ ਕਰਨੀ ਪਈ।

ਅਜਮੇਰ ਬਾਈ ਪੰਜਾਬੀ ਦੇ ਨਾਲ ਸੰਸਕ੍ਰਿਤ ਦੀ ਵੀ ਐਮ.ਏ. ਸਨ। ਉਨ੍ਹਾਂ ਕੋਲ ਮਲਵਈ ਭਾਸ਼ਾ ਤੇ ਸੰਸਕ੍ਰਿਤ ਦੀ ਮੁਹਾਰਤ ਸੀ। ਉਨ੍ਹਾਂ ਦੇ ਦਿਮਾਗ਼ ਨੂੰ ਵੀ ਕੋਸ਼ਕਾਰੀ ਚੜ੍ਹੀ ਰਹਿੰਦੀ ਸੀ ਤੇ ਨੱਕ 'ਚੋਂ ਸ਼ਬਦਾਂ ਦੇ ਤੂਹੇਂ ਡਿਗਦੇ ਰਹਿੰਦੇ। ਮੁਹਾਵਰਿਆਂ ਦੀ ਪੀ.ਐਚ ਡੀ ਵਾਲੇ ਨਛਤਰ ਸਿੰਘ ਦੇ ਮੂੰਹੋਂ ਮੈਂ ਕਦੇ ਮੁਹਾਵਰਾ ਨਹੀਂ ਸੁਣਿਆ। ਇਕ ਵਾਰੀ ਸਨਸਨੀ ਫੈਲ ਗਈ ਕਿ ਪੁਲਾੜ 'ਚ ਘੁੰਮ ਰਿਹਾ ਸਕਾਈਲੈਬ ਧਰਤੀ ਉਤੇ ਕਿਸੇ ਵੇਲੇ ਤੇ ਕਿਤੇ ਵੀ ਡਿਗ ਸਕਦਾ ਹੈ। ਨਛੱਤਰ ਸਿੰਘ ਨੂੰ ਬਲੱਡ ਪਰੈਸ਼ਰ ਹੋ ਗਿਆ ਤੇ ਵਹਿਮ ਹੋ ਗਿਆ, ਸਕਾਈਲੈਬ ਕਿਸੇ ਵੀ ਵੇਲੇ ਉਸ ਦੇ ਸਿਰ 'ਤੇ ਹੀ ਡਿਗੇਗਾ। ਮਰਨ ਤੋਂ ਪਹਿਲਾਂ ਐਸ਼ ਲੁੱਟਣ ਦੇ ਇਰਾਦੇ ਨਾਲ ਉਹ ਖੋਏ ਦੀਆਂ ਮਿਠਾਈਆਂ ਦਬੱਲ ਕੇ ਖਾਣ ਲੱਗ ਪਿਆ!



ਵਿਸਿਸ਼ਟ ਸਾਹਿਬ ਦਾ ਕੋਸ਼ਕਾਰੀ ਦਾ ਪਹਿਲਾ ਤਜਰਬਾ ਬਹੁਤ ਕੰਮ ਆਇਆ। ਡਿਕਸ਼ਨਰੀ ਦੇ ਤਕਨੀਕੀ ਪੱਖ ਦੇ ਉਹ ਮਾਹਿਰ ਸਨ। ਉਨ੍ਹਾਂ ਡਿਕਸ਼ਨਰੀ ਦੀ ਸਾਰੀ ਰੂਪਰੇਖਾ ਉਲੀਕੀ। ਸੀਨੀਅਰ ਹੋਣ ਕਾਰਨ ਖਰੜਾ ਚੈਕ ਕਰਕੇ ਅੰਤਮ ਰੂਪ ਉਹ ਹੀ ਦਿੰਦੇ ਸਨ। ਉਹ ਖਰੜੇ ਨੂੰ ਆਪਣੀ ਹਿੱਕ ਨਾਲ ਲਾਈ ਰਖਦੇ ਜਿਵੇਂ ਉਹ ਇਸਦੇ ਨਿੱਜੀ ਮਾਲਿਕ ਹੁੰਦੇ ਹਨ। ਉਹ ਡਿਕਸ਼ਨਰੀ ਦਾ ਅਰੰਭ ਤੇ ਅੰਤ ਸਨ। ਮੈਂ ਤੇ ਰਿਆਲ ਸਾਹਿਬ ਮੋਨੇ, ਮੀਸਣੇ ਤੇ ਸ਼ਾਤਰ ਦੁਆਬੀਏ ਸਾਂ। ਸਾਡੀ ਸਾਰਿਆਂ ਦੀ ਸਾਂਝ ਏਨੀ ਘਣੀ ਸੀ ਕਿ ਅਸੀਂ ਇਕ ਪਰਿਵਾਰ ਦੀ ਨਿਆਈ ਰਹੇ। ਸ਼ਾਇਦ ਹੀ ਕਿਸੇ ਹੋਰ ਵਿਭਾਗ ਦੇ ਬੰਦਿਆਂ ਦੀ ਆਪਸ ਵਿਚ ਏਨੀ ਬਣਦੀ ਹੋਵੇ। ਲੋਕ ਸਾਡੇ ਤੋਂ ਇਸ ਗੱਲੋਂ ਵੀ ਸੜਦੇ ਸਨ। ਦਰਅਸਲ ਸਾਡਾ ਵਿਭਾਗ ਯੂਨੀਵਰਸਿਟੀ ਦਾ ਪੱਕਾ ਵਿਭਾਗ ਨਹੀਂ ਸੀ, ਇਕ ਪ੍ਰਾਜੈਕਟ ਹੀ ਸੀ ਜੋ ਪੰਜਾਬ ਸਰਕਾਰ ਦੇ ਟੈਕਸਟ ਬੁਕ ਬੋਰਡ ਦੇ ਪੈਸਿਆਂ ਦੇ ਸਿਰ 'ਤੇ ਚਲਦਾ ਸੀ। ਕੋਸ਼ ਮੁਕੰਮਲ ਹੋਣ ਪਿਛੋਂ ਸਾਡੀਆਂ ਨੌਕਰੀਆਂ ਖੁਸ ਜਾਣ ਦਾ ਖਤਰਾ ਸਾਡੇ ਸਿਰਾਂ 'ਤੇ ਲਟਕਦਾ ਰਹਿੰਦਾ। ਨੌਕਰੀਆਂ ਦੀ ਅਨਿਸਚਿਤਤਾ ਸਾਡੀ ਆਪਸੀ ਸਾਂਝ ਤੇ ਇਕਜੁੱਟਤਾ ਨੂੰ ਪੱਕਿਆਂ ਕਰਦੀ ਸੀ। ਅਸੀਂ ਯੂਨੀਵਰਸਿਟੀ ਵਿਚ ਪੰਜਾਬੀ ਕੋਸ਼ਕਾਰੀ ਦਾ ਪੱਕਾ ਵਿਭਾਗ ਸਥਾਪਤ ਕਰਵਾਉਣ ਲਈ ਸੰਘਰਸ਼ ਵਿਢਿਆ ਹੋਇਆ ਸੀ ਜਿਸ ਦਾ ਬਿਰਤਾਂਤ ਫਿਰ ਕਦੇ ਛੇੜਾਂਗੇ।

ਕੋਸ਼ ਦਾ ਖਰੜਾ ਲੱਗਭਗ ਤਿਆਰ ਹੋ ਗਿਆ ਤਾਂ ਡਾ. ਅਤਰ ਸਿੰਘ ਨੇ ਸਿਆਸੀ ਰਸੂਖ ਵਰਤ ਕੇ ਆਪਣੇ ਲਈ ਸ਼ੇਖ ਫ਼ਰੀਦ ਚੇਅਰ ਸਥਾਪਤ ਕਰਵਾ ਲਈ ਤੇ ਆਪ ਉਸਦੇ ਪ੍ਰੋਫੈਸਰ ਤੇ ਮੁਖੀ ਬਣ ਗਏ। ਇਹ ਗੱਲ ਸਾਡੀ ਪਿੱਠ ਵਿਚ ਛੁਰਾ ਘੋਪਣ ਵਾਲੀ ਸੀ। ਡਾਕਟਰ ਸਾਹਿਬ ਦੀ ਪਤਨੀ ਕਿਹਾ ਕਰਦੀ ਸੀ, ਮੈਂ ਤਾਂ ਸ਼ੁਕਰ ਕਰਦੀ ਹਾਂ ਪਰਮਾਤਮਾ ਦਾ, ਏਨੇ ਚਿਰ ਬਾਅਦ ਸਰਦਾਰ ਜੀ ਨੂੰ ਪੱਕੀ ਨੌਕਰੀ ਹਾਸਿਲ ਹੋਈ ਹੈ। ਉਨ੍ਹਾਂ ਇਹ ਨਾ ਸੋਚਿਆ ਕਿ ਅਸੀਂ ਅੱਠ ਜਣੇ ਇਸ ਪਰਮਾਤਮਾ ਦਾ ਕੀ ਕਰੀਏ? ਟੈਕਸਟ ਬੁਕ ਬੋਰਡ ਦੇ ਉਦੋਂ ਦੇ ਚੇਅਰਮੈਨ ਸੂਬਾ ਸਿੰਘ ਨੇ ਹਾਸਰਸੀ ਹੀਰ ਲਿਖੀ ਤਾਂ ਭੂਸ਼ਨ ਨੇ ਉਸ ਦੇ ਕੁਝ ਬੰਦਾਂ ਦੀ ਪੈਰੋਡੀ ਇਸ ਤਰਾਂ ਕੀਤੀ:

ਰਾਂਝਾ ਫਿਰੇ ਬਾਜ਼ਾਰਾਂ ਵਿਚ ਭਾਅ ਪੁਛਦਾ,
ਥਾਂ ਇਸ਼ਕ ਦੇ ਮੰਗਦੀ ਹੀਰ ਕੁਰਸੀ।
ਸ਼ੇਖ ਫ਼ਰੀਦ ਦੀ ਹੋਈ ਮਿਹਰ ਸਾਹਿਬ,
ਵੈਦਰਾਜ ਨੂੰ ਮਿਲੀ ਅਖੀਰ ਕੁਰਸੀ।

ਡਾ. ਅਤਰ ਸਿੰਘ ਦੇ ਸਾਡੇ ਤੋਂ ਕਿਨਾਰਾਕਸ਼ੀ ਕਰ ਜਾਣ ਪਿਛੋਂ ਪੰਜਾਬੀ ਵਿਭਾਗ ਦੇ ਭਾਸ਼ਾ ਵਿਗਿਆਨ ਦੇ ਪ੍ਰੋਫ਼ੈਸਰ ਡਾ. ਬਲਬੀਰ ਸਿੰਘ ਸੰਧੂ ਨੂੰ ਸਾਡਾ ਮੁਖੀ ਸਥਾਪਤ ਕਰ ਦਿਤਾ ਗਿਆ। ਡਾ. ਅਤਰ ਸਿੰਘ ਤੋਂ ਉਲਟ ਸੰਧੂ ਸਾਹਿਬ ਹਰ ਰੋਜ਼ ਸਾਡੇ ਸਾਰਿਆਂ ਦੇ ਵਿਚ ਬੈਠ ਕੇ ਖਰੜਾ ਰਿਵਾਈਜ਼ ਕਰਵਾਉਣ ਲੱਗ ਪਏ। ਇਹ ਇਕ ਤਰ੍ਹਾਂ ਨਾਲ ਚੰਗੀ ਗੱਲ ਵੀ ਸੀ ਕਿ ਉਹ ਸਾਡੇ ਤੋਂ ਦੂਰੀ ਨਹੀਂ ਸੀ ਰੱਖਦੇ। ਉਨ੍ਹਾਂ ਰੂਸ ਤੋਂ ਭਾਸ਼ਾ ਵਿਗਿਆਨ ਦੀ ਡੀ ਐਸ ਸੀ ਕੀਤੀ ਹੋਈ ਸੀ ਤੇ ਧੁਨੀ ਵਿਗਿਆਨ ਦੇ ਖੇਤਰ ਵਿਚ ਉਨ੍ਹਾਂ ਦੀਆਂ ਖੋਜਾਂ ਦੀ ਦੇਸ਼ ਭਰ ਵਿਚ ਮਾਨਤਾ ਸੀ ਪਰ ਇਸ ਦੇ ਬਾਵਜੂਦ ਪੰਜਾਬੀ ਤੇ ਅੰਗਰੇਜ਼ੀ ਦੀ ਸ਼ਬਦਾਵਲੀ ਦੇ ਪੱਖੋਂ ਉਹ ਕੰਗਾਲ ਹੀ ਸਨ। ਉਹ ਅਕਸਰ ਹੀ ਸਾਨੂੰ "ਕੰਮ ਦੀਆਂ ਧੂੜਾਂ ਪੁੱਟਣ" ਲਈ ਆਖਦੇ। ਬੌਸ ਬਣਦਿਆਂ ਹਰ ਇਕ ਦੇ ਮੂੰਹ ਅਜਿਹੇ ਹੁਕਮੀਆ ਅਲਫ਼ਾਜ਼ ਪਹਿਲਾਂ ਚੜ੍ਹਦੇ ਹਨ। ਸੰਧੂ ਸਾਹਿਬ ਨੇ ਆਪ ਕਦੇ ਕੋਈ ਢੁਕਦਾ ਸ਼ਬਦ ਨਹੀਂ ਸੀ ਸੁਝਾਇਆ। ਉਪਰੋਂ ਉਹ ਇਸ ਗੱਲ ਵਿਚ ਆਪਣੀ ਸ਼ਾਨ ਦਿਖਾਉਂਦੇ ਸਨ ਕਿ ਸ਼ਬਦ ਟੋਲ੍ਹਣਾ ਤਾਂ ਹੇਠਲਿਆਂ ਦਾ ਕੰਮ ਹੈ, ਪਰ ਅੰਦਰੋਂ ਆਪਣੀ ਨਾਲਾਇਕੀ ਲੁਕੋਂਦੇ ਸਨ।

ਹੁਣ ਤੱਕ ਸਾਨੂੰ ਚੱਜ ਦਾ ਟਿਕਾਣਾ ਭਾਵੇਂ ਕਦੇ ਨਹੀਂ ਸੀ ਜੁੜਿਆ, ਪਰ ਸਾਨੂੰ ਮਿਲੀਆਂ ਹੋਰ ਸਹੂਲਤਾਂ ਅਹਿਲਕਾਰਾਂ ਵਾਲੀਆਂ ਸਨ। ਜ਼ਰਾ ਗ਼ੌਰ ਕਰੋ, ਅੰਗਰੇਜ਼ੀ ਤੇ ਪੰਜਾਬੀ ਦੇ ਦੋ ਟਾਈਪਿਸਟ, ਇਕ ਸਟੈਨੋ, ਇਕ ਅਸਿਸਟੈਂਟ, ਇਕ ਪਰੂਫ਼ ਰੀਡਰ, ਚਾਰ ਚਪੜਾਸੀ। ਅਸੀਂ ਏਨੇ ਸਹਾਇਕਾਂ ਤੋਂ ਕਿਹੜੇ ਅੰਬ ਲੈਣੇ ਸਨ। ਸਹਾਇਕ ਸਟਾਫ਼ ਤੋਂ ਤਾ ਅਸੀਂ ਸਗੋਂ ਬੜਾ ਤ੍ਰਹਿੰਦੇ ਸਾਂ। ਇਨ੍ਹਾਂ ਸਹਾਇਕਾਂ ਦੀ ਮਾਰੂ ਸ਼ਕਤੀ ਕਾਰਨ ਇਨਾਂ ਨੂੰ ਗਲੋਬਲ ਪੱਧਰ ਤੇ 'ਕਲਰਕ ਪਾਤਸ਼ਾਹ' ਕਿਹਾ ਜਾਂਦਾ ਹੈ। ਇਹ ਸ਼੍ਰੇਣੀ ਅਸਲ ਵਿਚ ਪੇਪਰ ਵੇਟ ਦਾ ਕੰਮ ਕਰਦੀ ਹੈ, ਫਾਈਲਾਂ ਨੂੰ ਦਬਾ ਕੇ ਰੱਖਣ ਦਾ ਕੰਮ। ਯੂਨੀਵਰਸਿਟੀ ਵਿਚ ਇਹ ਸਥਾਪਤੀ ਦੇ ਸਮਾਨੰਤਰ ਸੱਤਾ ਵਜੋਂ ਵਿਚਰਦੇ ਹਨ। ਇਹ ਸ਼ਰ੍ਹੇਆਮ ਕਿਹਾ ਕਰਦੇ ਸਨ, "ਦੇਖੋ ਜੀ ਯੂ ਜੀ ਸੀ ਨੇ ਕਹਿ ਦਿੱਤਾ ਹੈ, ਵਿਦਿਅਕ ਰਥ ਦੇ ਦੋ ਪਹੀਏ ਹੁੰਦੇ ਹਨ, ਅਧਿਆਪਕ ਅਤੇ ਕਲਰਕ, ਅਸੀਂ ਅਧਿਆਪਕਾਂ ਤੋਂ ਘਟ ਕਿਵੇਂ ਹੋਏ?" ਬਹੁਤ ਘਟ ਲੋਕ ਹਨ ਜੋ ਇਨ੍ਹਾਂ ਤੋਂ ਨਿਰਭੈ ਹੋ ਕੇ ਵਿਚਰਦੇ ਹਨ। ਇਨ੍ਹਾਂ ਦੇ ਮੇਜ਼ ਕੋਲ ਜਾਓ, ਇਹ ਬਊ ਬਊ ਕਰਕੇ ਪੈਂਦੇ ਹਨ। ਫਿਰ ਅਧਿਆਪਕਵਾਧਾ ਤਾਂ ਹੁੰਦਾ ਹੀ ਡਰੂ ਮਹਿਕਮਾ ਹੈ। ਵੈਸੇ ਅੰਤਮ ਵਿਸ਼ਲੇਸ਼ਣ ਵਜੋਂ ਕਲਰਕ-ਪਾਤਸ਼ਾਹ ਕੋਈ ਖਾਸ ਹਾਨੀਕਾਰਕ ਸਾਬਿਤ ਨਹੀਂ ਹੁੰਦੇ, ਸਿਰਫ ਇਨਸਾਫ਼ ਦੇ ਦੇਰੀ ਨਾਲ ਨਮੂਦਾਰ ਹੋਣ ਵਿਚ ਇਨ੍ਹਾਂ ਦਾ ਉਤਪਰੇਰਕ ਰੋਲ ਹੁੰਦਾ ਹੈ। ਸਾਰੇ ਅੰਕੜਿਆਂ ਦਾ ਖਜ਼ਾਨਾ ਇਨ੍ਹਾਂ ਦੇ ਪੋਟਿਆਂ 'ਚ ਹੁੰਦਾ ਹੈ। ਸਾਡੇ ਅਜਿਹੇ ਇਕ ਕਲਰਕ ਨੇ ਹੀ ਯੂਨੀਵਰਸਿਟੀ ਵਿਚ ਤੇ ਫਿਰ ਇਕ ਅਖਬਾਰ ਵਿਚ ਛਪਵਾ ਕੇ ਧੁਮਾ ਦਿੱਤਾ ਕਿ ਇਕ ਡਿਕਸ਼ਨਰੀ ਦੀ ਖਾਤਿਰ ਯੂਨੀਵਰਸਿਟੀ ਕਿੰਨੇ ਕਰੋੜ ਰੁਪਏ ਖਰਚ ਕਰ ਰਹੀ ਹੈ। ਉਸਨੇ ਨੇ ਇਹ ਨਾ ਸੋਚਿਆ ਕਿ ਉਹ ਵੀ ਇਸੇ ਥਾਲੀ ਵਿਚੋਂ ਖਾਂਦਾ ਸੀ। ਮੇਰੇ ਹੁੰਦਿਆਂ ਸਾਡੇ ਕਿੰਨੇ ਕਲਰਕਾਂ ਨੇ ਐਮ ਏ, ਪੀ ਐਚ ਡੀ ਕਰ ਲਈ ਤੇ ਕਾਲਜਾਂ 'ਚ ਪ੍ਰੋਫੈਸਰ ਲੱਗ ਗਏ।

ਚਾਰ ਚਪੜਾਸੀਆਂ ਵਿਚੋਂ ਇਕ ਦਾ ਦਫ਼ਤਰੀ ਭਾਸ਼ਾ ਵਿਚ ਅਹੁਦਾ ਹੀ 'ਦਫ਼ਤਰੀ' ਸੀ। ਇਸ ਬਜ਼ੁਰਗ ਦਫਤਰੀ ਦਾ ਕੰਮ ਮਹੀਨੇ ਦੀ ਮਹੀਨੇ ਤਨਖਾਹ ਦਾ ਚੈਕ ਲਿਆਉਣਾ ਹੀ ਸੀ ਤੇ ਉਹ ਇਸਨੂੰ ਵੀ ਬਹੁਤ ਵੱਡੀ ਖੇਚਲ ਸਮਝਦਾ ਸੀ। ਇਕ ਵਾਰੀ ਤਨਖਾਹ ਵਾਲੇ ਦਿਨ ਛੁਟੀ ਤੋਂ ਉਪਰ ਖਾਸਾ ਟਾਈਮ ਹੋ ਗਿਆ ਪਰ ਦਫਤਰੀ ਚੈਕ ਲੈ ਕੇ ਨਾ ਬਹੁੜਿਆ। ਅਖੀਰ ਘੰਟੇ ਕੁ ਦੀ ਉਡੀਕ ਪਿਛੋਂ ਦੌੜਾ ਦੌੜਾ ਆਇਆ, ਬਹਾਨਾ ਬਣਾ ਕੇ ਕਹਿੰਦਾ, ਜੀ ਉਧਰ ਤਾਂ ਅੱਗ ਲੱਗ ਗਈ ਹੈ, ਬਹੁਤ ਲੋਕ ਇਕੱਠੇ ਹੋ ਗਏ, ਮੈਂ ਵੀ ਦੇਖਣ ਚਲੇ ਗਿਆ ਸੀ। ਇਸਤੋਂ ਪਿਛੋਂ ਜਦ ਵੀ ਉਸਨੇ ਕਿਸੇ ਕੰਮ 'ਚ ਲੇਟ ਹੋ ਜਾਣਾ, ਰਿਆਲ ਸਾਹਿਬ ਨੇ ਆਖਣਾ, ਉਹ ਅੱਗ ਬੁਝਾਉਣ ਚਲੇ ਗਿਆ ਹੋਣਾ ਏ। ਇਸਦਾ ਪਿੰਡ ਵੀ ਚੰਡੀਗੜ੍ਹ ਦੇ ਮੁਢ ਹੀ ਸੀ। ਦਫ਼ਤਰੀ ਨੇ ਇਕ ਵਾਰੀ ਆਪਣੇ ਮੁੰਡੇ ਦੇ ਵਿਆਹ ਪਿਛੋਂ ਸਾਨੂੰ ਆਪਣੇ ਘਰ ਸੱਦ ਲਿਆ। ਘਰ ਪਹੁੰਚੇ ਤਾਂ ਦੇਖਿਆ ਉਹ ਦਲਾਨ 'ਚ ਵੱਡੇ ਸਾਰੇ ਪਲੰਘ ਤੇ ਅੱਧ-ਲੇਟਿਆ ਪਿਆ ਸੀ। ਪਲੰਘ ਦੇ ਪਾਵੇ ਨਾਲ ਘੰਟੀ ਦਾ ਬਟਣ ਲੱਗਾ ਹੋਇਆ ਸੀ। ਉਸ ਨੇ ਬਟਣ ਦਬਾਇਆ ਤੇ ਘਰ ਦੇ ਕਿੰਨੇ ਜੀਅ ਲਾਈਨ ਲਾ ਕੇ ਦੌੜੇ ਆਏ। ਉਸਨੇ ਆਪਣੀਆਂ ਤਿੰਨ ਲੰਮੇ ਲੰਮੇ ਘੁੰਡਾਂ ਵਾਲੀਆਂ ਨੂੰਹਾਂ ਤੇ ਹੋਰ ਲਾਣੇ ਤੋਂ 'ਸਾਹਿਬ ਲੋਕਾਂ' ਦੇ ਪੈਰੀਂ ਹੱਥ ਲੁਆਏ ਤੇ ਵਿਸਕੀ ਸਮੇਤ ਬੇਸ਼ੁਮਾਰ ਚੀਜ਼ਾਂ ਖਾਣ ਪੀਣ ਨੂੰ ਪੇਸ਼ ਕੀਤੀਆਂ। ਇਸ ਤਰ੍ਹਾਂ ਉਸਨੇ ਘਰ ਦਿਆਂ ਤੇ ਸਾਹਿਬ ਲੋਕਾਂ ਦੇ ਨੇੜੇ ਹੋਣ ਦਾ ਟੌਅਰ ਜਮਾ ਦਿੱਤਾ ਤੇ ਸਾਨੂੰ ਆਪਣੀ ਘਰ ਵਿਚਲੀ ਟੌਅਰ ਦਿਖਾ ਦਿੱਤੀ। ਮੇਰਾ ਜ਼ਿੰਦਗੀ 'ਚ ਕਿਸੇ ਤੋਂ, ਤੇ ਉਹ ਵੀ ਐਨੇ ਸਾਰਿਆਂ ਤੋਂ ਪੈਰੀਂ ਹੱਥ ਲੁਆਉਣ ਦਾ ਇਹ ਪਹਿਲਾ ਅਨੁਭਵ ਸੀ।

ਇਕ ਚਪੜਾਸੀ ਦਾ ਕੰਮ ਸਿਰਫ ਦਫਤਰ ਖੋਲ੍ਹਣਾ, ਬੰਦ ਕਰਨਾ ਤੇ ਡਾਕ ਲਿਆਉਣਾ ਸੀ। ਇਕ ਡਾ. ਅਤਰ ਸਿੰਘ ਦੀ ਸੇਵਾ 'ਚ ਹਾਜ਼ਰ ਰਹਿੰਦਾ ਸੀ ਜਿਸ ਵਿਚ ਉਸਦੇ ਘਰ ਦਾ ਕੰਮ ਵੀ ਸ਼ਾਮਿਲ ਸੀ। ਸਾਡੇ ਸਭ ਦੇ ਕਰੀਬ ਹੋ ਗਏ ਇਕ ਹੋਰ ਚਪੜਾਸੀ ਨੂੰ ਸਿਰਫ਼ ਦੁਧ ਪੱਤੀ ਲਿਆ ਕੇ ਦੋ ਤਿੰਨ ਵਾਰੀ ਚਾਹ ਧਰਨ ਦਾ ਹੀ ਆਹਰ ਸੀ, ਬਾਕੀ ਸਾਰਾ ਦਿਨ ਉਹ ਬਰਾਂਡੇ 'ਚ ਖੜਾ ਨਹੁੰਆਂ 'ਚੋਂ ਮੈਲ ਕਢਦਾ ਰਹਿੰਦਾ। ਹਰ ਰੋਜ਼ ਨਹੁੰਆਂ ਦੀ ਸਫ਼ਾਈ ਤੋਂ ਬੋਰ ਹੋ ਕੇ ਉਸਨੇ ਹਿੰਦੀ ਦੀਆਂ ਕਿਤਾਬਾਂ ਪੜ੍ਹਨੀਆ ਸ਼ੁਰੂ ਕਰ ਦਿੱਤੀਆਂ। ਅਸੀਂ ਇਕ ਦਿਨ ਠਠੰਬਰ ਗਏ ਜਦ ਉਸਨੇ ਅਚਾਨਕ ਚਾਹ ਨਾਲ ਬਰਫੀ ਦਾ ਡੱਬਾ ਪੇਸ਼ ਕਰ ਦਿੱਤਾ ਤੇ ਭੇਦ ਖੋਲ੍ਹਿਆ ਕਿ ਉਸਨੇ ਪ੍ਰਾਈਵੇਟ ਤੌਰ 'ਤੇ ਸੈਕਿੰਡ ਡਿਵੀਜ਼ਨ ਵਿਚ ਹਿੰਦੀ ਦੀ ਐਮ.ਏ. ਕਰ ਲਈ ਹੈ। ਬਾਅਦ ਵਿਚ ਉਹ ਛੇਤੀ ਹੀ ਕਲਰਕ ਬਣ ਗਿਆ ਤੇ ਹੁਣ ਤਾਂ ਸ਼ਾਇਦ ਅਸਿਸਟੈਂਟ ਰਜਿਸਟਰਾਰੀ ਤੱਕ ਪਹੁੰਚ ਗਿਆ ਹੋਵੇ।

ਸਾਡੇ ਨਾਲ ਹੀ ਤਾਮਿਲ ਵਿਭਾਗ ਸੀ ਜਿਸ ਵਿਚ ਸਿਰਫ਼ ਇਕ ਹੀ ਪ੍ਰੋਫ਼ੈਸਰ ਸੀ। ਇਹ ਪ੍ਰੋਫ਼ੈਸਰ ਆਪਣੇ ਸੂਬੇ ਤਾਮਿਲਨਾਡੂ ਤੋਂ ਇਕ ਨੌਜਵਾਨ ਲੈ ਆਇਆ ਤੇ ਇਸਨੂੰ ਆਪਣੇ ਅਧੀਨ ਚਪੜਾਸੀ ਲਗਵਾ ਲਿਆ। ਇਹ ਦੱਬੂ ਜਿਹਾ ਮੁੰਡਾ ਸਾਡੇ ਵਿਭਾਗ ਦੇ ਫੱਕਰ ਤੌਰ-ਤਰੀਕੇ ਤੇ ਸਾਡੇ ਨਹੁੰਆਂ 'ਚੋਂ ਮੈਲ ਕਢਣ ਵਾਲੇ ਦੀ ਅਯਾਸ਼ੀ ਦੇਖਦਾ ਤਾਂ ਆਪਣੀ ਕਿਸਮਤ 'ਤੇ ਰੋਂਦਾ। ਇਸ ਨੇ ਆਪਣੀ ਸਾਰੀ ਹੱਡ-ਬੀਤੀ ਮੈਲ ਕਢਣ ਵਾਲੇ ਨੂੰ ਸੁਣਾਈ ਤੇ ਉਸਨੇ ਅੱਗੋਂ ਮਦਦ ਕਰਨ ਦੇ ਇਰਾਦੇ ਨਾਲ ਸਾਨੂੰ। ਗੱਲ ਇਹ ਸੀ ਕਿ ਪ੍ਰੋਫ਼ੈਸਰ ਇਸ ਮੁੰਡੇ ਤੋਂ ਘਰ ਦਾ ਸਾਰਾ ਕੰਮ ਕਰਾਉਂਦਾ ਸੀ। ਏਥੋਂ ਤਕ ਕਿ ਉਸ ਨੂੰ ਦਰਖਤ ਤੇ ਚੜ੍ਹਾ ਕੇ ਅੰਬੀਆਂ ਤੁੜਵਾਉਂਦਾ, ਚਟਣੀ ਕੁਟਵਾਉਂਦਾ, ਟੱਟੀਆਂ ਸਾਫ਼ ਕਰਾਉਂਦਾ ਤੇ ਸਾਈਕਲ 'ਤੇ ਸੌਦਾ ਲੈਣ ਲਈ ਮਾਰਕਿਟ ਭੇਜਦਾ ਰਹਿੰਦਾ। ਸਾਈਕਲ ਪੰਚਰ ਹੋ ਜਾਂਦਾ ਤਾਂ ਪੰਚਰ ਦੇ ਪੈਸੇ ਵੀ ਉਸੇ ਦੇ ਪੱਲਿਓਂ ਖਰਚਾਉਂਦਾ। ਫਿਰ ਉਸਨੂੰ ਝਿੜਕਦਾ, ਕਦੇ ਕਦੇ ਕੁੱਟਦਾ ਵੀ ਤੇ ਨੌਕਰੀਓਂ ਛਡਵਾ ਕੇ ਵਾਪਿਸ ਤਾਮਿਲਨਾਡੂ ਭੇਜਣ ਦੀ ਧਮਕੀ ਦਿੰਦਾ ਰਹਿੰਦਾ। ਉਸਦੀ ਗਾਥਾ ਸੁਣ ਕੇ ਸਾਡੇ ਕਲੇਜੇ ਪਾਟ ਗਏ। ਅਸੀਂ ਨਿੱਜੀ ਤੌਰ 'ਤੇ ਇਸ ਕੇਸ ਵਿਚ ਦਿਲਚਸਪੀ ਲਈ ਤੇ ਡਾ. ਅਤਰ ਸਿੰਘ ਸਮੇਤ ਸਾਰਿਆਂ ਨੇ ਆਪਣੇ ਰਸੂਖ ਵਰਤ ਕੇ ਉਸ ਦੁਖੀਏ ਦੀ ਬਦਲੀ ਕਰਵਾਈ। ਤਨਜ਼ ਵਾਲੀ ਗੱਲ ਇਹ ਹੈ ਕਿ ਇਸਦੀ ਜਗ੍ਹਾ ਇਕ ਹੱਟਾ-ਕੱਟਾ ਸਰਦਾਰ ਆ ਗਿਆ ਜਿਸ ਦੇ ਹੱਥ ਵਿਚ ਹਮੇਸ਼ਾ ਸੋਟਾ ਫੜਿਆ ਰਹਿੰਦਾ ਤੇ ਉਹ ਸਾਰਾ ਦਿਨ ਸਾਡੇ ਮੈਲ ਕੱਢਣ ਵਾਲੇ ਨਾਲ ਹੀ ਗੱਲੀਂ ਲੱਗਾ ਰਹਿੰਦਾ। ਤਾਮਿਲ ਦਾ ਪ੍ਰੋਫ਼ੈਸਰ ਇਸ ਜਬਰਜੰਗ ਚਪੜਾਸੀ ਤੋਂ ਡਰਦਾ ਮਾਰਾ ਪਰੇ ਪਰੇ ਰਹਿੰਦਾ, ਉਸਨੂੰ ਕੋਈ ਕੰਮ ਨਾ ਕਹਿੰਦਾ।


ਸੱਚੀ ਗੱਲ ਤਾਂ ਇਹ ਹੈ ਕਿ ਸਾਨੂੰ ਏਨੇ ਸਹਾਇਕ ਸਟਾਫ ਦੀ ਲੋੜ ਨਹੀਂ ਸੀ। ਜ਼ਰਾ ਸੋਚੋ, ਜੇ ਅਸੀਂ ਔਸਤਨ ਰੋਜ਼ ਅੰਗਰੇਜ਼ੀ ਦੇ 200 ਸ਼ਬਦ ਵੀ ਕਢਦੇ ਸਾਂ ਤਾਂ ਇਨ੍ਹਾਂ ਸ਼ਬਦਾਂ ਦੇ ਲੇਬਲ ਵਗੈਰਾ ਗਿਣ ਕੇ ਵਧ ਤੋਂ ਵਧ ਪੰਜ-ਛੇ ਸੌ ਸ਼ਬਦ ਅੰਗਰੇਜ਼ੀ ਵਾਲੇ ਟਾਈਪਿਸਟ ਨੇ ਟਾਈਪ ਕਰਨੇ ਹੁੰਦੇ ਸਨ। ਅੱਧੇ ਘੰਟੇ ਦਾ ਵੀ ਨਹੀਂ ਇਹ ਕੰਮ। ਪਰੂਫ਼ਰੀਡਰ ਦੀ ਵੀ ਏਹੀ ਸਥਿਤੀ ਸੀ। ਫਿਰ ਸਟੈਨੋ ਤਾਂ ਸਿਰਫ ਵਿਭਾਗ ਦੇ ਮੁਖੀਏ ਦੀ ਸ਼ਾਨ ਹੀ ਸੀ। ਉਪਰ ਦੀ ਅਸਿਸਟੈਂਟ ਚੜ੍ਹਿਆ ਹੋਇਆ ਸੀ। ਦਰਅਸਲ ਇਹ ਅਸਿਸਟੈਂਟ ਹੀ ਸਾਰਾ ਪੇਪਰ ਵੇਟ ਸੀ। ਅਸੀਂ ਅਨੇਕਾਂ ਵਾਰ ਯੂਨੀਵਰਸਿਟੀ ਅਧਿਕਾਰੀਆਂ ਨੂੰ ਲਿਖ ਕੇ ਦੇ ਚੁੱਕੇ ਸਾਂ ਕਿ ਸਾਨੂੰ ਏਨਾ ਅਮਲਾ ਨਹੀਂ ਚਾਹੀਦਾ। ਪਰ ਯੂਨੀਵਰਸਿਟੀ ਸੀ ਕਿ ਉਸ ਦੇ ਕੰਨਾਂ 'ਤੇ ਜੂੰ ਨਹੀਂ ਸੀ ਸਰਕਦੀ। ਬਲਕਿ ਕਈ ਵਾਰੀ ਤਾਂ ਇਉਂ ਹੋਇਆ ਕਿ ਸਾਡੀ ਮਰਜ਼ੀ ਦੇ ਉਲਟ ਬੇਲੋੜਾ ਸਟਾਫ਼ ਸਾਨੂੰ ਭੇਜੀ ਜਾਣ। ਸਹਾਇਕ ਸਟਾਫ਼ 'ਚ ਏਨਾ ਵਾਧਾ ਹੌਲੀ ਹੌਲੀ ਹੀ ਹੋਇਆ ਸੀ। ਸ਼ਾਇਦ ਦਫਤਰੀ ਸਟਾਫ ਲਈ ਕੋਈ ਫਾਰਮੂਲਾ ਹੁੰਦਾ ਹੋਵੇ ਕਿ ਜੇ ਏਨਾ 'ਏ' ਕਲਾਸ ਸਟਾਫ਼ ਹੈ ਤਾਂ ਉਸ ਲਈ ਏਨੇ ਕਲਰਕ, ਟਾਈਪਿਸਟ, ਚਪੜਾਸੀ ਜ਼ਰੂਰੀ ਚਾਹੀਦੇ ਹਨ। ਇਹ ਸਾਰਾ ਕੁਝ ਸਾਡੀ ਦਰਜਾ-ਬਦਰਜਾ ਵਿਵਸਥਾ ਦਾ ਅਨਿਖੜ ਅੰਗ ਹੈ। ਇਹ ਗੱਲ ਬੜੀ ਅਣਮਨੁਖੀ ਤੇ ਸਵਾਰਥੀ ਸੋਚ ਦੀ ਉਪਜ ਲਗੇਗੀ ਕਿ ਏਨੇ ਸਾਰੇ ਇਨ੍ਹਾਂ ਲੋਕਾਂ ਨੂੰ ਕੀ ਸਾਡੇ ਨਾਲੋਂ ਰੁਜ਼ਗ਼ਾਰ ਦੀ ਘੱਟ ਲੋੜ ਸੀ। ਕੁਝ ਵੀ ਹੋਵੇ ਇਹ ਬਿਲਕੁਲ ਸੰਭਵ ਸੀ ਕਿ ਟਾਈਪਿੰਗ ਅਤੇ ਪਰੂਫ਼ ਰੀਡਿੰਗ ਦਾ ਕੰਮ ਅਸੀਂ ਖੁਦ ਕਰ ਸਕਦੇ ਸਾਂ ਤੇ ਅਸੂਲਨ ਕਰਨਾ ਵੀ ਚਾਹੀਦਾ ਸੀ। ਕੋਸ਼ਾਂ 'ਚ ਬਹੁਤ ਗਲਤੀਆਂ ਟਾਈਪਿੰਗ ਤੇ ਪਰੂਫਰੀਡਰਾਂ ਦੀ ਅਣਗਹਿਲੀ ਕਾਰਨ ਵੀ ਹੋ ਜਾਂਦੀਆਂ ਹਨ। ਏਨੇ ਚਪੜਾਸੀ, ਸਾਡੀ ਫੋਕੀ ਸ਼ਾਨ ਹੀ ਸਨ ਜਦ ਕਿ ਉਨ੍ਹਾਂ ਦੇ ਕਰਨ ਲਈ ਕੁਝ ਨਹੀਂ ਸੀ। ਅਜਿਹੇ ਕੰਮਾਂ ਲਈ ਪਛਮੀ ਦੇਸ਼ਾਂ ਦੇ ਕੰਮ ਕਾਰ ਦਾ ਤਰੀਕਾ ਤੇ ਫਿਰ ਅੱਜ ਕਲ੍ਹ ਤਾਂ ਕੰਪਿਊਟਰਾਂ ਨੂੰ ਵੀ ਅਪਨਾਇਆ ਜਾਵੇ ਤਾਂ ਅਜਿਹੇ ਕੰਮ ਬੜੀ ਕੁਸ਼ਲਤਾ ਨਾਲ ਤੇ ਛੇਤੀ ਨਿਪਟ ਸਕਦੇ ਹਨ। ਕਿਉਂ ਨਾ ਏਨੇ ਸਹਾਇਕ ਸਟਾਫ਼ ਵਾਲੇ ਬੰਦਿਆਂ ਨੂੰ ਅਕਾਦਮਕ ਕੰਮ ਦੀ ਟਰੇਨਿੰਗ ਦਿੱਤੀ ਜਾਵੇ ਜਿਸ ਨਾਲ ਹੋਰ ਬੌਧਿਕ ਕੰਮਾਂ ਦਾ ਵਿਸਥਾਰ ਹੋਵੇ।



ਅਜਮੇਰ ਸਿੰਘ, ਓ ਪੀ ਵਸਿਸ਼ਠਾ, ਨਛੱਤਰ ਸਿੰਘ, ਦੀਪਕ ਮਨਮੋਹਨ ਸਿੰਘ (ਸੈਨੇਟਰ) ਅਤੇ ਬਖਸ਼ੀਸ਼ ਸਿੰਘ

## ਪੁਰਾਣਾ ਮਾਖਿਓਂ

# ਕਰਾਮਾਤ



**ਕਰਤਾਰ ਸਿੰਘ ਦੁੱਗਲ**

''...ਤੇ ਫਿਰ ਬਾਬਾ ਨਾਨਕ ਵਿਚਰਦੇ ਹੋਏ ਹਸਨ ਅਬਦਾਲ ਦੇ ਜੰਗਲ ਵਿਚ ਜਾ ਨਿਕਲੇ। ਗਰਮੀ ਡਾਢੀ ਸੀ। ਚਿਲਚਲਾਂਦੀ ਹੋਈ ਧੁੱਪ, ਜਿਵੇਂ ਕਾਂ ਦੀ ਅੱਖ ਨਿਕਲਦੀ ਹੋਵੇ। ਚਹੁੰਆਂ ਪਾਸੇ ਸੁਨਸਾਨ ਪੱਥਰ ਹੀ ਪੱਥਰ, ਰੇਤ ਹੀ ਰੇਤ। ਝੁਲਸੀਆਂ ਹੋਈਆਂ ਝਾੜੀਆਂ, ਸੁੱਕੇ ਹੋਏ ਦਰੱਖ਼ਤ। ਦੂਰ ਦੂਰ ਤੀਕ ਕੋਈ ਬੰਦਾ-ਬਨਿ ਆਦਮ ਨਜ਼ਰੀਂ ਨਹੀਂ ਸੀ ਆਉਂਦਾ।

''ਤੇ ਫਿਰ ਅੰਮੀ?'' ਮੈਂ ਹੁੰਗਾਰਾ ਭਰਿਆ।

''ਬਾਬਾ ਨਾਨਕ ਆਪਣੇ ਧਿਆਨ ਵਿਚ ਮਗਨ ਤੁਰਦੇ ਜਾ ਰਹੇ ਸਨ ਕਿ ਮਰਦਾਨੇ ਨੂੰ ਪਿਆਸ ਆਣ ਲੱਗੀ। ਪਰ ਓਥੇ ਪਾਣੀ ਕਿਥੇ! ਬਾਬੇ ਨੇ ਕਿਹਾ, 'ਮਰਦਾਨਿਆ ਸਬਰ ਕਰ ਲੈ, ਅਗਲੇ ਪਿੰਡ ਪੁਜ ਕੇ ਜਿਤਨਾ ਤੇਰਾ ਜੀਅ ਚਾਹੇ ਪਾਣੀ ਪੀ ਲਵੀਂ।' ਪਰ ਮਰਦਾਨੇ ਨੂੰ ਤੇ ਡਾਢੀ ਪਿਆਸ ਲਗੀ ਹੋਈ ਸੀ। ਬਾਬਾ ਨਾਨਕ ਇਹ ਸੁਣ ਕੇ ਫ਼ਿਕਰਮੰਦ ਹੋਏ। ਇਸ ਜੰਗਲ ਵਿਚ ਪਾਣੀ ਤਾਂ ਦੂਰ ਦੂਰ ਤੀਕ ਨਹੀਂ ਸੀ ਤੇ ਜਦੋਂ ਮਰਦਾਨਾ ਅੜੀ ਕਰ ਬਹਿੰਦਾ ਤਾਂ ਸਭ ਲਈ ਬੜੀ ਮੁਸ਼ਕਲ ਕਰ ਦਿੰਦਾ ਸੀ। ਬਾਬੇ ਨੇ ਫੇਰ ਸਮਝਾਇਆ, 'ਮਰਦਾਨਿਆ! ਇਥੇ ਪਾਣੀ ਕਿਤੇ ਵੀ ਨਹੀਂ, ਤੂੰ ਸਬਰ ਕਰ ਲੈ, ਰੱਬ ਦਾ ਭਾਣਾ ਮੰਨ!' ਪਰ ਮਰਦਾਨਾ ਤਾਂ ਉਥੇ ਦਾ ਉਥੇ ਹੀ ਬੈਠ ਗਿਆ। ਇਕ ਕਦਮ ਹੋਰ ਉਸ ਤੋਂ ਅਗੇ ਨਹੀਂ ਸੀ ਤੁਰਿਆ ਜਾਂਦਾ। ਬਾਬਾ ਡਾਢਾ ਜਿਚ ਪਿਆ। ਗੁਰੂ ਨਾਨਕ ਮਰਦਾਨੇ ਦੀ ਜ਼ਿਦ ਨੂੰ ਵੇਖ ਮੁਤ ਮੁਸਕ੍ਰਾਉਂਦੇ, ਹੈਰਾਨ ਪਏ ਹੁੰਦੇ। ਆਖ਼ਰ ਜਦੋਂ ਬਾਬੇ ਨੇ ਮਰਦਾਨੇ ਨੂੰ ਕਿਸੇ ਗੇਤ ਵਿਚ ਆਉਂਦੇ ਨਾ ਵੇਖਿਆ ਤਾਂ ਉਹ ਅੰਤਰ ਧਿਆਨ ਹੋ ਗਏ। ਜਦੋਂ ਗੁਰੂ ਨਾਨਕ ਦੀ ਅੱਖ ਖੁਲ੍ਹੀ ਮਰਦਾਨਾ ਮੱਛੀ ਵਾਂਗ ਤੜਫ ਰਿਹਾ ਸੀ। ਸਤਿਗੁਰੂ ਉਸਨੂੰ ਵੇਖ ਕੇ ਮੁਸਕਰਾਏ ਤੇ ਕਹਿਣ ਲੱਗੇ, ''ਭਾਈ ਮਰਦਾਨਿਆ! ਇਸ ਪਹਾੜੀ ਉਤੇ ਇਕ ਕੁਟੀਆ ਹੈ, ਜਿਸ ਵਿਚ ਵਲੀ ਕੰਧਾਰੀ ਨਾਂ ਦਾ ਇਕ ਦਰਵੇਸ਼ ਰਹਿੰਦਾ ਹੈ। ਜੇ ਤੂੰ ਉਹਦੇ ਕੋਲ ਜਾਏਂ ਤਾਂ ਤੈਨੂੰ ਪਾਣੀ ਮਿਲ ਸਕਦਾ ਹੈ। ਇਸ ਇਲਾਕੇ ਵਿਚ ਬਸ ਇਕ ਉਹਦਾ ਖੂਹ ਪਾਣੀ ਨਾਲ ਭਰਿਆ ਹੋਇਆ ਹੈ, ਹੋਰ ਕਿਤੇ ਵੀ ਪਾਣੀ ਨਹੀਂ।''

''ਤੇ ਫਿਰ ਅੰਮੀ!'' ਮੈਂ ਬੇਚੈਨ ਹੋ ਰਿਹਾ ਸਾਂ ਇਹ ਜਾਣਨ ਲਈ ਕਿ ਮਰਦਾਨੇ ਨੂੰ ਪਾਣੀ ਮਿਲਦਾ ਹੈ ਕਿ ਨਹੀਂ।

''ਮਰਦਾਨੇ ਨੂੰ ਪਿਆਸ ਡਾਢੀ ਲਗੀ ਹੋਈ ਸੀ, ਸੁਣਦਿਆਂ ਸਾਰ ਪਹਾੜੀ ਵਲ ਦੌੜ ਪਿਆ। ਕੜਕਦੀ ਦੁਪਹਿਰ, ਉਧਰੋਂ ਪਿਆਸ, ਉਧਰੋਂ ਪਹਾੜੀ ਦਾ ਸਫ਼ਰ, ਸਾਹੋ ਸਾਹ, ਪਸੀਨੋ-ਪਸੀਨਾ ਹੋਇਆ ਮਰਦਾਨਾ ਬੜੀ ਮੁਸ਼ਕਲ ਨਾਲ ਉਥੇ ਪੁਜਾ। ਵਲੀ ਕੰਧਾਰੀ ਨੂੰ ਸਲਾਮ ਕਰ ਉਸਨੇ ਪਾਣੀ ਲਈ ਬੇਨਤੀ ਕੀਤੀ। ਵਲੀ ਕੰਧਾਰੀ ਨੇ ਖੂਹ ਵਲ ਇਸ਼ਾਰਾ ਕੀਤਾ। ਜਦੋਂ ਮਰਦਾਨਾ ਖੂਹ ਵਲ ਜਾਣ ਲਗਾ ਤਾਂ ਵਲੀ ਕੰਧਾਰੀ ਦੇ ਮਨ ਵਿਚ ਕੁਝ ਆਇਆ ਤੇ ਉਸ ਨੇ ਮਰਦਾਨੇ ਤੋਂ ਪੁੱਛਿਆ, 'ਭਲੇ ਲੋਕ ਤੂੰ ਕਿਥੋਂ ਆਇਆ ਏਂ?' ਮਰਦਾਨੇ ਨੇ ਕਿਹਾ, 'ਮੈਂ ਨਾਨਕ ਪੀਰ ਦਾ ਸਾਥੀ ਹਾਂ।

ਅਸੀਂ ਤੁਰਦੇ ਤੁਰਦੇ ਇਧਰ ਆ ਨਿਕਲੇ ਹਾਂ। ਮੈਨੂੰ ਪਿਆਸ ਡਾਢੀ ਲਗੀ ਹੈ ਤੇ ਹੇਠਾਂ ਕਿਤੇ ਪਾਣੀ ਨਹੀਂ।'' ਬਾਬੇ ਨਾਨਕ ਦਾ ਨਾਂ ਸੁਣ ਕੇ ਵਲੀ ਕੰਧਾਰੀ ਨੂੰ ਡਾਢਾ ਕ੍ਰੋਧ ਆ ਗਿਆ ਤੇ ਉਸਨੇ ਮਰਦਾਨੇ ਨੂੰ ਆਪਣੀ ਕੁਟੀਆ ਵਿਚੋਂ ਉਂਜ ਦਾ ਉਂਜ ਬਾਹਰ ਕਢ ਦਿੱਤਾ। ਥੱਕਿਆ ਹਾਰਿਆ ਮਰਦਾਨਾ ਹੇਠ ਬਾਬੇ ਨਾਨਕ ਕੋਲ ਆ ਕੇ ਫ਼ਰਿਆਦੀ ਹੋਇਆ। ਬਾਬੇ ਨੇ ਉਸ ਤੋਂ ਸਾਰੀ ਵਿਥਿਆ ਸੁਣੀ ਤੇ ਮੁਸਕਰਾ ਪਏ। 'ਮਰਦਾਨਿਆ! ਤੂੰ ਇਕ ਵਾਰ ਫੇਰ ਜਾ', ਬਾਬੇ ਨਾਨਕ ਨੇ ਮਰਦਾਨੇ ਨੂੰ ਸਲਾਹ ਦਿੱਤੀ। 'ਇਸ ਵਾਰ ਤੂੰ ਨਿਮਰਤਾ ਨਾਲ ਡਿਕਾ ਦਿਲ ਲੈ ਕੇ ਜਾ। ਕਹੀਂ ਮੈਂ ਨਾਨਕ ਦਰਵੇਸ਼ ਦਾ ਸਾਥੀ ਹਾਂ।' ਮਰਦਾਨੇ ਨੂੰ ਪਿਆਸ ਡਾਢੀ ਲਗੀ ਸੀ। ਪਾਣੀ ਹੋਰ ਕਿਤੇ ਸੀ ਨਹੀਂ। ਖਪਦਾ, ਕ੍ਰਿਝਦਾ, ਸ਼ਿਕਾਇਤਾਂ ਕਰਦਾ ਫੇਰ ਉਥੇ ਤੁਰ ਪਿਆ। ਪਰ ਪਾਣੀ ਵਲੀ ਕੰਧਾਰੀ ਨੇ ਫੇਰ ਵੀ ਨਾ ਦਿੱਤਾ। 'ਮੈਂ ਇਕ ਕਾਫਰ ਦੇ ਸਾਥੀ ਨੂੰ ਪਾਣੀ ਦੀ ਚੂਲੀ ਨਹੀਂ ਦਿਆਂਗਾ', ਵਲੀ ਕੰਧਾਰੀ ਨੇ ਮਰਦਾਨੇ ਨੂੰ ਫੇਰ ਉਂਜ ਦਾ ਉਂਜ ਮੋੜ ਦਿੱਤਾ। ਜਦੋਂ ਮਰਦਾਨਾ ਇਸ ਵਾਰ ਹੇਠ ਆਇਆ ਤਾਂ ਉਸਦਾ ਬੁਰਾ ਹਾਲ ਸੀ। ਉਸ ਦੇ ਹੋਠਾਂ ਉਤੇ ਪੇਪੜੀ ਜੰਮੀ ਹੋਈ ਸੀ। ਮੂੰਹ ਉਤੇ ਤਰੇਲੀਆਂ ਛੁਟ ਰਹੀਆਂ ਸਨ। ਇੰਜ ਜਾਪਦਾ ਸੀ ਮਰਦਾਨਾ ਬਸ ਘੜੀ ਹੈ ਕਿ ਪਲ। ਬਾਬੇ ਨਾਨਕ ਨੇ ਸਾਰੀ ਗੱਲ ਸੁਣੀ ਤੇ ਮਰਦਾਨੇ ਨੂੰ ''ਧੰਨ ਨਿਰੰਕਾਰ'' ਕਹਿ ਕੇ ਇਕ ਵਾਰ ਫੇਰ ਵਲੀ ਕੋਲ ਜਾਣ ਲਈ ਕਿਹਾ। ਹੁਕਮ ਦਾ ਬੱਧਾ ਮਰਦਾਨਾ ਤੁਰ ਪਿਆ। ਪਰ ਉਸ ਨੂੰ ਪਤਾ ਸੀ ਕਿ ਉਸ ਦੀ ਜਾਨ ਰਸਤੇ ਵਿਚ ਹੀ ਕਿਤੇ ਨਿਕਲ ਜਾਵੇਗੀ। ਮਰਦਾਨਾ ਤੀਜੀ ਵਾਰ ਪਹਾੜੀ ਦੀ ਚੋਟੀ ਉਤੇ ਵਲੀ ਕੰਧਾਰੀ ਦੇ ਚਰਨਾਂ ਵਿਚ ਜਾ ਡਿਗਾ। ਪਰ ਕ੍ਰੋਧ ਵਿਚ ਬਲ ਰਹੇ ਫ਼ਕੀਰ ਨੇ ਉਸ ਦੀ ਬੇਨਤੀ ਨੂੰ ਇਸ ਵਾਰ ਵੀ ਠੁਕਰਾ ਦਿੱਤਾ। 'ਨਾਨਕ ਆਪਣੇ ਆਪ ਨੂੰ ਪੀਰ ਅਖਵਾਉਂਦਾ ਹੈ ਤੇ ਆਪਣੇ ਮੁਰੀਦ ਨੂੰ ਪਾਣੀ ਦਾ ਘੁਟ ਨਹੀਂ ਪਿਲਾ ਸਕਦਾ?' ਵਲੀ ਕੰਧਾਰੀ ਨੇ ਲੱਖ ਲੱਖ ਸੁਣਾਵਤਾਂ ਸੁੱਟੀਆਂ। ਮਰਦਾਨਾ ਇਸ ਵਾਰ ਜਦੋਂ ਹੇਠ ਪੁਜਾ, ਪਿਆਸ ਵਿਚ ਬਿਹਬਲ ਬਾਬੇ ਨਾਨਕ ਦੇ ਚਰਨਾਂ ਵਿਚ ਉਹ ਬੇਹੋਸ਼ ਹੋ ਗਿਆ। ਗੁਰੂ ਨਾਨਕ ਨੇ ਮਰਦਾਨੇ ਦੀ ਕੰਡ ਉਤੇ ਹੱਥ ਫੇਰਿਆ। ਉਸ ਨੂੰ ਹੌਂਸਲਾ ਦਿੱਤਾ ਤੇ ਜਦੋਂ ਮਰਦਾਨੇ ਨੇ ਅੱਖ ਖੋਹਲੀ, ਬਾਬੇ ਨੇ ਉਹਨੂੰ ਸਾਹਮਣੇ ਇਕ ਪੱਥਰ ਪੁੱਟਣ ਲਈ ਕਿਹਾ। ਮਰਦਾਨੇ ਨੇ ਪੱਥਰ ਪੁੱਟਿਆ ਤੇ ਹੇਠੋਂ ਪਾਣੀ ਦਾ ਝਰਨਾ ਫੁਟ ਨਿਕਲਿਆ। ਜਿਵੇਂ ਨਹਿਰ ਪਾਣੀ ਦੀ ਵਗਣ ਲਗ ਪਈ! ਤੇ ਵੇਖਦਿਆਂ ਵੇਖਦਿਆਂ ਚਹੁੰ ਪਾਸੇ ਪਾਣੀ ਹੀ ਪਾਣੀ ਹੋ ਗਿਆ। ਇਤਨੇ ਵਿਚ ਵਲੀ ਕੰਧਾਰੀ ਨੂੰ ਪਾਣੀ ਦੀ ਲੋੜ ਪਈ। ਖੂਹ ਵਿਚ ਵੇਖੇ ਤਾਂ ਪਾਣੀ ਦੀ ਇਕ ਸਿਪ ਵੀ ਨਹੀਂ ਸੀ। ਵਲੀ ਕੰਧਾਰੀ ਡਾਢਾ ਅਸਚਰਜ ਹੋਇਆ। ਤੇ ਹੇਠ ਪਹਾੜੀ ਦੇ ਕਦਮਾਂ ਵਿਚ ਝਰਨੇ ਵਗ ਰਹੇ ਸਨ, ਚਸ਼ਮੇ ਫੁਟੇ ਹੋਏ ਸਨ। ਦੂਰ ਬਹੁਤ ਦੂਰ ਇਕ ਕਿੱਕਰ ਹੇਠ ਵਲੀ ਕੰਧਾਰੀ ਨੇ ਵੇਖਿਆ, ਬਾਬਾ ਨਾਨਕ ਤੇ ਉਸ ਦਾ ਸਾਥੀ ਬੈਠੇ ਸਨ। ਗੁੱਸੇ ਵਿਚ ਆ ਕੇ ਵਲੀ ਨੇ ਚਟਾਨ ਦੇ ਇਕ ਟੁਕੜੇ ਨੂੰ ਆਪਣੇ ਪੂਰੇ ਜ਼ੋਰ ਨਾਲ ਉਤੋਂ ਰੇੜ੍ਹਿਆ। ਇੰਜ ਪਹਾੜੀ ਦੀ ਪਹਾੜੀ ਨੂੰ ਆਪਣੀ ਵਲ ਰਿੜ੍ਹਦਾ ਆਉਂਦਾ ਵੇਖ ਮਰਦਾਨਾ ਚਿਲਾ ਉਠਿਆ। ਬਾਬੇ ਨਾਨਕ ਨੇ ਠਰ੍ਹੰਮੇ ਨਾਲ ਮਰਦਾਨੇ ਨੂੰ ''ਧੰਨ ਨਿਰੰਕਾਰ'' ਕਹਿਣ ਲਈ ਕਿਹਾ ਤੇ ਜਦੋਂ ਪਹਾੜੀ ਦਾ ਟੁਕੜਾ ਬਾਬੇ ਦੇ ਸਿਰ ਕੋਲ ਆਇਆ, ਗੁਰੂ ਨਾਨਕ ਨੇ ਉਸ ਨੂੰ ਹੱਥ ਦੇ ਕੇ ਆਪਣੇ ਪੰਜੇ ਨਾਲ ਰੋਕ ਲਿਆ। ਤੇ ਹਸਨ ਅਬਦਾਲ ਵਿਚ, ਜਿਸ ਦਾ ਨਾਂ ਹੁਣ ਪੰਜਾ ਸਾਹਿਬ ਹੈ, ਅਜੇ ਤੀਕ ਪਹਾੜੀ ਦੇ ਟੁਕੜੇ ਉਤੇ ਬਾਬੇ ਨਾਨਕ ਦਾ ਪੰਜਾ ਲਗਿਆ ਹੋਇਆ ਹੈ।

ਮੈਨੂੰ ਇਹ ਸਾਖੀ ਡਾਢੀ ਚੰਗੀ ਲਗ ਰਹੀ ਸੀ। ਪਰ ਜਦੋਂ ਮੈਂ ਇਹ ਹੱਥ ਨਾਲ ਪਹਾੜੀ ਰੋਕਣ ਵਾਲੀ ਗੱਲ ਸੁਣੀ ਤਾਂ ਮੇਰੇ ਮੂੰਹ ਦਾ ਸੁਆਦ ਫਿੱਕਾ ਜਿਹਾ ਹੋ ਗਿਆ। ਇਹ ਕਿਸ ਤਰ੍ਹਾਂ ਹੋ ਸਕਦਾ ਸੀ ? ਕੋਈ ਆਦਮੀ ਪਹਾੜੀ ਨੂੰ ਕਿਸ ਤਰ੍ਹਾਂ ਰੋਕ ਸਕਦਾ ਏ ? ਤੇ ਪਹਾੜੀ ਵਿਚ ਅਜੇ ਤੀਕ ਬਾਬੇ ਨਾਨਕ ਦਾ ਪੰਜਾ ਲਗਿਆ ਹੋਇਆ ਹੈ! ਮੈਨੂੰ ਜ਼ਰਾ ਨਾ ਇਤਬਾਰ ਆਉਂਦਾ। ''ਬਾਅਦ ਵਿਚ ਕਿਸੇ ਨੇ ਖੁਣ ਦਿੱਤਾ ਹੋਣਾ ਏ'', ਮੈਂ ਆਪਣੀ ਮਾਂ ਨਾਲ ਕਿਤਨਾ ਚਿਰ ਬਹਿਸ ਕਰਦਾ ਰਿਹਾ। ਮੈਂ ਇਹ ਤੇ ਮੰਨ ਸਕਦਾ ਸਾਂ ਕਿ ਪੱਥਰ ਹੇਠੋਂ ਪਾਣੀ ਫੁਟ ਆਵੇ। ਸਾਇੰਸ ਨੇ ਕਈ ਤਰੀਕੇ ਕਢੇ ਹਨ ਜਿਨ੍ਹਾਂ ਨਾਲ ਜਿਸ ਥਾਂ ਪਾਣੀ ਹੋਵੇ ਉਸਦਾ ਪਤਾ ਲਾਇਆ ਜਾ ਸਕਦਾ ਹੈ। ਪਰ ਇਕ ਇਨਸਾਨ ਦਾ ਰਿੜ੍ਹੀ ਆ ਰਹੀ ਪਹਾੜੀ ਨੂੰ ਰੋਕ ਲੈਣਾ, ਮੈਂ ਇਹ ਨਹੀਂ ਮੰਨ ਸਕਦਾ ਸਾਂ। ਮੈਂ ਨਹੀਂ ਮੰਨਦਾ ਸਾਂ ਤੇ ਮੇਰੀ ਮਾਂ ਮੇਰੇ ਮੂੰਹ ਵਲ ਵੇਖ ਕੇ ਚੁਪ ਹੋ ਗਈ।

''ਕੋਈ ਰਿੜ੍ਹੀ ਆ ਰਹੀ ਪਹਾੜੀ ਨੂੰ ਕਿਵੇਂ ਰੋਕ ਸਕਦਾ ਹੈ?'' ਮੈਨੂੰ ਜਦੋਂ ਵੀ ਇਸ ਸਾਖੀ ਦਾ ਖ਼ਿਆਲ ਆਉਂਦਾ ਮੈਂ ਫਿੱਕੀ ਜਿਹੀ ਹਾਸੀ ਹੱਸ ਦਿੰਦਾ।

ਕਈ ਵਾਰ ਗੁਰਦੁਆਰੇ ਵਿਚ ਇਹ ਸਾਖੀ ਸੁਣਾਈ ਗਈ। ਪਰ ਪਹਾੜੀ ਨੂੰ ਪੰਜੇ ਨਾਲ ਰੋਕਣ ਵਾਲੀ ਗੱਲ ਉਤੇ ਮੈਂ ਹਮੇਸ਼ਾ ਸਿਰ ਮਾਰਦਾ ਰਹਿੰਦਾ। ਇਹ ਗੱਲ ਮੈਥੋਂ ਨਹੀਂ ਮੰਨੀ ਜਾ ਸਕਦੀ ਸੀ। ਇਕ ਵਾਰ ਇਹ ਸਾਖੀ ਸਾਨੂੰ ਸਕੂਲ ਵਿਚ ਸੁਣਾਈ ਗਈ। ਪਹਾੜੀ ਨੂੰ ਪੰਜੇ ਨਾਲ ਰੋਕਣ ਵਾਲੇ ਹਿੱਸੇ ਉਤੇ ਮੈਂ ਆਪਣੇ ਉਸਤਾਦ ਨਾਲ ਬਹਿਸਣ ਲਗ ਪਿਆ।

''ਕਰਨੀ ਵਾਲੇ ਲੋਕਾਂ ਲਈ ਕੋਈ ਗੱਲ ਮੁਸ਼ਕਲ ਨਹੀਂ'', ਸਾਡੇ ਉਸਤਾਦ ਨੇ ਮੈਨੂੰ ਕਿਹਾ ਤੇ ਫੇਰ ਮੈਨੂੰ ਚੁਪ ਕਰਵਾ ਦਿੱਤਾ। ਮੈਂ ਚੁਪ ਹੋ ਗਿਆ, ਪਰ ਮੈਨੂੰ ਇਤਬਾਰ ਨਹੀਂ ਸੀ ਆਉਂਦਾ। ''ਆਖ਼ਰ ਪਹਾੜੀ ਨੂੰ ਕਿਵੇਂ ਕੋਈ ਰੋਕ ਸਕਦਾ ਹੈ?'' ਮੇਰਾ ਜੀਅ ਚਾਹੁੰਦਾ ਮੈਂ ਜ਼ੋਰ ਜ਼ੋਰ ਨਾਲ ਚੀਖ਼ ਕੇ ਕਵ੍ਹਾਂ। ਬਹੁਤ ਦਿਨ ਨਹੀਂ ਸਨ ਗੁਜ਼ਰੇ ਕਿ ਅਸੀਂ ਸੁਣਿਆ, ਪੰਜੇ ਸਾਹਿਬ 'ਸਾਕਾ' ਹੋ ਗਿਆ ਹੈ। ਉਨ੍ਹਾਂ ਦਿਨਾਂ ਵਿਚ 'ਸਾਕੇ' ਬੜੇ ਹੁੰਦੇ ਸਨ। ਜਦੋਂ ਵੀ ਕੋਈ 'ਸਾਕਾ' ਹੁੰਦਾ ਮੈਂ ਸਮਝ ਲੈਂਦਾ ਅੱਜ ਸਾਡੇ ਘਰ ਰੋਟੀ ਨਹੀਂ ਪੱਕੇਗੀ ਤੇ ਰਾਤ ਨੂੰ ਭੁੰਜੇ ਸੌਣਾ ਪਵੇਗਾ। ਪਰ ਇਹ 'ਸਾਕਾ' ਹੁੰਦਾ ਕੀ ਏ, ਇਹ ਮੈਨੂੰ ਨਹੀਂ ਸੀ ਪਤਾ।

ਸਾਡਾ ਪਿੰਡ ਪੰਜਾ ਸਾਹਿਬ ਤੋਂ ਕੋਈ ਜ਼ਿਆਦਾ ਦੂਰ ਨਹੀਂ ਸੀ। ਜਦੋਂ ਇਸ 'ਸਾਕੇ' ਦੀ ਖ਼ਬਰ ਆਈ ਮੇਰੇ ਮਾਂ ਜੀ ਪੰਜਾ ਸਾਹਿਬ ਲਈ ਤੁਰ ਪਏ। ਨਾਲ ਮੈਂ ਸਾਂ, ਮੈਥੋਂ ਨਿੱਕੀ ਭੈਣ ਸੀ। ਪੰਜਾ ਸਾਹਿਬ ਦਾ ਸਾਰਾ ਰਸਤਾ ਮੇਰੀ ਮਾਂ ਦੀ ਅੱਖ ਨਹੀਂ ਸੁੱਕੀ। ਅਸੀਂ ਹੈਰਾਨ ਸਾਂ, ਇਹ 'ਸਾਕਾ' ਹੁੰਦਾ ਕੀ ਏ।

ਤੇ ਜਦੋਂ ਪੰਜਾ ਸਾਹਿਬ ਪੁਜੇ ਅਸੀਂ ਇਕ ਅਜੀਬ ਕਹਾਣੀ ਸੁਣੀ। ਦੂਰ ਕਿਤੇ ਇਕ ਸ਼ਹਿਰ ਵਿਚ ਫ਼ਰੰਗੀ ਨੇ ਨਿਹੱਥੇ ਹਿੰਦੁਸਤਾਨੀਆਂ ਉਤੇ ਗੋਲੀ ਚਲਾ ਕੇ ਕਈ ਲੋਕਾਂ ਨੂੰ ਮਾਰ ਸੁਟਿਆ ਸੀ। ਮਰਨ ਵਾਲਿਆਂ ਵਿਚ ਨੌਜਵਾਨ ਵੀ ਸਨ, ਬੁੱਢੇ ਵੀ ਸਨ ਤੇ ਜਿਹੜੇ ਬਾਕੀ ਰਹਿ ਗਏ ਉਨ੍ਹਾਂ ਨੂੰ ਗੱਡੀ ਵਿਚ ਪਾ ਕੇ ਕਿਸੇ ਹੋਰ ਸ਼ਹਿਰ ਦੀ ਜੇਲ੍ਹ ਵਿਚ ਭੇਜਿਆ ਜਾ ਰਿਹਾ ਸੀ। ਕੈਦੀ ਭੁੱਖੇ ਸਨ, ਪਿਆਸੇ ਸਨ। ਤੇ ਹੁਕਮ ਇਹ ਸੀ ਕਿ ਗੱਡੀ ਨੂੰ ਰਸਤੇ ਵਿਚ ਕਿਤੇ ਵੀ ਨਾ ਠਹਿਰਾਇਆ ਜਾਵੇ। ਜਦੋਂ ਪੰਜਾ ਸਾਹਿਬ ਇਹ ਖ਼ਬਰ ਪੁਜੀ, ਜਿਸ ਕਿਸੇ ਨੇ ਸੁਣਿਆ ਲੋਕਾਂ ਨੂੰ ਚਾਰੇ ਕਪੜੇ ਅੱਗ ਲਗ ਗਈ। ਪੰਜਾ ਸਾਹਿਬ ਜਿਥੇ ਬਾਬਾ ਨਾਨਕ ਨੇ ਆਪ ਮਰਦਾਨੇ ਦੀ ਪਿਆਸ ਬੁਝਾਈ ਸੀ, ਉਸ ਸ਼ਹਿਰ ਤੋਂ ਗੱਡੀ ਭਰੀ ਪਿਆਸਿਆਂ ਦੀ ਲੰਘ ਜਾਏ, ਭੁੱਖਿਆਂ ਦੀ ਲੰਘ ਜਾਏ, ਮਜ਼ਲੂਮਾਂ ਦੀ ਲੰਘ ਜਾਏ, ਇਹ ਕਿਵੇਂ ਹੋ ਸਕਦਾ ਸੀ! ਤੇ ਫ਼ੈਸਲਾ ਹੋਇਆ ਕਿ ਗੱਡੀ ਨੂੰ ਰੋਕਿਆ ਜਾਏਗਾ। ਸਟੇਸ਼ਨ ਮਾਸਟਰ ਨੂੰ ਅਰਜ਼ੀ ਪਾਈ ਗਈ, ਟੈਲੀਫ਼ੂਨਾਂ ਖੜਕੀਆਂ, ਤਾਰਾਂ ਗਈਆਂ, ਪਰ ਫ਼ਰੰਗੀ ਦਾ ਹੁਕਮ ਸੀ ਗੱਡੀ ਰਸਤੇ ਵਿਚ ਕਿਤੇ ਨਹੀਂ ਖੜੀ ਕੀਤੀ ਜਾਏਗੀ। ਤੇ ਗੱਡੀ ਵਿਚ ਆਜ਼ਾਦੀ ਦੇ ਪਰਵਾਨੇ, ਦੇਸ਼-ਭਗਤ ਭੁੱਖੇ ਸਨ, ਉਨ੍ਹਾਂ ਲਈ ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ, ਉਨ੍ਹਾਂ ਲਈ ਰੋਟੀ ਦਾ ਕੋਈ ਇੰਤਜ਼ਾਮ ਨਹੀਂ ਸੀ। ਗੱਡੀ ਨੇ ਪੰਜਾ ਸਾਹਿਬ ਨਹੀਂ ਰੁਕਣਾ ਸੀ। ਪਰ ਪੰਜਾ ਸਾਹਿਬ ਦੇ ਲੋਕਾਂ ਦਾ ਇਹ ਫ਼ੈਸਲਾ ਅਟਲ ਸੀ ਕਿ ਗੱਡੀ ਨੂੰ ਜ਼ਰੂਰ ਰੋਕ ਲੈਣਾ ਹੈ। ਤੇ ਸ਼ਹਿਰ-ਵਾਸੀਆਂ ਨੇ ਸਟੇਸ਼ਨ ਉਤੇ ਰੋਟੀਆਂ ਦੇ, ਖੀਰਾਂ ਦੇ, ਪੂੜਿਆਂ ਦੇ, ਦਾਲਾਂ ਦੇ ਢੇਰ ਲਾ ਦਿੱਤੇ।

ਪਰ ਗੱਡੀ ਤਾਂ ਇਕ ਹਨੇਰੀ ਦੀ ਤਰ੍ਹਾਂ ਆਵੇਗੀ ਤੇ ਇਕ ਤੂਫ਼ਾਨ ਦੀ ਤਰ੍ਹਾਂ ਨਿਕਲ ਜਾਵੇਗੀ। ਉਸਨੂੰ ਕਿਵੇਂ ਰੋਕਿਆ ਜਾਏ? ਤੇ ਮੇਰੀ ਮਾਂ ਦੀ ਸਹੇਲੀ ਨੇ ਸਾਨੂੰ ਦਸਿਆ, ''ਉਸ ਥਾਂ ਪਟੜੀ ਉਤੇ ਪਹਿਲੇ ਉਹ ਲੇਟੇ, ਮੇਰੇ ਬੱਚਿਆਂ ਦੇ ਪਿਤਾ। ਫਿਰ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਹੋਰ ਸਾਥੀ ਲੇਟ ਗਏ। ਉਨ੍ਹਾਂ ਤੋਂ ਬਾਅਦ ਅਸੀਂ ਪਤਨੀਆਂ ਲੇਟੀਆਂ। ਫੇਰ ਸਾਡੇ ਬੱਚੇ...ਤੇ ਫੇਰ ਗੱਡੀ ਆਈ ਦੂਰੋਂ ਚੀਖਦੀ ਹੋਈ, ਚਿਚਲਾਂਦੀ ਹੋਈ, ਸੀਟੀਆਂ ਉਤੇ ਸੀਟੀਆਂ ਮਾਰਦੀ ਹੋਈ। ਅਜੇ ਦੂਰ ਹੀ ਸੀ ਕਿ ਮੱਠੀ ਪੈ ਗਈ। ਪਰ ਰੇਲ ਸੀ ਖਲੋਂਦਿਆਂ ਖਲੋਂਦਿਆਂ ਹੀ ਖਲੋਂਦੀ। ਮੈਂ ਵੇਖ ਰਹੀ ਸੀ ਕਿ ਪਹੀਏ ਉਨ੍ਹਾਂ ਦੀ ਛਾਤੀ ਉਤੇ ਚੜ੍ਹ ਗਏ। ਫੇਰ ਉਨ੍ਹਾਂ ਦੇ ਨਾਲ ਦੇ ਦੀ ਛਾਤੀ ਉਤੇ..ਤੇ ਫੇਰ ਮੈਂ ਅੱਖਾਂ ਮੀਟ ਲਈਆਂ। ਮੈਂ ਅੱਖਾਂ ਖੋਲ੍ਹੀਆਂ ਤੇ ਮੇਰੇ ਸਿਰ ਉਤੇ ਗੱਡੀ ਖਲੋਤੀ ਸੀ। ਮੇਰੇ ਨਾਲ ਧੜਕ ਰਹੀਆਂ ਛਾਤੀਆਂ ਵਿਚੋਂ 'ਧੰਨ ਨਿਰੰਕਾਰ', 'ਧੰਨ ਨਿਰੰਕਾਰ' ਦੀ ਆਵਾਜ਼ ਆ ਰਹੀ ਸੀ। ਤੇ ਫੇਰ ਮੇਰੇ ਵੇਖਦਿਆਂ ਵੇਖਦਿਆਂ ਗੱਡੀ ਮੁੜੀ। ਗੱਡੀ ਮੁੜੀ ਤੇ ਪਹੀਆਂ ਹੇਠ ਆਈਆਂ ਹੋਈ ਲਾਸ਼ਾਂ ਟੁਕੜੇ ਟੁਕੜੇ ਹੋ ਗਈਆਂ...।''

ਮੈਂ ਆਪਣੇ ਅੱਖੀਂ ਲਹੂ ਦੀ ਵਗੀ ਹੋਈ ਨਦੀ ਨੂੰ ਵੇਖਿਆ। ਵਗਦੀ ਵਗਦੀ ਕਿਤਨੇ ਹੀ ਦੂਰ ਇਕ ਪਕੇ ਬਣੇ ਨਾਲੇ ਦੇ ਪੁਲ ਤਕ ਚਲੀ ਗਈ ਸੀ। ਤੇ ਮੈਂ ਹੱਕਾ ਬੱਕਾ ਹੈਰਾਨ ਸਾਂ। ਮੈਥੋਂ ਇਕ ਬੋਲ ਨਾ ਬੋਲਿਆ ਗਿਆ। ਸਾਰਾ ਦਿਨ ਮੈਂ ਪਾਣੀ ਦਾ ਘੁਟ ਨਾ ਪੀ ਸਕਿਆ। ਸ਼ਾਮੀ ਜਦੋਂ ਅਸੀਂ ਵਾਪਸ ਆ ਰਹੇ ਸਾਂ, ਰਸਤੇ ਵਿਚ ਮੇਰੀ ਮਾਂ ਨੇ ਮੇਰੀ ਛੋਟੀ ਭੈਣ ਨੂੰ ਪੰਜਾ ਸਾਹਿਬ ਦੀ ਸਾਖੀ ਸੁਣਾਉਣੀ ਸ਼ੁਰੂ ਕਰ ਦਿੱਤੀ। ਕਿਵੇਂ ਬਾਬਾ ਨਾਨਕ ਮਰਦਾਨੇ ਨਾਲ ਇਸ ਪਾਸੇ ਆਏ। ਕਿਵੇਂ ਮਰਦਾਨੇ ਨੂੰ ਪਿਆਸ ਲਗੀ। ਕਿਵੇਂ ਬਾਬੇ ਨੇ ਵਲੀ ਕੰਧਾਰੀ ਕੋਲ ਮਰਦਾਨੇ ਨੂੰ ਪਾਣੀ ਲਈ ਭੇਜਿਆ।

ਕਿਵੇਂ ਵਲੀ ਕੰਧਾਰੀ ਨੇ ਤਿੰਨ ਵਾਰ ਮਰਦਾਨੇ ਨੂੰ ਨਿਰਾਸ਼ ਵਾਪਸ ਕਰ ਦਿੱਤਾ। ਕਿਵੇਂ ਬਾਬੇ ਨਾਨਕ ਨੇ ਮਰਦਾਨੇ ਨੂੰ ਇਕ ਪੱਥਰ ਪੁਟਣ ਲਈ ਕਿਹਾ। ਕਿਵੇਂ ਹੇਠੋਂ ਪਾਣੀ ਦਾ ਚਸ਼ਮਾ ਫੁਟ ਪਿਆ, ਤੇ ਵਲੀ ਕੰਧਾਰੀ ਦੇ ਖੂਹ ਦਾ ਸਾਰੇ ਦਾ ਸਾਰਾ ਪਾਣੀ ਹੇਠਾਂ ਖਿਚਿਆ ਹੋਇਆ ਆ ਗਿਆ। ਫੇਰ ਕਿਵੇਂ ਗੁੱਸੇ ਵਿਚ ਵਲੀ ਕੰਧਾਰੀ ਨੇ ਉਤੋਂ ਪਹਾੜੀ ਦਾ ਇਕ ਟੁਕੜਾ ਰੇੜ੍ਹਿਆ। ਕਿਵੇਂ ਮਰਦਾਨਾ ਘਬਰਾਇਆ, ਪਰ ਬਾਬੇ ਨਾਨਕ ਨੇ ''ਧੰਨ ਨਿਰੰਕਾਰ'' ਕਹਿ ਕੇ ਆਪਣੇ ਹੱਥ ਨਾਲ ਪਹਾੜ ਦੇ ਟੁਕੜੇ ਨੂੰ ਠਲ੍ਹ ਲਿਆ।

''ਪਰ ਪਹਾੜ ਨੂੰ ਕਿਵੇਂ ਕੋਈ ਰੋਕ ਸਕਦਾ ਹੈ?'' ਮੇਰੀ ਛੋਟੀ ਭੈਣ ਨੇ ਸੁਣਦੇ ਸੁਣਦੇ ਝੱਟ ਮਾਂ ਨੂੰ ਟੋਕਿਆ।

''ਕਿਉਂ ਨਹੀਂ ਕੋਈ ਰੋਕ ਸਕਦਾ?'' ਮੈਂ ਵਿਚੋਂ ਬੋਲ ਪਿਆ, ''ਹਨੇਰੀ ਵਾਂਗ ਉਡਦੀ ਹੋਈ ਟਰੇਨ ਨੂੰ ਜੇ ਰੋਕਿਆ ਜਾ ਸਕਦਾ ਹੈ ਤਾਂ ਪਹਾੜ ਦੇ ਟੁਕੜੇ ਨੂੰ ਕਿਉਂ ਨਹੀਂ ਕੋਈ ਰੋਕ ਸਕਦਾ?'' ਤੇ ਫਿਰ ਮੇਰੀਆਂ ਅੱਖਾਂ ਵਿਚੋਂ ਛਮ ਛਮ ਅੱਥਰੂ ਵਗਣ ਲਗ ਪਏ, 'ਕਰਨੀ ਵਾਲੇ' ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੇ ਆਪਣੀ ਜਾਨ ਉਤੇ ਖੇਡ ਕੇ ਨਾ ਰੁਕਣ ਵਾਲੀ ਟਰੇਨ ਨੂੰ ਰੋਕ ਲਿਆ ਸੀ। ਤੇ ਆਪਣੇ ਭੁੱਖੇ ਭਾਣੇ ਦੇਸ਼-ਵਾਸੀਆਂ ਨੂੰ ਰੋਟੀ ਖਵਾਈ ਸੀ, ਪਾਣੀ ਪਹੁੰਚਾਇਆ ਸੀ।

## ਸਰਹਾਲ ਕਾਜ਼ੀਆਂ (ਪਿਛਲਾ ਪਿੰਡ)

**-ਮਜ਼ਹਰ ਤਿਰਮਜ਼ੀ**

ਮੋਇਆਂ ਦੀ ਇਸ ਢੇਰੀ ਤੋਂ
ਮੈਂ ਕੀ ਲੱਭਣ ਆਇਆ
ਖੋਲਿਆਂ ਅੰਦਰ ਚੁੱਪ ਉਗਦੀ ਏ
ਅੱਧੀ ਸਦੀ ਤੋਂ ਮੀਂਹ ਵਰ੍ਹਦਾ ਏ
ਢੱਠੀ ਰਸੋਈ ਤੇ
ਚੰਨ ਤਾਂ ਅਜੇ ਵੀ ਚੜ੍ਹਦਾ ਏ ਉਸ ਬਸਤੀ ਤੇ
ਕਾਂਗ ਅਜੇ ਵੀ ਬੋਲਦਾ ਏ ਕਿਸੇ ਬੰਨੇ। ਬਹਿ ਕੇ
ਭਾਵੇਂ ਗਈਆਂ ਨੇ ਮੁੜਨਾ ਨਹੀਂ।
ਉਹਦਾ ਚਿੱਤ ਏ ਸਭ ਕੁਝ ਪਹਿਲਾਂ ਵਰਗਾ ਹੋਵੇ,
'ਭਗਤੇ ਦੱਸਿਆ' ਸੁਪਨੇ ਵਰਗੀ ਗੱਲ ਲੱਗਦੀ ਏ,
ਅਜੇ ਕੱਲ ਤਾਂ ਤੁਹਾਡੇ ਬਾਬੇ ਸਾਰੇ ਐਥੇ ਸਨ
ਤਖ਼ੀਏ ਵਾਲੇ ਘਰ ਦੀ ਛੱਤ ਤੋਂ ਨੌਬਤ ਵੱਜਣੀ
'ਸੀਨੇ' ਮਰਾਸੀ ਅਲਾਹੁਣੀ ਕਹਿਣੀ
ਬਾਬੇ ਅਬਾਸ ਦੇ ਆਲਮ ਤੇ
ਆਣ ਕਬੂਤਰਾਂ ਬਹਿਣਾ
ਸਭਨਾਂ 'ਬਾਲੇ' ਪੀਰ ਨੂੰ
ਆ ਕੇ ਦੁੱਖ ਅੰਦਰ ਦਾ ਕਹਿਣਾ
ਬਿਜੜਿਆਂ ਆਹਲਣੇ ਪਾ ਲਏ ਨੇ
ਤੇਰੇ ਕਮਰੇ ਦੀ ਛੱਤ ਹੇਠਾਂ
ਅੱਕ ਉਗੇ ਨੇ ਤੇਰੇ ਵਿਹੜੇ ਅੰਦਰ ਮਾਏ
ਇਕ ਥਾਂ ਕੋਠੀ ਲੱਗੀ ਏ ਖਾਲੀ ਚਟੋਰਿਆਂ ਦੀ
ਪਿਛਲੇ ਵਰ੍ਹੇ ਉਹ
ਪਾਗਲ ਬਾਹਮਣੀ ਵੀ ਮਰ ਗਈ
ਆਪਣੇ ਭਾਣੇ ਰਾਖੀ ਕਰਨ ਲਈ
ਬੈਠੀ ਸੀ ਜੋ ਖੋਲ੍ਹਿਆਂ ਦੀ
ਸਾਹਾਂ ਦੇ ਪਿਛਾਵੇਂ ਟੁਰਦੇ ਵੇਂਦੀ ਸੀ ਹਰ ਪਾਸੇ
ਇਹ ਗੁੱਗਲ ਦੀ ਖ਼ੁਸ਼ਬੂ ਕਿਥੋਂ ਆਈ ਏ?
ਘਿਓ ਦੇ ਦੀਵੇ ਬਲਦੇ ਨੇ
ਪਾਗਲ ਬਾਹਮਣੀ ਦੀ ਆਵਾਜ਼ ਹਵਾ ਨਾਲ
ਡਿੰਗਦੀ ਢਹਿੰਦੀ
ਮੇਰੇ ਪੈਰੀਂ ਆ ਡਿੱਗਦੀ ਏ
''ਮੁੜ ਆਏ ਨੇ ਸਾਹ ਮੇਰੇ।''

## ਮਸਊਦ ਅਹਿਮਦ ਚੌਧਰੀ ਦੀਆਂ ਦੋ ਗਜ਼ਲਾਂ

(1)

ਹਵਾ ਦੇ ਹੋਠ ਤੇ ਚੇਤਰ ਤੇ ਤਜਕਰੇ ਹੋਵਣ।
ਪਲਕ ਦੀ ਸ਼ਾਖ ਤੇ ਜ਼ਖ਼ਮਾਂ ਦੇ ਫੁੱਲ ਖਿੜੇ ਹੋਵਣ।
ਕਿਵੇਂ ਨਾ ਉਨ੍ਹਾਂ ਦੀ ਸਰਦਲ 'ਤੇ ਚਾਨਣੇ ਹੋਵਣ,
ਚਿਰਾਗ ਬਣ ਕੇ ਹਨ੍ਹੇਰੇ 'ਚ ਜੋ ਜਗੇ ਹੋਵਣ।
ਜੇ ਆਰਜ਼ੂ ਨਾ ਮਿਲਣ ਦੀ ਦਿਲਾਂ ਦੇ ਵਿਚ ਪੁੰਗਰੇ,
ਕਦਮ ਕਦਮ 'ਤੇ ਕੁਦਰਤ ਦੇ ਫਾਸਲੇ ਹੋਵਣ।
ਗੁਜ਼ਰ ਗਿਆ ਖੁੱਲ੍ਹੀ ਬਾਰੀ ਦੇ ਕੋਲ ਹੀ ਸੂਰਜ,
ਖ਼ੁਦਾ ਕਰੇ ਕਿ ਨਾ ਤਿਤਲੀ ਦੇ ਪਰ ਕਾਲੇ ਹੋਵਣ।
ਕੋਈ ਤੇ ਮੈਨੂੰ ਦੁਆਵਾਂ 'ਚ ਯਾਦ ਰੱਖਦਾ ਏ,
ਪਹਾੜ ਗਮ ਦੇ ਮਿਰੇ ਸਿਰ ਤੋਂ ਜੋ ਟਲੇ ਹੋਵਣ।
ਪਰਾਂ ਨੂੰ ਲੈ ਕੇ ਉਹ ਅੰਬਰਾਂ ਨੂੰ ਉਡਦੀਆਂ ਜੱਗ ਤੇ,
ਜਦੋਂ ਸਰੀਰ 'ਚ ਚਿੜੀਆਂ ਦੇ ਹੌਂਸਲੇ ਹੋਵਣ।
ਇਹ ਕੌਣ ਨੇਜ਼ੇ ਤੇ ਫੁੱਲ ਬਣ ਕੇ ਖਿੜਿਆ ਏ 'ਮਸਊਦ'
ਕਿ ਜਿਸ ਦੇ ਜ਼ਿਕਰ ਥੀਂ ਰਸਤੇ ਮਹਿਕ ਉਠੇ ਹੋਵਣ।

(2)

ਆਪਣੇ ਸਿਰਾਂ ਨੂੰ ਦੇ ਕੇ ਕਰਜ਼ੇ ਉਤਾਰਦੇ।
ਆਉਂਦੀ ਭਲਕ ਨੂੰ ਦੇਣਗੇ ਤੁਹਫ਼ੇ ਬਹਾਰ ਦੇ।
ਧਰਤੀ ਪੁਕਾਰਦੀ ਕਦੀ ਅੰਬਰ ਪੁਕਾਰਦੇ,
ਆਪਣੇ ਲਹੂ ਦੇ ਨਾਲ ਜੋ ਗੁਲਸ਼ਨ ਨਿਖਾਰਦੇ।
ਸੱਚ ਦੀ ਅਜ਼ਾਨਬਣ ਗਏ ਪੱਥਰਾਂ 'ਤੇ ਜੋ ਨਗਰ,
ਧਰਤੀ ਨੂੰ ਉਹ ਕਦੇ ਵੀ ਨਾ ਮਨ 'ਚੋਂ ਵਿਸਾਰਦੇ।
ਜਿਸ ਨੇ ਖ਼ਿਤਾਇਆ ਮੋਤੀਆ ਕਰਬਲ ਦੀ ਖ਼ਾਕ 'ਤੇ,
ਮੈਨੂੰ ਵੀ ਉਸ ਦੇ ਇਸ਼ਕ ਦਾ ਕਿਣਕਾ ਹੁਦਾਰ ਦੇ।
ਜਾਵਣ ਘਰਾਂ ਨੂੰ ਪਰਤ ਕੇ ਇਹ ਵੀ ਖ਼ੁਸ਼ੀ ਖ਼ੁਸ਼ੀ,
ਭੋਰਾ ਕੁ ਪੰਛੀਆਂ ਨੂੰ ਵੀ ਚੋਗਾ ਖ਼ਿਲਾਰ ਦੇ।
ਉਨ੍ਹਾਂ ਨੂੰ ਵੇਲਾ ਦੇਂਦਾ ਏ ਉੜਕ ਸਲਾਮੀਆਂ,
ਪੱਕੇ ਨੇ ਜਿਹੜੇ ਕੌਲ ਦੇ, ਸੁੱਚੇ ਵਿਹਾਰ ਦੇ।
ਮਹਿਰਮ ਦਿਲ ਦਾ ਕੋਈ ਤੇ 'ਮਸਊਦ' ਮਿਲ ਪਵੇ,
ਦਿਲ ਦੀ ਰੜੀ ਜ਼ਮੀਨ ਨੂੰ ਜਿਹੜਾ ਨਿਖਾਰ ਦੇ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਅੰਦਰ ਲੰਘ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ। ਉਥੇ ਇਕ ਬਜ਼ੁਰਗ ਗ੍ਰੰਥੀ ਸਿੰਘ ਸੇਵਾ ਕਰ ਰਹੇ ਹਨ, ਉਨ੍ਹਾਂ ਨੇ ਸਾਨੂੰ ਸੰਖੇਪ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਦੱਸਿਆ। ਗ੍ਰੰਥੀ ਸਿੰਘ ਦੀ ਪੰਜਾਬੀ 'ਤੇ ਪਿਸ਼ੌਰੀ ਬੋਲੀ ਦੀ ਭਾਅ ਵੱਜਦੀ ਸੀ ਨਾ ਕਿ ਉਰਦੂ ਦੀ, ਜਿੱਦਾਂ ਲਾਹੌਰੀਆਂ ਵਿਚ ਹੈ, ਕੁਝ ਦੇਰ ਅੰਦਰ ਬੈਠ ਕੇ ਅਸੀਂ ਬਾਹਰ ਆ ਗਏ ਤੇ ਜਿਸ ਭਾਈ ਅਮਰ ਸਿੰਘ ਨੇ ਸਾਨੂੰ ਚਾਹ ਛਕਾਈ ਸੀ, ਉਸ ਨਾਲ ਗੱਲਾਂ ਕਰਨ ਲੱਗ


**ਮਝੈਲ ਸਿੰਘ ਸਰਾਂ**

ਪਏ। ਉਸ ਨੇ ਦੱਸਿਆ ਕਿ ਉਹ ਨਨਕਾਣਾ ਸਾਹਿਬ ਦਾ ਹੈ ਪਰ ਉਸ ਤੋਂ ਵੀ ਪਹਿਲਾਂ ਪਿੱਛਾ ਪਿਸ਼ਾਵਰ ਦਾ ਹੈ। ਇਥੇ ਉਹ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਹੈ ਜਿਸਨੂੰ ਤਨਖਾਹ ਪਾਕਿਸਤਾਨ ਸਰਕਾਰ ਦਾ ਔਕਾਫ ਬੋਰਡ ਦਿੰਦਾ ਹੈ। ਔਕਾਫ ਬੋਰਡ ਉਸੇ ਤਰ੍ਹਾਂ ਪਾਕਿਸਤਾਨ ਵਿਚ ਰਹਿ ਰਹੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲਦਾ ਹੈ ਜਿਵੇਂ ਸਾਡੇ ਇਧਰਲੇ ਪਾਸੇ ਵਕਫ ਬੋਰਡ। ਪਾਕਿਸਤਾਨ ਵਿਚਲੇ ਸਾਰੇ ਹੀ ਗੁਰਦੁਆਰਿਆਂ ਦੀ ਜਾਇਦਾਦ ਅਤੇ ਬਿਲਡਿੰਗਾਂ ਦਾ ਪ੍ਰਬੰਧ ਇਸੇ ਔਕਾਫ ਬੋਰਡ ਕੋਲ ਹੈ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸਰਕਾਰ ਵਲੋਂ ਹੀ ਮਿਥੇ ਸਮੇਂ ਲਈ ਲਾਏ ਜਾਂਦੇ ਹਨ ਤੇ ਪ੍ਰਧਾਨ ਆਪਣੀ ਰਜ਼ਾਮੰਦੀ ਨਾਲ ਹੀ ਬਣਾਉਂਦੇ ਹਨ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੈਡ ਆਫਿਸ ਵੀ ਗੁਰਦੁਆਰਾ ਡੇਹਰਾ ਸਾਹਿਬ ਵਿਚ ਹੀ ਹੈ। ਸਰਕਾਰ ਦੇ ਔਕਾਫ ਬੋਰਡ ਵਲੋਂ ਗੁਰਦੁਆਰਿਆਂ ਦੇ ਅੰਦਰ ਧਾਰਮਿਕ ਪ੍ਰੋਗਰਾਮਾਂ ਅਤੇ ਸਿੱਖ ਰਹਿਤ ਮਰਿਯਾਦਾ ਵਿਚ ਕੋਈ ਦਖਲ ਨਹੀਂ ਦਿੱਤਾ ਜਾਂਦਾ ਪਰ ਪੈਸੇ 'ਤੇ ਕੰਟਰੋਲ ਬੋਰਡ ਦਾ ਹੈ। ਕਮੇਟੀ ਆਪਣੇ ਸੁਝਾਅ ਬੋਰਡ ਨੂੰ ਦਿੰਦੀ ਹੈ। ਧਾਰਮਿਕ ਕੰਮਾਂ ਲਈ, ਉਸਨੇ ਦੱਸਿਆ, ਲੋੜੀਂਦਾ ਪੈਸਾ ਬੋਰਡ ਕਮੇਟੀ ਨੂੰ ਦਿੰਦਾ ਹੀ ਰਹਿੰਦਾ ਹੈ।

ਮੈਂ ਭਾਈ ਅਮਰ ਸਿੰਘ ਨੂੰ ਪੁੱਛਿਆ ਕਿ ਕੀ ਪਾਕਿਸਤਾਨ ਵਾਲੇ ਗੁਰਦੁਆਰਿਆਂ ਦਾ ਪ੍ਰਬੰਧ ਪਾਕਿਸਤਾਨ ਕਮੇਟੀ ਦੇ ਅਧੀਨ ਵਧੀਆ ਹੋ ਰਿਹਾ ਹੈ ਜਾਂ ਇਸ ਤੋਂ ਪਹਿਲਾਂ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਇੰਡੀਆ) ਸੀ, ਉਦੋਂ ਵਧੀਆ ਸੀ, ਤਾਂ ਉਸ ਨੇ ਥੋੜਾ ਝਿਜਕਦੇ ਨੇ ਕਿਹਾ ਕਿ ਹੁਣ ਬਹੁਤ ਵਧੀਆ ਹੈ। ਕਾਰਨ ਵੀ ਉਸਨੇ ਦੱਸਿਆ ਕਿ ਹੁਣ ਸਾਰੇ ਕਮੇਟੀ ਮੈਂਬਰ ਪਾਕਿਸਤਾਨ ਦੇ ਬਾਸ਼ਿੰਦੇ ਹਨ, ਉਨ੍ਹਾਂ ਨੇ ਹਰ ਰੋਜ਼ ਇਨ੍ਹਾਂ ਹੀ ਗੁਰਦੁਆਰਿਆਂ ਵਿਚ ਆਉਣਾ ਹੈ। ਉਨ੍ਹਾਂ ਨੂੰ ਫਿਕਰ ਵੀ ਇਸ ਗੱਲ ਦਾ ਹੁੰਦਾ ਹੈ ਕਿ ਗੁਰਦੁਆਰਿਆਂ ਦੇ ਅੰਦਰੂਨੀ ਧਾਰਮਿਕ ਪ੍ਰਬੰਧ ਵਿਚ ਕੋਈ ਕਮੀ ਨਾ ਰਹੇ। ਗੁਰਪੁਰਬ ਜਿਹੜੇ ਪਾਕਿਸਤਾਨ ਵਿਚ ਦੁਨੀਆਂ ਭਰ ਦੇ ਸਿੱਖਾਂ ਨੇ ਆ ਕੇ ਮਨਾਉਣੇ ਹੁੰਦੇ ਹਨ, ਉਹ ਉਸ ਦਾ ਪ੍ਰਬੰਧ ਵੀ ਸਰਕਾਰ ਨਾਲ ਮਿਲ ਕੇ ਕਈ ਦਿਨ ਪਹਿਲਾਂ ਹੀ ਸ਼ੁਰੂ ਕਰ ਦਿੰਦੇ ਹਨ। ਇਕ ਗੱਲ ਹੋਰ ਉਸਨੇ ਦੱਸੀ ਕਿ ਜਦੋਂ ਦੀ ਪਾਕਿਸਤਾਨ ਕਮੇਟੀ ਬਣੀ ਹੈ, ਉਨ੍ਹਾਂ ਨੂੰ ਬਤੌਰ ਮੁਲਾਜ਼ਮ ਤਨਖਾਹ ਵੀ ਰੈਗੂਲਰ ਤੇ ਗੁਜ਼ਾਰੇ ਮੁਤਾਬਿਕ ਠੀਕ ਮਿਲ ਰਹੀ ਹੈ ਤੇ ਲੰਗਰ ਵਿਚ ਕਿਸੇ ਵੀ ਚੀਜ਼ ਦੀ ਕਮੀ ਨਹੀਂ।

ਗੁਰਦੁਆਰਾ ਡੇਹਰਾ ਸਾਹਿਬ ਵਿਚ ਬੈਠ ਕੇ ਮਹਿਸੂਸ ਕੀਤਾ ਕਿ ਇਸ ਜਗ੍ਹਾ ਦਾ ਸਿੱਖ ਤਵਾਰੀਖ ਵਿਚ ਕਿੱਡਾ ਵੱਡਾ ਯੋਗਦਾਨ ਹੈ। ਇਹੀ ਉਹ ਥਾਂ ਹੈ ਜਿਥੋਂ ਸਿੱਖੀ ਵਿਚ ਸ਼ਹਾਦਤ ਦਾ ਮੁੱਢ ਬੱਝਾ ਤੇ ਆਉਣ ਵਾਲੇ ਸਮੇਂ ਵਿਚ ਸਿੱਖ ਦਾ ਅਗਲਾ ਸੰਤ ਸਿਪਾਹੀ ਵਾਲਾ ਰੁਤਬਾ ਸ਼ੁਰੂ ਹੋਇਆ, ਇਹੀ ਉਹ ਇਤਿਹਾਸਕ ਜਗ੍ਹਾ ਹੈ ਜਿੱਥੋਂ ਸਿੱਖ-ਸੋਚ ਵਿਚ ਭਗਤੀ ਦੇ ਨਾਲ ਸ਼ਕਤੀ ਦਾ ਰਲੇਵਾਂ ਵੀ ਪਿਆ। ਅਸੀਂ ਆਪਸ ਵਿਚ ਬੈਠੇ ਗੱਲਾਂ ਕਰ ਰਹੇ ਸਾਂ ਕਿ ਮੇਰਾ ਭਰਾ ਕਹਿਣ ਲੱਗਾ ਕਿ ਏਸ ਜਗ੍ਹਾ ਜਿੱਥੇ ਆਪਾਂ ਬੈਠੇ ਹਾਂ, ਉਦੋਂ ਰਾਵੀ ਵਗਦਾ ਹੋਣਾ ਤੇ ਜਦੋਂ ਗੁਰੂ ਅਰਜਨ ਦੇਵ ਨੂੰ ਰਾਵੀ ਵਿਚ ਉਤਾਰਿਆ ਹੋਣਾ ਉਦੋਂ ਨਾਲ ਖੜੇ ਸਿੱਖਾਂ ਨੂੰ ਇਹ ਅਹਿਸਾਸ ਹੋਣਾ ਕਿ ਗੁਰੂ ਜੀ ਹੁਣੇ ਹੀ ਬਾਹਰ ਨਿਕਲਣਗੇ, ਪਰ ਜਦੋਂ ਲੰਮਾ ਸਮਾਂ ਗੁਰੂ ਜੀ ਨਹੀਂ ਨਿਕਲੇ ਹੋਣੇ ਤਾਂ ਉਨ੍ਹਾਂ ਦੇ ਮਨ ਦੇ ਹਾਲਾਤ ਕਿਸ ਤਰ੍ਹਾਂ ਦੇ ਹੋਏ ਹੋਣਗੇ। ਪਤਾ ਨਹੀਂ ਕਿੰਨਾ ਕੁ ਚਿਰ ਟਿਕਟਿਕੀ ਲਾ ਕੇ ਪਾਣੀ ਵਲ ਦੇਖਦੇ ਰਹੇ ਹੋਣਗੇ, ਪਤਾ ਨਹੀਂ ਕਿੰਨਾ ਕੁ ਰਾਵੀ ਦਰਿਆ ਦੇ ਨਾਲ ਨਾਲ ਤੁਰੇ ਹੋਣਗੇ ਨੇ ਕਿ ਕੀ ਪਤਾ ਗੁਰੂ ਜੀ ਪਾਣੀ ਦੇ ਵਹਾਅ ਵਿਚ ਅਗਾਂਹ ਜਾ ਕੇ ਬਾਹਰ ਨਿਕਲਣਗੇ। ਜਿੱਦਾਂ-ਜਿੱਦਾਂ ਸਮਾਂ ਨਿਕਲੀ ਜਾਂਦਾ ਹੋਣਾ ਉਦਾਂ ਹੀ ਉਨ੍ਹਾਂ ਸਿੱਖਾਂ ਦੀ ਬੇਚੈਨੀ ਵੱਧਦੀ ਗਈ ਹੋਵੇਗੀ, ਇਸ ਦਾ ਅੰਦਾਜ਼ਾ ਤਾਂ ਹੀ ਲਾਇਆ ਜਾ ਸਕਦਾ ਹੈ ਜੇ ਕਿਸੇ ਇਨਸਾਨ ਦੇ ਸਾਹਮਣੇ ਉਹਦਾ ਕੋਈ ਆਪਣਾ ਦਰਿਆ ਵਿਚ ਡੁੱਬਦਾ ਹੋਵੇ। ਪਤਾ ਨਹੀਂ ਕਿਹੜੇ ਕਦਮਾਂ ਨਾਲ ਵਾਪਿਸ ਰਾਵੀ ਦਰਿਆ ਤੋਂ ਮੁੜੇ ਹੋਣੇ ਨੇ ਬਿਨਾਂ ਗੁਰੂ ਜੀ ਦੇ। ਇਹ ਗੱਲਾਂ ਉਸੇ ਥਾਂ 'ਤੇ, ਜਿਥੇ ਇਹ ਭਾਣਾ ਵਰਤਿਆ, ਬੈਠ ਕੇ ਕਰਦਿਆਂ ਦੇ ਮੱਲੋ ਮੱਲੀ ਸਾਡੇ ਮਨ ਵੀ ਸੋਗੀ ਹੋ ਗਏ।

ਇੰਨੀ ਦੇਰ ਨੂੰ ਕਾਦਿਰ ਭਾਈ, ਜਿਸ ਦੀ ਅਸੀਂ ਉਡੀਕ ਕਰ ਰਹੇ ਸਾਂ, ਉਹ ਵੀ ਕਰੋਸ਼ੀਏ ਦੀ ਕੱਢੀ ਚਿੱਟੀ ਟੋਪੀ, ਜਿੱਦਾਂ ਦੀ ਮੁਸਲਮਾਨ ਪਾਉਂਦੇ ਹਨ ਸਿਰ 'ਤੇ ਲੈ ਕੇ ਬੜੀ ਮਸਤ ਜਿਹੀ ਚਾਲ ਵਿਚ ਤੁਰਿਆ ਆਉਂਦਾ ਦਿਸਿਆ। ਇਹ ਸਾਨੂੰ ਸਾਡੇ ਕੋਲ ਖੜ੍ਹੇ ਭਾਈ ਜੀ ਨੇ ਦੱਸਿਆ। ਨੇੜੇ ਆਉਣ ਤੇ ਸਾਡੇ ਰਿਸ਼ਤੇਦਾਰ ਨੇ ਵੀ ਉਸਨੂੰ ਪਛਾਣ ਲਿਆ ਤੇ ਉਸ ਨੇ ਉਹਨੂੰ ਵੀ। ਸਾਨੂੰ ਬੜੇ ਤਪਾਕ ਨਾਲ ਮਿਲਿਆ, ਸਾਨੂੰ ਇਕੱਲੇ ਇਕੱਲੇ ਨੂੰ ਮਿਲ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਸੁੱਖ-ਸਾਂਦ ਪੁਛੀ ਕਿ ਵਾਹਗੇ ਤੋਂ ਇਥੇ ਤੱਕ ਪਹੁੰਚਣ ਵਿਚ ਕੋਈ ਦਿੱਕਤ ਤਾਂ ਨਹੀਂ ਆਈ? ਉਹ ਸਾਨੂੰ ਭਾਈ ਜਾਨ ਕਹਿ ਕੇ ਸੰਬੋਧਨ ਕਰਦਾ ਸੀ ਤੇ ਸਾਡੇ ਜੀਜਾ ਜੀ ਨੂੰ ਉਨ੍ਹਾਂ ਦੀ ਉਮਰ ਮੁਤਾਬਿਕ ਬਾਪੂ ਜੀ। ਬੜੀ ਸਿੱਧੀ ਸਾਦੀ ਜੱਟਕੀ ਪੰਜਾਬੀ ਬੋਲਦਾ ਸੀ, ਜਿਸ ਵਿਚ ਕੁਝ ਲਫਜ਼ ਉਰਦੂ ਦੇ ਸਨ ਜੋ ਸੁਣਨ ਨੂੰ ਬੜੇ ਵਧੀਆ ਲੱਗਦੇ ਸਨ ਤੇ ਸੁਣਨ ਵਾਲੇ 'ਤੇ ਪ੍ਰਭਾਵ ਵੀ ਵੱਧ ਪਾਉਂਦੇ ਸਨ। ਫਿਰ ਉਹ ਸਾਨੂੰ ਕਹਿੰਦਾ ਕਿ ਆਓ ਅੰਦਰ ਗੁਰਦੁਆਰੇ ਦੇ ਦਰਸ਼ਨ ਕਰੀਏ। ਜਦੋਂ ਅਸੀਂ ਦੱਸਿਆ ਕਿ ਅਸੀਂ ਤਾਂ ਮੱਥਾ ਟੇਕ ਆਏ ਹਾਂ, ਉਹ ਫਿਰ ਵੀ ਸਾਨੂੰ ਨਾਲ ਲੈ ਤੁਰਿਆ, ਫਿਰ ਆਪੇ ਹੀ ਕਹਿੰਦਾ ਕਿ ਆਓ ਕਮਰੇ ਵਿਚ ਹੀ ਬੈਠਦੇ ਹਾਂ।' ਅਸਲ ਵਿਚ ਇਹੋ ਕਮਰਾ ਸਾਨੂੰ ਰਹਿਣ ਲਈ ਦਿੱਤਾ ਸੀ ਤੇ ਸਾਡਾ ਸਾਮਾਨ ਵੀ ਅਸੀਂ ਅੰਦਰ ਮੱਥਾ ਟੇਕਣ ਗਏ ਇਥੇ ਰੱਖ ਗਏ ਸੀ। ਕਮਰੇ 'ਚ ਬੈਡਾਂ 'ਤੇ ਬੈਠ ਕੇ ਉਹ ਕਹਿਣ ਲੱਗਾ ਕਿ ਭਾਵੇਂ ਮੈਨੂੰ ਪਤੈ ਕਿ ਤੁਹਾਨੂੰ ਇਸ ਪਵਿੱਤਰ ਅਸਥਾਨ ਬਾਰੇ ਪਹਿਲਾਂ ਹੀ ਬਹੁਤ ਜਾਣਕਾਰੀ ਹੈ, ਪਰ ਮੇਰੇ ਮਨ ਨੂੰ ਗੁਰੂਆਂ ਦੀਆਂ ਗੱਲਾਂ ਕਰਕੇ ਜਿਹੜੀ ਸ਼ਾਂਤੀ ਮਿਲਦੀ ਹੈ, ਉਹ ਮੈਂ ਹੀ ਜਾਣਦਾਂ। ਇਹ ਗੱਲ ਇਕ ਮੁਸਲਮਾਨ ਦੇ ਮੂੰਹੋਂ ਸੁਣ ਕੇ ਉਹ ਵੀ ਟੈਕਸੀ ਵਾਲੇ ਤੋਂ, ਮੈਨੂੰ ਲੱਗਿਆ ਕਿ ਇਹ ਸਾਡੀਆਂ ਧਾਰਮਿਕ ਭਾਵਨਾਵਾਂ ਚਮਕਾਉਂਦਾ ਹੈ ਤੇ ਐਵੇਂ ਮਸਖੇ ਲਾਉਂਦਾ ਹੈ। ਸੋਚਿਆ ਸ਼ਾਇਦ ਗੱਲਾਂ ਵਿਚ ਲੈ ਕੇ ਟੈਕਸੀ ਦਾ ਮੋਟਾ ਕਿਰਾਇਆ ਭੋਟੂਗਾ।



ਅਗਲੀ ਗੱਲ ਉਹ ਕਹਿੰਦਾ ਕਿ ਬਾਬੇ ਨਾਨਕ ਨੂੰ ਤਾਂ ਸਿੱਖਾਂ ਨੇ ਮੱਲੋ ਮੱਲੀ ਆਪਣੇ ਕਬਜ਼ੇ ਵਿਚ ਲਿਆ ਹੋਇਆ, ਉਹ ਤਾਂ ਸਾਰੀ ਕਾਇਨਾਤ ਦਾ ਬਾਬਾ ਐ। ਉਹ ਕਹਿੰਦਾ ਮੈਨੂੰ ਤਾਂ ਸਭ ਕੁਝ ਬਾਬੇ ਨਾਨਕ ਦੇ ਦਰ ਤੋਂ ਮਿਲਿਆ ਏ ਤੇ ਫਿਰ ਵੀ ਜੇ ਮੈਂ ਉਹਦੀ ਸਿਫਤ-ਸਲਾਹ ਤੁਹਾਡੇ ਨਾਲ ਸਾਂਝੀ ਨਾ ਕਰਾਂ ਤਾਂ ਮੈਂ ਆਪਣੇ ਆਪ ਨੂੰ ਅਭਾਗਾ ਤੇ ਕਸੂਰਵਾਰ ਸਮਝੂੰਗਾ। ਉਹਦੀਆਂ ਥੋੜ੍ਹੀਆਂ ਜਿਹੀਆਂ ਗੱਲਾਂ ਸੁਣਨ ਤੋਂ ਹੀ ਸਾਨੂੰ ਉਹ ਟੈਕਸੀ ਡਰਾਈਵਰ ਨਾਲੋਂ ਕਿਤੇ ਵੱਧ ਸਿੱਖ ਧਰਮ ਦਾ ਪ੍ਰਚਾਰਕ ਲੱਗਾ। ਸਾਨੂੰ ਸਮਝ ਵੀ ਨਾ ਲੱਗੇ ਕਿ ਉਹ ਬੰਦਾ ਸੱਚੀਂ ਦਿਲ ਦੀ ਗੱਲ ਕਰਦਾ ਹੈ ਜਾਂ...?

ਉਸ ਵੇਲੇ ਤੱਕ ਤ੍ਰਿਕਾਲਾਂ ਪੈਣ ਵਾਲੀਆਂ ਹੋ ਗਈਆਂ ਸਨ ਤੇ ਉਸਨੇ ਸਾਡੇ ਅਗਲੇ ਪ੍ਰੋਗਰਾਮ ਬਾਰੇ ਪੁੱਛਿਆ। ਅਸਲ ਵਿਚ ਸਾਡਾ ਰਾਤ ਠਹਿਰਨ ਦਾ ਇਰਾਦਾ ਗੁਰਦੁਆਰਾ ਸ਼ਹੀਦ ਸਿੰਘ-ਸਿੰਘਣੀਆਂ ਵਿਚ ਸੀ, ਕਿਉਂਕਿ ਉਥੇ ਰਿਹਾਇਸ਼ ਇੰਗਲੈਂਡ ਵਾਲਿਆਂ ਨੇ ਬਣਾਈ ਹੋਈ ਹੈ। ਓਦਾਂ ਤਾਂ ਗੁਰਦੁਆਰੇ ਦੀ ਬਿਲਡਿੰਗ ਵੀ ਉਨ੍ਹਾਂ ਨੇ ਹੀ ਬਣਾਈ ਹੋਈ ਹੈ। ਉਹ ਗੁਰਦੁਆਰਾ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਨਹੀਂ ਹੈ, ਉਹਦਾ ਪ੍ਰਬੰਧ ਇੰਗਲੈਂਡ ਵਾਲੇ ਹੀ ਕਰਦੇ ਹਨ। ਮੇਰੇ ਭਰਾ ਨੂੰ ਇੰਗਲੈਂਡ ਵਿਚੋਂ ਹੀ ਉਸ ਕਮੇਟੀ ਦੇ ਪ੍ਰਬੰਧਕ ਨੇ ਕਿਹਾ ਸੀ ਕਿ ਉਥੇ ਚਲੇ ਜਾਇਓ। ਇਹ ਸੁਣ ਕੇ ਕਾਦਿਰ ਭਾਈ ਕਹਿੰਦਾ, "ਠੀਕ ਹੈ ਮੈਂ ਤੁਹਾਨੂੰ ਉਥੇ ਛੱਡ ਦਿੰਨਾਂ, ਉਸੇ ਵੇਲੇ ਉਸ ਨੇ ਉਥੋਂ ਦੇ ਸੇਵਾਦਾਰ ਗ੍ਰੰਥੀ ਸਿੰਘ ਨਾਲ ਫੋਨ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ। ਨਾਲੇ ਉਹ ਕਹਿੰਦਾ ਕਿ ਅਜੇ ਥੋੜ੍ਹਾ ਸਮਾਂ ਹੈਗਾ, ਜੇ ਤੁਸੀਂ ਇੰਦਾਂ ਦਾ ਭਰਮ ਨਹੀਂ ਕਰਦੇ ਤਾਂ ਮੈਂ ਤੁਹਾਨੂੰ ਸਿੱਖ ਰਾਜ ਦੀਆਂ ਕੁਝ ਉਹ ਥਾਂਵਾਂ ਦਿਖਾਉਣੀਆਂ ਚਾਹੁੰਨਾਂ ਜਿਹੜੀਆਂ ਤੁਹਾਡੇ ਕਈ ਸਿੱਖ ਯਾਤਰਾ ਤੋਂ ਬਾਅਦ ਦੇਖਦੇ ਹਨ। ਅਸੀਂ ਤਾਂ ਝੱਟ ਹਾਂ ਕਰ ਦਿਤੀ ਤੇ ਨਾਲੇ ਕਿਹਾ ਕਿ ਭਰਮ-ਭੁਰਮ ਤਾਂ ਅਸੀਂ ਲਾਗੇ ਵੀ ਨਹੀਂ ਆਉਣ ਦਿੰਦੇ। ਓਦਾਂ ਅਸੀਂ ਸੋਚਿਆ ਕਿ ਇਹੋ ਜਿਹੀ ਕਿਹੜੀ ਥਾਂ ਹੋਊਗੀ? ਫਿਰ ਸਾਨੂੰ ਨਾਲ ਲੈ ਕੇ ਗੁਰਦੁਆਰੇ ਦੇ ਉਪਰਲੇ ਪਾਸੇ ਨੂੰ ਪੌੜੀਆਂ ਚੜ੍ਹ ਗਿਆ। ਅਸਲ ਵਿਚ ਇਨ੍ਹਾਂ ਬਿਲਡਿੰਗਾਂ ਵਿਚੋਂ ਇਕ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਹੈ ਤੇ ਨਾਲ ਵਾਲੀ ਬਿਲਡਿੰਗ ਵਿਚ ਖੜਕ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਦੀਆਂ ਸਮਾਧਾਂ ਹਨ। ਇਹ ਬਿਲਡਿੰਗਾਂ ਪਾਕਿਸਤਾਨ ਪੁਰਾਤੱਤਵ ਮਹਿਕਮੇ ਕੋਲ ਹਨ, ਇਸ ਕਰਕੇ ਉਸੇ ਹਾਲਤ ਵਿਚ ਰੱਖੀਆਂ ਹੋਈਆਂ ਹਨ। ਜੇ ਕਿਤੇ ਥੋੜ੍ਹੀ ਬਹੁਤੀ ਮੁਰੰਮਤ ਦੀ ਜ਼ਰੂਰਤ ਪਈ ਵੀ ਹੈ ਤਾਂ ਉਨ੍ਹਾਂ ਦਾ ਮੂਲ ਰੂਪ ਵਿਗੜਨ ਨਹੀਂ ਦਿਤਾ। ਦਰਵਾਜ਼ੇ ਲੱਕੜ ਦੇ ਹਨ, ਇੰਨੀਆਂ ਮੋਟੀਆਂ ਚੁਗਾਠਾਂ ਮੈਂ ਨਹੀਂ ਦੇਖੀਆਂ। ਅੰਦਰ ਰਣਜੀਤ ਸਿੰਘ ਦੀ ਸਮਾਧ ਦੇਖ ਕੇ ਉਸ ਥਾਂ ਦੇ ਮਹੱਤਵ ਦਾ ਵੀ ਚੇਤਾ ਕੀਤਾ। ਖਾਮੀਆਂ ਦੇ ਬਾਵਜੂਦ ਖਾਲਸਾ ਫੌਜ ਦੇ ਮਨਾਂ ਵਿਚ ਸ਼ੇਰੇ ਪੰਜਾਬ ਦੀ ਇੰਨੀ ਕਦਰ ਸੀ ਕਿ ਇਕ ਵਾਰ ਅੰਗਰੇਜ਼ਾਂ ਤੋਂ ਹਾਰ ਖਾ ਕੇ ਇਸ ਸਮਾਧ 'ਤੇ ਆ ਕੇ ਕਸਮ ਖਾਧੀ ਸੀ ਕਿ ਤੇਰੇ ਰਾਜ ਦੀ ਸ਼ਾਨ ਲਈ ਆਖਰੀ ਸਾਹ ਤੱਕ ਲੜਾਂਗੇ ਤੇ ਸੱਚ ਕਰ ਵੀ ਦਿਖਾਇਆ ਸੀ ਪਰ ਨਤੀਜੇ ਆਪਣਿਆਂ ਦੀਆਂ ਸਾਜਿਸ਼ਾਂ ਨੇ ਉਲਟ ਪਾ ਦਿੱਤੇ ਸੀ।

ਨਾਲ ਵਾਲੀ ਬਿਲਡਿੰਗ ਵਿਚ ਦੋਵਾਂ ਪਿਉ-ਪੁੱਤਰਾਂ ਖੜਕ ਸਿੰਘ ਤੇ ਨੌਨਿਹਾਲ ਸਿੰਘ ਦੀਆਂ ਸਮਾਧਾਂ ਹਨ। ਉੱਥੇ ਕੁਝ ਲਿਖਿਆ ਹੋਇਆ ਨਹੀ ਕਿ ਕਿਹੜੀ ਕਿਸ ਦੀ ਸਮਾਧ ਹੈ। ਕਾਦਿਰ ਭਾਈ ਨੂੰ ਪੁੱਛਿਆ ਤਾਂ ਉਸ ਨੇ ਵੀ ਅਣਜਾਣਤਾ ਜ਼ਾਹਰ ਕੀਤੀ। ਇਹ ਤਿੰਨੋ ਸਮਾਧਾਂ ਅਸਲ ਵਿਚ ਫਰਸ਼ ਨਾਲੋਂ ਦੋ ਕੁ ਫੁੱਟ ਉਚੀਆਂ ਚੌਰਸ ਥੜ੍ਹੇ ਹਨ। ਇਹ ਦੋਵੇਂ ਸਮਾਧਾਂ ਵੀ ਤਾਂ ਸਾਜ਼ਿਸ਼ਕਾਰਾਂ ਦੀ ਮਿਹਰਬਾਨੀ ਸਦਕਾ ਇਕੋ ਸਮੇਂ ਬਣੀਆਂ। ਬਿਲਡਿੰਗ 'ਤੇ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ ਤੇ ਕਾਦਿਰ ਭਾਈ ਸਾਨੂੰ ਪੁਛਦਾ ਕਿ ਇਥੇ ਨਿਸ਼ਾਨ ਸਾਹਿਬ ਬਾਰੇ ਕੀ ਵਿਚਾਰ ਹੈ ਤੁਹਾਡਾ? ਮੈਂ ਤੇ ਮੇਰੇ ਭਰਾ ਨੇ ਇੱਕ ਦੂਜੇ ਵਲ ਵੇਖਿਆ ਤੇ ਸਾਨੂੰ ਕੋਈ ਜੁਆਬ ਨਹੀਂ ਅਹੁੜਿਆ। ਨਾਲੇ ਅਸੀਂ ਸੋਚਿਆ ਕਿ ਇਹਨੇ ਇਹ ਕਾਹਤੋਂ ਸਾਡੇ ਕੋਲੋਂ ਪੁਛਿਆ, ਫਿਰ ਉਹ ਆਪ ਹੀ ਕਹਿਣ ਲੱਗਾ ਕਿ ਮੈਂ ਇੱਥੇ ਨਿਸ਼ਾਨ ਸਾਹਿਬ ਲਗਾਉਣ ਦੇ ਹੱਕ

ਮੀਨਾਰ ਏ ਪਾਕਿਸਤਾਨ



ਵਿਚ ਨਹੀਂ। ਅਸੀਂ ਬੜੀ ਉਤਸੁਕਤਾ ਨਾਲ ਉਹਦੇ ਮੂੰਹ ਵਲ ਦੇਖਣ ਲੱਗ ਪਏ।

ਬੋਲਿਆ, "ਫਿਰ ਮੈਂ ਤਾਂ ਦੂਜੇ ਦੀਨ ਦਾ ਬੰਦਾ ਹਾਂ, ਪਰ ਜਦੋਂ ਕਦੀ ਕੋਈ ਸਿੱਖ ਯਾਤਰੀ ਮੇਰੇ ਨਾਲ ਆਉਂਦੇ ਹਨ ਤਾਂ ਉਨ੍ਹਾਂ ਨੂੰ ਮੈਂ ਜ਼ਰੂਰ ਕਹਿਨਾਂ ਕਿ ਇਥੇ ਨਿਸ਼ਾਨ ਸਾਹਿਬ ਨਹੀਂ ਹੋਣਾ ਚਾਹੀਦਾ ਕਿਉਂਕਿ ਨਿਸ਼ਾਨ ਸਾਹਿਬ ਸਿੱਖ ਧਰਮ ਵਿਚ ਉਸ ਜਗ੍ਹਾ 'ਤੇ ਲਗਾਇਆ ਜਾਂਦਾ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਭਾਵੇਂ ਇਨ੍ਹਾਂ ਸਮਾਧਾਂ ਦੀ ਇਤਿਹਾਸਕ ਮਹੱਤਤਾ ਬਹੁਤ ਉਚੀ ਹੈ ਪਰ ਇਥੇ ਕਦੀ ਵੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋਇਆ, ਇਸ ਕਰਕੇ ਨਿਸ਼ਾਨ ਸਾਹਿਬ ਪ੍ਰਤੀਕ ਹੈ ਗੁਰਦੁਆਰੇ ਦੀ ਹੋਂਦ ਦਾ।" ਇਸ ਕਰਕੇ ਮੜੀਆਂ ਜਾਂ ਸਮਾਧਾਂ ਤੇ ਨਿਸ਼ਾਨ ਸਾਹਿਬ ਲਾਉਣੇ ਸਿੱਖ ਧਰਮ ਦੇ ਸਿਧਾਂਤ ਤੋਂ ਉਲਟ ਲੱਗਦੇ ਹਨ। ਅਸੀਂ ਉਹਦੀ ਗੱਲ ਸੁਣ ਲਈ ਪਰ ਕੋਈ ਜੁਆਬ ਸਾਨੂੰ ਨਾ ਲੱਭਾ।

ਜਦੋਂ ਅਸੀਂ ਸਮਾਧਾਂ ਦੇਖ ਕੇ ਮੁੜਨ ਲੱਗੇ ਤਾਂ ਉਸਨੂੰ ਪੁੱਛਿਆ ਕਿ ਤੂੰ ਪਹਿਲਾਂ ਇਹ ਕਾਹਤੋਂ ਸਾਨੂੰ ਕਿਹਾ ਸੀ ਕਿ ਜੇ ਕੋਈ ਭਰਮ ਨਹੀਂ ਤਾਂ ਮੈਂ ਤੁਹਾਨੂੰ ਸਿੱਖ ਰਾਜ ਦੀਆਂ ਖਾਸ ਥਾਵਾਂ ਦਿਖਾਨਾਂ? ਕਹਿੰਦਾ, ਬਹੁਤੇ ਸਿੱਖ ਜੋ ਯਾਤਰਾ ਤੇ ਆਉਂਦੇ ਨੇ, ਉਹ ਪਹਿਲਾਂ ਸਿਰਫ ਗੁਰੂਘਰਾਂ ਦੇ ਹੀ ਦਰਸ਼ਨ ਕਰਨਾ ਚਾਹੁੰਦੇ ਹਨ। ਉਨ੍ਹਾਂ ਨੂੰ ਸਿੱਖ ਰਾਜ ਦੀਆਂ ਘਟਨਾਵਾਂ ਵਾਲੀਆਂ ਥਾਵਾਂ ਨਾਲ ਬਹੁਤਾ ਲਗਾਓ ਨਹੀਂ ਹੁੰਦਾ, ਬੱਸ ਹਰੇਕ ਜਗ੍ਹਾ ਤੇ ਮੱਥੇ ਹੀ ਟੇਕੀ ਜਾਂਦੇ ਹਨ। ਕਈ ਤਾਂ ਇਨ੍ਹਾਂ ਸਮਾਧਾਂ ਤੇ ਵੀ ਪੈਸੇ ਰੱਖ ਕੇ ਮੱਥਾ ਟੇਕਣ ਲੱਗ ਪੈਂਦੇ ਹਨ। ਉਹਦੀ ਗੱਲ ਵਿਚ ਸਾਨੂੰ ਵਜ਼ਨ ਲੱਗਾ ਕਿ ਇਹ ਬੰਦਾ ਸਾਡੀ ਸਿੱਖ ਮਨੋਦਸ਼ਾ ਨੂੰ ਕਿੰਨਾ ਸਮਝ ਚੁੱਕਾ ਹੈ ਪਰ ਕੀ ਬਣੇ ਜੇ ਇਹਨੂੰ ਦੱਸੀਏ ਕਿ ਸਿੱਖਾਂ ਨੇ ਤਾਂ ਚੜ੍ਹਦੇ ਪੰਜਾਬ ਵਿਚ ਥਾਂ-ਥਾਂ ਤੇ ਜਠੇਰੇ ਬਣਾ ਕੇ ਨਿਸ਼ਾਨ ਸਾਹਿਬ ਵੀ ਝੁਲਾਏ ਹੋਏ ਹਨ, ਉਥੇ ਜਠੇਰਿਆਂ ਦਾ ਮੇਲਾ ਤਾਂ ਗੁਰਪੁਰਬਾਂ ਨਾਲੋਂ ਵੀ ਵੱਧ ਸ਼ਰਧਾ ਨਾਲ ਸਿੱਖ ਹੀ ਮਨਾਉਂਦੇ ਹਨ।

ਰਹੀ ਗੱਲ ਮੱਥੇ ਟੇਕਣ ਵਾਲੀ, ਉਹ ਤਾਂ ਪਾਕਿਸਤਾਨ ਦਾ ਹੀ ਇਕ ਬੰਦਾ ਬਾਹਰ ਅਮਰੀਕਾ ਵਿਚ ਗੁਰੂ ਗੋਬਿੰਦ ਸਿੰਘ ਵਲੋਂ ਉਹਦੇ ਬਜ਼ੁਰਗਾਂ ਨੂੰ ਬਖਸ਼ਿਆ ਗੰਗਾਸਾਗਰ ਲਿਜਾ ਕੇ, ਉਥੇ ਗੁਰਦੁਆਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਰੱਖ ਕੇ ਜਦੋਂ ਦਰਸ਼ਨ ਕਰਾਉਂਦਾ ਹੈ ਤਾਂ ਅਸੀਂ ਸਿੱਖ ਪਹਿਲਾਂ ਉਹਦੇ ਕੋਲ ਡਾਲਰ ਰੱਖਦੇ ਹਾਂ, ਫਿਰ ਮੱਥਾ ਉਸ ਗੰਗਾ ਸਾਗਰ ਨੂੰ ਟੇਕਦੇ ਹਾਂ। ਗੁਰੂ ਗ੍ਰੰਥ ਸਾਹਿਬ ਨਾਲੋਂ ਵੱਧ ਸ਼ਰਧਾ ਭਾਵਨਾ ਉਸ ਗੰਗਾਸਾਗਰ ਨਾਮਕ ਭਾਂਡੇ ਵਿਚ ਦਿਖਾਉਂਦੇ ਹਾਂ। ਇਹ ਵਿਸਾਰ ਜਾਂਦੇ ਹਾਂ ਕਿ ਜਿਸ ਗੁਰੂ ਦਾ ਇਹ ਗੰਗਾਸਾਗਰ ਹੈ, ਉਹਨੇ ਤਾਂ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੋਰ ਕਿਤੇ ਮੱਥੇ ਟੇਕਣ ਨੂੰ ਹੀ ਤਾਂ ਬਿਪਰਵਾਦ ਕਿਹਾ ਸੀ।

ਇਨ੍ਹਾਂ ਸਮਾਧਾਂ ਦੀ ਇਮਾਰਤ ਦੇ ਥੱਲੇ ਗੁਰਦੁਆਰਾ ਡੇਹਰਾ ਸਾਹਿਬ ਹੈ, ਉਪਰ ਸ਼ਾਹੀ ਕਿਲੇ ਦਾ ਮੁੱਖ ਗੇਟ ਹੈ, ਉਥੇ ਖੜ੍ਹ ਕੇ ਡੇਹਰਾ ਸਾਹਿਬ ਦੇ ਪੱਛੋਂ ਵਾਲੇ ਪਾਸੇ ਜੀ.ਟੀ. ਰੋਡ ਹੈ, ਜੋ ਪਿਸ਼ਾਵਰ ਨੂੰ ਜਾਂਦੀ ਹੈ। ਜੀ.ਟੀ. ਰੋਡ ਦੇ ਕੰਢੇ ਤੇ ਇਕ ਵੱਡਾ ਸੋਹਣਾ ਪਾਰਕ ਬਣਿਆ ਹੋਇਆ, ਜਿਸ ਵਿਚ ਮੀਨਾਰ-ਏ-ਪਾਕਿਸਤਾਨ, ਜੋ ਕਾਫੀ ਉਚਾ ਹੈ, ਖੜ੍ਹਾ ਦਿਖਾਈ ਦਿੰਦਾ ਹੈ। ਉਸ ਵੇਲੇ ਅਜੇ ਹਨ੍ਹੇਰਾ ਨਹੀਂ ਸੀ ਤੇ ਕਾਦਿਰ ਭਾਈ ਨੇ ਦੱਸਿਆ ਕਿ ਰਾਤ ਵੇਲੇ ਇਹਦੀਆਂ ਸਭ ਲਾਈਟਾਂ ਜਗ ਜਾਂਦੀਆਂ ਹਨ ਤੇ ਇਹਦਾ ਜਲਵਾ ਆਪਣਾ ਹੀ ਹੁੰਦਾ ਹੈ। ਇਹ ਮੀਨਾਰ-ਏ-ਪਾਕਿਸਤਾਨ ਉਸ ਜਗ੍ਹਾ ਤੇ ਬਣਾਇਆ ਗਿਆ ਜਿੱਥੇ 1940 ਵਿਚ ਮੁਸਲਿਮ ਲੀਗ ਦੀ ਇਕ ਵੱਡੀ ਕਾਨਫਰੰਸ ਹੋਈ ਸੀ। ਜਿਸ ਵਿਚ ਪਹਿਲੀ ਵਾਰੀ ਵੱਖਰੇ ਮੁਲਕ ਪਾਕਿਸਤਾਨ ਦਾ ਮਤਾ ਪਾਸ ਕੀਤਾ ਗਿਆ ਸੀ ਤੇ ਪਾਕਿਸਤਾਨ ਬਣਨ ਉਪਰੰਤ ਇਸੇ ਜਗ੍ਹਾ ਨੂੰ ਯਾਦਗਾਰੀ ਰੱਖਣ ਲਈ ਮੀਨਾਰ-ਏ-ਪਾਕਿਸਤਾਨ ਬਣਾਇਆ ਗਿਆ।

ਇਸ ਤੋਂ ਬਾਅਦ ਅਸੀਂ ਕਾਦਿਰ ਭਾਈ ਨਾਲ ਗੁਰਦੁਆਰੇ ਥੱਲੇ ਆ ਗਏ। ਉਹ ਸਾਨੂੰ ਗੁਰਦੁਆਰੇ ਤੋਂ ਬਾਹਰ ਲਿਆ ਕੇ ਸ਼ਾਹੀ ਕਿਲੇ ਦੀ ਬਾਹਰੀ ਦੀਵਾਰ ਦਿਖਾਉਂਦਾ ਇਕ ਗੁੰਬਦ ਵਲ ਉਂਗਲ ਕਰਕੇ ਦੱਸਣ ਲਗਾ ਕਿ ਉਸ ਵਲ ਦੇਖੋ। ਫਿਰ ਕਹਿੰਦਾ ਇਹ ਉਹੋ ਥਾਂ ਹੈ ਜਿਥੇ ਇਕ-ਇਕ ਕਰਕੇ ਭਾਈ ਬਿਧੀ ਚੰਦ ਨੇ ਦੋ ਕਾਬਲੀ ਘੋੜਿਆਂ ਗੁਲਬਾਗ ਤੇ ਦਿਲਬਾਗ ਦੀਆਂ ਪਿੱਠਾਂ ਤੇ ਬਹਿ ਕੇ ਏਨੀ ਉਚਾਈ ਤੋਂ ਰਾਵੀ ਦਰਿਆ ਵਿਚ ਛਾਲ ਮਾਰਕੇ, ਦੋਵੇਂ ਘੋੜੇ ਗੁਰੂ ਹਰਗੋਬਿੰਦ ਸਾਹਿਬ ਦੇ ਜਾ ਪੇਸ਼ ਕੀਤੇ। ਅਸੀਂ ਪਲ ਦੀ ਪਲ ਗੁੰਬਦ ਦੀ ਉਚਾਈ ਅਤੇ ਥੱਲੇ, ਜਿੱਥੇ ਹੁਣ ਸੜਕ ਬਣੀ ਹੋਈ ਹੈ, ਰਾਵੀ ਦਾ ਵਗਦਾ ਪਾਣੀ ਚਿਤਵ ਕੇ ਭਾਈ ਬਿਧੀ ਚੰਦ ਦੇ ਕਾਰਨਾਮੇ ਤੇ ਰਸ਼ਕ ਮਹਿਸੂਸ ਕੀਤਾ। ਤਾਹੀਉਂ ਛੇਵੇਂ ਪਾਤਸ਼ਾਹ ਨੇ ਕਿਹਾ ਹੋਣਾ "ਬਿਧੀ ਚੰਦ ਛੀਨਾ ਗੁਰੂ ਕਾ ਸੀਨਾ"। ਹੁਣ ਸਾਨੂੰ ਕਾਦਿਰ ਭਾਈ ਹੋਰ ਵੀ ਵਧੀਆ ਲੱਗਿਆ ਕਿਉਂਕਿ ਇਹ ਜਾਣਕਾਰੀ ਸਾਨੂੰ ਕਿਸੇ ਨੇ ਵੀ ਨਹੀਂ ਸੀ ਦੇਣੀ।

ਅੱਗੋਂ ਉਹ ਸ਼ਾਹੀ ਕਿਲੇ ਬਾਰੇ ਦੱਸਦਾ ਅੱਗੇ ਨੂੰ ਲੈ ਤੁਰਿਆ। ਉਹ ਸੜਕ ਕਾਫੀ ਚੌੜੀ ਹੈ ਤੇ ਪੁਲਿਸ ਵੀ ਕਾਫੀ ਦਿਖਾਈ ਦਿੰਦੀ ਸੀ। ਲੋਕਾਂ ਦੀ ਪੈਦਲ ਆਵਾਜਾਈ ਬਹੁਤ ਸੀ ਕਿਉਂਕਿ ਉਪਰ ਕਿਲੇ ਦੇ ਮੁੱਖ ਗੇਟ ਤੱਕ ਕੋਈ ਵੀ ਕਾਰ ਨਹੀਂ ਜਾਣ ਦਿੰਦੇ। ਤੁਰਿਆ ਜਾਂਦਾ ਹੀ ਉਹ ਸਾਨੂੰ ਦੱਸਣ ਲੱਗਾ ਕਿ ਅੱਜ ਕਿਲ੍ਹੇ ਅੰਦਰ, ਪੰਜਾਬ ਦਾ ਮੁੱਖ ਮੰਤਰੀ ਅਤੇ ਕੇਂਦਰ ਦੇ ਕਿਸੇ ਮੰਤਰੀ ਦਾ ਨਾਂ ਦੱਸਿਆ, ਮੀਟਿੰਗ ਕਰ ਰਹੇ ਹਨ, ਇਸ ਕਰਕੇ ਪੁਲਿਸ ਜਿਆਦਾ ਹੈ। ਉਹ ਮੀਟਿੰਗ ਤਿੰਨ ਕੁ ਦਿਨ ਪਹਿਲਾਂ ਹੀ ਲਾਹੌਰ ਵਿਚ ਹੋਏ ਬੰਬ ਧਮਾਕੇ ਦੇ ਸੰਬੰਧ ਵਿਚ ਹੋ ਰਹੀ ਸੀ। ਮੈਨੂੰ ਹੈਰਾਨੀ ਹੋਈ ਕਿ ਪੰਜਾਬ ਦਾ ਮੁੱਖ ਮੰਤਰੀ ਤੇ ਕੇਂਦਰ ਦਾ ਮੰਤਰੀ, ਨਾਲ ਹੀ ਸਾਰੇ ਸਟੇਟ ਦੀ ਸਿਵਲ ਪ੍ਰਸ਼ਾਸਨ ਅੰਦਰ ਹੈ ਪਰ ਲੋਕੀਂ ਆਮ ਵਾਂਗ ਹੀ ਆ ਜਾ ਰਹੇ ਸਨ। ਇਥੋਂ ਤੱਕ ਕਿ ਸਾਨੂੰ ਕਿਸੇ ਵੀ ਸੁਰੱਖਿਆ ਵਾਲੇ ਨੇ ਸਰਦਾਰ ਹੋਣ ਨਾਤੇ ਰੋਕਣਾ ਜਾਂ ਕੁਝ ਪੁੱਛਣਾ ਤਾਂ ਇਕ ਪਾਸੇ ਰਿਹਾ, ਸਗੋਂ ਕਈਆਂ ਨੇ ਦੁਆ-ਸਲਾਮ ਕੀਤੀ। ਸਾਨੂੰ 3 ਸਿੱਖਾਂ ਨੂੰ ਲੋਕੀਂ ਬੜੇ ਖੁਸ਼ ਹੋ ਕੇ ਦੇਖ ਰਹੇ ਸਨ ਤੇ ਕਈ ਆਪਣੇ ਬੱਚਿਆਂ ਨੂੰ ਵੀ ਕੁਝ ਸਾਡੇ ਬਾਰੇ ਦਸ ਰਹੇ ਲਗਦੇ ਸਨ। ਇਕ ਆਦਮੀ ਦੂਰੋਂ ਹੀ ਹਸਦਾ-ਹਸਦਾ ਸਾਡੇ ਵਲ ਨੂੰ ਆ ਗਿਆ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਸਾਡੇ ਨਾਲ ਹੱਥ ਮਿਲਾਇਆ ਤੇ ਹਾਲ-ਚਾਲ ਪੁੱਛਣ ਲੱਗਾ। ਜ਼ਰਾ ਕੁ ਬਾਅਦ ਹੀ ਉਹ ਆਪਣੇ ਦੋਹਾਂ ਨਿਆਣਿਆਂ-ਇਕ ਲੜਕਾ 5 ਕੁ ਸਾਲ ਦਾ ਲੱਗਦਾ ਸੀ ਤੇ ਛੋਟੀ ਬੇਟੀ 3-4 ਸਾਲ ਦੀ ਹੋਣੀ ਹੈ, ਨੂੰ ਲਿਆ ਕੇ ਕਹਿੰਦਾ, "ਬੇਟਾ ਸਰਦਾਰ ਜੀ ਨੂੰ ਸਲਾਮ ਬੋਲੋ।" ਤਾਂ ਦੋਵਾਂ ਨੇ ਇਕੱਠਿਆਂ ਨੇ ਹੀ ਸਲਾਮਾ ਲੇਕਮ ਬੋਲਿਆ। ਬੱਚੀ ਨੂੰ ਉਸ ਉਪਰ ਚੁੱਕਿਆ ਤਾਂ ਉਹ ਆਪਣਾ ਹੱਥ ਸਾਡੇ ਵਲ ਨੂੰ ਮਿਲਾਉਣ ਨੂੰ ਕਰੇ। ਬੜੀ ਹੀ ਪਿਆਰੀ ਲੱਗੀ। ਅਸੀਂ ਉਸ ਦੇ ਨਿੱਕੇ ਜਿਹੇ ਹੱਥ ਨੂੰ ਦੋਵਾਂ ਹੱਥਾਂ 'ਚ ਲਿਆ ਤੇ ਸਿਰ 'ਤੇ ਹੱਥ ਰੱਖ ਕੇ ਪਿਆਰ ਦਿੱਤਾ।

*(ਬਾਕੀ ਅਗਲੇ ਅੰਕ 'ਚ)*

## ਮੂੰਹ ਆਈ ਬਾਤ



# ਧੀ, ਪੁੱਤ ਤੇ ਰੰਬਾ ਤਿੰਨੇ ਚੰਡੇ ਚੰਗੇ ਹੁੰਦੇ ਨੇ

ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਮੈਂ ਅੱਜ ਵੀ ਜਦੋਂ ਕਿਸੇ ਛੋਟੇ ਬੱਚੇ ਨੂੰ ਆਪਣੀ ਦਾਦੀ ਮਾਂ ਨਾਲ ਲਾਡ ਪਿਆਰ ਕਰਦੇ ਵੇਖਦਾ ਹਾਂ ਤਾਂ ਮੈਨੂੰ ਮੇਰੀ ਅਣਦੇਖੀ ਦਾਦੀ ਮਾਂ ਯਾਦ ਆ ਜਾਂਦੀ ਹੈ। ਦਾਦੀ ਮਾਂ ਦੇ ਵਿਛੋੜੇ ਦੀ ਚੀਸ ਮੇਰੇ ਸੀਨੇ ਵਿਚ ਖੰਜਰ ਬਣ ਖੁੱਭ ਜਾਂਦੀ ਹੈ। ਮੈਂ ਅਭਾਗੇ ਨੇ ਆਪਣੀ ਦਾਦੀ ਮਾਂ ਵੇਖੀ ਨਹੀਂ। ਉਹ ਵਿਚਾਰੀ ਤਾਂ ਮੇਰੇ ਪਿਤਾ ਦੇ ਮੰਗਣੇ ਤੋਂ ਬਾਅਦ ਹੀ ਰੱਬ ਨੂੰ ਪਿਆਰੀ ਹੋ ਗਈ। ਦਾਦੀ ਮਾਂ ਦੇ ਸਾਰੇ ਚਾਅ ਅਰਮਾਨ ਚਾਰ ਮਣ ਲੱਕੜਾਂ ਵਿਚ ਸੜ ਕੇ ਸੁਆਹ ਹੋ ਗਏ। ਪੰਜ ਪੁੱਤਰਾਂ ਦੀ ਮਾਂ ਇਕ ਵੀ ਪੁੱਤ ਦੇ ਵਿਆਹ ਦੇ ਚਾਅ ਸ਼ਗਨ ਨਾ ਮਨਾ ਸਕੀ। ਪਿਤਾ ਜੀ ਦੇ ਮੰਗਣੇ ਤੇ ਦੋਸਤਾ ਲੈ ਕੇ ਪਿਤਾ ਨੂੰ ਗੁੜ ਦਾ ਸ਼ਗਨ ਦੇ ਕੇ ਹੀ ਆਪਣੇ ਸਾਰੇ ਚਾਅ ਪੂਰੇ ਕਰ, ਬਾਕੀ ਖੁਸ਼ੀਆਂ ਅਧੂਰੀਆਂ ਹੀ ਛੱਡ ਗਈ। ਦਾਦੀ ਮਾਂ ਨੂੰ ਕਿਸੇ ਭਿਆਨਕ ਬਿਮਾਰੀ ਨੇ ਦਿਨਾਂ ਵਿਚ ਹੀ ਮੁਕਾ ਦਿੱਤਾ। ਮੇਰੇ ਪਿਤਾ ਜੀ ਦਾਦੀ ਮਾਂ ਨੂੰ ਮੋਢਿਆਂ 'ਤੇ ਬਿਠਾ ਕੇ ਸਾਡੇ ਲਾਗਲੇ ਸ਼ਹਿਰ ਸੁਧਾਰ ਪ੍ਰੇਮਜੀਤ ਮੈਮੋਰੀਅਲ ਹਸਪਤਾਲ ਲੈ ਕੇ ਜਾਂਦੇ ਸਨ। ਬਹੁਤ ਇਲਾਜ ਕਰਵਾਇਆ ਪਰ ਕੋਈ ਵੀ ਦਾਦੀ ਮਾਂ ਦੇ ਸਾਹਾਂ ਦੀ ਪੂੰਜੀ ਵਧਾ ਨਾ ਸਕਿਆ। ਅੱਜ ਤੱਕ ਵੀ ਦਾਦੀ ਮਾਂ ਦੇ ਪੇਕੇ ਕਹਿੰਦੇ ਨੇ ਕਿ ਅਸੀਂ ਦਾਦੀ ਮਾਂ ਦਾ ਇਲਾਜ ਨਹੀਂ ਕਰਵਾਇਆ। ਭਲਾ ਸੋਚੀਏ ਕਿ ਕੌਣ ਆਪਣੇ ਮਾਤਾ-ਪਿਤਾ ਨੂੰ ਇਲਾਜ ਪੱਖੋਂ ਮਰਨ ਦੇਵੇਗਾ। ਪਿਤਾ ਜੀ ਦੇ ਦੱਸਣ ਅਨੁਸਾਰ ਇਲਾਜ ਦੀ ਕੋਈ ਕਸਰ ਨਹੀਂ ਛੱਡੀ ਸੀ ਪਰ ਰੱਬ ਦੀਆਂ ਲਿਖੀਆਂ ਨੂੰ ਕੋਈ ਮਿਟਾ ਨਹੀਂ ਸਕਦਾ।

ਦਾਦੀ ਜੀ ਦੇ ਭਰਾ ਜਦੋਂ ਮਿਲਣ ਆਉਂਦੇ ਸਨ ਤਾਂ ਜਾਂਦੇ ਹੋਏ ਦਾਦੀ ਜੀ ਨੂੰ ਇਕ ਚਾਂਦੀ ਦਾ ਰੁਪਿਆ ਦੇ ਜਾਂਦੇ। ਦਾਦੀ ਮਾਂ ਭਰਾਵਾਂ ਦੀ ਨਿਸ਼ਾਨੀ ਸਮਝ ਸੰਦੂਕ ਵਿਚ ਰੱਖ ਦਿੰਦੀ। ਜਿਸ ਦਿਨ ਦਾਦੀ ਮਾਂ ਦਾ ਆਖਰੀ ਦਿਨ ਸੀ, ਮੇਰੇ ਪਿਤਾ ਜੀ ਤੇ ਚਾਚਾ ਜੀ ਨੂੰ ਕੋਲ ਬਿਠਾ ਕੇ ਦੱਸਿਆ ਕਿ ਮੇਰੇ ਕੋਲੇ ਚਾਂਦੀ ਦੇ ਨੱਬੇ ਰੁਪਏ ਹਨ। ਤੁਸੀਂ ਮੇਰੇ ਮਰਨ ਤੋਂ ਪਿੱਛੋਂ ਸਾਰਿਆਂ ਨੇ ਬਰਾਬਰ ਵੰਡ ਲੈਣੇ। ਮੇਰੇ ਵਲੋਂ ਇਹ ਤੁਹਾਡੇ ਵਿਆਹਾਂ ਦਾ ਸ਼ਗਨ ਹੈ। ਦਾਦੀ ਮਾਂ ਨੇ ਖੁਦ ਸੰਦੂਕ ਖੁਲ੍ਹਵਾਇਆ, ਸੰਦੂਕ ਦੇਖ ਕੇ ਪਿਤਾ ਜੀ ਭੁੱਬਾਂ ਮਾਰ ਕੇ ਰੋਣ ਲੱਗ ਪਏ। ਸੰਦੂਕ ਸਾਰਾ ਭਰਿਆ ਹੋਇਆ ਸੀ ਪਰ ਅੰਦਰ ਜਗ੍ਹਾ ਅਜੇ ਵੀ ਵਧੇਰੇ ਸੀ ਕਿਸੇ ਸਿਆਣੇ ਬਜਾਜ ਵਾਂਗ ਸੰਦੂਕ ਬਹੁਤ ਚੰਗੀ ਤਰ੍ਹਾਂ ਸਜਾਇਆ ਹੋਇਆ ਸੀ। ਦਾਦੀ ਜੀ ਬਹੁਤ ਜ਼ਿਆਦਾ ਸਚਿਆਰੇ ਸਨ ਉਹ ਆਪਣੇ ਹੱਥੀਂ ਸੂਈ ਧਾਗੇ ਨਾਲ ਨਵੇਂ ਕੱਪੜੇ ਸਿਊਂ ਲੈਂਦੇ ਸਨ। ਦਾਦੀ ਮਾਂ ਨੇ ਚਾਂਦੀ ਦੇ ਰੁਪਏ ਪਿਤਾ ਜੀ ਨੂੰ ਫੜਾ ਦਿੱਤੇ। ਮਾਤਾ ਜੀ ਵਾਸਤੇ ਵਿਆਹ ਲਈ ਬਣਾਇਆ ਸੂਟ ਤੇ ਆਪਣੇ ਕਾਂਟੇ ਪਿਤਾ ਜੀ ਦੇ ਹੱਥ ਰੱਖ ਕੇ ਇੰਨਾ ਹੀ ਕਹਿ, ਪੁੱਤ ਆਪਣੀ ਇੰਨੀ ਹੀ ਸਾਂਝ ਸੀ, ਆਪਣੀ ਭੈਣ ਤੇ ਭਰਾਵਾਂ ਦਾ ਖਿਆਲ ਰੱਖੀਂ, ਦਾਦੀ ਮਾਂ ਪਿਤਾ ਜੀ ਦੇ ਹੱਥਾਂ ਵਿਚ ਹੀ ਲੁੜਕ ਗਈ। ਸਾਰੇ ਜਣੇ ਦਾਦੀ ਮਾਂ ਦੁਆਲੇ ਬੈਠ ਕੇ ਰੋਣ ਲੱਗ ਗਏ। ਅੱਜ ਵੀ ਪਿਤਾ ਜੀ ਦਾਦੀ ਮਾਂ ਦੀਆਂ ਗੱਲਾਂ ਸੁਣਾਉਂਦੇ ਕਈ ਵਾਰ ਰੋਂਦੇ ਨੇ, ਮੈਨੂੰ ਦਾਦੀ ਮਾਂ ਦੀਆਂ ਗੱਲਾਂ ਸੁਣ ਕੇ ਜਿਵੇਂ ਦਾਦੀ ਮਾਂ ਦੀ ਬੁੱਕਲ ਦਾ ਨਿੱਘ ਮਿਲਦਾ ਹੋਵੇ।

ਪਿਤਾ ਜੀ ਦਾ ਵਿਆਹ ਮੰਗਣੇ ਤੋਂ ਦੋ ਸਾਲ ਬਾਅਦ ਹੋਇਆ। ਸਾਰੇ ਪਰਿਵਾਰ ਦੀ ਰੋਟੀ ਮੇਰੀ ਭੂਆ ਜੀ ਜੋ ਉਸ ਸਮੇਂ ਬਾਰਾਂ ਸਾਲ ਦੇ ਸਨ, ਪਕਾਉਂਦੇ ਸਨ। ਪਿਤਾ ਜੀ ਦੇ ਦਿਲ ਵਿਚੋਂ ਦਾਦੀ ਮਾਂ ਦੀ ਮੌਤ ਦਾ ਸਦਮਾ ਨਿਕਲ ਨਹੀਂ ਸੀ ਰਿਹਾ। ਫਿਰ ਸਾਰਿਆਂ ਨੇ ਜ਼ੋਰ ਦੇ ਕੇ ਵਿਆਹ ਲਈ ਰਾਜ਼ੀ ਕੀਤਾ। ਪਿਤਾ ਜੀ ਨੇ ਵਿਆਹ ਤਾਂ ਕਰਵਾਇਆ ਪਰ ਆਪਣੀ ਮਾਂ ਦੀ ਘਾਟ ਹਰ ਥਾਂ ਰੜਕਦੀ ਰਹੀ। ਵਿਆਹ ਤੋਂ ਬਾਅਦ ਪਿਤਾ ਜੀ ਨੇ ਦਾਦੀ ਮਾਂ ਵਲੋਂ ਆਪਣੇ ਹੱਥੀਂ ਬਣਾਇਆ ਉਹ ਸੂਟ ਜਦੋਂ ਮਾਤਾ ਜੀ ਨੂੰ ਫੜਾਇਆ ਤਾਂ ਉਚੀ ਉਚੀ ਧਾਹਾਂ ਮਾਰ ਕੇ ਰੋਂਦੇ ਚਾਰ ਘਰਾਂ ਵਿਚ ਸੁਣਦੇ ਸੀ। ਮੇਰੀ ਮਾਤਾ ਨੇ ਅਣਦੇਖੀ ਸੱਸ ਦਾ ਦਿੱਤਾ ਪਿਆਰ ਅੱਜ ਆਪਣੇ ਸੰਦੂਕ ਦਾ ਸ਼ਿੰਗਾਰ ਬਣਾਇਆ ਹੋਇਆ ਹੈ। ਮਾਤਾ ਜੀ ਕਹਿੰਦੇ ਨੇ ਮੈਂ ਮਰਨ ਤੋਂ ਪਹਿਲਾਂ ਇਹ 6 ਸੂਟ ਆਪਣੀ ਨੂੰਹ ਦੀ ਪੇਟੀ ਦਾ ਸ਼ਿੰਗਾਰ ਬਣਿਆ ਵੇਖਣਾ ਚਾਹੁੰਦੀ ਹਾਂ। ਮੈਂ ਅੱਜ ਵੀ ਆਪਣੇ ਪਿਤਾ ਜੀ ਤੋਂ ਪੁੱਛਦਾ ਹਾਂ ਕਿ ਤੁਸੀਂ ਮੇਰੀ ਮਾਤਾ ਤੇ ਦਾਦੀ ਮਾਂ ਦਾ ਆਪਸ ਵਿਚ ਮੇਲ ਕਿਉਂ ਨਹੀਂ ਕਰਵਾਇਆ। ਪਿਤਾ ਜੀ ਦੱਸਦੇ ਹਨ ਰਿਵਾਜ਼ ਅਨੁਸਾਰ ਨੂੰਹ ਸੱਸ ਵਿਆਹ ਤੋਂ ਪਹਿਲਾਂ ਇਕ ਦੂਜੇ ਦੇ ਮੱਥੇ ਨਹੀਂ ਸੀ ਲੱਗਦੀਆਂ। ਮੇਰੇ ਮਾਤਾ ਜੀ ਵੀ ਦਾਦੀ ਮਾਂ ਨੂੰ ਬਹੁਤ ਯਾਦ ਕਰਦੇ ਹਨ।



ਮਾਤਾ ਜੀ ਕਹਿੰਦੇ ਹਨ, ਮੇਰੀ ਸੱਸ ਨੂੰ ਪਰਮਾਤਮਾ ਨੇ ਪੰਜ ਪੁੱਤ ਬਖਸ਼ੇ ਪਰ ਮੈਂ ਤੇਰਾ ਮੁੱਖ ਪਤਾ ਨਹੀਂ ਕਿੰਨੇ ਤੀਰਥ, ਪੁੰਨ ਦਾਨ ਕਰਨ ਤੋਂ ਬਾਅਦ ਵੇਖਿਆ। ਮੇਰੇ ਨਾਲੋਂ ਦੋ ਵੱਡੇ ਭਰਾ ਜਨਮ ਲੈਣ ਬਾਅਦ ਹੀ ਰੱਬ ਨੂੰ ਪਿਆਰੇ ਹੋ ਗਏ ਸਨ। ਮੇਰੇ ਜਨਮ ਦੀ ਮੇਰੇ ਪੰਜ ਮਾਮਿਆਂ ਤੇ ਚਾਰ ਚਾਚਿਆਂ ਨੇ ਜ਼ਿਆਦਾ ਖੁਸ਼ੀ ਮਨਾਈ ਸੀ। ਦੋਵੇਂ ਪਾਸੇ ਹੀ ਮੈਂ ਪਹਿਲਾ ਬੱਚਾ ਸਾਂ। ਬੜੇ ਪਿਆਰ ਲਾਡ ਨਾਲ ਮੇਰਾ ਪਾਲਣ-ਪੋਸ਼ਣ ਹੋਇਆ। ਜਿੱਥੇ ਮੈਨੂੰ ਮਾਮਿਆਂ-ਚਾਚਿਆਂ ਦਾ ਅਥਾਹ ਪਿਆਰ ਮਿਲਿਆ, ਉਥੇ ਮੈਨੂੰ ਮਾਤਾ ਜੀ ਦਾ ਅੜਬ ਸੁਭਾਅ ਤਰਖਾਣਾਂ ਦੀ ਸਾਣ ਵਰਗਾ ਲੱਗਦਾ ਜਿਥੇ ਤਰਖਾਣ ਲੋਹੇ ਦੀਆਂ ਵਸਤਾਂ ਨੂੰ ਤਿੱਖਿਆਂ ਕਰਦੇ ਹੁੰਦੇ ਹਨ। ਪਰਮਾਤਮਾ ਵਲੋਂ ਬਖਸ਼ੀ ਹੋਈ ਦਾਤ, ਜੋ ਮਸਾਂ ਮੱਥੇ ਰਗੜ-ਰਗੜ ਕੇ ਲਈ ਹੋਵੇ, ਉਸ ਨੂੰ ਮੇਰੀ ਮਾਤਾ ਨੇ ਚੰਡ ਚੰਡ ਕੇ ਰੱਖਿਆ। ਆਪਣੇ ਬਚਪਨ ਦੀ ਉਹ ਘਟਨਾ ਜਿਸ ਨੇ ਮੈਨੂੰ ਸੋਨਾ ਬਣਾਇਆ ਤੁਹਾਡੇ ਨਾਲ ਸਾਂਝੀ ਕਰਦਾ ਹਾਂ।

ਮੈਨੂੰ ਬਚਪਨ ਵਿਚ ਫਿਲਮਾਂ ਵੇਖਣ ਦਾ ਬਹੁਤ ਸ਼ੌਕ ਸੀ। ਉਸ ਸਮੇਂ ਪਿੰਡਾਂ ਵਿਚ ਗਿਣਤੀ ਦੇ ਹੀ ਟੈਲੀਵੀਜ਼ਨ ਹੁੰਦੇ ਸਨ। ਕਿਸੇ ਨਾ ਕਿਸੇ ਦੇ ਘਰ ਜਾ ਕੇ ਟੈਲੀਵੀਜ਼ਨ ਵੇਖ ਆਉਣਾ ਪਰ ਵੱਡੇ ਪਰਦੇ 'ਤੇ ਫਿਲਮ ਵੇਖਣ ਨੂੰ ਬੜਾ ਜੀਅ ਕਰਦਾ ਸੀ। ਛੇਵੀਂ ਜਮਾਤ ਵਿਚ ਪੜ੍ਹਦਿਆਂ ਅਸੀਂ ਤਿੰਨ ਮਿੱਤਰਾਂ ਨੇ ਸੁਧਾਰ ਜਾ ਕੇ ਫਿਲਮ ਵੇਖਣ ਦੀ ਸਕੀਮ ਬਣਾ ਲਈ। ਇਕ ਮਿੱਤਰ ਪਰਜਾਪਤ ਸੀ ਜੋ ਆਪਣੇ ਪਿਤਾ ਦੀ ਸਬਜ਼ੀ ਵਾਲੀ ਦੁਕਾਨ ਦੇ ਗੱਲੇ ਵਿਚੋਂ ਦਸ ਰੁਪਏ ਚੋਰੀ ਕਰ ਲਿਆਇਆ ਸੀ।

ਘਰੋਂ ਸਕੂਲ ਵਾਸਤੇ ਨਿਕਲੇ ਪਰ ਰਾਹ ਸੁਧਾਰ ਦੇ ਪੈ ਗਏ। ਰਸਤੇ ਵਿਚ ਤੁਰੇ ਜਾਂਦਿਆਂ ਨੂੰ ਪੰਜਾਬੀ ਵਾਲੀ ਅਧਿਆਪਕਾ ਮਿਲ ਪਈ, ਉਸ ਨੂੰ ਝੂਠ ਬੋਲਿਆ ਕਿ ਹੁਣ ਅਸੀਂ ਸੁਧਾਰ ਸਕੂਲੇ ਪੜ੍ਹਨ ਲੱਗਣਾ ਹੈ। ਉਸ ਨੇ ਸਾਡੇ ਤਿੰਨਾਂ ਦੇ ਘਰੀਂ ਸੁਨੇਹੇ ਭੇਜ ਦਿੱਤੇ ਕਿ ਤੁਹਾਡੇ ਮੁੰਡੇ ਸੁਧਾਰ ਵਲ ਜਾ ਰਹੇ ਸਨ। ਸਾਡੀ ਚੋਰੀ ਫੜੀ ਗਈ ਪਰ ਅਸੀਂ ਆਪਣੀ ਮਸਤੀ ਵਿਚ ਸਿਨੇਮੇ ਅੱਗੇ ਜਾ ਖਲੋਤੇ। ਸੋਮਵਾਰ ਸਵੇਰੇ ਨੌਂ ਵਜੇ ਜਨਾਨੀਆਂ ਲਈ ਇਕ ਸਪੈਸ਼ਲ ਸ਼ੋਅ ਚਲਦਾ ਸੀ। ਸਾਡੀ ਉਮਰ ਘੱਟ ਹੋਣ ਕਰਕੇ ਅਸੀਂ ਵੀ ਜਨਾਨੀਆਂ ਵਾਲੇ ਸ਼ੋਅ ਵਿਚ ਵੜ ਗਏ। ਪਹਿਲੀ ਵਾਰ ਸਿਨੇਮਾ ਹਾਲ ਵੇਖ ਕੇ ਮਨ ਬਹੁਤ ਖੁਸ਼ ਹੋਇਆ। ਫਿਲਮ ਬੜੇ ਚਾਅ ਨਾਲ ਵੇਖੀ। ਫਿਲਮ ਦਾ ਨਾਂ 'ਟੱਕਰ' ਸੀ। ਇਹ ਮਨ ਵਿਚੋਂ ਭੁੱਲ ਗਏ ਕਿ ਘਰੇ ਜਾ ਕੇ ਵੀ ਮਾਪਿਆਂ ਨਾਲ ਟੱਕਰ ਹੋਵੇਗੀ। ਆਪਣੀ ਮੌਜ ਮਸਤੀ ਕਰਕੇ ਉਸੇ ਰਸਤੇ ਆ ਕੇ ਸਕੂਲ ਲਾਗੇ ਖੜ੍ਹ ਗਏ। ਜਦੋਂ ਸਕੂਲ ਨੂੰ ਛੁੱਟੀ ਹੋਈ ਤਾਂ ਅਸੀਂ ਵੀ ਆਪਣੇ ਹਾਣੀਆਂ ਨਾਲ ਰਲ ਗਏ ਜਿਵੇਂ ਘਰੋਂ ਖੁੱਲ੍ਹੀ ਛੱਡੀ ਗਾਂ ਵੱਗ ਵਿਚ ਰਲ ਜਾਂਦੀ ਹੈ।

ਘਰ ਪਹੁੰਚੇ ਤਾਂ ਮਾਤਾ ਜੀ ਨੇ ਬੜੇ ਪਿਆਰ ਨਾਲ ਪੁੱਛਿਆ ਕਿ ਆ ਗਿਆ ਪੁੱਤ ਪੜ੍ਹ ਕੇ, ਮੈਂ ਬੜੇ ਹੌਂਸਲੇ ਨਾਲ ਜਵਾਬ ਦਿੱਤਾ "ਹਾਂ ਬੀਬੀ ਜੀ ਮੈਂ ਪੜ੍ਹ ਆਇਆ" ਮੈਂ ਸਕੂਲ ਵਾਲੀ ਵਰਦੀ ਉਤਾਰ ਕੇ ਰੋਟੀ ਖਾਣ ਲੱਗਿਆ ਸੀ ਕਿ ਮਾਤਾ ਜੀ ਨੇ ਡੰਡਾ ਚੁੱਕ ਲਿਆ, ਜਿਵੇਂ ਜੱਟ ਮੱਕੀ ਦੀਆਂ ਛੱਲੀਆਂ ਕੁੱਟਦਾ ਹੈ, ਜਿਥੇ ਵੱਜਦੀ ਹੈ ਵੱਜਣ ਦੇਹ। ਮੈਂ ਕੁੱਟ ਖਾਂਦਾ ਹੋਇਆ ਅਣਖ ਵਿਚ ਆ ਕੇ ਕਹਿ ਬੈਠਾ ਕਿ "ਮੈਂ ਚੱਲਿਆ ਰੇਲ ਗੱਡੀ ਥੱਲੇ ਸਿਰ ਦੇਣ। ਫਿਰ ਲੱਭ ਲਈਂ ਪੁੱਤ!" ਮੇਰੇ ਵਲੋਂ ਮਾਂ ਨੂੰ ਡਰਾਵਾ ਸੀ। ਪਰ ਮਾਤਾ ਜੀ ਕਹਿੰਦੇ ਚੱਲ ਛੇਤੀ ਚੱਲ ਰੇਲ ਦਾ ਟਾਈਮ ਹੋ ਗਿਆ। ਮੈਂ ਵੀ ਕਮੀਜ਼ ਚੁੱਕਿਆ, ਚੱਪਲਾਂ ਪਾਈਆਂ ਹੋ ਗਿਆ ਸੇਖੂਪੁਰੇ ਵਾਲੇ ਰਾਹ ਨੂੰ, ਸਿਖਰ ਦੁਪਹਿਰ ਮੈਂ ਅੱਗੇ-ਅੱਗੇ, ਮਾਤਾ ਜੀ ਪਿੱਛੇ ਪਿੱਛੇ ਹੱਥ ਵਿਚ ਡੰਡਾ, ਮੂੰਹੋਂ ਵਿਚੋਂ ਗਾਲ੍ਹਾਂ ਦੀ ਬੁਛਾੜ, ਮੈਂ ਦਸ ਕਿਲ੍ਹੋ ਵਾਟ ਮੁਕਾ ਗਿਆ, ਪਰ ਮਾਤਾ ਜੀ ਦਾ ਗੁੱਸਾ ਠੰਡਾ ਨਹੀਂ ਸੀ ਹੋ ਰਿਹਾ। ਹੁਣ ਮੈਨੂੰ ਅੱਗੇ ਰੇਲ ਗੱਡੀ ਦਾ ਡਰ ਸਤਾਉਣ ਲੱਗਾ। ਮੈਂ ਸੋਚਾਂ ਕਿ ਡਰਾਵਾਂ ਦੇ ਕੇ ਪੰਗਾ ਹੀ ਲੈ ਲਿਆ। ਮੇਰੀ ਚੰਗੀ ਕਿਸਮਤ ਅਗੇ ਇਕ ਪਿੰਡ ਦੇ ਬੰਦੇ ਦਾ ਟਿਊਬਵੈਲ ਚੱਲ ਰਿਹਾ ਸੀ। ਮੈਂ ਉਸ ਨੂੰ ਆਪਣੀ ਸਾਰੀ ਕਹਾਣੀ ਦੱਸ ਦਿੱਤੀ, ਅਤੇ ਆਪਣੀ ਆਪਣੀ ਜਾਨ ਬਚਾਉਣ ਲਈ ਤਰਲੇ ਵੀ ਪਾਏ। ਇਤਨੇ ਚਿਰ ਨੂੰ ਮਾਤਾ ਜੀ ਵੀ ਉਥੇ ਪਹੁੰਚ ਗਏ।

ਉਸ ਬੰਦੇ ਨੇ ਮਾਤਾ ਨੂੰ ਪੁੱਛਿਆ ਕਿ ਭਾਬੀ ਜੀ ਤੁਸੀਂ ਮਾਂ-ਪੁੱਤ ਦੁਪਹਿਰੇ ਕਿੱਧਰ ਜਾ ਰਹੇ ਹੋ ਤਾਂ ਮਾਤਾ ਨੇ ਜਵਾਬ ਦਿੱਤਾ ਕਿ ਇਸ ਨੂੰ ਰੇਲ ਗੱਡੀ ਥੱਲੇ ਦੇ ਕੇ ਆਉਣਾ ਹੈ। ਉਸ ਫਿਰ ਪੁੱਛਿਆ "ਭਾਬੀ ਇਸ ਦਾ ਕਸੂਰ ਕੀ ਹੈ", ਮਾਤਾ ਨੇ ਜਵਾਬ ਦਿੱਤਾ ਕਿ "ਇਹ ਅੱਜ ਕੰਜਰਾਂ ਨੂੰ ਵੇਖ ਕੇ ਆਇਆ ਹੈ ਕੱਲ੍ਹ ਨੂੰ ਕੰਜਰ ਬਣਨ ਤੁਰ ਪਊ, ਮੈਂ ਇਸ ਨੂੰ ਦਰਬਾਰ ਸਾਹਿਬ ਤੋਂ ਇਸ ਲਈ ਝੋਲੀ ਪੁਆਇਆ ਸੀ ਕਿ ਇਹ ਕੰਜਰ ਵੇਖੇ ਤੇ ਕੰਜਰ ਬਣੇ? ਅੱਜ ਮੈਂ ਇਸ ਦਾ ਸਿਆਪਾ ਮੁਕਾ ਦੇਣਾ ਹੈ। ਮਾਤਾ ਦੇ ਗੁੱਸੇ ਅਤੇ ਬੇਦਰਦ ਸੁਭਾਅ ਤੋਂ ਨਹੀਂ ਸੀ ਲੱਗਦਾ ਕਿ ਉਨ੍ਹਾਂ ਨੇ ਬੜੀਆਂ ਤਕਲੀਫਾਂ ਝੱਲ ਕੇ ਮੈਨੂੰ ਪ੍ਰਾਪਤ ਕੀਤਾ ਹੋਵੇ। ਖ਼ੈਰ, ਉਸ ਬੰਦੇ ਨੇ ਮਾਤਾ ਨੂੰ ਪਾਣੀ ਪਿਲਾਇਆ ਤੇ ਘਰ ਨੂੰ ਵਾਪਿਸ ਭੇਜ ਦਿੱਤਾ। ਮੈਨੂੰ ਵੀ ਸਮਝਾ ਕੇ ਘਰ ਜਾਣ ਵਾਸਤੇ ਕਿਹਾ। ਮੈਂ ਹਾਰੇ ਹੋਏ ਪਹਿਲਵਾਨ ਵਾਂਗ ਫਿਰ ਕਦੇ ਮਾਤਾ ਜੀ ਦੇ ਅਗੇ ਨਹੀਂ ਬੋਲਿਆ ਤੇ ਨਾ ਹੀ ਆਪਣਾ ਸਿਰ ਚੁੱਕਿਆ।

ਮਾਤਾ ਦੇ ਅੜਬ ਸੁਭਾ ਨੇ ਮੈਨੂੰ ਬਹੁਤ ਚੰਡਿਆ। ਇਸ ਕਰਕੇ ਸਾਰੇ ਮਾੜੇ ਪਾਸਿਆਂ ਤੋਂ ਬਚਿਆ ਰਿਹਾ। ਜਿਸ ਤਰ੍ਹਾਂ ਮੇਰੇ ਪਿਤਾ ਜੀ ਬਾਹਰ ਸਨ, ਮੇਰਾ ਵਿਗੜਨਾ ਵੱਟ 'ਤੇ ਹੀ ਪਿਆ ਸੀ ਪਰ ਸਦਕੇ ਮਾਤਾ ਦੇ। ਇਸ ਤਰ੍ਹਾਂ ਦੀ ਆਤਿਸ਼ਬਾਜ਼ੀ ਵਾਲੇ ਗੁਰਨਾਮ ਸਿੰਘ ਤੋਂ ਸੁਣੀ ਇਕ ਕਹਾਣੀ ਸੁਣਾਉਂਦਾ ਹਾਂ।

ਜੱਟਾਂ ਦੇ ਘਰ ਨਾਲ ਪੰਡਤਾਂ ਦਾ ਘਰ ਸੀ। ਪੰਡਤਾਂ ਦਾ ਨਵਾਂ ਉਠਿਆ ਪੁੱਤ ਰੋਜ਼ ਪੰਡਤਾਣੀ ਨੂੰ ਮਰਨ ਦਾ ਡਰਾਵਾ ਦੇ ਕੇ ਪੈਸੇ ਲੈ ਕੇ ਸ਼ਹਿਰ ਜਾ ਕੇ ਮਸਤੀ ਮਾਰ ਆਉਂਦਾ ਸੀ। ਜਿਸ ਦਿਨ ਪੰਡਤਾਣੀ ਪੈਸਿਆਂ ਤੋਂ ਜਵਾਬ ਦੇ ਦਿੰਦੀ ਤਾਂ ਮੁੰਡਾ ਕੋਠੇ ਦੇ ਬਨ੍ਹੇਰੇ 'ਤੇ ਖੜ੍ਹਕੇ ਡਰਾਵਾ ਦਿੰਦਾ, ਮੈਂ ਲੱਗਿਆਂ ਛਾਲ ਮਾਰਨ। ਪੰਡਤਾਣੀ ਫਿਰ ਰੁਪਏ ਦੇ ਦਿੰਦੀ। ਥੋੜੇ ਦਿਨ ਤਾਂ ਇਹ ਨਾਟਕ ਚੱਲਦਾ ਰਿਹਾ। ਇਕ ਦਿਨ ਮੁੰਡਾ ਕੋਠੇ 'ਤੇ ਖੜ੍ਹਾ ਜੱਟ ਨੇ ਵੇਖ ਲਿਆ, ਜੱਟ ਨੇ ਜਾ ਕੇ ਪੰਡਤਾਣੀ ਤੋਂ ਪੁੱਛਿਆ ਇਹ ਕੀ ਨਾਟਕ ਕਰਦਾ ਹੈ। ਜਦੋਂ ਪੰਡਤਾਣੀ ਨੇ ਸਾਰੀ ਕਹਾਣੀ ਦੱਸੀ ਤਾਂ ਜੱਟ ਚੜ੍ਹ ਗਿਆ ਕੋਠੇ ਤੇ ਮੁੰਡੇ ਨੂੰ ਬਾਹੋਂ ਫੜ ਕੇ ਕਹਿੰਦਾ "ਲੈ ਪੰਡਤਾ ਮਾਰ ਛਾਲ" ਮੁੰਡਾ ਆਪਣਾ ਸਰੀਰ ਕੋਠੇ ਵਲ ਨੂੰ ਖਿੱਚੇ, ਜੱਟ ਖਿੱਚ ਕੇ ਵਿਹੜੇ ਵਾਲੇ ਪਾਸੇ ਛਾਲ ਮਾਰਨ ਲਈ ਆਖੇ, ਜਾਨ ਕਿਸ ਨੂੰ ਪਿਆਰੀ ਨਹੀਂ। ਅੰਤ ਮੁੰਡਾ ਜੱਟ ਦੇ ਪੈਰੀਂ ਡਿੱਗ ਪਿਆ, ਅੱਗੇ ਤੋਂ ਇਹ ਨਾਟਕ ਕਰਨ ਤੋਂ ਮੁਆਫੀ ਮੰਗੀ। ਜੱਟ ਨੇ ਵਿਗੜਿਆ ਪੰਡਤ ਚੰਡ ਦਿੱਤਾ।

ਮੇਰੇ ਆਪਣੇ ਕੋਈ ਸਕੀ ਭੈਣ ਨਹੀਂ, ਪਰ ਮੇਰੇ ਮਾਤਾ ਜੀ ਆਪਣੀ ਭੈਣ ਯਾਨਿ ਮੇਰੀ ਮਾਸੀ ਦੀ ਸਾਲ ਕੁ ਭਰ ਦੀ ਕੁੜੀ ਆਪਣੇ ਘਰ ਲੈ ਆਏ। ਉਸ ਨੂੰ ਪਾਲਿਆ-ਪੋਸਿਆ, ਉਸਦਾ ਦਾਜ ਬਣਾ ਕੇ ਅਸੀਂ ਹੀ ਉਸ ਦਾ ਵਿਆਹ ਕੀਤਾ। ਹੁਣ ਉਹ ਸਾਨੂੰ ਸਕੀ ਭੈਣ ਨਾਲੋਂ ਵੀ ਵੱਧ ਹੈ। ਮਾਤਾ ਨੇ ਉਸ ਨੂੰ ਵੀ ਇਸ ਤਰ੍ਹਾਂ ਸਿੱਖਿਆ ਦਿੱਤੀ ਕਿ ਅੱਜ ਉਸ ਦੇ ਸਹੁਰੇ ਕਹਿੰਦੇ ਹਨ ਕਿ ਤੁਹਾਡੀ ਕੁੜੀ ਤਾਂ ਘਰੇ ਵੀ ਚੁੰਨੀ ਦੀ ਬੁੱਕਲ ਨਹੀਂ ਖੋਲ੍ਹਦੀ, ਸਾਰਾ ਦਿਨ ਚੁੰਨੀ ਦੀ ਬੁੱਕਲ ਮਾਰ ਕੇ ਕੰਮ ਕਰਦੀ ਹੈ।

ਜਿੱਥੇ ਮੁੰਡੇ ਦੇ ਵਿਆਹ ਮੌਕੇ ਕਿਸੇ ਨਾ ਕਿਸੇ ਚੀਜ਼ ਦੀ ਮੰਗ ਰੱਖੀ ਜਾਂਦੀ ਹੈ, ਉਥੇ ਮੇਰੀ ਮਾਤਾ ਨੇ ਇਹ ਮੰਗ ਰੱਖੀ, ਮੁੰਡਾ ਉਸ ਕੁੜੀ ਨਾਲ ਵਿਆਹੁਣੈ ਜਿਹੜੀ ਕੁੜੀ ਚੁੰਨੀ ਦੀ ਬੁੱਕਲ ਮਾਰ ਕੇ ਤੇ ਸਿਰ ਢੱਕ ਕੇ ਰੱਖੇ। ਮਾਤਾ ਨੇ ਆਪਣੀ ਮੰਗ ਪੂਰੀ ਵੀ ਕੀਤੀ, ਇਹ ਮੰਗ ਕਾਇਮ ਵੀ ਹੈ। ਮਾਤਾ ਦੀ ਚੰਡਾਈ ਨੇ ਸਾਰੇ ਪਰਿਵਾਰ ਨੂੰ ਤਿੱਖਿਆਂ ਕਰਕੇ ਰੱਖਿਆ, ਤਾਹੀਓਂ ਅਸੀਂ ਆਪਣੇ-ਆਪਣੇ ਘਰੀਂ ਵਧੀਆ ਵੱਸਦੇ ਹਾਂ।

ਅੱਜ ਜ਼ਮਾਨਾ ਬਹੁਤ ਅੱਗੇ ਵਧ ਗਿਆ ਹੈ। ਚੁੰਨੀ ਦੀ ਪਰਿਭਾਸ਼ਾ ਖਤਮ ਹੋ ਰਹੀ ਹੈ। ਫਿਲਮਾਂ ਅਤੇ ਟੀ ਵੀ ਚੈਨਲਾਂ ਦੇ ਇਸ ਦੌਰ ਨੇ ਘਰ-ਘਰ ਹੀਰੋ ਪੈਦਾ ਕਰ ਦਿੱਤੇ ਹਨ। ਜਿਸ ਦਾ ਮੁੰਡਾ ਜਾਂ ਕੁੜੀ ਗਾਉਂਦਾ ਹੈ ਉਹ ਚਾਰੇ ਪਾਸੇ ਰੌਲਾ ਪਾ ਕੇ ਦੱਸਦਾ ਹੈ ਕਿ ਅਜ ਮੇਰੇ ਮੁੰਡੇ ਨੇ ਜਾਂ ਅੱਜ ਮੇਰੀ ਕੁੜੀ ਨੇ ਟੀ.ਵੀ. ਵਿਚ ਨੱਚਣਾ ਹੈ। ਖੁਦ ਬਾਪ ਆਪਣੀ ਧੀ ਨੂੰ ਸਟੇਜਾਂ 'ਤੇ ਗਵਾਉਂਦਾ ਹੈ। ਭਾਈ ਆਪਣੀ ਭੈਣ ਦੇ ਪ੍ਰੋਗਰਾਮ ਬੁੱਕ ਕਰਨ ਲਈ ਦਫਤਰ ਖੋਲ੍ਹੀ ਬੈਠੇ ਹਨ। ਧੀ-ਭੈਣ ਨੂੰ ਹਰ ਥਾਂ ਚੰਡਿਆ ਨਹੀਂ ਭੰਡਿਆ ਜਾ ਰਿਹਾ ਹੈ। ਪੁੱਤ, ਧੀ ਲਈ ਵਧੀਆ ਸੰਸਕਾਰ ਨਹੀਂ, ਚੰਗੇ ਪ੍ਰੋਡਿਊਸਰ ਦੀ ਭਾਲ ਕੀਤੀ ਜਾਂਦੀ ਹੈ ਕਿ ਕੁੜੀ ਸਿਰ ਤੋਂ ਚੁੰਨੀ ਲਾਹ ਕੇ ਮਾਇਆ ਦੇ ਢੇਰ ਲਾਉਣ ਲੱਗ ਜਾਵੇ। ਜੱਟਾਂ ਦੇ ਘਰਾਂ ਵਿਚੋਂ ਰੰਬੇ ਗਾਇਬ ਹੋ ਗਏ ਹਨ, ਇਹ ਨਿੱਕੀਆਂ ਰੰਬੀਆਂ ਬਣ ਕੇ ਅਮੀਰ ਘਰਾਂ ਦੇ ਬਗੀਚੇ ਵਿਚ ਲੁਕ ਗਈਆਂ ਹਨ। ਜਦੋਂ ਦਾ ਜੱਟ ਨੇ ਰੰਬਾ ਚੰਡਣਾ ਬੰਦ ਕੀਤਾ ਹੈ ਉਦੋਂ ਦੀਆਂ ਹੀ ਕਿਸਾਨੀ ਖੁਦਕੁਸ਼ੀਆਂ ਵਧ ਗਈਆਂ ਹਨ। ਧੀ-ਪੁੱਤ ਦੀ ਚੰਡਾਈ ਬੰਦ ਹੋ ਗਈ ਹੈ ਤਾਹੀਓਂ ਪ੍ਰੇਮੀ ਜੋੜਿਆਂ ਦਾ ਥਾਂ-ਥਾਂ ਕਤਲ ਹੋ ਰਿਹਾ ਹੈ। ਜ਼ਿਆਦਾ ਸਭਿਆਚਾਰਕ ਸੀਜ਼ਨ ਵੀ ਅਸਲੀ ਸਭਿਅਤਾ ਨੂੰ ਭੁਲਾ ਦਿੰਦਾ ਹੈ। ਕਿਸੇ ਸਿਆਣੇ ਬੰਦੇ ਨੇ ਇਹ ਕਹਾਵਤ ਸੱਚ ਹੀ ਬਣਾਈ ਹੈ ਕਿ ਧੀ, ਪੁੱਤ ਤੇ ਰੰਬਾ ਚੰਡੇ ਹੋਏ ਵਧੀਆ ਰਹਿੰਦੇ ਹਨ।

---

## ਧੀਆਂ ਪਟਰਾਣੀਆਂ

ਜਿਸ ਘਰ ਧੀਆਂ ਉਸ ਘਰ ਰੌਣਕਾਂ ਹੀ ਰੌਣਕਾਂ।
ਉਂਜ ਵੀ ਧੀਆਂ ਹੁੰਦੀਆਂ ਮਹਿਕਾਂ ਤੇ ਕਲੀਆਂ।

ਹਰੇਕ ਧੀ ਜਗ 'ਤੇ ਸੌ ਸੌ ਨਾਤੇ ਜੋੜਦੀ ਏ,
ਨਾਲੇ ਘਰ ਘਰ 'ਚ ਲੱਗਦੀ ਛਾਂ ਬੋਹੜ ਦੀ ਏ।
ਘਰਾਂ 'ਚ ਰਸੋਈ ਦਾ ਮਾਣ ਵੀ ਤਾਂ ਕੁੜੀਆਂ ਨੇ,
ਭੈਣ ਭਰਾਵਾਂ ਦਾ ਸਦਾ ਹਾਣ ਵੀ ਤਾਂ ਕੁੜੀਆਂ ਨੇ।

ਧੀਆਂ ਦਾ ਕਰਜ਼ ਰਾਜੇ ਵੀ ਚੁਕਾ ਸਕਦੇ ਨਹੀਂ,
ਧੀਆਂ ਬਿਨ ਘਰ ਬਾਗ ਵੀ ਤਾਂ ਸਜ ਸਕਦੇ ਨਹੀਂ।
ਜੇ ਬਿਰਖ, ਬੂਟੇ ਤੇ ਫੁੱਲ ਧਰਤੀ ਦੀ ਸ਼ਾਨ ਨੇ,
ਫਿਰ ਧੀਆਂ ਵੀ ਤਾਂ ਮਨੁੱਖਤਾ ਲਈ ਮਹਾਨ ਨੇ।

ਧੀ ਵਰਗੀ ਹਮਦਰਦ ਨਾ ਜਗ 'ਤੇ ਹੋਰ ਕੋਈ,
ਜਿਸ ਨੇ ਵੀ ਧੀ ਮਾਰੀ, ਉਹ ਉਮਰਾਂ ਲਈ ਰੋਈ।
ਧੀਆਂ ਦੀ ਸਿਫਤ ਕਦੇ ਵੀ 'ਕਮਲ' ਮੁੱਕੇ ਨਾ,
ਡੋਲੀ ਤੁਰੇ ਧੀ, ਮਾਪਿਆਂ ਦੇ ਹੰਝੂ ਸੁੱਕੇ ਨਾ।

*-ਕਮਲ ਬੰਗਾ, ਸੈਕਰਾਮੈਂਟੋ*

---

## ਸਿਆਣਿਆਂ ਦਾ ਕਿਹਾ

(1) ਹਿੰਦੀ, ਹਿੰਦੂ, ਹਿੰਦੋਸਤਾਨੀਆਂ ਵੱਲੋਂ ਪੰਜਾਬ ਖਾਲਿਸਤਾਨ ਨੂੰ ਨਿੰਬੂਆਂ ਵਾਂਗ ਨਿਚੋੜਿਆ ਜਾ ਰਿਹਾ ਹੈ।

(2) ਜਿਹੜੇ ਪੰਜਾਬੀ ਆਪਣੀ ਮਾਂ ਬੋਲੀ ਨੂੰ ਮਾਨਤਾ ਨਹੀਂ ਦਿੰਦੇ, ਉਹ ਸੱਚੇ ਪੰਜਾਬੀ ਨਹੀਂ, ਗੱਦਾਰ ਹਨ।

(3) ਪੰਜਾਬ ਵਿਚ ਰਹਿਣ ਵਾਲੇ ਜਿਹੜੇ ਹਰਿਆਣੇ ਅਤੇ ਰਾਜਸਥਾਨ ਦੇ ਹਿਤਾਂ ਦੀ ਗੱਲ ਕਰਦੇ ਹਨ ਉਹ ਪੰਜਾਬੀ ਸੱਚੇ ਪੰਜਾਬੀ ਕਿਵੇਂ ਹੋ ਸਕਦੇ ਹਨ? ਉਹ ਤਾਂ ਪੱਕੇ ਦਗੇਬਾਜ਼ ਹਨ, ਗੱਦਾਰ ਹਨ।

(4) ਹੁਣ ਆਪਣੇ (ਸਿੱਖਾਂ) ਕੋਲ ਦੋ ਹੀ ਰਾਹ ਹਨ (ੳ) ਆਪਾਂ ਜਾਂ ਤਾਂ ਹਿੰਦੋਸਤਾਨ ਅੰਦਰ ਗੁਲਾਮ ਬਣ ਕੇ ਰਹਿਣਾ ਸਿੱਖੀਏ (ਅ) ਜਾਂ ਫਿਰ ਖਾਲਿਸਤਾਨ ਦੀ ਪ੍ਰਾਪਤੀ ਲਈ ਜੂਝੀਏ।

(5) ਜਿਹੜੇ ਸਿੱਖ ਖਾਲਿਸਤਾਨ ਦੇ ਸੰਘਰਸ਼ ਨੂੰ ਅਤਿਵਾਦ ਤੇ ਵੱਖਵਾਦ ਦਾ ਨਾਮ ਦਿੰਦੇ ਹਨ, ਉਹ ਪੱਕੇ ਗੱਦਾਰ ਹਨ।

(6) ਗਰੰਟੀ ਦਿੱਤੇ ਬਿਨਾਂ ਹਰ ਤਰ੍ਹਾਂ ਦੀਆਂ ਕੀਤੀਆਂ ਅਪੀਲਾਂ ਠੱਗੀ ਅਤੇ ਧੋਖਾ ਹੁੰਦੀਆਂ ਹਨ।

(7) ਖਾਲਿਸਤਾਨ ਦਾ ਲੰਮਾ ਹੁੰਦਾ ਜਾ ਰਿਹਾ ਸੰਘਰਸ਼ ਬਹੁਤੇ ਹੁਸ਼ਿਆਰ ਖਾੜਕੂਆਂ ਦਾ ਸਿਆਸੀ ਈਮਾਨ ਪਰਖ ਰਿਹਾ ਹੈ।

(8) ਜਿਸ ਭਾਂਡੇ ਵਿਚ ਵਸਤੂ ਪਾਈਏ ਹੀ ਨਾ ਅਤੇ ਕੱਢੀ ਜਾਈਏ ਇਕ ਦਿਨ ਖਾਲੀ ਹੋ ਜਾਂਦਾ ਹੈ, ਇਹ ਹੀ ਹਾਲ ਦਿਮਾਗ ਦਾ ਹੈ ਇਸ ਵਿਚ ਵਿਚਾਰਾਂ ਦਾ ਭੰਡਾਰ ਭਰੀ ਵੀ ਜਾਵੋ ਤੇ ਨਾਲ ਨਾਲ ਖਰਚੀ ਵੀ ਜਾਵੋ।

(9) ਜਦੋਂ ਘਰ ਵਿਚ ਤੰਗੀ ਆ ਜਾਵੇ ਭਾਂਡੇ ਖੜਕਣ ਲਗ ਜਾਂਦੇ ਹਨ, ਇਹੀ ਹਾਲ ਭਾਰਤ ਦੇਸ਼ ਦਾ ਹੈ।

(10) ਕਾਲਜ ਅਤੇ ਯੂਨੀਵਰਸਿਟੀ ਤੁਹਾਨੂੰ ਉਹ ਕੁੱਝ ਨਹੀਂ ਸਿਖਾ ਸਕਦੀਆਂ, ਜੋ ਤੁਸੀਂ ਆਪਣੇ ਆਪ ਤੋਂ ਸਿੱਖ ਸਕਦੇ ਹੋ।

(11) ਪੰਜਾਬੀ ਬੋਲੀ ਨੂੰ ਮਾਂ ਵਾਂਗ ਸਤਿਕਾਰੋ ਅਤੇ ਧੀ ਵਾਂਗ ਪਿਆਰ ਕਰੋ।

(12) ਹੱਕ ਸੱਚ ਦਾ ਸਾਥ ਦੇਣ ਵਾਲੇ ਤਾਰੀਖ ਦੇ ਹੀਰੋ ਹੁੰਦੇ ਹਨ।

(13) ਅਕਾਲੀ ਪਾਰਟੀ ਭੋਲੇ ਕਿਸਾਨਾਂ ਦੀ ਜਮਾਤ ਹੈ, ਇਸ ਨੂੰ ਕਈ ਖੁਦਗਰਜ਼ ਲੀਡਰ ਵਾਹ ਜਾਂਦੇ ਰਹੇ ਹਨ ਅਤੇ ਵਾਹ ਰਹੇ ਹਨ।

(14) ਇਤਿਹਾਸ ਅਤੇ ਵਿਰਸਾ ਕੌਮ ਦਾ ਸੋਨਾ ਸਰਮਾਇਆ ਹੈ।

(15) ਜਿਹੜੇ ਲੀਡਰ ਆਪਣੇ ਇਨਕਲਾਬੀ ਵਿਰਸੇ ਨੂੰ ਪਿੱਠ ਦੇ ਕੇ ਤੁਰਦੇ ਹਨ ਉਹ ਕੁਰਾਹੇ ਹੀ ਜਾਂਦੇ ਹਨ।

(16) ਜਿਹੜੀ ਕਲਮ ਲੋਕਾਂ ਦੇ ਹੱਕ ਸੱਚ ਨਾਲ ਸਾਂਝ ਨਹੀਂ ਪਾਉਂਦੀ ਤੋੜ ਦੇਣ ਦੇ ਯੋਗ ਹੈ।

(17) ਜੰਮੂ ਦੇ ਡੋਗਰਿਆਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਸਿੱਖ ਰਾਜ ਖਤਮ ਕਰਵਾਇਆ ਸੀ, ਕੀ ਉਹੀ ਗੱਦਾਰੀ ਅੱਜ ਅਕਾਲੀ ਹਿੰਦੂ ਅਤਿਵਾਦੀ ਸੰਗਠਨਾਂ ਨਾਲ ਮਿਲ ਕੇ ਅਤੇ ਕੁੱਝ ਸਿੱਖ ਪਹਾੜੀਏ ਬ੍ਰਾਹਮਣਾਂ ਨਾਲ ਮਿਲ ਕੇ ਤਾਂ ਨਹੀਂ ਕਰ ਰਹੇ?

(18) ਜਦੋਂ ਕੋਈ ਮਾਂ ਜਾਣ ਬੁੱਝ ਕੇ ਮਤਰੇਈ ਬਣ ਜਾਏ ਤਾਂ ਪੁਤਰਾਂ ਵਿਚ ਪੁਆੜੇ ਦੀ ਜੜ੍ਹ ਉਹ ਆਪ ਹੁੰਦੀ ਹੈ।

(19) ਸਿੱਖ ਖਾੜਕੂ ਸੋਚ ਵਿਚ ਏਕਾ ਮਜ਼ਬੂਤ ਰਹੇਗਾ ਤਾਂ ਸਭ ਕੁਝ ਸਹਿਜੇ ਪ੍ਰਾਪਤ ਹੋ ਜਾਵੇਗਾ ਜੇ ਪਹਾੜੀਏ ਬ੍ਰਾਹਮਣਾਂ ਦੇ ਜਾਲ ਵਿਚ ਫਸ ਗਏ ਤਾਂ ਸਭ ਸਤਿਆਨਾਸ ਹੋ ਜਾਵੇਗਾ।

(20) ਭਾਰਤ ਦੀ ਆਜ਼ਾਦੀ ਸਾਡੇ ਅੱਸੀ ਫੀ ਸਦੀ ਸਿੱਖਾਂ ਦੇ ਸੂਲੀ ਚੜੇ ਸਿਰਾਂ ਅਤੇ ਉਮਰ ਕੈਦਾਂ ਦਾ ਵਰਦਾਨ ਹੈ।

(21) ਹਿੰਦੂ ਸੰਗਠਨ ਹਮੇਸ਼ਾਂ ਹੀ ਦੋਸ਼ੀ ਹਿੰਦੂਆਂ ਨੂੰ ਬਚਾਉਣ ਵਾਲੇ ਪਾਸੇ ਤੁਰੇ ਹਨ, ਚਾਹੇ ਉਹ 1984 ਦੇ ਸਿੱਖ ਨਸਲਘਾਤ ਦੇ ਜ਼ਿੰਮੇਵਾਰ ਹੋਣ, ਚਾਹੇ ਇਸਾਈਆਂ ਦੇ, ਚਾਹੇ ਮੁਸਲਮਾਨਾਂ ਦੇ, ਚਾਹੇ ਦਲਿਤਾਂ ਨੂੰ ਜਿਉਂਦੇ ਸਾੜਨ ਦੇ ਜ਼ਿੰਮੇਵਾਰ ਹੋਣ।

(22) ਤੁਸੀਂ ਆਪਣੇ ਵਿਚਾਰ ਬਦਲ ਲਵੋ ਤੁਹਾਡਾ ਸੰਸਾਰ ਬਦਲ ਜਾਵੇਗਾ।

(23) ਤੁਸੀਂ ਉਸਾਰੂ ਵਿਚਾਰਾਂ ਨੂੰ ਹੁੰਗਾਰਾ ਦਿਉ ਤੁਹਾਡੇ ਅੰਦਰ ਹਿੰਮਤਾਂ ਜਾਗ ਪੈਣਗੀਆਂ।

(24) ਹਰ ਸਿੱਖ ਪਹਿਲਾਂ ਸੰਤ ਬਣੇ ਜੇ ਬਣਨਾ ਕਾਬਲ ਸਿਪਾਹੀ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

## ਕੀ ਮੈਂ ਝੂਠ ਬੋਲਿਐ...?

# ਕੀ ਚਮਕੀਲੇ ਨੂੰ ਮਾਰਿਆਂ ਅਸ਼ਲੀਲਤਾ ਮੁੱਕ ਗਈ?

**ਸਵਰਨ ਸਿੰਘ ਟਹਿਣਾ***



ਸਵਰਨ ਸਿੰਘ ਟਹਿਣਾ

ਅਮਰ ਸਿੰਘ ਚਮਕੀਲਾ ਨੂੰ ਸਾਡੇ ਕੋਲੋਂ ਵਿਦਾ ਹੋਇਆਂ ਦੋ ਦਹਾਕਿਆਂ ਤੋਂ ਉਪਰ ਦਾ ਸਮਾਂ ਹੋ ਚੁੱਕਾ ਹੈ। ਬੜਾ ਦਮ ਸੀ ਉਹਦੀ ਅਵਾਜ਼ 'ਚ ਤੇ ਬੜੇ ਕਟਾਖਸ਼ ਕਰਦੀ ਸੀ ਉਹਦੀ ਕਲਮ। ਜਿਹੋ ਜਿਹੇ ਮਿੱਠੇ-ਸਲੂਣੇ ਗੀਤ ਉਸ ਨੇ ਲਿਖੇ, ਉਨ੍ਹਾਂ ਨਾਲ ਨਿਭਾਅ ਸਿਰਫ਼ ਉਸੇ ਦੀ ਆਪਣੀ ਆਵਾਜ਼ ਕਰ ਸਕਦੀ ਸੀ। ਜੇ ਇਹ ਕਹਿ ਲਿਆ ਜਾਵੇ ਕਿ ਉਸ ਦੀ ਕਲਮ ਦਾ ਨਾਤਾ ਉਸੇ ਦੇ ਕੰਠ ਨਾਲ ਸੀ ਤਾਂ ਕੋਈ ਗ਼ਲਤ ਗੱਲ ਨਹੀ ਹੋਵੇਗੀ। ਉਸ ਨੂੰ ਤੇ ਉਹਦੀ ਸਾਥਣ ਗਾਇਕਾ ਅਮਰਜੋਤ ਨੂੰ ਜਿਊਂਦੇ ਜੀਅ ਆਲੋਚਨਾ ਤੇ ਪਿਆਰ ਬਰਾਬਰ ਮਾਤਰਾ 'ਚ ਮਿਲਿਆ, ਜਿਵੇਂ ਇੱਕ ਦੀ ਝੋਲੀ ਪਿਆਰ ਦੀ ਚਾਸ਼ਣੀ ਨਾਲ ਭਰੀ ਹੋਵੇ ਤੇ ਦੂਜੇ ਦੀ ਆਲੋਚਨਾ ਦੀਆਂ ਪੰਡਾਂ ਨਾਲ।

ਉਹਦੀ ਗਾਇਕੀ ਨੂੰ ਗ਼ਲਤ ਕਹਿਣ ਵਾਲੇ ਆਖਦੇ ਨੇ, 'ਉਹਨੂੰ ਇਸ ਫਾਨੀ ਸੰਸਾਰ ਤੋਂ ਇਸ ਕਰਕੇ ਵਿਦਾ ਕੀਤਾ ਗਿਆ ਕਿਉਂਕਿ ਉਹਨੇ ਆਪਣੀ ਗਾਇਕੀ ਜ਼ਰੀਏ ਰਿਸ਼ਤਿਆਂ ਦੀ ਪੱਤ ਰੋਲ ਕੇ ਰੱਖ ਦਿੱਤੀ ਸੀ...ਉਹਨੇ ਸਾਰੇ ਪਰਦੇ ਲਾਹ ਛੱਡੇ ਸਨ...ਉਹਨੇ ਢਕੀਆਂ ਰਿੱਝਣ ਵਾਲੀਆਂ ਗੱਲਾਂ ਉਤੋਂ ਢੱਕਣ ਲਾਹ ਛੱਡਿਆ ਸੀ...ਜਿਸ ਦੀ ਭਾਫ਼ ਪੰਜਾਬ ਦੇ ਨੌਜਵਾਨ ਤਬਕੇ ਨੂੰ ਮਾਫ਼ਕ ਨਹੀਂ ਸੀ ਆਉਣ ਵਾਲੀ...ਜੇ ਉਹ ਨੂੰ ਨਾ ਮਾਰਿਆ ਜਾਂਦਾ ਤਾਂ ਉਹ ਨੇ ਲੀੜੇ ਲੁਹਾਉਣ ਦਾ ਸਿਲਸਿਲਾ ਵੀ ਸ਼ੁਰੂ ਕਰ ਦੇਣਾ ਸੀ ਤੇ ਪੰਜਾਬੀ ਗਾਇਕੀ ਦੀ ਮਾਣ ਮਰਿਆਦਾ ਤਾਰ-ਤਾਰ ਹੋ ਜਾਣੀ ਸੀ।'

ਦੂਜੇ ਪਾਸੇ ਉਹਨੂੰ ਪਿਆਰ ਕਰਨ ਵਾਲਿਆਂ ਦਾ ਆਪਣਾ ਤਰਕ ਹੈ ਕਿ, 'ਉਹਨੇ ਜੋ ਵੀ ਗਾਇਆ ਗੱਡਵਾਂ ਗਾਇਆ...ਨਾ ਉਹਦੇ ਵਰਗੀਆਂ ਤਰਜ਼ਾਂ ਕੋਈ ਦੁਬਾਰਾ ਬਣਾ ਸਕਿਐ...ਨਾ ਉਹਦੇ ਵਰਗੇ ਦਿਮਾਗ਼ 'ਤੇ ਘਣ ਵਾਂਗ ਵੱਜਣ ਵਾਲੇ ਗੀਤ ਲਿਖ ਸਕਿਐ...ਤੇ ਨਾ ਹੀ ਉਹਦੇ ਵਰਗਾ ਗਾ ਕੇ ਦੋਗਾਣਿਆਂ ਦਾ ਬਾਦਸ਼ਾਹ ਬਣ ਸਕਿਐ..।' ਉਹਦੇ ਚਾਹੁਣ ਵਾਲਿਆਂ ਦਾ ਇਹ ਵੀ ਆਖਣਾ ਹੈ, 'ਉਹ ਕਿਸਮਤ ਦਾ ਧਨੀ ਸੀ...ਜਦੋਂ ਉਸ ਨੇ ਸੁਰਿੰਦਰ ਸੋਨੀਆ ਨਾਲ ਗਾਇਆ, ਉਹ ਉਦੋਂ ਹੀ ਛਾ ਗਿਆ ਤੇ ਜਦੋਂ ਉਸ ਦੀ ਜੋੜੀ ਅਮਰਜੋਤ ਨਾਲ ਬਣੀ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਗਈ...ਜੇ ਉਹਨੂੰ ਮਾਰਿਆਂ ਅਸ਼ਲੀਲਤਾ ਮੁੱਕ ਸਕਦੀ ਤਾਂ ਅੱਜ ਦੇ ਗਾਉਣ ਵਾਲਿਆਂ ਦੇ ਨੰਗ-ਧੜੰਗੇ ਵੀਡੀਓ ਨਹੀਂ ਸਨ ਬਣਨੇ...ਅੱਜ ਹਨੀ ਸਿੰਘ ਵਰਗਿਆਂ ਨੇ ਸ਼ਰ੍ਹੇਆਮ ਗਾਲ੍ਹਾਂ ਵਾਲੇ ਗੀਤ 'ਯੂ ਟਿਊਬ' 'ਤੇ ਪਾਉਣ ਦਾ ਹੌਸਲਾ ਨਹੀਂ ਸੀ ਕਰਨਾ...ਇਨ੍ਹਾਂ ਹਨੀਆਂ-ਸ਼ਨੀਆਂ ਨੇ ਆਲੋਚਨਾ ਕਰਨ ਵਾਲਿਆਂ ਨੂੰ ਅੱਖਾਂ ਨਹੀਂ ਸਨ ਦਿਖਾਉਣੀਆਂ...।'

ਦੋਹੇਂ ਪੱਖ ਆਪੋ-ਆਪਣੀ ਥਾਂ ਸੰਪੂਰਨ ਹਨ। ਦੋਹਾਂ ਦੀਆਂ ਗੱਲਾਂ ਆਪੋ-ਆਪਣੀ ਥਾਂ ਸਹੀ ਨੇ। ਜਿਹੜੇ ਉਸ ਨੂੰ ਜਿਊਂਦੇ ਜੀਅ ਪਿਆਰ ਕਰਦੇ ਸਨ, ਉਹ ਅੱਜ ਤੱਕ ਉਸ ਨੂੰ ਦੋਗਾਣਾ ਕਿੰਗ ਮੰਨਦੇ ਨੇ ਤੇ ਜਿਹੜੇ ਕੱਲ੍ਹ ਉਸ ਨੂੰ ਨਫ਼ਰਤ ਕਰਦੇ ਸਨ, ਉਹ ਅੱਜ ਵੀ ਉਸ ਦੇ ਹੱਕ 'ਚ ਨਹੀਂ। ਹਰ ਕਿਸੇ ਦਾ ਸੁਣਨ ਸਵਾਦ ਵੱਖਰਾ-ਵੱਖਰਾ ਹੈ, ਹਰ ਕਿਸੇ ਦੀ ਪਸੰਦ ਅੱਡਰੀ ਹੈ। ਕਿਸੇ ਲਈ ਮਾਂਹ ਬਾਦੀ ਤੇ ਕਿਸੇ ਲਈ ਸਵਾਦੀ ਹੁੰਦੇ ਨੇ ਪਰ ਇਹ ਸੱਚ ਹੈ ਕਿ ਉਸਦੀਆਂ ਕੈਸਿਟਾਂ ਅੱਜ ਵੀ ਅਜੋਕੇ ਗਾਇਕਾਂ ਦੀਆਂ ਕੈਸਿਟਾਂ ਨਾਲੋਂ ਕਈ ਗੁਣਾ ਵੱਧ ਵਿਕਦੀਆਂ ਨੇ। ਚਮਕੀਲੇ ਦੀਆਂ ਕੈਸਿਟਾਂ ਰਿਲੀਜ਼ ਕਰਨ ਵਾਲੀਆਂ ਕੰਪਨੀਆਂ ਦਾ ਕਹਿਣਾ ਹੈ ਕਿ ਅਸੀਂ ਜਦੋਂ ਤੋਂ ਪੰਜਾਬੀ ਸੰਗੀਤ ਦਾ ਵਪਾਰ ਸ਼ੁਰੂ ਕੀਤਾ ਹੈ, ਸਾਡੇ ਲਈ ਸਭ ਤੋਂ ਲਾਹੇਵੰਦੀ ਚਮਕੀਲਾ-ਅਮਰਜੋਤ ਜੋੜੀ ਹੀ ਰਹੀ ਹੈ। ਉਸ ਦੇ ਗੀਤ ਸੁਣਨ ਵਾਲਿਆਂ ਨੂੰ ਤੱਤੇ ਪਕੌੜਿਆਂ ਵਰਗੇ ਲੱਗਦੇ ਨੇ, ਕਿਸੇ ਨੂੰ ਉਸ ਦੀਆਂ ਤਸ਼ਬੀਹਾਂ ਗ਼ਰਮ ਜਲੇਬੀਆਂ ਵਰਗੀਆਂ ਲਗਦੀਆਂ ਨੇ ਤੇ ਕਿਸੇ ਨੂੰ ਚੰਗੇ-ਭਲੇ ਸਮਾਜਿਕ ਰਿਸ਼ਤਿਆਂ ਵਿਚ ਜ਼ਹਿਰ ਘੋਲਣ ਦਾ ਜ਼ਰੀਆ।

ਪਰ ਇਹ ਗੱਲ ਵੀ ਧਿਆਨ ਖਿੱਚਣ ਵਾਲੀ ਹੈ ਕਿ ਅਣਗਿਣਤ ਗਾਉਣ ਵਾਲਿਆਂ ਨੇ ਉਸ ਦੇ ਤੁਰ ਜਾਣ ਤੋਂ ਬਾਅਦ ਉਸ ਵਾਲੀ ਖੇਡ ਖੇਡਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦੇ ਪੱਲੇ ਕੱਖ ਨਾ ਪਿਆ। ਉਹ ਚਮਕੀਲਾ ਬਣਨ ਦੀਆਂ ਜੁਗਤਾਂ ਬਣਾਉਂਦੇ ਰਹੇ ਕਿ ਹੁਣ ਗਰਮਾ-ਗਰਮ ਗਾਉਣ ਵਾਲੇ ਗਾਇਕ ਦੀ ਫੀਤੀ ਆਪਣੇ ਮੋਢਿਆਂ 'ਤੇ ਟੰਗ ਲਈ ਜਾਵੇ ਪਰ ਉਨ੍ਹਾਂ ਦੀਆਂ ਸਧਰਾਂ ਨੂੰ ਬੂਰ ਨਾ ਪਿਆ ਤੇ ਨਾ ਹੀ ਅੱਗੋਂ ਕਿਸੇ ਦੇ ਪੈਣ ਦੀ ਉਮੀਦ ਹੈ।

ਜੇ ਗੱਲ ਤਰਕ ਦਾ ਪੱਲਾ ਫੜ ਕੇ ਕਰਨੀ ਹੋਵੇ ਤਾਂ ਇਹ ਸੱਚ ਹੈ ਕਿ ਉਸਨੇ ਜੋ ਗਾਇਆ, ਲੋਕਾਂ ਨੇ ਪ੍ਰਵਾਨ ਕੀਤਾ। ਜੇ ਅਸੀਂ ਉਹਦੀ ਜੋੜੀ ਨੂੰ ਲੱਖਾਂ ਲੋਕਾਂ ਦੀ ਸੋਚ ਨੂੰ ਵਿਗਾੜਨ ਦੇ ਸਮਰੱਥ ਕਹਿੰਦੇ ਹਾਂ ਤਾਂ ਵੀ ਉਸ ਟੇਢੇ ਢੰਗ ਨਾਲ ਉਸ ਦੀ ਵਡਿੱਤਣ ਹੀ ਹੁੰਦੀ ਹੈ ਕਿ ਉਹ ਇਕੱਲਾ ਪੂਰੇ ਪੰਜਾਬ ਨੂੰ ਆਪਣੇ ਮਗਰ ਕਿਵੇਂ ਲਾਈ ਫਿਰਦਾ ਰਿਹਾ? ਉਹਦੇ ਵਿਚ ਕੋਈ ਕਲਾ ਤਾਂ ਅਜਿਹੀ ਸੀ ਹੀ, ਜਿਹੜੀ ਹਰ ਕਿਸੇ ਨੂੰ ਆਪਣੇ ਵੱਲ ਖਿੱਚ ਲੈਂਦੀ ਸੀ।

ਅਸੀਂ ਸਿਰਫ਼ ਗਾਉਣ ਵਾਲੇ ਨੂੰ ਹੀ ਕਸੂਰਵਾਰ ਮੰਨਦੇ ਹਾਂ, ਸੁਣਨ ਵਾਲਿਆਂ ਨੂੰ ਕਿਉਂ ਨਹੀਂ? ਜੇ ਉਹ ਕਸੂਰਵਾਰ ਸੀ ਤਾਂ ਕੀ ਉਹ ਲੋਕ ਕਸੂਰਵਾਰ ਨਹੀਂ ਜਿਹੜੇ ਉਸ ਦੀਆਂ ਕੈਸਿਟਾਂ ਖਰੀਦਦੇ ਹਨ? ਜੇ ਅਸੀਂ ਮਾੜਾ ਗਾਉਣ ਵਾਲਿਆਂ 'ਤੇ ਕਾਰਵਾਈ ਕਰ ਸਕਦੇ ਹਾਂ ਤਾਂ ਅੱਜ ਉਨ੍ਹਾਂ ਲੋਕਾਂ ਦੇ ਪੇਸ਼ ਕਿਉਂ ਨਹੀਂ ਪੈਂਦੇ, ਜਿਹੜੇ ਬੱਗਾ ਸਫ਼ਰੀ ਦੀਆਂ ਕੈਸਿਟਾਂ ਮੋਟਰਾਂ 'ਤੇ ਲਿਜਾ ਕੇ ਸੁਣਦੇ ਨੇ, ਜਿਹੜੇ ਟੱਬਰ ਦੇ ਜੀਆਂ ਤੋਂ ਚੋਰੀ ਉਸਦੇ ਗੀਤਾਂ ਦੇ ਫ਼ਿਲਮਾਂਕਣ ਦੇਖਦੇ ਨੇ, ਜਿਹੜੇ 'ਅਸ਼ਲੀਲ ਫ਼ਿਲਮਾਂ' ਨਾਲੋਂ ਕਿਸੇ ਪਾਸਿਓਂ ਘੱਟ ਨਹੀਂ।

ਜਦੋਂ ਚਮਕੀਲੇ ਨੇ ਗਾਇਕੀ ਵਿਚ ਪੈਰ ਧਰਿਆ, ਉਦੋਂ ਇਸ ਖੇਤਰ ਵਿਚ ਮੁਕਾਬਲਾ ਅੱਜ ਨਾਲੋਂ ਘੱਟ ਨਹੀਂ ਸੀ। ਗਾਇਕਾਂ ਦੇ ਵੱਡੇ ਸਮੂਹ ਨਾਲ ਉਸ ਦਾ ਮੁਕਾਬਲਾ ਸੀ। ਇੱਕ ਪਾਸੇ ਉਹ ਗਾਇਕ ਸਨ, ਜਿਨ੍ਹਾਂ ਦੀ ਦੀਦ ਲਈ ਲੋਕ ਤਰਸਦੇ ਸਨ ਤੇ ਇੱਕ ਪਾਸੇ ਉਹ ਸਨ, ਜਿਹੜੇ ਹਾਲੇ ਸੰਘਰਸ਼ ਦੀ ਭੱਠੀ 'ਚੋਂ ਨਿਕਲ ਰਹੇ ਸਨ। ਚਮਕੀਲਾ ਹਾਲੇ ਸੰਘਰਸ਼ ਦੀ ਭੱਠੀ ਦਾ ਸੇਕ ਸਹਿ ਰਿਹਾ ਸੀ। ਸੁਰਿੰਦਰ ਸ਼ਿੰਦਾ ਤੇ ਸੁਰਿੰਦਰ ਸੋਨੀਆ ਦੀ ਗੁੱਡੀ ਚੜ੍ਹੀ ਹੋਈ ਸੀ ਤੇ ਚਮਕੀਲਾ ਇਨ੍ਹਾਂ ਨਾਲ ਪ੍ਰੋਗਰਾਮਾਂ 'ਤੇ ਜਾਂਦਾ ਸੀ। ਉਸ ਦੇ ਮਨ ਵਿਚ ਅੱਗੇ ਵਧਣ ਦੀ ਹਸਰਤ ਸੀ, ਪਰ ਵਸੀਲਾ ਕੋਈ ਨਹੀਂ ਸੀ ਬਣ ਰਿਹਾ। ਜੋ ਉਸ ਨੂੰ ਮਿਲੀ ਜਾਂਦਾ, ਉਸ ਨਾਲ ਉਹ ਸਾਰੀ ਜਾਂਦਾ। ਜਿਸ ਕਦਰ ਉਸ ਦਾ ਪਹਿਲਾ ਰਿਕਾਰਡ ਮਕਬੂਲ ਹੋਇਆ, ਉਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਸਨੂੰ ਗਿਆਨ ਸੀ ਕਿ ਮਾਰਕੀਟ ਵਿਚ ਕਾਮਯਾਬ ਕਿਵੇਂ ਹੋਇਆ ਜਾ ਸਕਦਾ ਹੈ, ਲੋਕਾਂ ਨੂੰ ਪੈਂਦੀ ਸੱਟੇ ਆਪਣੇ ਵੱਲ ਕਿਵੇਂ ਖਿੱਚਿਆ ਜਾ ਸਕਦਾ ਹੈ। ਜਿਸ ਤਰ੍ਹਾਂ ਦੇ ਗੀਤ ਉਸ ਨੇ ਗਾਏ, ਉਹ ਪਹਿਲੀ ਵਾਰ ਸਾਹਮਣੇ ਨਹੀਂ ਸਨ ਆਏ, ਉਸ ਦੀ ਸ਼ੁਰੂਆਤ ਤੋਂ ਪਹਿਲਾਂ ਵੀ ਦੋ ਅਰਥੇ ਗੀਤਾਂ ਦਾ ਦੌਰ ਚੱਲ ਰਿਹਾ ਸੀ ਤੇ ਬਾਅਦ ਵਿਚ ਵੀ ਚੱਲਦਾ ਆ ਰਿਹਾ ਹੈ। ਲੰਮਾ ਸਮਾਂ ਉਹ ਸੁਰਿੰਦਰ ਸ਼ਿੰਦਾ ਦੀ ਅਗਵਾਈ ਵਿਚ ਗਾਉਂਦਾ ਰਿਹਾ ਤੇ ਫੇਰ ਜਦੋਂ ਸ਼ਿੰਦੇ ਦੀ ਸੋਨੀਆ ਨਾਲੋਂ ਜੋੜੀ ਟੁੱਟ ਗਈ ਤਾ ਚਮਕੀਲਾ ਵੀ ਸੋਨੀਆ ਨਾਲ ਤੁਰ ਗਿਆ। ਸੋਨੀਆ ਤੇ ਚਮਕੀਲੇ ਦੀ ਜੋੜੀ ਬਣ ਗਈ। ਗੀਤ ਚੋਣ ਹੋਈ, ਰਿਆਜ਼ ਹੋਇਆ ਤੇ ਮਾਰਕੀਟ ਵਿਚ ਰਿਕਾਰਡ ਆ ਗਿਆ, 'ਟਕੂਏ 'ਤੇ ਟਕੂਆ ਖੜਕੇ।'

ਜਗ ਜਾਣਦਾ ਹੈ ਕਿ ਇਸ ਰਿਕਾਰਡ ਨੇ ਕਿੰਨੀ ਮਕਬੂਲੀਅਤ ਹਾਸਲ ਕੀਤੀ। ਉਸ ਤੋਂ ਬਾਅਦ ਸਫ਼ਲਤਾ ਦੇ ਨਸ਼ੇ ਵਿਚ, ਅਣਜਾਣਪੁਣੇ ਵਿਚ ਜਾਂ ਘੱਟ ਸੋਝੀ ਵਰਤਦਿਆਂ ਉਸ ਨੇ ਆਟੇ ਵਾਂਗ ਗੁੰਨਣ ਤੇ ਭੈਣਾਂ ਦੀਆਂ ਨਣਾਨਾਂ ਦਾ ਕੰਡਾ ਕੱਢਣ ਵਰਗੇ ਅਜਿਹੇ ਗੀਤ ਗਾਏ, ਜਿਨ੍ਹਾਂ ਉਸ ਦੀ ਝੋਲੀ ਅਜਿਹੀ ਬਦਨਾਮੀ ਪੁਆਈ ਕਿ ਅੱਜ ਤੱਕ ਉਸ ਨੂੰ ਮਾੜੇ ਗੀਤਾਂ ਦਾ ਗਾਇਕ ਸਾਬਤ ਕਰਨ ਲਈ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ।

ਇਕਤਰਫ਼ਾ ਸੋਚ ਨਾ ਰੱਖਦਿਆਂ ਇਹ ਵੀ ਕਹਿਣਾ ਸਹੀ ਰਹੇਗਾ ਕਿ ਇਹੋ ਜਿਹੇ ਗੀਤ ਉਸ ਨੂੰ ਨਹੀਂ ਸਨ ਗਾਉਣੇ ਚਾਹੀਦੇ, ਉਸ ਨੂੰ ਹੱਦਬੰਦੀ 'ਚ ਰਹਿਣਾ ਚਾਹੀਦਾ ਸੀ, ਆਪਣੀ ਸੋਚ ਦੇ ਘੋੜੇ ਏਨੇ ਤੇਜ਼ ਨਹੀਂ ਸਨ ਦੌੜਾਉਣੇ ਚਾਹੀਦੇ ਕਿ ਉਹ ਮੁੜ ਕੇ ਵਾਪਸ ਹੀ ਨਾ ਆਉਣ। ਹਾਲਾਂਕਿ ਚਮਕੀਲੇ ਦੇ ਸਮਕਾਲੀਆਂ ਦਾ ਕਹਿਣਾ ਹੈ, 'ਉਦੋਂ ਕੰਪਨੀਆਂ ਰਿਕਾਰਡ ਹੀ ਉਸ ਗਾਇਕ ਨੂੰ ਕਰਦੀਆਂ ਸਨ, ਜਿਹੜਾ ਉਨ੍ਹਾਂ ਦੇ ਕਹੇ ਮੁਤਾਬਕ ਗੀਤ ਗਾਉਣ ਦੀ ਹਾਮੀ ਭਰੇ। ਜਿਹੜੇ ਉਨ੍ਹਾਂ ਦੀ ਗੱਲ ਮੰਨ ਲੈਂਦੇ ਸਨ, ਉਹ ਸਫ਼ਲ ਹੋ ਜਾਂਦੇ ਸਨ

**ਸੰਗੀਤ ਦੀ ਦੁਨੀਆਂ**

ਤੇ ਜਿਹੜੇ ਨਾਂਹ-ਨੁੱਕਰ ਕਰਦੇ ਸਨ, ਉਹ ਗੁਸਲਖਾਨਾ ਗਾਇਕ ਬਣ ਕੇ ਰਹਿ ਜਾਂਦੇ ਸਨ।'

ਚਮਕੀਲੇ ਨੇ ਮਜਬੂਰੀਵੱਸ ਜਾਂ ਚਸਕੇ ਖਾਤਰ ਇਹ ਗੀਤ ਗਾਏ, ਇਹ ਜਗ ਜਾਣਦਾ ਹੈ, ਪਰ ਜਗ ਨੂੰ ਇਹ ਵੀ ਤਾਂ ਪਤਾ ਹੈ ਕਿ ਜਦੋਂ ਉਸ ਨੇ ਧਾਰਮਿਕ ਗਾਇਕੀ ਦੇ ਪਿੜ ਵਿਚ ਪੈਰ ਧਰਿਆ, ਉਦੋਂ ਵੀ ਓਨਾ ਹੀ ਤਹਿਲਕਾ ਮੱਚਿਆ, ਜਿੰਨਾ 'ਪਹਿਲੇ ਲਲਕਾਰੇ ਨਾਲ ਮੈਂ ਡਰ'ਗੀ' ਵੇਲੇ ਮੱਚਿਆ ਸੀ। ਜਦੋਂ ਉਸ ਨੇ 'ਤਲਵਾਰ ਮੈਂ ਕਲਗੀਧਰ ਦੀ ਹਾਂ' ਗਾਇਆ ਤਾਂ ਉਸ ਦੇ ਧੋਣੇ ਧੋਤੇ ਗਏ। ਉਸ ਨੂੰ ਦੋ ਅਰਥੇ ਗੀਤਾਂ ਦਾ ਗਾਇਕ ਕਹਿਣ ਵਾਲਿਆਂ ਨੂੰ ਸਮਝ ਆ ਗਈ ਕਿ ਇਹ ਬੰਦਾ ਕਲਾਵਾਨ ਹੈ, ਜਿਸ ਵੰਨਗੀ ਦਾ ਗਾਉਣਾ ਸ਼ੁਰੂ ਕਰਦੈ, ਬਸ ਕਮਾਲ ਕਰ ਦਿੰਦੈ।' ਮਾੜੇ ਗੀਤ ਗਾਉਣ ਬਦਲੇ ਉਸ ਨੇ ਮੁਆਫ਼ੀ ਮੰਗ ਲਈ ਕਿ ਅੱਗੇ ਤੋਂ ਅਜਿਹਾ ਨਹੀਂ ਹੋਵੇਗਾ...ਅੱਗੇ ਤੋਂ ਸਿਰਫ਼ ਉਹ ਗਾਇਆ ਜਾਵੇਗਾ, ਜਿਹੜਾ ਪਰਿਵਾਰ 'ਚ ਬੈਠ ਕੇ ਸੁਣਨ ਦੇ ਕਾਬਲ ਹੋਵੇ। ਉਸ ਨੂੰ ਮਾਰਨ ਵਾਲਿਆਂ ਨੂੰ ਇਹ ਸਮਝ ਪਤਾ ਨਹੀਂ ਕਿਉਂ ਨਾ ਆਈ ਕਿ ਜਦੋਂ ਉਸ ਨੇ ਚੰਗਾ ਗਾਉਣਾ ਸ਼ੁਰੂ ਕਰ ਦਿੱਤਾ ਤਾਂ ਕੰਪਨੀ ਵਾਲਿਆਂ ਨੇ ਪਹਿਲਾਂ ਰਿਕਾਰਡ ਹੋਏ ਗੀਤਾਂ ਨੂੰ ਨਵੇਂ ਸਿਰਿਓਂ ਮਾਰਕੀਟ ਵਿਚ ਭੇਜ ਦਿੱਤਾ ਤੇ ਸੱਭਿਆਚਾਰ ਦੀ ਅਣਖ ਬਚਾਉਣ ਵਾਲਿਆਂ ਨੇ ਧਾਰ ਲਿਆ ਕਿ ਹੁਣ ਉਸ ਦੀ ਹਿੱਕ 'ਤੇ ਨਿਸ਼ਾਨੇ ਲਾਉਣੇ ਹੀ ਪੈਣਗੇ। ਅੰਤ ਉਹੀ ਹੋਇਆ, ਜਿਸ ਦਾ ਕਿਆਸ ਲਾਇਆ ਜਾ ਰਿਹਾ ਸੀ। ਜਲੰਧਰ ਲਾਗਲੇ ਪਿੰਡ ਮਹਿਸਮਪੁਰ ਵਿਚ ਉਸ ਨੂੰ ਗੋਲੀਆਂ ਨਾਲ ਨਿਸ਼ਾਨਾ ਬਣਾ ਦਿੱਤਾ ਗਿਆ। ਫ਼ਰੀਦਕੋਟ ਵੱਲ ਦੀ ਗਾਇਕਾ ਅਮਰਜੋਤ, ਜਿਸ ਦੀ ਕਸ਼ਿਸ਼ ਭਰੀ ਆਵਾਜ਼ ਚਮਕੀਲੇ ਨਾਲ ਮਿਲ ਕੇ ਸੁਣਨ ਵਾਲਿਆਂ 'ਤੇ ਜਾਦੂਈ ਅਸਰ ਕਰਦੀ ਸੀ, ਵੀ ਗੋਲੀਆਂ ਦਾ ਸ਼ਿਕਾਰ ਹੋ ਕੇ ਇਸ ਜਹਾਨ ਨੂੰ ਅਲਵਿਦਾ ਕਹਿ ਗਈ।

ਲੁਧਿਆਣਾ ਜ਼ਿਲ੍ਹੇ ਦੇ ਪਿੰਡ ਦੁੱਗਰੀ ਦੇ ਜੰਮਪਲ ਚਮਕੀਲੇ ਨੇ ਜਿੰਨਾ ਸੰਘਰਸ਼ ਕੀਤਾ, ਜੇ ਉਸ ਵੱਲ ਦੇਖਿਆ ਜਾਵੇ, ਉਸ ਨੇ ਜਿੰਨਾ ਲਿਖਿਆ, ਜੇ ਉਸ ਦੀ ਹਰ ਪੱਖ ਤੋਂ ਘੋਖ ਕੀਤੀ ਜਾਵੇ, ਉਸ ਨੇ ਆਪਣੇ ਗੀਤਾਂ ਵਿਚ ਜਿੰਨੀਆਂ ਅਖੌਤਾਂ ਵਰਤੀਆਂ, ਜੇ ਉਨ੍ਹਾਂ ਦਾ ਅਧਿਐਨ ਕੀਤਾ ਜਾਵੇ ਤੇ ਉਸ ਦੇ ਗੀਤਾਂ ਨੂੰ ਜਿੰਨੀ ਮਕਬੂਲੀਅਤ ਮਿਲੀ, ਜੇ ਉਨ੍ਹਾਂ ਬਾਰੇ ਤਰਕ ਨਾਲ ਗੱਲ ਕੀਤੀ ਜਾਵੇ ਤਾਂ ਇਸ ਸਿੱਟੇ 'ਤੇ ਅਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ ਕਿ ਉਹ ਬੰਦਾ ਏਨਾ ਕਲਾਵਾਨ ਸੀ ਕਿ ਉਸ ਦੇ ਗਾਇਕੀ ਦੇ ਮੈਦਾਨ ਵਿਚ ਉਤਰਦਿਆਂ ਹੀ ਕਈਆਂ ਨੂੰ ਆਪਣੇ ਭਵਿੱਖ ਦੀ ਚਿੰਤਾ ਸਤਾਉਣ ਲੱਗ ਗਈ ਸੀ। ਸੁਰਿੰਦਰ ਸੋਨੀਆ, ਜਿਹੜੀ ਕਿ ਹੁਣ ਲੁਧਿਆਣਾ ਸ਼ਹਿਰ ਵਿਚ ਰਹਿੰਦੀ ਹੈ, ਦਾ ਕਹਿਣਾ ਹੈ, 'ਚਮਕੀਲਾ ਕਮਾਲ ਦਾ ਗਵੱਈਆ ਸੀ...ਅਸੀਂ ਦੋਹਾਂ ਨੇ ਥੋੜ੍ਹਾ ਕੁ ਤੱਤਾ ਗਾਇਆ ਤੇ ਪੇਸ਼ ਕਰਨ ਵਾਲਿਆਂ ਨੇ ਇਸ ਗੱਲ ਨੂੰ ਹੱਦੋਂ ਵੱਧ ਤੂਲ ਦਿੱਤੀ ਕਿ ਇਨ੍ਹਾਂ ਨੇ ਤਾਂ ਪੰਜਾਬੀ ਗਾਇਕੀ ਦਾ ਜਲੂਸ ਕੱਢ ਦਿੱਤਾ...ਇਹ ਉਹ ਲੋਕ ਸਨ, ਜਿਨ੍ਹਾਂ ਦੀ ਕੱਲ੍ਹ ਤੱਕ ਪੰਜਾਬੀ ਗਾਇਕੀ ਵਿਚ ਸਰਦਾਰੀ ਸੀ, ਪਰ ਚਮਕੀਲੇ ਦੀਆਂ ਤਰਜ਼ਾਂ ਤੇ ਬੋਲਾਂ ਅੱਗੇ ਉਹ ਖੁਦ ਨੂੰ ਬੇਵੱਸ ਮਹਿਸੂਸ ਕਰਨ ਲੱਗ ਗਏ ਸਨ।'

ਚਮਕੀਲੇ ਨਾਲ ਯਾਦਗਾਰੀ ਪਲ ਬਿਤਾਉਣ ਵਾਲੇ ਕਈ ਗਾਇਕ ਉਸਦੀ ਦਰਿਆਦਿਲੀ ਦੀਆਂ ਗੱਲਾਂ ਸੁਣਾਉਂਦੇ ਨੇ। ਕਈ ਦੱਸਦੇ ਨੇ ਕਿ ਉਸਦਾ ਦੀਦਾਰ ਪਾਉਣ ਲਈ ਲੋਕ ਝੱਲੇ ਹੋ ਜਾਂਦੇ ਸਨ। ਉਹ ਦਿਨ ਦੇ ਤਿੰਨ-ਤਿੰਨ ਪ੍ਰੋਗਰਾਮ ਲਾਉਂਦਾ ਸੀ। ਇੱਕ ਵਾਰ ਲੁਧਿਆਣੇ ਉਸ ਦੇ ਦਫ਼ਤਰ ਅੱਗੇ ਇੱਕ ਟਰੱਕ ਰੁਕਿਆ। ਟਰੱਕ ਡਰਾਈਵਰ ਨੇ ਚਮਕੀਲੇ ਦਾ ਬੋਰਡ ਪੜ੍ਹਿਆ ਤੇ ਬਾਹਰ ਬੈਠੇ ਬੰਦੇ ਨੂੰ ਪੁੱਛਿਆ, "ਯਾਰ ਚਮਕੀਲੇ ਨੂੰ ਕਦੇ ਮਿਲਿਆ ਜਾ ਸਕਦੈ ਕਿ ਨਹੀਂ...।"

ਉਹ ਬੋਲਿਆ, "ਉਹ ਏਥੇ ਨਹੀਂ ਆਉਂਦਾ...ਉਹ ਆਪਣੇ ਪ੍ਰੋਗਰਾਮਾਂ 'ਚ ਰੁੱਝਿਆ ਹੁੰਦੈ...।"

ਡਰਾਈਵਰ ਨੇ ਕਿਹਾ, "ਕੀ ਮੈਂ ਉਹਦਾ ਦਫ਼ਤਰ ਅੰਦਰੋਂ ਦੇਖ ਸਕਦਾ ਹਾਂ...ਮੇਰੀ ਏਨੀ ਕੁ ਹਸਰਤ ਤਾਂ ਪੂਰੀ ਹੋ ਜਾਵੇ ਕਿ ਮੈਂ ਉਸ ਦੇ ਦਫ਼ਤਰ ਦੇ ਅੰਦਰ ਬੈਠ ਕੇ ਵੀ ਦੇਖਿਐ..?"

ਅਣਮੰਨੇ ਜਿਹੇ ਮਨ ਨਾਲ ਉਸ ਬੰਦੇ ਨੇ ਹਾਮੀ ਭਰ ਦਿੱਤੀ ਤੇ ਡਰਾਈਵਰ ਦਫ਼ਤਰ ਅੰਦਰ ਚਲਾ ਗਿਆ। ਅੰਦਰ ਉਸ ਨੇ ਜੋ ਦੇਖਿਆ, ਉਹ ਦੇਖ ਕੇ ਉਸ ਦੀ ਹੈਰਾਨੀ ਦੀ ਸੀਮਾ ਨਾ ਰਹੀ। ਚਮਕੀਲਾ ਕੁਰਸੀ 'ਤੇ ਬੈਠਾ ਸੀ। ਡਰਾਈਵਰ ਨੇ ਬਟੂਏ 'ਚੋਂ ਸੌ ਦਾ ਨੋਟ ਕੱਢਿਆ ਤੇ ਉਸ ਅੱਗੇ ਰੱਖ ਕੇ ਸਿਰ ਨਿਵਾ ਦਿੱਤਾ। ਅਖੇ, "ਮੇਰੀ ਰੀਝ ਪੂਰੀ ਹੋ ਗਈ..ਹੁਣ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਰਹੀ...ਮੈਂ ਜੋ ਸੋਚਿਆ ਨਹੀਂ ਸੀ...ਉਹ ਪੂਰਾ ਹੋ ਗਿਐ ਅੱਜ..।"



*ਅਮਰ ਸਿੰਘ ਚਮਕੀਲਾ ਅਤੇ ਅਮਰਜੋਤ*

ਚਮਕੀਲੇ ਨੂੰ ਲੋਕਾਂ ਦੇ ਮਿਲੇ ਬੇਪਨਾਹ ਪਿਆਰ ਦੀਆਂ ਉਦਾਹਰਣਾਂ ਹੋਰ ਵੀ ਬਹੁਤ ਸਾਰੀਆਂ ਨੇ। ਜਦੋਂ ਉਹ ਤੁਰ ਗਿਆ ਤਾਂ ਕਈ ਕਲਾਕਾਰਾਂ ਨੇ ਰਲ ਕੇ ਉਸ ਦੀ ਪਤਨੀ ਗੁਰਮੇਲ ਕੌਰ ਦੀ ਮਦਦ ਵੀ ਕੀਤੀ। ਹਰ ਸਾਲ ਚਮਕੀਲੇ ਦੀ ਯਾਦ ਵਿਚ ਦੁੱਗਰੀ ਵਿਖੇ ਮੇਲਾ ਕਰਾਇਆ ਜਾਂਦੈ, ਜਿੱਥੇ ਗਾਉਣ ਵਾਲੇ ਉਸ ਨੂੰ ਚੇਤੇ ਕਰਦੇ ਨੇ ਤੇ ਆਪਣੇ ਗੀਤਾਂ ਨਾਲ ਸੁਣਨ ਵਾਲਿਆਂ ਦਾ ਮਨੋਰੰਜਨ ਕਰਦੇ ਨੇ। ਚਮਕੀਲੇ ਦੀ ਧੀ ਕਮਲ ਚਮਕੀਲਾ ਨੇ ਵੀ ਗਾਇਕੀ ਵਿਚ ਪੈਰ ਧਰਿਆ, ਪਰ ਉਹ ਲੰਮੀ ਸੋਚ ਲੈ ਕੇ ਚੱਲਣ ਦੀ ਥਾਂ ਸਿਰਫ਼ ਵਿਦੇਸ਼ ਤੱਕ ਸੀਮਤ ਹੋ ਕੇ ਰਹਿ ਗਈ। ਇੱਕ-ਦੋ ਕੈਸਿਟਾਂ ਕਰਨ ਤੋਂ ਬਾਅਦ ਉਸ ਨੂੰ ਕੋਈ ਵਿਦੇਸ਼ ਲੈ ਗਿਆ ਤੇ ਉਥੋਂ ਉਹ ਫੁਰਰ ਹੋ ਗਈ। ਅਖ਼ਬਾਰਾਂ ਵਿਚ ਉਸ ਦੀਆਂ ਖ਼ਬਰਾਂ ਨਸ਼ਰ ਹੋਈਆਂ ਤੇ ਸਭਨਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਕਿ ਏਨੇ ਵੱਡੇ ਕਲਾਕਾਰ ਦੀ ਪੁੱਤਰੀ ਨੇ ਇਹ ਕਿਹੜਾ ਕਾਰਾ ਕਰ ਦਿਖਾਇਆ।

ਚਮਕੀਲੇ ਵਰਗੇ ਬਣਨ ਦੀਆਂ ਕੋਸ਼ਿਸ਼ਾਂ ਬੜਿਆਂ ਨੇ ਕੀਤੀਆਂ ਨੇ ਤੇ ਬੜਿਆਂ ਵੱਲੋਂ ਕੀਤੀਆਂ ਜਾ ਰਹੀਆਂ ਨੇ। ਬੜਿਆਂ ਨੇ ਆਪਣੇ ਨਾਂ ਪਿੱਛੇ 'ਚਮਕੀਲਾ' ਲਾਉਣਾ ਸ਼ੁਰੂ ਕਰ ਦਿੱਤਾ, ਪਰ ਉਸ ਵਰਗੀ ਅਵਾਜ਼ ਕਿੱਥੋਂ ਆਵੇ? ਬੜਿਆਂ ਨੇ ਅਮਰਜੋਤ ਨਾਲ ਮਿਲਦੇ-ਜੁਲਦੇ ਨਾਂ ਵਾਲੀਆਂ ਕੁੜੀਆਂ ਆਪਣੇ ਨਾਲ ਗਾਉਣ ਲਾਈਆਂ, ਪਰ ਉਸ ਵਰਗਾ ਅੰਦਾਜ਼ ਕਿੱਥੋਂ ਆਵੇ? ਕਮਾਲ ਦੇਖੋ, ਜਿਹੜੇ ਉਸ ਨੂੰ ਮਾੜਾ ਆਖਦੇ ਸਨ, ਅੱਜ ਉਹ ਉਸ ਵਰਗਾ ਬਣਨ ਦੀਆਂ ਕੋਸ਼ਿਸ਼ਾਂ ਕਰ ਰਹੇ ਨੇ। ਯੂਰਪ ਸਮੇਤ ਮੁਲਕ ਦੇ ਹਰ ਦੇਸ਼ ਵਿਚ ਉਸ ਦੇ ਗੀਤ ਵੱਜਦੇ ਨੇ ਤੇ ਵੱਜਦੇ ਹੀ ਰਹਿਣਗੇ।

ਅਮਰ ਅਰਸ਼ੀ, ਜਿਹੜਾ ਚਮਕੀਲੇ ਪਿੱਛੇ ਘੜਾ ਵਜਾਉਣ ਦਾ ਕੰਮ ਕਰਦਾ ਸੀ, ਅੱਜ ਆਪਣੀ ਪਤਨੀ ਨਰਿੰਦਰਜੋਤ ਨਾਲ ਦੋਗਾਣਾ ਗਾਇਕੀ ਵਿਚ ਚੰਗਾ ਨਾਂ ਖੱਟ ਚੁੱਕਾ ਹੈ, ਕਿਉਂਕਿ ਉਸ ਨਾਲ ਇਹ ਸ਼ਬਦ ਜੁੜਿਆ ਹੋਇਐ ਕਿ ਇਹ ਚਮਕੀਲੇ ਦਾ ਸ਼ਾਗਿਰਦ ਹੈ। ਪੰਜਾਬ ਦੇ ਇੱਕੜ-ਦੁੱਕੜ ਗਾਇਕਾਂ ਨੂੰ ਛੱਡ ਸਭ ਨੇ ਚਮਕੀਲੇ ਦੀਆਂ ਤਰਜ਼ਾਂ ਅਤੇ ਗੀਤਾਂ ਦੀਆਂ ਸਤਰਾਂ ਚੁੱਕੀਆਂ ਨੇ। ਜਿਨ੍ਹਾਂ ਨੇ ਉਸਦੀਆਂ ਸਤਰਾਂ ਚੋਰੀ ਕੀਤੀਆਂ ਨੇ, ਉਹ ਕਾਮਯਾਬ ਵੀ ਹੋਏ ਨੇ ਤੇ ਇਸੇ ਗੱਲ ਤੋਂ ਅੰਦਾਜ਼ਾ ਲੱਗ ਜਾਂਦਾ ਹੈ ਕਿ ਉਸ ਦੇ ਗੀਤਾਂ ਵਿਚ ਕਿੰਨਾ ਦਮ ਸੀ।

ਜਦੋਂ ਚਮਕੀਲੇ ਦੇ ਗੋਲੀਆਂ ਮਾਰ ਦਿੱਤੀਆਂ ਗਈਆਂ ਤਾਂ ਜਗਦੇਵ ਸਿੰਘ ਜੱਸੋਵਾਲ ਨੇ ਕਿਹਾ ਸੀ, 'ਜੇ ਗੋਲੀਆਂ ਮਾਰਿਆਂ ਅਸ਼ਲੀਲਤਾ ਮੁੱਕਦੀ ਏ ਤਾਂ ਮੇਰੇ ਵੀ ਗੋਲੀਆਂ ਮਾਰ ਦਿਓ...ਅਸ਼ਲੀਲਤਾ ਗੋਲੀਆਂ ਨਾਲ ਨਹੀਂ, ਸਮਝਾਉਣੀਆਂ ਨਾਲ ਮੁੱਕ ਸਕਦੀ ਏ...।'

ਜੱਸੋਵਾਲ ਹੁਰਾਂ ਦੀ ਇਹ ਗੱਲ ਅੱਜ ਦੇ ਪ੍ਰਸੰਗ ਵਿਚ ਬਿਲਕੁਲ ਸਹੀ ਹੈ ਕਿਉਂਕਿ ਚਮਕੀਲੇ ਦੇ ਤਾਂ ਬੋਲ ਹੀ ਦੋ ਅਰਥਾਂ ਵਾਲੇ ਸਨ, ਅੱਜ ਦੇ ਗਵੱਈਆਂ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਮੂੰਹ 'ਤੇ ਕਾਲਖ ਮਲਣ ਦੀ ਧਾਰੀ ਹੋਈ ਹੈ। ਅੱਜ ਗੀਤਾਂ ਵਿਚ ਮੁਟਿਆਰਾਂ ਦੇ ਸਿਰਫ਼ ਦੋ ਕੱਪੜੇ ਦਿਖਾਏ ਜਾ ਰਹੇ ਨੇ, ਗੀਤ ਦੇ ਬੋਲ ਭੜਕਾਉਣ ਵਾਲੇ ਹੁੰਦੇ ਨੇ ਤੇ ਫ਼ਿਲਮਾਂਕਣ ਉਨ੍ਹਾਂ ਨਾਲੋਂ ਵੀ ਕਿਤੇ ਗੰਦਾ ਹੁੰਦਾ ਹੈ।

ਕਮਾਲ ਦੇਖੋ, ਜਿਹੜੇ 'ਸੱਭਿਆਚਾਰ ਹਿਤੈਸ਼ੀਆਂ' ਨੇ ਚਮਕੀਲੇ ਨੂੰ ਮਾਰ ਮੁਕਾਇਆ, ਅੱਜ ਉਨ੍ਹਾਂ ਨੂੰ ਨਾ ਬੱਗਾ ਸਫ਼ਰੀ ਦਿਸ ਰਿਹਾ ਹੈ ਤੇ ਨਾ ਹੀ ਹਨੀ ਸਿੰਘ। ਇਹ ਦੋਵੇਂ ਤੇ ਹੋਰ ਦਰਜਨਾਂ ਗਾਉਣ ਵਾਲੇ ਬਦਲਵੇਂ ਨਾਂਵਾਂ 'ਤੇ ਲੁਕਵੇਂ ਢੰਗ ਨਾਲ ਪੰਜਾਬੀਆਂ ਦਾ ਮੂੰਹ ਚਿੜਾ ਰਹੇ ਨੇ। ਬੱਗੇ ਸਫ਼ਰੀ ਦੇ ਪੁਤਲੇ ਵੀ ਸਾੜੇ ਗਏ, ਪਰ ਅੱਜ ਤੱਕ ਉਸ ਦਾ ਕੋਈ ਵਾਲ਼ ਤੱਕ ਵਿੰਗਾ ਨਹੀਂ ਕਰ ਸਕਿਆ। ਸਾਡੇ ਲੋਕਾਂ ਦੀ ਸੋਚਣੀ ਗਰਕ ਗਈ ਹੈ, 'ਯੂ ਟਿਊਬ' 'ਤੇ ਜਾ ਕੇ ਦੇਖੋ, ਸ਼ਿਵ ਕੁਮਾਰ ਬਟਾਲਵੀ ਨੂੰ ਦੇਖਣ-ਸੁਣਨ ਵਾਲਿਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ ਤੇ ਹਨੀ ਸਿੰਘ ਦੇ ਹੱਦੋਂ ਗੰਦੇ ਗੀਤ ਨੂੰ ਸੁਣਨ ਵਾਲੇ ਲੱਖਾਂ ਵਿਚ ਨੇ। ਜਦੋਂ ਲੋਕਾਂ ਦੀ ਸੋਚਣੀ ਦਾ ਬੇੜਾ ਗਰਕ ਹੋ ਚੁੱਕਾ ਹੋਵੇ, ਉਦੋਂ ਚਮਕੀਲੇ ਨੂੰ ਮਾਰਨ ਦੀ ਤੁਕ ਨਹੀਂ ਰਹਿ ਜਾਂਦੀ, ਸਗੋਂ ਆਪਣੇ ਅੰਦਰ ਬੈਠੇ ਸ਼ੈਤਾਨ ਨੂੰ ਮਾਰਨ ਦੀ ਲੋੜ ਵਧ ਜਾਂਦੀ ਹੈ।

ਚਮਕੀਲੇ ਨੇ ਮੁੜ ਨਹੀਂ ਜੰਮਣਾ, ਪਰ ਉਸ ਦੀਆਂ ਨਕਲਾਂ ਕਰਨ ਵਾਲਿਆਂ ਨੇ ਜੰਮਦੇ ਰਹਿਣਾ ਹੈ, ਉਸ ਦੀਆਂ ਤਰਜ਼ਾਂ ਚੋਰੀ ਕਰਨ ਵਾਲਿਆਂ ਨੇ ਪੈਦਾ ਹੁੰਦੇ ਹੀ ਰਹਿਣਾ ਹੈ। ਜੇ ਅਸੀਂ ਸੱਭਿਆਚਾਰ ਦੇ ਅਸਲ ਹਿਤੈਸ਼ੀ ਹਾਂ ਤਾਂ ਆਓ ਵਾਅਦਾ ਕਰੋ ਕਿ ਅਸੀਂ ਚਮਕੀਲੇ ਵਰਗੀ ਸਜ਼ਾ ਉਨ੍ਹਾਂ ਲੋਕਾਂ ਨੂੰ ਵੀ ਦੇਵਾਂਗੇ, ਜਿਹੜੇ ਗਾਇਕੀ ਦੇ ਨਾਂ 'ਤੇ ਸਾਡੀਆਂ ਧੀਆਂ-ਭੈਣਾਂ ਦੀ ਪੱਤ ਰੋਲ ਰਹੇ ਨੇ।

*ਫੋਨ:91-98141-78883

## ਬਾਲੀਵੁੱਡ ਖ਼ਬਰਨਾਮਾ

# ਸਦਾ ਧੁਖਦਾ ਰਿਹਾ ਬਲਰਾਜ ਸਾਹਨੀ ਦਾ ਦਿਲ

**ਬੀਬਾ ਕੁਲਵੰਤ**

ਅੱਜ ਤੋਂ ਤਿੰਨ ਦਹਾਕੇ ਪਿੱਛੇ ਸਕੂਲ ਵਿਚ ਪੜਦੀ ਸਾਂ। ਉਦੋਂ ਕੋਰਸ ਦੀਆਂ ਕਿਤਾਬਾਂ ਤੋਂ ਬਿਨਾਂ ਕੋਈ ਵੀ ਕਿਤਾਬ ਪੜ੍ਹਨ ਦੀ ਮੇਰੇ ਘਰ ਦੇ ਜਾਗੀਰਦਾਰੀ ਮਾਹੌਲ ਵਿਚ ਮਨਾਹੀ ਸੀ। ਮੈਂ ਅੱਧੀ ਛੁੱਟੀ ਵੇਲੇ ਕਾਹਲੀ-ਕਾਹਲੀ ਆਪਣਾ ਖਾਣਾ ਖਾਂਦੀ ਤੇ ਸਕੂਲ ਦੀ ਲਾਇਬਰੇਰੀ ਚਲੀ ਜਾਂਦੀ।

ਬਲਰਾਜ ਸਾਹਨੀ ਦੀਆਂ ਕੁਝ ਫਿਲਮਾਂ ਮੈਂ ਘਰਦਿਆਂ ਨਾਲ ਸਿਨੇਮਾ ਵਿਚ ਵੇਖ ਚੁੱਕੀ ਸਾਂ ਤੇ ਉਨ੍ਹਾਂ ਦੀ ਸ਼ਖਸੀਅਤ ਤੋਂ ਬਹੁਤ ਹੀ ਪ੍ਰਭਾਵਤ ਸਾਂ। ਲਾਇਬਰੇਰੀ ਵਿਚੋਂ ਮੈਨੂੰ ਉਨ੍ਹਾਂ ਦੀਆਂ ਦੋ ਕਿਤਾਬਾਂ ਨਜ਼ਰੀਂ ਆਈਆਂ। 'ਮੇਰਾ ਰੂਸੀ ਸਫਰਨਾਮਾ' ਤੇ 'ਮੇਰਾ ਪਾਕਿਸਤਾਨੀ ਸਫਰਨਾਮਾ'। ਮੈਂ ਉਹ ਕੁਝ ਹੀ ਦਿਨਾਂ ਵਿਚ ਪੜ੍ਹ ਲਈਆਂ। ਉਨ੍ਹਾਂ ਦਿਨਾਂ ਵਿਚ 'ਆਰਸੀ' ਤੇ 'ਪ੍ਰੀਤਲੜੀ' ਵਿਚ ਉਹਦੀਆਂ ਲਿਖਤਾਂ ਪੜ੍ਹਨ ਨੂੰ ਮਿਲਦੀਆਂ। ਇਹ ਸਭ ਕੁਝ ਪੜ੍ਹ ਕੇ ਮੈਨੂੰ ਵੀ ਲਿਖਣ ਦਾ ਸ਼ੌਕ ਪੈ ਗਿਆ। ਪਾਕਿਸਤਾਨ ਤੇ ਹਿੰਦੋਸਤਾਨ ਦੇ ਸੰਬੰਧਾਂ ਬਾਰੇ ਮੈਂ ਆਪਣੇ ਪੁਰਖਿਆਂ ਦੀਆਂ ਗੱਲਾਂ ਸੁਣ-ਸੁਣ ਕੇ ਕਹਾਣੀ ਲਿਖੀ 'ਦੋਹਾਂ ਪੰਜਾਬਾਂ ਨੂੰ' ਅਤੇ 'ਆਰਸੀ' ਤੋਂ ਸਿਰਨਾਵਾਂ ਵੇਖ ਕੇ 'ਆਰਸੀ' ਵਿਚ ਛਪਣ ਲਈ ਭੇਜ ਦਿੱਤੀ। ਮੇਰੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ ਜਦੋਂ ਉਹ ਕਹਾਣੀ ਅਗਲੇ ਮਹੀਨੇ 'ਆਰਸੀ' ਵਿਚ ਛਪ ਗਈ। ਹਾਲਾਂਕਿ ਉਦੋਂ 'ਆਰਸੀ' ਵਰਗੇ ਮੈਗਜ਼ੀਨ ਵਿਚ ਛਪਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਕੁਝ ਦਿਨਾਂ ਬਾਅਦ ਮੈਨੂੰ ਹੈਡਮਾਸਟਰ ਨੇ ਆਪਣੇ ਦਫ਼ਤਰ ਵਿਚ ਬੁਲਾਇਆ। ਮੈਂ ਡਰਦੀ-ਡਰਦੀ ਦਫ਼ਤਰ ਗਈ ਤਾਂ ਉਨ੍ਹਾਂ ਮੈਨੂੰ ਕੁਝ ਚਿੱਠੀਆਂ ਦਿੱਤੀਆਂ। ਜਿਨ੍ਹਾਂ ਵਿਚ ਬਲਰਾਜ ਸਾਹਨੀ ਦੀ ਵੀ ਚਿੱਠੀ ਸੀ।

ਚਿੱਠੀ ਵੇਖ ਕੇ ਮੇਰਾ ਹੌਂਸਲਾ ਵਧ ਗਿਆ ਤੇ ਕਈ ਦਿਨ ਸੋਚ-ਸੋਚ ਕੇ ਚਿੱਠੀ ਦਾ ਜੁਆਬ ਦਿੱਤਾ। ਬਲਰਾਜ ਸਾਹਨੀ ਨੂੰ ਜਾਨਣ ਦੀ ਮੇਰੀ ਉਤਸੁਕਤਾ ਵਧ ਗਈ ਸੀ। ਉਹ ਬਲਰਾਜ ਸਾਹਨੀ ਦੇ ਖੁਸ਼ੀਆਂ ਭਰੇ ਦਿਨ ਸਨ। ਐਕਟਰੈਸ ਪਤਨੀ ਦਮਿਅੰਤੀ ਦੋ ਬੱਚੇ ਸ਼ਬਨਮ ਤੇ ਪ੍ਰੀਕਸ਼ਤ।

ਫਿਲਮੀ ਦੁਨੀਆਂ ਵਿਚ ਬਲਰਾਜ ਸਾਹਨੀ ਆਪਣੀ ਵਿਲੱਖਣ ਛਾਪ ਛੱਡ ਰਹੇ ਸਨ ਪਰ ਅਚਾਨਕ ਦਮਿਅੰਤੀ ਦੀ ਮੌਤ ਹੋ ਗਈ। ਬਲਰਾਜ ਸਾਹਨੀ ਧੁਰ ਅੰਦਰੋਂ ਟੁੱਟ ਗਿਆ ਤੇ ਬੱਚੇ ਮਾਂ ਬਿਨਾਂ ਵਿਲਕਣ ਲੱਗੇ। ਉਹ ਅੰਦਰੋ ਅੰਦਰੀ ਖੋਖਲਾ ਹੋਣ ਲੱਗਾ। ਮਰਨ ਵਾਲੇ ਤਾਂ ਮਰ ਜਾਂਦੇ ਨੇ ਪਰ ਅਸਲੀ ਮਰਨਾ ਤਾਂ ਪਿਛਲਿਆਂ ਦਾ ਹੁੰਦਾ ਹੈ।

ਇਕ ਨੇੜੇ ਦੀ ਰਿਸ਼ਤੇਦਾਰ ਸੰਤੋਸ਼, ਜਿਹੜੀ ਸਾਹਿਤਕ ਰੁਚੀਆਂ ਰੱਖਦੀ ਸੀ ਪਰ ਆਪਣੀ ਵਿਆਹੁਤਾ ਜ਼ਿੰਦਗੀ ਤੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਸੀ, ਉਹ ਹੌਲੀ-ਹੌਲੀ ਬਲਰਾਜ ਸਾਹਨੀ ਦੇ ਨੇੜੇ ਹੋ ਗਈ ਤੇ ਇਸ ਭਿਅਨਕ ਹਾਦਸੇ ਦੇ ਦੁੱਖ ਵਿਚ ਸ਼ਰੀਕ ਹੋਣ ਲੱਗ ਪਈ। ਬਲਰਾਜ ਸਾਹਨੀ ਦਮਿਅੰਤੀ ਦੀ ਕਮੀ ਉਹਦੇ ਵਿਚੋਂ ਲੱਭਣ ਲੱਗ ਪਏ। ਪਰ ਸ਼ਬਨਮ ਤੇ ਪ੍ਰੀਕਸ਼ਤ ਅਜੇ ਵੀ ਅਧੂਰੇ ਜਾਪਦੇ ਸਨ। ਕੁਝ ਸਾਲਾਂ ਬਾਅਦ ਬਲਰਾਜ ਸਾਹਨੀ ਤੇ ਸੰਤੋਸ਼ ਇਕੋ ਛੱਤ ਹੇਠ ਆ ਗਏ। ਬੱਚੇ ਅਜੇ ਵੀ ਉਦਾਸ ਸਨ। ਖਾਸ ਕਰਕੇ ਸ਼ਬਨਮ। ਸ਼ਬਨਮ ਨੂੰ ਖੁਸ਼ ਰੱਖਣ ਲਈ ਘਰ ਵਿਚ ਬੜੇ ਯਤਨ ਹੁੰਦੇ ਪਰ ਸਭ ਨਾਕਾਮ ਜਾਂਦੇ। ਉਹ ਕਦੇ-ਕਦੇ ਉਹਨੂੰ ਲੈ ਕੇ ਪੰਜਾਬ ਆ ਜਾਂਦੇ ਤੇ ਢੁੱਡੀਕੇ ਜਸਵੰਤ ਸਿੰਘ ਕੰਵਲ ਦੇ ਪਿੰਡ ਠਹਿਰਦੇ। ਸ਼ਬਨਮ ਅਕਸਰ ਉਦਾਸ ਰਹਿੰਦੀ, ਕਿੰਨੀ-ਕਿੰਨੀ ਦੇਰ ਅਸਮਾਨ ਵਿਚ ਬੱਦਲਾਂ ਵਲ ਝਾਕਦੀ, ਉਡਦੇ ਪੰਛੀਆਂ ਨੂੰ ਦੂਰ-ਦੂਰ ਤੱਕ ਵੇਖਦੀ ਰਹਿੰਦੀ।


ਬੰਬਈ ਵਿਚ ਸ਼ਬਨਮ ਦਾ ਸਭ ਤੋਂ ਵਧੀਆ ਦੋਸਤ ਸੰਜੇ ਖਾਨ ਹੋਰਾਂ ਦਾ ਸਭ ਤੋਂ ਛੋਟਾ ਭਰਾ ਅਹਿਮਦ ਸੀ। ਉਹ ਕਈ ਵਾਰੀ ਉਹਨੂੰ ਮਿਲਦੀ। ਮਨ ਦੀਆਂ ਗੱਲਾਂ ਉਹਦੇ ਨਾਲ ਸਾਂਝੀਆਂ ਕਰਦੀ। ਅਹਿਮਦ ਵੀ ਉਹਨੂੰ ਬਹੁਤ ਪਿਆਰ ਕਰਦਾ ਤੇ ਉਹਦੇ ਦੁੱਖ ਨੂੰ ਸਮਝਦਾ।

ਜ਼ਿੰਦਗੀ ਦਾ ਪਤਾ ਨਹੀਂ ਕਿਹੜਾ ਗੇੜਾ ਸ਼ਬਨਮ ਦੀਆਂ ਲਕੀਰਾਂ ਵਿਚ ਲਿਖਿਆ ਹੋਇਆ ਸੀ। ਅਹਿਮਦ ਉਹਦੀ ਜ਼ਿੰਦਗੀ ਨਾਲ ਜੁੜ ਨਾ ਸਕਿਆ। ਸ਼ਬਨਮ ਦੀ ਸ਼ਾਦੀ ਇਕ ਬਹੁਤ ਅਮੀਰ ਘਰਾਣੇ ਵਿਚ ਹੋ ਗਈ ਪਰ ਉਹਨੂੰ ਨਵੀਂ ਜ਼ਿੰਦਗੀ ਰਾਸ ਨਾ ਆਈ, ਉਹ ਉਦਾਸ ਰਹਿਣ ਲੱਗੀ। ਉਹ ਉਪਰਾਮ ਹੋ ਕੇ ਅਕਸਰ ਆਪਣੇ ਪਾਪਾ ਕੋਲ ਆ ਜਾਂਦੀ। ਬਲਰਾਜ ਸਾਹਨੀ ਉਹਦਾ ਦਿਲ ਲਾਉਣ ਲਈ ਸੌ ਸੌ ਯਤਨ ਕਰਦੇ ਪਰ ਸ਼ਬਨਮ ਦਾ ਦਿਲ ਕਿਤੇ ਨਾ ਲੱਗਦਾ। ਬੰਬਈ ਦੀ ਦੁਨੀਆਂ ਉਹਨੂੰ ਵੱਢ-ਵੱਢ ਖਾਂਦੀ। ਬਲਰਾਜ, ਸ਼ਬਨਮ ਨੂੰ ਨਾਲ ਲੈ ਕੇ ਅਕਸਰ ਢੁੱਡੀਕੇ ਆ ਜਾਂਦੇ।

ਇਕ ਵਾਰ ਉਹ ਪੰਜਾਬ ਵਿਚ ਇਕ ਵਿਆਹ 'ਤੇ ਗਏ। ਸ਼ਬਨਮ ਵਿਆਹ ਵੇਖ ਕੇ ਬਹੁਤ ਖੁਸ਼ ਹੋਈ। ਪਾਪਾ ਨੂੰ ਕਹਿਣ ਲੱਗੀ ਆਪਾਂ ਵੀ ਪ੍ਰੀਕਸ਼ਤ ਦਾ ਵਿਆਹ ਪੰਜਾਬ ਵਿਚ ਕਰਾਂਗੇ, ਕਿਸੇ ਪੰਜਾਬੀ ਕੁੜੀ ਨਾਲ।... ਪਰ ਕਿਸਮਤ ਦਾ ਗੇੜ ਵੇਖੋ ਕੁਝ ਹੀ ਦਿਨਾਂ ਬਾਅਦ ਪ੍ਰੀਕਸ਼ਤ ਦੀ ਟੈਲੀਗ੍ਰਾਮ ਆ ਗਈ ਕਿ ਉਸਨੇ ਕਿਸੇ ਪਾਰਸਨ ਕੁੜੀ ਨਾਲ ਆਪਣਾ ਘਰ ਵਸਾ ਲਿਆ ਹੈ ਤੇ ਸੰਡੇ ਨੂੰ ਰਿਸੈਪਸ਼ਨ ਹੈ। ਨਾਲ ਹੀ ਉਹਨੇ ਸ਼ਬਨਮ ਤੇ ਬਲਰਾਜ ਸਾਹਨੀ ਦੀਆਂ ਹਵਾਈ ਟਿਕਟਾਂ ਭੇਜੀਆਂ ਸਨ। ...ਸ਼ਬਨਮ ਇਹ ਸੁਣ ਕੇ ਹੋਰ ਵੀ ਉਦਾਸ ਹੋ ਗਈ।

ਭਰਾ ਦੇ ਵਿਆਹ ਤੋਂ ਬਾਅਦ ਸ਼ਬਨਮ ਆਪਣੇ ਆਪ ਨੂੰ ਇਕੱਲੀ ਮਹਿਸੂਸ ਕਰਨ ਲੱਗੀ। ਉਹ ਬਹੁਤ ਘੱਟ ਬੋਲਦੀ। ਘਰ ਵਿਚ ਕਈ ਕਈ ਘੰਟੇ ਇਕੱਲੀ ਹੀ ਇਕ ਥਾਂ 'ਤੇ ਬੈਠੀ ਰਹਿੰਦੀ। ਬਲਰਾਜ ਸਾਹਨੀ ਅੰਦਰੋ ਅੰਦਰੀ ਖੁਰ ਰਿਹਾ ਸੀ। ਉਹਦੇ ਕੋਲੋਂ ਇਹ ਸਭ ਬਰਦਾਸ਼ਤ ਨਾ ਹੁੰਦਾ।

ਬਲਰਾਜ ਸਾਹਨੀ ਸ਼ੂਟਿੰਗ ਦੇ ਸਿਲਸਿਲੇ ਵਿਚ ਕੁਝ ਦਿਨਾਂ ਲਈ ਬਾਹਰ ਗਏ ਹੋਏ ਸਨ। ਪਿੱਛੋਂ ਸ਼ਬਨਮ ਨੇ ਕਹਿਰ ਕਰ ਦਿੱਤਾ। ਕਮਰਾ ਬੰਦ ਕਰਕੇ ਉਹਨੇ ਆਪਣੇ ਆਪ ਨੂੰ ਅੱਗ ਲਾ ਲਈ। ਨੌਕਰਾਂ ਚਾਕਰਾਂ ਨੇ ਬਚਾ ਤਾਂ ਲਈ ਪਰ ਉਹ ਥਾਂ-ਥਾਂ ਤੋਂ ਬੁਰੀ ਤਰ੍ਹਾਂ ਸੜ-ਝੁਲਸ ਗਈ। ਹੁਣ ਸ਼ਬਨਮ ਨੂੰ ਇਕ ਕਦਮ ਪੁਟਣਾ ਵੀ ਔਖਾ ਸੀ। ਬਲਰਾਜ ਇਸ ਦੁਖ ਵਿਚ ਜਿਊਂਦੇ ਜੀਅ ਅੰਦਰੋਂ ਪੂਰੀ ਤਰ੍ਹਾਂ ਮਰ ਰਿਹਾ ਸੀ। ਸ਼ਬਨਮ ਵੀ ਪਲ-ਪਲ ਮਰ ਰਹੀ ਸੀ। ਇਕ ਦਿਨ ਫੇਰ ਕਹਿਰ ਵਾਪਰਿਆ। ਬਲਰਾਜ ਦੀ ਗੈਰਹਾਜ਼ਰੀ ਵਿਚ ਸ਼ਬਨਮ ਨੇ ਆਪਣੀ ਜੀਵਨ ਲੀਲ੍ਹਾ ਮੁਕਾ ਹੀ ਲਈ।



ਬਲਰਾਜ ਕਿਵੇਂ ਜੀਵੇ? ਉਹਨੂੰ ਕੁਝ ਸਮਝ ਨਾ ਆਉਂਦੀ। ਐਕਟ੍ਰੈਸ ਅਚਲਾ ਸਚਦੇਵ ਕਈ ਵਾਰੀ ਉਹਦੇ ਨੇੜੇ ਹੋਣ ਦਾ ਯਤਨ ਕਰਦੀ ਪਰ ਬਲਰਾਜ ਕਦੇ ਵੀ ਆਪਣੇ ਮਨ ਦਾ ਰਾਜ ਉਹਦੇ ਨਾਲ ਸਾਂਝਾ ਨਾ ਕਰਦਾ। ਉਹ ਅੰਦਰੋ ਅੰਦਰੀ ਘੁਲਦਾ ਰਹਿੰਦਾ। ਉਨ੍ਹਾਂ ਨੇ ਫਿਲਮਾਂ ਵਿਚ ਵੀ ਕੰਮ ਕਰਨ ਤੋਂ ਅਲਵਿਦਾ ਕਹਿ ਦਿੱਤੀ। ਸਮੁੰਦਰ ਦੇ ਕੰਢੇ ਆਪਣਾ ਅੱਧਾ ਘਰ ਵੇਚ ਦਿੱਤਾ, ਜਦੋਂ ਵੀ ਉਹ ਸਮੁੰਦਰ ਦੇ ਕੰਢੇ ਸੈਰ ਕਰਨ ਨਿਕਲਦੇ ਸਮੁੰਦਰ ਵਿਚ ਨਹਾਉਂਦੀ ਸ਼ਬਨਮ ਉਨ੍ਹਾਂ ਨੂੰ ਆਵਾਜ਼ਾਂ ਮਾਰਦੀ ਸੁਣਦੀ... ਪਾਪਾ ਆ ਜਾਓ, ਸ਼ਬਨਮ ਦੀਆਂ ਉਪਰ ਚੁੱਕੀਆਂ ਬਾਹਾਂ ਦਾ ਉਨ੍ਹਾਂ ਨੂੰ ਝਉਲਾ ਪੈਂਦਾ ਤੇ ਉਹ ਉਥੇ ਹੀ ਦਿਲ ਨੂੰ ਫੜ ਕੇ ਕਿਸੇ ਪੱਥਰ 'ਤੇ ਬੈਠ ਜਾਂਦੇ।

ਕੁਝ ਹੀ ਦਿਨਾਂ ਵਿਚ ਬਲਰਾਜ ਸਾਹਨੀ ਨੇ ਬੰਬਈ ਛੱਡਣ ਦਾ ਫੈਸਲਾ ਲੈ ਲਿਆ। ਅੰਮ੍ਰਿਤਸਰ ਵਿਚ ਪ੍ਰੀਤਨਗਰ ਵਾਲੀ ਆਪਣੀ ਕੋਠੀ ਠੀਕ ਕਰਵਾ ਲਈ ਤੇ ਨਾਟਕਾਂ ਵਿਚ ਕੰਮ ਕਰਨ ਦੀ ਪੱਕੀ ਠਾਣ ਲਈ।

ਅਪਰੈਲ ਦਾ ਮਹੀਨਾ ਸ਼ੁਰੂ ਹੋ ਰਿਹਾ ਸੀ। ਜਦੋਂ ਮੈਨੂੰ ਉਨ੍ਹਾਂ ਨੇ ਖ਼ਤ ਲਿਖਿਆ। ਹੁਣ ਉਹ ਆਪਣੇ ਭੈਣ-ਭਰਾਵਾਂ ਦੀ ਦੁਨੀਆਂ ਵਿਚ ਆ ਰਿਹਾ ਹੈ ਜਿੱਥੇ ਜ਼ਿੰਦਗੀ ਤੇਜ਼ ਰਫਤਾਰ ਨਹੀਂ ਹੋਵੇਗੀ, ਬਿਲਕੁਲ ਸ਼ਾਂਤ ਜਿਵੇਂ ਮੈਦਾਨਾਂ ਵਿਚ ਦਰਿਆ ਵਹਿੰਦਾ ਹੈ...। ਸਾਰਾ ਸਾਮਾਨ ਬੰਨ ਲਿਆ, ਸਵੇਰੇ ਹਵਾਈ ਜਹਾਜ਼ ਫੜਨਾ ਸੀ ਤੇ ਸਾਮਾਨ ਪਿੱਛੋਂ ਟ੍ਰੇਨ 'ਤੇ ਆਉਣਾ ਸੀ। ਸ਼ਾਮ ਨੂੰ ਉਹ ਸਮੁੰਦਰ ਨੂੰ ਅਲਵਿਦਾ ਕਹਿਣ ਗਏ। ਸੈਰ ਕਰ ਰਹੇ ਸਨ ਕਿ ਦੂਰੋਂ ਉਨ੍ਹਾਂ ਨੂੰ ਕਬੀਰ ਬੇਦੀ ਆਪਣੀ ਬੇਟੀ ਨਾਲ ਸੈਰ ਕਰਦਾ ਮਿਲਿਆ, ਕੋਲ ਆਉਣ 'ਤੇ ਕਬੀਰ ਬੇਦੀ ਦੀ ਬੇਟੀ ਨੂੰ ਵੇਖ ਕੇ ਉਨ੍ਹਾਂ ਨੂੰ ਪੁਰਾਣੇ ਦਿਨ ਯਾਦ ਆ ਗਏ। ਉਹ ਤੇ ਸ਼ਬਨਮ ਇੰਜ ਹੀ ਸਮੁੰਦਰ ਦੇ ਕੰਢੇ 'ਤੇ ਘੁੰਮਿਆ ਕਰਦੇ ਸਨ।

...ਘਰ ਆ ਕੇ ਅੱਧੀ ਰਾਤ ਪਤਾ ਨਹੀਂ ਕੀ ਹੋਇਆ...ਸ਼ਬਨਮ ਸਮੁੰਦਰ ਵਿਚੋਂ ਉਨ੍ਹਾਂ ਨੂੰ ਅਵਾਜ਼ਾਂ ਮਾਰ ਰਹੀ ਸੀ 'ਪਾਪਾ ਆ ਜਾਉ... ਪਾਪਾ ਆ ਜਾਉ'... ਦਿਲ ਵਿਚ ਇਕ ਚੀਸ ਉਠੀ ਤੇ ਅਗਲਾ ਸਾਹ ਅੰਦਰ ਹੀ ਰਹਿ ਗਿਆ, ਬਾਹਰ ਨਹੀਂ ਆਇਆ।

ਅਪਰੈਲ ਦੇ ਪਹਿਲੇ ਹਫਤੇ ਲਿਖਿਆ ਪੱਤਰ ਮੈਨੂੰ ਉਨ੍ਹਾਂ ਦੀ ਮੌਤ ਤੋਂ ਬਾਅਦ ਮਿਲਿਆ। ਜਿਹੜਾ ਅੱਜ ਵੀ ਕਈ ਵਾਰੀ ਖੋਲ੍ਹ ਕੇ ਬਹਿ ਜਾਂਦੀ ਹਾਂ ਤੇ ਉਹਦੇ ਧੁਖਦੇ ਹਿੱਸੇ ਵਿਚੋਂ ਉਨ੍ਹਾਂ ਦੀ ਧੁਆਂਖੀ ਜ਼ਿੰਦਗੀ ਵੇਖਦੀ ਰਹਿੰਦੀ ਹਾਂ। ਬਲਰਾਜ ਸਾਹਨੀ ਦੇ ਤੁਰ ਜਾਣ ਤੋਂ ਬਾਅਦ ਬੜੇ ਸਾਲ ਮੈਂ ਭਾਜੀ ਗੁਰਸ਼ਰਨ ਨਾਲ ਕੰਮ ਕੀਤਾ। ਅਸੀਂ ਆਪਣੇ ਗਰੁਪ ਨਾਲ ਬੰਬਈ 15 ਦਿਨਾਂ ਦਾ ਨਾਟਕਾਂ ਦਾ ਟੂਰ ਲੈ ਕੇ ਗਏ।

ਸੰਤੋਸ਼ ਤੇ ਬਲਰਾਜ ਸਾਹਨੀ ਦੀ ਛੋਟੀ ਬੇਟੀ ਸਨੋਬਰ ਨੇ ਸਾਨੂੰ ਆਪਣੇ ਘਰ ਬੁਲਾਇਆ। ਪ੍ਰੀਕਸ਼ਤ ਜਿਹੜਾ ਆਪਣਾ ਵੱਡਾ ਘਰ ਛੱਡ ਕੇ ਬੰਬਈ ਦੇ ਦੂਜੇ ਪਾਸੇ ਕਿਤੇ ਫਲੈਟ ਵਿਚ ਰਹਿੰਦਾ ਸੀ, ਉਹ ਵੀ ਬੜੀ ਵਾਰੀ ਫੋਨ ਕਰਨ 'ਤੇ ਆਪਣੀ ਪਤਨੀ ਤੇ ਧੀਆਂ ਨਾਲ ਬਲਰਾਜ ਸਾਹਨੀ ਦੀ ਕੋਠੀ ਵਿਚ ਦਾਖਲ ਹੋਏ ਤਾਂ ਸਨੋਬਰ ਨੌਕਰਾਂ ਦੀ ਮਦਦ ਨਾਲ ਬ੍ਰਮੀ ਜੂਸ ਸਭ ਨੂੰ ਪਿਲਾ ਰਹੀ ਸੀ। ਇਕ ਪਾਸੇ ਕੁਝ ਦੋਸਤਾਂ ਨਾਲ ਸੰਤੋਸ਼ ਗਲ ਵਿਚ ਲੰਮੀ ਤਣੀ ਦਾ ਥੈਲਾ ਪਾ ਕੇ ਖੜੀ ਸੀ। ...ਮੈਂ ਉਸ ਘਰ ਵਿਚੋਂ ਬਲਰਾਜ ਸਾਹਨੀ ਤੇ ਸ਼ਬਨਮ ਦੀ ਹੋਂਦ ਲੱਭ ਰਹੀ ਸਾਂ। ਕਮਰਿਆਂ ਦੇ ਅੰਦਰ ਵੜੇ ਤਾਂ ਸ਼ਬਨਮ ਦੀਆਂ ਲੰਮੇ ਕੱਦ ਦੀਆਂ ਤਸਵੀਰਾਂ ਨੇ ਸੋਚੀਂ ਪਾ ਦਿੱਤਾ, ਐਨੀ ਖੂਬਸੂਰਤ ਕੁੜੀ ਤਕਦੀਰ ਹੱਥੋਂ ਕਿਵੇਂ ਹਾਰ ਗਈ...ਮੇਰੀ ਸਾਰੀ ਹੋਂਦ ਉਹਦੇ ਵਜੂਦ ਦੇ ਅੰਦਰ ਲਹਿ ਗਈ।...ਉਹਦੀ ਮੌਤ ਤੋਂ ਬਾਅਦ ਬਲਰਾਜ ਸਾਹਨੀ ਆਪਣੇ ਆਪ ਨੂੰ ਮਾਫ ਨਾ ਕਰ ਸਕੇ।

ਮੇਰੇ ਨਾਲ ਦੇ ਕਲਾਕਾਰ ਬੜੀਆਂ ਸਾਧਾਰਨ ਜਿਹੀਆਂ ਨਜ਼ਰਾਂ ਨਾਲ ਉਹ ਸਭ ਤਸਵੀਰਾਂ ਵੇਖ ਰਹੇ ਸਨ, ਪਰ ਮੇਰੇ ਜ਼ਿਹਨ ਵਿਚ ਉਹ ਤਸਵੀਰਾਂ ਕਈ ਸੁਆਲ ਬਣਦੀਆਂ ਜਾ ਰਹੀਆਂ ਸਨ। ਏਨੇ ਚਿਰ ਨੂੰ ਅਚਲਾ ਸਚਦੇਵ ਜਿਹਨੇ ਬਲਰਾਜ ਸਾਹਨੀ ਨਾਲ ਢੇਰ ਸਾਰੀਆਂ ਫਿਲਮਾਂ ਵਿਚ ਕੰਮ ਕੀਤਾ ਸੀ, ਉਹ ਆ ਗਈ...ਮੇਰੀਆਂ ਅੱਖਾਂ ਵਿਚ ਪਾਣੀ ਤੈਰ ਰਿਹਾ ਸੀ...ਮੈਂ ਉਹਦੀ ਬਾਂਹ ਫੜ ਕੇ ਉਹਨੂੰ ਇਕ ਪਾਸੇ ਲੈ ਗਈ। ਉਹਨੂੰ ਪੰਜਾਬੀ ਬੋਲਣੀ ਤਾਂ ਨਹੀਂ ਸੀ ਆਉਂਦੀ ਪਰ ਪੰਜਾਬੀ ਚੰਗੀ ਤਰ੍ਹਾਂ ਸਮਝਦੀ ਸੀ।...ਮੈਂ ਉਹਨੂੰ ਦੱਸਿਆ ਕਿ ਨਾਟਕਾਂ ਵਿਚ ਕੰਮ ਕਰਨ ਕਰਕੇ ਮੈਂ ਬਲਰਾਜ ਜੀ ਨੂੰ ਮਿਲਦੀ ਰਹੀ ਸਾਂ।...ਉਹਨੇ ਮੇਰਾ ਹੱਥ ਫੜ ਲਿਆ ਤੇ ਆਪਣੇ ਕੋਲ ਲੈ ਗਏ।...ਇਕ ਗੱਲ ਪੁੱਛਾਂ ਅਚਲਾ ਜੀ? ਮੈਂ ਕਿਹਾ। 'ਸ਼ੋਅਰ'-ਉਹਨੇ ਹੱਸ ਕੇ ਕਿਹਾ। -ਤੁਹਾਡੇ ਹੁੰਦਿਆਂ ਉਹ ਕਿਵੇਂ ਚਲਾ ਗਿਆ। ਤੁਸੀਂ ਉਹਨੂੰ ਬਚਾ ਕਿਉਂ ਨਹੀਂ ਲਿਆ। ਤੁਸੀਂ ਕਿੱਥੇ ਸੀ? ਇਹ ਸਭ ਕੁਝ ਕਿਉਂ ਹੋਇਆ? ਤੁਸੀਂ ਸ਼ਬਨਮ ਨੂੰ ਪਿਆਰ ਦਿੰਦੇ। ਤੁਸੀਂ ਬਲਰਾਜ ਜੀ ਨੂੰ ਮਰਨ ਤੋਂ ਬਚਾ ਸਕਦੇ ਸੀ?' ਮੈਂ ਪਤਾ ਨਹੀਂ ਹੋਰ ਕਿੰਨਾ ਕੁਝ ਭਾਵੁਕ ਹੋਈ ਬੋਲੀ ਗਈ।

''ਬੀਬਾ ਜੀ! ਬਹੁਤ ਕੋਸ਼ਿਸ਼ ਕਰਤੀ ਥੀ। ਪਰ ਵੋਹ ਅਪਨੇ ਮਨ ਕੀ ਬਾਤ ਖੋਲਤਾ ਹੀ ਨਹੀਂ ਥਾ। ਕੁਛ ਬਤਾਤਾ ਹੀ ਨਹੀਂ ਥਾ। ਜਬ ਭੀ ਮੈਂ ਉਸ ਕੇ ਦਰਦ ਕੋ ਬਾਂਟਨੇ ਕੀ ਕੋਸ਼ਿਸ਼ ਕਰਤੀ ਵੋਹ ਉਠ ਕਰ ਚਲਾ ਜਾਤਾ। ਮੈਨੇ ਬਹੁਤ ਬਾਰ ਉਸ ਕੋ ਕੁਰੇਦਨੇ ਕੀ ਕੋਸ਼ਿਸ਼ ਕੀ ਪਰ ਨਾਕਾਮ ਰਹੀ। ਫਿਰ ਮੈਨੇ ਉਸਕੋ ਸੰਭਾਲਨਾ ਛੋੜ ਦੀਆ। ਕਿਉਂਕਿ ਮੁਝੇ ਲਗਤਾ ਥਾ ਯੇ ਸਭ ਉਸ ਕੇ ਅਪਨੇ ਵਸ ਮੇਂ ਨਹੀਂ ਥਾ। ਵੋਹ ਜੋ ਅਪਨੇ ਆਪ ਸੇ ਜੰਗ ਲੜ ਰਹਾ ਥਾ, ਵੋਹ ਜੀਤਨੀ ਆਸਾਨ ਨਹੀਂ ਥੀ। ਇਸੀ ਨੇ ਦੋਨੋਂ ਕੀ ਜਾਨ ਲੀ।'' ਅਚਲਾ ਸਚਦੇਵ ਬੋਲਦੀ-ਬੋਲਦੀ ਖੁਦ ਭਾਵੁਕ ਹੋ ਗਈ ਤੇ ਸ਼ਬਨਮ ਦੀਆਂ ਗੱਲਾਂ ਕਰਨ ਲੱਗੀ। ''ਵੋਹ ਬਹੁਤ ਖੂਬਸੂਰਤ ਥੀ, ਵੋਹ ਬਹੁਤ ਚੰਚਲ ਥੀ। ਵੋਹ ਬਹੁਤ ਅਛੀ ਥੀ ਔਰ ਸਿਆਨੀ ਥੀ। ਉਸਕੋ ਮਰਨਾ ਨਹੀਂ ਚਾਹੀਏ ਥਾ। ਵੋਹ ਜਾਨਤੀ ਥੀ ਬਾਪ ਮੇਰੇ ਬਗੈਰ ਨਹੀਂ ਜੀ ਸਕੇਗਾ। ਫਿਰ ਉਸਨੇ ਐਸਾ ਕਿਉਂ ਕੀਆ...?''

## ਖੂਬੀਆਂ ਦਾ ਅਨੋਖਾ ਸੁਮੇਲ ਆਸ਼ਾ ਪਾਰੇਖ

ਆਪਣੇ ਸਮੇਂ 'ਚ ਜੁਬਲੀ ਗਰਲ ਅਤੇ ਟੌਮ ਬੁਆਏ ਦੇ ਨਾਂ ਨਾਲ ਪ੍ਰਸਿੱਧ ਆਸ਼ਾ ਪਾਰੇਖ ਨੇ ਬਾਲੀਵੁੱਡ ਦੀ ਹੋਰ ਕਿਸੇ ਵੀ ਅਦਾਕਾਰਾ ਦੀ ਤੁਲਨਾ 'ਚ ਸਭ ਤੋਂ ਵਧੇਰੇ ਹਿੱਟ ਫ਼ਿਲਮਾਂ ਦਿੱਤੀਆਂ ਹਨ। ਆਸ਼ਾ ਪਾਰੇਖ ਹੀ ਇਕੋ-ਇਕ ਅਜਿਹੀ ਅਦਾਕਾਰਾ ਹੈ, ਜਿਨ੍ਹਾਂ 'ਚ ਕਈ ਖੂਬੀਆਂ ਦਾ ਅਨੋਖਾ ਸੁਮੇਲ ਦੇਖਣ ਨੂੰ ਮਿਲਦਾ ਹੈ। ਸੈਟ 'ਤੇ ਹਮੇਸ਼ਾਂ ਕਿਸੇ ਨਾ ਕਿਸੇ ਸ਼ਰਾਰਤ 'ਚ ਰੁੱਝੀ ਰਹਿਣ ਵਾਲੀ ਆਸ਼ਾ ਪਾਰੇਖ ਅਜਿਹੀ ਟੌਮ ਬੁਆਏ ਸੀ, ਜਿਨ੍ਹਾਂ ਨਾਲ ਕੋਈ ਵੀ ਸਹਿ-ਅਦਾਕਾਰ ਕਦੇ ਅਫੇਅਰ ਕਰਨ ਬਾਰੇ ਸੋਚ ਵੀ ਨਾ ਸਕਿਆ। ਨਾਸਿਰ ਹੁਸੈਨ ਨਾਲ ਉਨ੍ਹਾਂ ਦਾ ਨਾਂ ਜੋੜਿਆ ਗਿਆ ਪਰ ਆਸ਼ਾ ਪਾਰੇਖ ਨੇ ਕਦੇ ਵਿਆਹ ਨਹੀਂ ਕੀਤਾ। 2 ਅਕਤੂਬਰ 1942 ਨੂੰ ਪੈਦਾ ਹੋਈ ਆਸ਼ਾ ਪਾਰੇਖ ਨੇ ਬਚਪਨ 'ਚ ਬੇਬੀ ਆਸ਼ਾ ਪਾਰੇਖ ਦੇ ਨਾਂ ਨਾਲ ਫ਼ਿਲਮਾਂ 'ਚ ਅਦਾਕਾਰੀ ਸ਼ੁਰੂ ਕੀਤੀ, ਜਿਸ ਦਾ ਆਗਾਜ਼ 1952 ਦੀ ਫ਼ਿਲਮ 'ਆਸਮਾਨ' ਨਾਲ ਹੋਇਆ। ਇਕ ਡਾਂਸ ਸ਼ੋਅ 'ਚ ਸਟੇਜ 'ਤੇ ਦੇਖ ਕੇ ਬਿਮਲ ਰਾਏ ਨੇ 12 ਸਾਲ ਦੀ ਛੋਟੀ ਉਮਰ 'ਚ ਉਨ੍ਹਾਂ ਨੂੰ ਆਪਣੀ ਫ਼ਿਲਮ 'ਬਾਪ ਬੇਟੀ' 'ਚ ਕਾਸਟ ਕੀਤਾ। ਇਸ ਫ਼ਿਲਮ ਦੀ ਅਸਫਲਤਾ ਤੋਂ ਨਿਰਾਸ਼ ਆਸ਼ਾ ਪਾਰੇਖ ਨੇ ਕੁਝ ਇਕ ਹੋਰ ਫ਼ਿਲਮਾਂ 'ਚ ਚਾਈਲਡ ਰੋਲ ਕਰਨ ਪਿਛੋਂ ਪੜ੍ਹਾਈ 'ਤੇ ਧਿਆਨ ਦੇਣ ਲਈ ਫ਼ਿਲਮਾਂ ਤੋਂ ਕਿਨਾਰਾ ਕਰ ਲਿਆ। 16ਵੇਂ ਸਾਲ 'ਚ ਆਸ਼ਾ ਨੇ ਇਕ ਵਾਰ ਫਿਰ ਮਾਇਆ ਨਗਰੀ 'ਚ ਕਦਮ ਰੱਖਿਆ ਪਰ 1959 'ਚ ਫ਼ਿਲਮ 'ਗੂੰਜ ਉਠੀ ਸ਼ਹਿਨਾਈ' ਲਈ ਵਿਜੇ ਭੱਟ ਨੇ ਉਨ੍ਹਾਂ ਦੀ ਥਾਂ ਅਮੀਤਾ ਨੂੰ ਇਹ ਕਹਿੰਦਿਆਂ ਕਾਸਟ ਕਰ ਲਿਆ ਕਿ ਆਸ਼ਾ ਸਟਾਰ ਮੈਟੀਰੀਅਲ ਨਹੀਂ ਹੈ। ਬਾਲੀਵੁੱਡ ਦੀ ਵੱਡੀ ਸਟਾਰ ਬਣਨਾ ਜਿਵੇਂ ਆਸ਼ਾ ਪਾਰੇਖ ਦੀ ਕਿਸਮਤ 'ਚ ਹੀ ਸੀ, ਅਗਲੇ ਹੀ ਦਿਨ ਫ਼ਿਲਮ ਨਿਰਮਾਤਾ ਸੁਬੋਧ ਮੁਖਰਜੀ ਅਤੇ ਲੇਖਕ-ਨਿਰਦੇਸ਼ਕ ਨਾਸਿਰ ਹੁਸੈਨ ਨੇ ਉਨ੍ਹਾਂ ਨੂੰ ਸ਼ੰਮੀ ਕਪੂਰ ਦੇ ਆਪੋਜ਼ਿਟ 'ਦਿਲ ਦੇ ਕੇ ਦੇਖੋ' 'ਚ ਕਾਸਟ ਕਰ ਲਿਆ। ਇਸ ਫ਼ਿਲਮ ਨੇ ਆਸ਼ਾ ਪਾਰੇਖ ਨੂੰ ਬਾਲੀਵੁੱਡ ਦੀਆਂ ਵੱਡੀਆਂ ਹੀਰੋਇਨਾਂ 'ਚ ਸ਼ਾਮਲ ਕਰ ਦਿੱਤਾ ਅਤੇ ਇਸ ਤੋਂ ਸਿਲਵਰ ਜੁਬਲੀ ਮਨਾਉਣ ਦਾ ਜੋ ਸਫਰ ਆਸ਼ਾ ਪਾਰੇਖ ਨੇ ਸ਼ੁਰੂ ਕੀਤਾ, ਉਹ ਕਈ ਸਾਲਾਂ ਤੱਕ ਜਾਰੀ ਰਿਹਾ।



ਇਸ ਫ਼ਿਲਮ ਤੋਂ ਬਾਅਦ ਨਾਸਿਰ ਹੁਸੈਨ ਨੇ ਆਸ਼ਾ ਨੂੰ ਆਪਣੀਆਂ 6 ਹੋਰ ਫ਼ਿਲਮਾਂ 'ਚ ਕਾਸਟ ਕੀਤਾ, ਜਿਨ੍ਹਾਂ 'ਚ 'ਜਬ ਪਿਆਰ ਕਿਸੀ ਸੇ ਹੋਤਾ ਹੈ', 'ਫਿਰ ਵਹੀ ਦਿਲ ਲਾਇਆ ਹੂੰ', 'ਤੀਸਰੀ ਮੰਜ਼ਿਲ', 'ਬਹਾਰੋਂ ਕੇ ਸਪਨੇ', 'ਪਿਆਰ ਕਾ ਮੌਸਮ' ਅਤੇ 'ਕਾਰਵਾਂ' ਸ਼ਾਮਲ ਹਨ। ਆਸ਼ਾ ਨੇ ਨਾਸਿਰ ਹੁਸੈਨ ਨਾਲ 21 ਸਾਲਾਂ ਤੱਕ ਫ਼ਿਲਮ ਡਿਸਟ੍ਰੀਬਿਊਸ਼ਨ ਦਾ ਕੰਮ ਵੀ ਕੀਤਾ। ਇਨ੍ਹਾਂ ਸਾਰੀਆਂ ਫ਼ਿਲਮਾਂ ਨੇ ਆਸ਼ਾ ਪਾਰੇਖ ਨੂੰ ਗਲੈਮਰ ਗਰਲ, ਨਿਪੁੰਨ ਨ੍ਰਿਤਕੀ ਅਤੇ ਟੌਮ ਬੁਆਏ ਦੀ ਇਮੇਜ 'ਚ ਕੈਦ ਕਰ ਦਿੱਤਾ। ਇਸ ਕੈਦ ਤੋਂ ਉਨ੍ਹਾਂ ਨੂੰ ਰਾਜ ਖੋਸਲਾ ਦੀਆਂ ਤਿੰਨ ਫ਼ਿਲਮਾਂ 'ਦੋ ਬਦਨ', 'ਚਿਰਾਗ' ਅਤੇ 'ਮੈਂ ਤੁਲਸੀ ਤੇਰੇ ਆਂਗਨ ਕੀ' ਨੇ ਕੱਢਿਆ। ਨਿਰਦੇਸ਼ਕ ਸ਼ਕਤੀ ਸਾਮੰਤ ਨੇ 'ਪਗਲਾ ਕਹੀਂ ਕਾ' ਅਤੇ 'ਕਟੀ ਪਤੰਗ' 'ਚ ਉਨ੍ਹਾਂ ਨੂੰ ਹੋਰ ਵਧੇਰੇ ਡ੍ਰਾਮਾਟਿਕ ਰੋਲ ਦਿੱਤੇ। 'ਕਟੀ ਪਤੰਗ' ਲਈ ਉਨ੍ਹਾਂ ਨੂੰ ਫ਼ਿਲਮ ਫੇਅਰ ਦੀ ਸਰਵੋਤਮ ਅਦਾਕਾਰਾ ਦੇ ਐਵਾਰਡ ਨਾਲ ਸਨਮਾਨਤ ਕੀਤਾ।

ਆਸ਼ਾ ਪਾਰੇਖ ਨੂੰ ਬਚਪਨ ਤੋਂ ਨਾਚ ਨਾਲ ਕਾਫੀ ਲਗਾਅ ਰਿਹਾ। ਫ਼ਿਲਮਾਂ 'ਚ ਵੀ ਨਾਚ ਕਰਕੇ ਉਨ੍ਹਾਂ ਨੂੰ ਬਹੁਤ ਅਨੰਦ ਆਉਂਦਾ ਸੀ। ਆਪਣੀ ਮਾਂ ਦੀ ਮੌਤ ਤੋਂ ਬਾਅਦ ਉਹ ਸਟੇਜ 'ਤੇ ਸ਼ੋਅ ਕਰਦੀ ਰਹੀ। ਉਹ ਆਪਣੀ ਮਾਂ ਦੇ ਬਹੁਤ ਨੇੜੇ ਸੀ, ਜਿਨ੍ਹਾਂ ਦੀ ਮੌਤ ਉਸ ਦੀ ਜ਼ਿੰਦਗੀ 'ਚ ਵੱਡਾ ਖਾਲੀਪਨ ਛੱਡ ਗਈ। ਸੈਂਟਰਲ ਬੋਰਡ ਆਫ ਫ਼ਿਲਮ ਸਰਟੀਫਿਕੇਸ਼ਨ ਭਾਵ ਸੈਂਸਰ ਬੋਰਡ ਦੀ ਪਹਿਲੀ ਮਹਿਲਾ ਚੇਅਰਪਰਸਨ ਹੋਣ ਦਾ ਮਾਣ ਵੀ ਉਨ੍ਹਾਂ ਨੂੰ ਹੀ ਹਾਸਲ ਹੈ। ਇਸ ਅਹੁਦੇ 'ਤੇ 1994 ਤੋਂ 2000 ਤੱਕ ਕਾਰਜਸ਼ੀਲ ਰਹਿੰਦਿਆਂ ਉਨ੍ਹਾਂ ਨੇ ਆਪਣੇ ਸਖ਼ਤ ਫੈਸਲਿਆਂ ਨਾਲ ਕਾਫੀ ਆਲੋਚਨਾ ਵੀ ਸਹਿਣ ਕੀਤੀ, ਜਿਨ੍ਹਾਂ 'ਚ ਸ਼ੇਖਰ ਕਪੂਰ ਦੀ ਫ਼ਿਲਮ 'ਐਲਿਜ਼ਾਬੈਥ' ਨੂੰ ਕਲੀਅਰੈਂਸ ਨਾ ਦੇਣਾ ਵੀ ਸ਼ਾਮਲ ਰਿਹਾ। ਅੱਜਕਲ ਆਸ਼ਾ ਪਾਰੇਖ ਆਪਣੀ ਡਾਂਸ ਅਕਾਦਮੀ 'ਕਾਰਾ ਭਵਨ' 'ਤੇ ਧਿਆਨ ਕੇਂਦਰਿਤ ਕਰ ਰਹੀ ਹੈ, ਜਿਸ ਨੇ ਕਈ ਬਿਹਤਰੀਨ ਨ੍ਰਿਤਕ ਦਿੱਤੇ ਹਨ। ਉਹ ਕਈ ਸਮਾਜ ਭਲਾਈ ਦੇ ਕੰਮਾਂ ਨਾਲ ਵੀ ਜੁੜੀ ਹੋਈ ਹੈ। ਉਨ੍ਹਾਂ ਦੇ ਸਹਿਯੋਗ ਕਾਰਨ ਮੁੰਬਈ 'ਚ ਇਕ ਹਸਪਤਾਲ ਦਾ ਨਾਂ ਆਸ਼ਾ ਪਾਰੇਖ ਹਸਪਤਾਲ ਰੱਖਿਆ ਗਿਆ ਹੈ।


THE
PUNJABI PACK
JUST GOT
BIGGER
ਜੂਨੀਅਰ ਜੀ
Yoga
Shabad Kirtan
Jai Mata Di
ਖ਼ਾਤਿਰਦਾਰੀ
JANTA DI AWAZ
OUR PUNJABI PACK NOW INCLUDES GPUNJAB!
24/7 news from Punjab including local news from North America.
Enjoy watching features like "Sidhu Show," "North America News" and "Entertainment News."
Punjabi Pack $19.99/mo.
jus punjabi
JUS one
punjabi
gPunjab
+
Local Channels $9.99/mo.
abc
CBS
NBC
FOX
CW
PBS
where available
for only $29.98/mo.
• No startup cost (with Agreement)
• No equipment to buy
• Free Standard Professional Installation
• Free DVR Upgrade ($6.00/mo. DVR Service fee applies)
• No Additional Service Access fee
CALL 1-888-242-2276
dish NETWORK®
INTERNATIONAL TV
Digital Home Advantage offer requires 24-month commitment and credit qualification. If service is terminated before the end of commitment, a cancellation fee of $17.50/month remaining will apply. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees will apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 09/26/10. © 2010, DISH Network L.L.C. All rights reserved.